










Nineteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 19, Issue 25, June 23, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਰੈਫਰੈਂਡਮ-2020: ਖਹਿਰਾ ਦੇ ਬਿਆਨ ਨਾਲ ਮੱਚਿਆ ਘਮਸਾਣ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ 'ਰੈਫਰੈਂਡਮ-2020 ਮੁਹਿੰਮ' ਦਾ ਸਮਰਥਨ ਕਰਨ ਦੇ ਮਾਮਲੇ 'ਤੇ ਪੰਜਾਬ ਵਿਚ ਸਿਆਸੀ ਘਮਸਾਣ ਮੱਚਿਆ ਹੋਇਆ ਹੈ। ਆਮ ਆਦਮੀ ਪਾਰਟੀ ਨੇ ਜਿਥੇ ਆਪਣੇ ਆਗੂ ਦੇ ਬਿਆਨ ਨਾਲੋਂ ਨਾਤਾ ਤੋੜ ਲਿਆ ਹੈ, ਉਥੇ ਵਿਰੋਧੀ ਧਿਰਾਂ ਨੇ ਖਹਿਰਾ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਕਈ ਕਾਂਗਰਸੀ ਵਿਧਾਇਕਾਂ ਨੇ ਵੀ ਇਸ ਮੁੱਦੇ ਉਪਰ ਸ. ਖਹਿਰਾ ਉਤੇ ਤਿੱਖੇ ਹਮਲੇ ਕਰਦਿਆਂ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਕੋਲੋਂ ਖਹਿਰਾ ਨੂੰ ਪਾਰਟੀ ਵਿਚੋਂ ਕੱਢਣ ਦੀ ਮੰਗ ਰੱਖੀ ਹੈ। ਅਕਾਲੀ ਦਲ ਬਾਦਲ ਵੀ ਸ. ਖਹਿਰਾ ਵਿਰੁੱਧ ਖੁੱਲ੍ਹ ਕੇ ਨਿੱਤਰਿਆ ਹੋਇਆ ਹੈ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰੇ ਦੀ ਦੁਹਾਈ ਪਾਈ ਜਾ ਰਹੀ ਹੈ।

ਇਸ ਸਮੇਂ ਹਾਲਾਤ ਇਹ ਹਨ ਕਿ ਪੰਜਾਬ ਦੀ ਸਾਰੀ ਸਿਆਸਤ ਇਕ ਪਾਸੇ ਤੇ ਸੁਖਪਾਲ ਸਿੰਘ ਖਹਿਰਾ ਦੂਜੇ ਪਾਸੇ ਹਨ। ਇਥੋਂ ਤੱਕ ਕਿ ਖਹਿਰਾ ਦੀ ਆਪਣੀ ਪਾਰਟੀ (ਆਪ) ਉਸ ਦੇ ਹੱਕ ਵਿਚ ਖੜ੍ਹਨ ਤੋਂ ਟਲ ਰਹੀ ਹੈ। ਹਾਲਾਂਕਿ ਪੰਜਾਬ ਦੀ ਸਿਆਸਤ ਤੇ ਸੂਬੇ ਦੇ ਹੱਕਾਂ ਬਾਰੇ ਜਾਣੂ ਬੁੱਧੀਜੀਵੀਆਂ ਦਾ ਇਕ ਧੜਾ ਸੁਖਪਾਲ ਸਿੰਘ ਖਹਿਰਾ ਦੇ ਬਿਆਨ ਵਿਚ ਕੁਝ ਵੀ ਗਲਤ ਨਾ ਹੋਣ ਦੀ ਗੱਲ ਆਖ ਰਿਹਾ ਹੈ। ਇਨ੍ਹਾਂ ਦਾ ਤਰਕ ਹੈ ਕਿ ਜੇਕਰ ਹਿੰਦੂ ਰਾਸ਼ਟਰ ਦੀ ਗੱਲ ਕਰਨ ਉਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਤਾਂ ਸਿੱਖ ਰਾਜ ਬਾਰੇ ਅਜਿਹਾ ਵਿਵਾਦ ਖੜ੍ਹਾ ਕਰਨਾ ਜਾਇਜ਼ ਗੱਲ ਨਹੀਂ। ਦੂਜਾ, ਜੇਕਰ ਸਾਡਾ ਸੰਵਿਧਾਨ ਆਪਣੇ ਹੱਕਾਂ ਬਾਰੇ ਖੁੱਲ੍ਹ ਕੇ ਬੋਲਣ ਦੀ ਆਜ਼ਾਦੀ ਦਿੰਦਾ ਹੈ ਤਾਂ ਹਰ ਭਾਰਤੀ ਇਸ ਦਾ ਹੱਕਦਾਰ ਹੈ। ਖਹਿਰਾ ਦਾ ਦਾਅਵਾ ਹੈ ਕਿ ਉਨ੍ਹਾਂ ਸਿੱਖਾਂ ਨਾਲ ਹੋਈ ਬੇਇਨਸਾਫੀ ਦੀ ਗੱਲ ਕੀਤੀ ਸੀ ਤੇ 'ਰੈਫਰੈਂਡਮ 2020' ਸਿੱਖਾਂ ਨਾਲ ਲਗਾਤਾਰ ਹੋ ਰਹੀਆਂ ਵਧੀਕੀਆਂ ਦਾ ਸਿੱਟਾ ਹੈ। 34 ਸਾਲ ਹੋ ਚੁੱਕੇ ਹਨ ਤੇ ਸਮਾਂ ਬੀਤ ਰਿਹਾ ਹੈ ਪਰ 1984 ਦੌਰਾਨ ਸਿੱਖ ਨਸਲਕੁਸ਼ੀ 'ਤੇ ਇਨਸਾਫ ਨਹੀਂ ਮਿਲਿਆ। (ਪੰਜਾਬ ਦੀ) ਰਾਜਧਾਨੀ, ਪਾਣੀਆਂ ਦੇ ਮੁੱਦੇ ਬਾਰੇ ਸਰਕਾਰਾਂ ਚੁੱਪ ਬੈਠੀਆਂ ਹਨ।

ਉਧਰ, ਇਸ ਮਸਲੇ ਉਤੇ ਸਭ ਤੋਂ ਵੱਧ ਰੌਲਾ ਪਾ ਰਹੇ ਸੁਖਬੀਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਬੁਰੀ ਤਰ੍ਹਾਂ ਘਿਰ ਗਏ ਹਨ। ਖਹਿਰਾ ਦੇ ਇਕ ਸਵਾਲ ਨੇ ਇਨ੍ਹਾਂ ਆਗੂਆਂ ਨੂੰ ਲਾਜਵਾਬ

*(ਬਾਕੀ ਸਫਾ 6 ਉਤੇ)*



### ਗਰਮਖਿਆਲੀਆਂ ਵੱਲੋਂ ਰਵਨੀਤ ਬਿੱਟੂ ਨੂੰ ਧਮਕੀ

**ਚੰਡੀਗੜ੍ਹ:** ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਕੈਲੀਫੋਰਨੀਆ ਵਿਚ 10 ਜੂਨ ਨੂੰ ਹੋਏ ਇਕ ਸਮਾਗਮ 'ਰੈਫਰੈਂਡਮ 2020-ਖਾਲਿਸਤਾਨ' ਦੌਰਾਨ ਗਰਮਖਿਆਲੀਆਂ ਵੱਲੋਂ ਧਮਕੀ ਦਿੱਤੀ ਗਈ, ਜਿਸ ਕਾਰਨ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਇਹ ਧਮਕੀ ਸਿੱਖਜ਼ ਫਾਰ ਜਸਟਿਸ (ਐਸ.ਜੇ.ਐਫ.) ਦੇ ਟਵਿੱਟਰ ਹੈਂਡਲ 'ਤੇ ਟੈਗ ਕੀਤੀ ਗਈ ਹੈ। ਧਮਕੀ ਅਨੁਸਾਰ 'ਰਵਨੀਤ ਬਿੱਟੂ ਵੱਲੋਂ ਕੈਨੇਡਾ-ਅਮਰੀਕਾ ਅਧਾਰਤ 2020 ਪ੍ਰਚਾਰਕਾਂ ਨੂੰ ਅਤਿਵਾਦੀਆਂ ਵਜੋਂ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਿੱਟੂ ਦੀਆਂ ਕਾਨੂੰਨੀ ਪ੍ਰਕਿਰਿਆ 'ਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ ਦਾ ਉਸੇ ਤਰੀਕੇ ਨਾਲ ਜਵਾਬ ਦਿੱਤਾ ਜਾਵੇਗਾ।' ਇਸ ਧਮਕੀ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਟੈਗ ਕੀਤਾ ਗਿਆ ਹੈ।

## ਜੋਧਪੁਰ 'ਚ ਬੰਦੀ ਸਿੰਘਾਂ ਨੂੰ ਰਾਹਤ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਮੋਦੀ ਸਰਕਾਰ ਵੱਲੋਂ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰਹੇ ਸਿੱਖ ਕੈਦੀਆਂ ਨੂੰ ਮੁਆਵਜ਼ਾ ਦੇਣ ਸਬੰਧੀ ਅੰਮ੍ਰਿਤਸਰ ਦੀ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਦਾ ਮਾਮਲਾ ਭਖ ਗਿਆ ਹੈ। ਮੋਦੀ ਸਰਕਾਰ ਦੇ ਇਸ ਸਟੈਂਡ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਕਸੂਤੀ ਘਿਰ ਗਈ ਹੈ। ਅਕਾਲੀ ਦਲ, ਭਾਜਪਾ ਸਰਕਾਰ ਵਿਚ ਭਾਈਵਾਲ ਹੈ ਅਤੇ ਹਰਸਿਮਰਤ ਕੌਰ ਬਾਦਲ ਕੇਂਦਰ ਸਰਕਾਰ ਵਿਚ ਮੰਤਰੀ ਹੈ। ਰੋਹ ਨੂੰ ਭਾਂਪਦਾ ਹੋਏ ਅਕਾਲੀ ਦਲ ਬਾਦਲ ਨੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਹੈ। ਅਕਾਲੀ ਦਲ ਦੇ ਵਫਦ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਮਿਲ ਕੇ ਪੀੜਤ ਸਿੱਖ ਲਈ ਰਾਹਤ ਦੀ ਮੰਗ ਕੀਤੀ ਹੈ। ਅਕਾਲੀ ਦਲ ਦਾ ਦਾਅਵਾ ਹੈ ਕਿ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਵਿਚ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਸੀ.ਬੀ.ਆਈ. ਵੱਲੋਂ ਦਾਇਰ ਪਟੀਸ਼ਨ ਵਾਪਸ ਲੈ ਲਈ ਜਾਵੇਗੀ।



ਇਸ ਐਲਾਨ ਨਾਲ 40 ਸਿੱਖਾਂ ਨੂੰ ਮੁੜ ਮੁਆਵਜ਼ਾ ਮਿਲਣ ਦੀ ਆਸ ਬੱਝੀ ਹੈ। ਦੂਜੇ ਪਾਸੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੋਧਪੁਰ ਜੇਲ੍ਹ ਦੇ ਕੈਦੀਆਂ ਨੂੰ ਪਹਿਲਾਂ ਦਿੱਤੀਆਂ ਸਹੂਲਤਾਂ ਬਹਾਲ ਰੱਖਦਿਆਂ ਇਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦਿੱਤੇ ਜਾਣ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਇਹ ਸਿੱਖ ਕੈਦੀ ਜੂਨ 1984 ਵਿਚ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲੇ ਬਾਅਦ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਰਹੇ ਹਨ। 1989 ਵਿਚ ਰਿਹਾਅ ਹੋਣ ਮਗਰੋਂ 1990 ਵਿਚ ਇਨ੍ਹਾਂ ਸਾਰਿਆਂ ਨੇ ਨਿਆਂ ਵਾਸਤੇ ਅਦਾਲਤੀ ਚਾਰਾਜੋਈ ਸ਼ੁਰੂ ਕੀਤੀ ਸੀ ਅਤੇ ਅਪਰੈਲ 2017 ਵਿਚ ਹੇਠਲੀ ਅਦਾਲਤ ਨੇ 6 ਫੀਸਦੀ ਵਿਆਜ ਨਾਲ ਚਾਰ ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਸੀ, ਜਿਸ

*(ਬਾਕੀ ਸਫਾ 6 ਉਤੇ)*

*Visit us on the web:www.punjabtimesusa.com*


Ad Space Available

Please Call,

Ph: 847-359-0746




Ad Space Available

Please Call,

Ph: 847-359-0746

# ਬੰਦੀ ਸਿੰਘਾਂ ਦੀ ਰਿਹਾਈ ਲਈ ਸਰਗਰਮ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਰਗਾੜੀ ਵਿਚ ਮੋਰਚਾ ਲਾਈ ਬੈਠੇ ਸਿੱਖ ਆਗੂਆਂ ਨਾਲ ਕੀਤੇ ਵਾਅਦੇ ਅਨੁਸਾਰ ਮੰਗਾਂ ਮੰਨਣ ਦੀ ਦਿਸ਼ਾ ਵਿਚ ਹੋਰ ਕਦਮ ਚੁੱਕੇ ਹਨ।

ਰਾਜਸਥਾਨ ਦੀ ਜੇਲ੍ਹ ਵਿਚ ਬੰਦ ਕੈਦੀ ਹਰਨੇਕ ਸਿੰਘ ਭੱਪ ਨੂੰ ਪੰਜਾਬ ਲਿਆਉਣ ਲਈ ਕੈਪਟਨ ਸਰਕਾਰ ਨੇ ਰਾਜਸਥਾਨ ਸਰਕਾਰ ਨੂੰ ਪੱਤਰ ਭੇਜਿਆ ਹੈ। ਇਸ ਦੇ ਨਾਲ ਹੀ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਲਈ ਪੈਰੋਲ ਬੋਰਡ ਬਣਾਉਣ ਦਾ ਭਰੋਸਾ ਵੀ ਦਿੱਤਾ ਹੈ। ਬਰਗਾੜੀ ਅਤੇ ਬਹਿਬਲ ਕਾਂਡ ਬਾਰੇ ਜਾਂਚ ਜਲਦੀ ਮੁਕੰਮਲ ਕਰ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ ਆਏ ਵਫਦ ਨਾਲ ਮੁਲਾਕਾਤ ਦੌਰਾਨ ਭਰੋਸਾ ਦਿੱਤਾ ਸੀ ਕਿ ਰਾਜ ਸਰਕਾਰ ਹੋਰਨਾਂ ਸੂਬਿਆਂ ਦੀਆਂ ਜੇਲ੍ਹਾਂ ਵਿਚ ਸਜ਼ਾਵਾਂ ਕੱਟ ਰਹੇ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਲਿਆਏਗੀ। ਇਸੇ ਲੜੀ ਵਿਚ ਕੈਪਟਨ ਸਰਕਾਰ ਨੇ ਰਾਜਸਥਾਨ ਸਰਕਾਰ ਨੂੰ ਪੱਤਰ ਭੇਜਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਸਜ਼ਾਯਾਫਤਾ ਹਰਨੇਕ ਸਿੰਘ ਭੱਪ ਨੂੰ ਪੰਜਾਬ ਭੇਜਿਆ ਜਾਵੇ।

ਰਾਜਸਥਾਨ ਸਰਕਾਰ ਵੱਲੋਂ ਭੱਪ ਨੂੰ ਪੰਜਾਬ ਭੇਜੇ ਜਾਣ ਦੀ ਸੂਚਨਾ ਹੈ। ਵਫਦ ਨੇ ਪੰਜਾਬ ਸਰਕਾਰ ਨੂੰ 20 ਕੈਦੀਆਂ ਦੀ ਸੂਚੀ ਦਿੱਤੀ ਸੀ ਜਿਨ੍ਹਾਂ ਨੂੰ ਪੈਰੋਲ 'ਤੇ ਰਿਹਾਅ ਕੀਤਾ ਜਾਣਾ ਹੈ। ਇਨ੍ਹਾਂ ਵਿਚੋਂ ਛੇ ਕੈਦੀ ਦਿੱਲੀ, ਯੂ.ਪੀ. ਅਤੇ ਰਾਜਸਥਾਨ ਅਤੇ 14 ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਹਨ। ਜਾਣਕਾਰੀ ਅਨੁਸਾਰ ਸਰਕਾਰ ਨੇ ਇਸ ਪੱਤਰ ਬਾਰੇ ਜਥੇਦਾਰ ਧਿਆਨ ਸਿੰਘ ਮੰਡ ਦੇ ਦੋ ਕਰੀਬੀ ਵਕੀਲਾਂ ਨੂੰ ਦੱਸ ਦਿੱਤਾ ਹੈ। ਇਸ ਦੇ ਨਾਲ ਹੀ ਜਥੇਦਾਰ ਮੰਡ ਨੂੰ ਮੋਰਚਾ ਸਮਾਪਤ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਇਨ੍ਹਾਂ ਕੈਦੀਆਂ ਦੀ ਪੈਰੋਲ ਬਾਰੇ ਆਖਰੀ ਫੈਸਲਾ ਹਰ ਕੈਦੀ ਦੇ ਕੇਸ ਬਾਰੇ ਵਿਚਾਰ ਵਟਾਂਦਰਾ ਕਰ ਕੇ ਲਿਆ ਜਾਵੇਗਾ। ਪੈਰੋਲ 'ਤੇ ਰਿਹਾਅ ਕੀਤੇ ਜਾਣ ਵਾਲੇ ਕੈਦੀਆਂ ਨੂੰ ਆਪਣੇ ਪਿੰਡਾਂ ਵਿਚ ਹੀ ਰਹਿਣਾ ਪਵੇਗਾ ਤੇ ਕੋਈ ਗੜਬੜ ਕਰਨ ਦੀ ਸਥਿਤੀ ਵਿਚ ਉਨ੍ਹਾਂ ਨੂੰ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਵੇਗਾ। ਇਸ ਤੇ ਨਾਲ ਹੀ ਕੈਪਟਨ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਇਕ ਮਹੀਨੇ ਵਿੱਚ ਦੇਣ ਦਾ ਵਾਅਦਾ ਕੀਤਾ ਸੀ ਤੇ ਇਹ ਰਿਪੋਰਟ ਲਗਭਗ ਤਿਆਰ ਹੋ ਚੁੱਕੀ ਹੈ ਪਰ ਹੁਣ ਕੁਝ ਨਵੇਂ ਤੱਥ ਸਾਹਮਣੇ ਆਏ ਹਨ ਤੇ ਇਨ੍ਹਾਂ ਨੂੰ ਰਿਪੋਰਟ ਵਿਚ ਸ਼ਾਮਲ ਕੀਤਾ ਜਾਣਾ ਬਾਕੀ ਹੈ।

# ਪਾਕਿਸਤਾਨੀ ਨਾਗਰਿਕ ਨੇ ਮੰਗੀ ਭਗਵੰਤ ਮਾਨ ਤੋਂ ਮਦਦ


**ਸੰਗਰੂਰ:** ਇਕ ਪਾਕਿਸਤਾਨੀ ਨਾਗਰਿਕ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਵੀਡੀਓ ਰਾਹੀਂ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਅਪੀਲ ਕੀਤੀ ਗਈ ਹੈ ਕਿ ਗਲਤੀ ਨਾਲ ਸਰਹੱਦ ਪਾਰ ਕਰਕੇ ਭਾਰਤ ਪੁੱਜੇ ਉਸ ਦੇ ਲੜਕੇ ਦਾ ਥਹੁ-ਪਤਾ ਲਾਇਆ ਜਾਵੇ।

ਪਾਕਿਸਤਾਨੀ ਨਾਗਰਿਕ ਨੇ ਭਗਵੰਤ ਮਾਨ ਨੂੰ ਮਦਦ ਦੀ ਅਪੀਲ ਕਰਦਿਆਂ ਆਖਿਆ ਕਿ ਉਸ ਦਾ 24 ਸਾਲਾ ਲੜਕਾ ਨਾਈਸ 28 ਮਈ ਨੂੰ ਗਲਤੀ ਨਾਲ ਭਾਰਤ-ਪਾਕਿਸਤਾਨ ਸਰਹੱਦ ਉਤੇ ਚਲਾ ਗਿਆ ਸੀ, ਜਿਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਉਸ ਨੇ ਕਿਹਾ ਕਿ ਉਸ ਨੇ ਸੋਸ਼ਲ ਮੀਡੀਆ 'ਤੇ ਕਈ ਵੀਡੀਓਜ਼ ਦੇਖੀਆਂ ਹਨ ਕਿ ਭਗਵੰਤ ਮਾਨ ਪੰਜਾਬੀ ਭਰਾਵਾਂ ਦੀ ਮਦਦ ਕਰਦੇ ਹਨ। ਉਸ ਨੇ ਆਖਿਆ ਕਿ ਉਨ੍ਹਾਂ ਨੂੰ ਸਿਰਫ ਇਹੋ ਪਤਾ ਲੱਗਿਆ ਹੈ ਕਿ ਸਰਹੱਦ 'ਤੇ ਬੀ.ਐਸ.ਐਫ. ਨੇ ਉਸ ਦੇ ਲੜਕੇ ਨੂੰ ਫੜ ਲਿਆ ਹੈ।

ਇਸ ਸਬੰਧੀ ਸੰਸਦ ਮੈਂਬਰ ਭਗਵੰਤ ਮਾਨ ਨੇ ਆਖਿਆ ਕਿ ਪਾਕਿਸਤਾਨੀ ਨਾਗਰਿਕ ਵੱਲੋਂ ਮਦਦ ਦੀ ਕੀਤੀ ਅਪੀਲ ਦੀ ਵੀਡੀਓ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਦੇਖੀ ਸੀ ਤੇ ਉਨ੍ਹਾਂ ਬੀ.ਐਸ.ਐਫ. ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਲੜਕੇ ਬਾਰੇ ਪਤਾ ਲਾ ਲਿਆ ਹੈ, ਜੋ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਹੈ। ਇਸ ਲੜਕੇ ਨੂੰ ਫਾਜ਼ਿਲਕਾ ਖੇਤਰ ਵਿਚ ਸਰਹੱਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਕਾਨੂੰਨੀ ਕਾਰਵਾਈ ਬਾਰੇ ਪਤਾ ਕਰ ਰਹੇ ਹਨ।

# ਹੁਣ ਪੰਜਾਬੀ ਵਿਚ ਵੀ ਮਿਲੇਗੀ ਰੇਲ ਟਿਕਟ

**ਅੰਮ੍ਰਿਤਸਰ:** ਯਾਤਰੀਆਂ ਦੀ ਸਹੂਲਤ ਲਈ ਰੇਲਵੇ ਨੇ ਵੱਡਾ ਕਦਮ ਚੁੱਕਦਿਆਂ ਰੇਲਵੇ ਟਿਕਟ ਪੰਜਾਬੀ ਭਾਸ਼ਾ 'ਚ ਜਾਰੀ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਰੇਲਵੇ ਟਿਕਟ ਪੰਜਾਬੀ ਵਿਚ ਵੀ ਉਪਲਬਧ ਹੋਣਗੇ। ਇਸ ਦੀ ਸ਼ੁਰੂਆਤ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਹੋਈ ਹੈ। ਪਹਿਲਾਂ ਰੇਲਵੇ ਟਿਕਟ ਸਿਰਫ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ 'ਚ ਹੀ ਉਪਲਬਧ ਸੀ। ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਪੰਜਾਬੀ ਭਾਸ਼ਾ 'ਚ ਰੇਲਵੇ ਟਿਕਟ ਮਿਲ ਰਹੇ ਹਨ ਜਿਸ ਨੂੰ ਲੈ ਕੇ ਯਾਤਰੀਆਂ 'ਚ ਕਾਫੀ ਉਤਸ਼ਾਹ ਹੈ। ਲੋਕਾਂ ਦਾ ਕਹਿਣਾ ਹੈ ਕਿ ਜਿਹੜੇ ਯਾਤਰੀਆਂ ਨੂੰ ਅੰਗਰੇਜ਼ੀ ਨਹੀਂ ਆਉਂਦੀ, ਉਨ੍ਹਾਂ ਲਈ ਇਹ ਸੁਵਿਧਾ ਹੋਵੇਗੀ ਤੇ ਨਾਲ ਹੀ ਇਸ ਨਾਲ ਪੰਜਾਬੀ ਭਾਸ਼ਾ ਵੀ ਪ੍ਰਫੁੱਲਤ ਹੋਵੇਗੀ।


शुभ यात्रा
HAPPY JOURNEY
टिकट नं. Ticket No A 4076 2458
ATVM TICKET 15/06/2018
Rs. 10/- JOURNEY ਇਕਨ 2458
UTS NO :1XANC4N05F
ਅੰਮ੍ਰਿਤਸਰ ਜੰ ਤੋਂ ਬਟਾਲਾ ਜੰ
AMRITSAR JN. TO BATALA JN.
ਅੰਮ੍ਰਿਤਸਰ ਜੰ. ਬਟਾਲਾਂ ਜ. ਦੁਸਰਾ ਦਰਜਾ ਸਧਾਰਣ
II ORD
Via VKA KM 39
AD: 1 CH:0 Rs. 10/-
Commence Journey Within 3Hrs or Dep. of First Train
NORTHERN RAILWAY

ਟਿਕਟ ਬੁੱਕ ਅਧਿਕਾਰੀ ਸਰਬਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਦਾ ਟਿਕਟ ਸਭ ਤੋਂ ਪਹਿਲਾਂ ਅੰਮ੍ਰਿਤਸਰ ਸਟੇਸ਼ਨ ਤੋਂ ਸ਼ੁਰੂ ਹੋਇਆ ਹੈ ਤੇ ਬਾਕੀ ਥਾਵਾਂ ਉਤੇ ਵੀ ਜਲਦ ਹੀ ਉਪਲਬਧ ਹੋਵੇਗਾ। ਕਈ ਲੋਕ ਹਿੰਦੀ ਜਾਂ ਅੰਗਰੇਜ਼ੀ ਨਹੀਂ ਪੜ੍ਹ ਸਕਦੇ ਸਨ, ਅਜਿਹੇ ਲੋਕਾਂ ਨੂੰ ਧਿਆਨ 'ਚ ਰੱਖਦਿਆਂ ਬੋਰਡ ਨੇ ਇਹ ਫੈਸਲਾ ਲਿਆ ਹੈ ਤੇ ਲੋਕ ਰੇਲਵੇ ਦੇ ਇਸ ਫੈਸਲੇ ਤੋਂ ਕਾਫੀ ਖੁਸ਼ ਹਨ।

# ਬਜ਼ੁਰਗਾਂ ਦਾ ਸਤਿਕਾਰ ਕਰਨ 'ਚ ਅੰਬਰਸਰੀਏ ਫਾਡੀ

**ਚੰਡੀਗੜ੍ਹ:** ਤਾਜ਼ਾ ਸਰਵੇਖਣ ਮੁਤਾਬਕ ਅੰਮ੍ਰਿਤਸਰ, ਭਾਰਤ ਦੇ ਉਨ੍ਹਾਂ ਪੰਜ ਸ਼ਹਿਰਾਂ ਵਿਚੋਂ ਇਕ ਹੈ, ਜਿਥੇ ਬਜ਼ੁਰਗਾਂ ਨਾਲ ਸਭ ਤੋਂ ਜ਼ਿਆਦਾ ਦੁਰਵਿਹਾਰ ਹੁੰਦਾ ਹੈ। ਅੰਮ੍ਰਿਤਸਰ ਤੋਂ ਇਲਾਵਾ ਭਾਰਤ ਦੇ ਹੋਰ ਚਾਰ ਸ਼ਹਿਰ ਮੈਂਗਲੌਰ, ਅਹਿਮਦਾਬਾਦ, ਭੁਪਾਲ ਤੇ ਦਿੱਲੀ ਹਨ। ਉਂਜ ਅੰਮ੍ਰਿਤਸਰ ਪੂਰੇ ਪੰਜਾਬ ਵਿਚੋਂ ਸੈਂਪਲ ਵਜੋਂ ਲਿਆ ਸੀ। ਪੰਜਾਬ ਦੇ ਬਾਕੀ ਸ਼ਹਿਰਾਂ ਦੀ ਹਾਲਤ ਇਸੇ ਵਰਗੀ ਹੋ ਸਕਦੀ ਹੈ।

ਦਰਅਸਲ, ਹੈਲਪਲਾਈਨ ਇੰਡੀਆ ਨੇ 23 ਸ਼ਹਿਰਾਂ ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਮੁਤਾਬਕ ਬਜ਼ੁਰਗਾਂ ਨਾਲ ਸਭ ਤੋਂ ਜ਼ਿਆਦਾ ਦੁਰਵਿਹਾਰ ਮੈਂਗਲੌਰ (47 ਫੀਸਦੀ) ਵਿਚ ਹੁੰਦਾ ਹੈ।

ਇਸ ਤੋਂ ਬਾਅਦ ਅਹਿਮਦਾਬਾਦ (46 ਫੀਸਦੀ), ਭੁਪਾਲ (39 ਫੀਸਦੀ), ਅੰਮ੍ਰਿਤਸਰ (35 ਫੀਸਦੀ) ਤੇ ਦਿੱਲੀ (33 ਫੀਸਦੀ) ਹੁੰਦਾ ਹੈ। ਇਸ ਸਰਵੇਖਣ ਦਾ ਉਦੇਸ਼ ਇਹ ਪਤਾ ਲਾਉਣਾ ਸੀ ਕਿ ਦੁਰਵਿਹਾਰ ਕਿਸ ਹੱਦ ਤੱਕ, ਕਿੰਨਾ ਜ਼ਿਆਦਾ, ਕਿਸ ਰੂਪ ਵਿਚ, ਕਿੰਨੀ ਵਾਰ ਹੁੰਦਾ ਹੈ ਤੇ ਇਸ ਦੇ ਪਿੱਛੇ ਕੀ ਕਾਰਨ ਹਨ। ਇਸ ਤੋਂ ਪਤਾ ਲੱਗਾ ਕਿ ਤਕਰੀਬਨ ਇਕ ਚੌਥਾਈ ਬਜ਼ੁਰਗ ਆਬਾਦੀ ਵਿਅਕਤੀਗਤ ਤੌਰ ਉਤੇ ਸ਼ੋਸ਼ਣ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲਿਆਂ ਵਿਚ ਜ਼ਿਆਦਾਤਰ ਜਾਂ ਤਾਂ ਉਨ੍ਹਾਂ ਦੇ ਪੁੱਤਰ (52 ਫੀਸਦੀ) ਹੁੰਦੇ ਹਨ ਜਾਂ ਫਿਰ ਉਨ੍ਹਾਂ ਦੀਆਂ ਨੂੰਹਾਂ (34 ਫੀਸਦੀ)। ਹੈਲਪੇਜ ਇੰਡੀਆ ਦੇ ਸੀਈਓ ਮੈਥਿਊ ਚੇਰੀਅਨ ਨੇ ਕਿਹਾ ਕਿ ਬਦਕਿਸਮਤੀ ਨਾਲ ਬਜ਼ੁਰਗਾਂ ਦਾ ਸ਼ੋਸ਼ਣ ਘਰ ਤੋਂ ਸ਼ੁਰੂ ਹੁੰਦਾ ਹੈ ਤੇ ਅੰਜਾਮ ਉਹ ਲੋਕ ਦਿੰਦੇ ਹਨ ਜਿਨ੍ਹਾਂ ਉਤੇ ਉਹ ਸਭ ਤੋਂ ਜ਼ਿਆਦਾ ਵਿਸ਼ਵਾਸ ਕਰਦੇ ਹਨ।

## ਦੁਰਵਿਹਾਰ 'ਚ ਨੂੰਹਾਂ ਨਾਲੋਂ ਪੁੱਤ ਅੱਗੇ

ਦੁਰਵਿਹਾਰ ਨੂੰ ਅੰਜਾਮ ਦੇਣ ਵਾਲੇ ਲੋਕਾਂ ਵਿਚ ਸਭ ਤੋਂ ਅੱਗੇ ਪੁੱਤਰ ਹਨ ਤੇ ਬਾਅਦ ਵਿਚ ਨੂੰਹਾਂ। ਜਦੋਂ ਕਿ ਇਸ ਤੋਂ ਪਹਿਲੇ ਸਰਵੇਖਣਾਂ ਵਿਚ ਨੂੰਹਾਂ ਅੱਗੇ ਸਨ। ਇਸ ਵਿਚ ਇਹ ਵੀ ਪਤਾ ਲੱਗਾ ਕਿ ਦੁਰਵਿਹਾਰ ਦੇ ਸ਼ਿਕਾਰ 82 ਫੀਸਦੀ ਬਜ਼ੁਰਗ ਪਰਿਵਾਰ ਦੀ ਖਾਤਰ ਇਸ ਦੀ ਸ਼ਿਕਾਇਤ ਵੀ ਨਹੀਂ ਕਰਦੇ ਜਾਂ ਇਹ ਨਹੀਂ ਜਾਣਦੇ ਕਿ ਇਸ ਸਮੱਸਿਆ ਨਾਲ ਕਿਸ ਤਰ੍ਹਾਂ ਨਜਿੱਠਿਆ ਜਾ ਸਕਦਾ ਹੈ।


# ਡਰਾਈਵਰਾਂ ਦੀ ਲੋੜ ਹੈ

61 ਸੈਂਟ ਪ੍ਰਤੀ ਮੀਲ



ਨਵੀਂ ਮਸ਼ੀਨਰੀ

ਸਿਰਫ ਸੋਮਵਾਰ ਤੋਂ ਸ਼ੁੱਕਰਵਾਰ, ਵੀਕਐਂਡ 'ਤੇ ਘਰ
ਯੋਗਤਾਵਾਂ: ਘੱਟੋ ਘੱਟ ਦੋ ਸਾਲ ਦਾ ਤਜਰਬਾ
ਉਮਰ ਘੱਟੋ ਘੱਟ 23 ਸਾਲ
ਸਾਫ ਸੁਥਰਾ ਐਮ. ਵੀ. ਆਰ. ਹੋਵੇ
ਸੰਪਰਕ ਕਰੋ, ਫੋਨ: (219) 307-9515

**Drivers Needed** 61 Cents Per Mile

New Equipment , Monday to Friday only, Weekend Off
Qualifications: Minimum 2 Years Experience
Age 23, Clean MVR
Ph: (219) 307-9515

ੴ Sikh National Center, Inc.
7500 N. Sam Houston Pkwy., Houston, Texas, 77064

# ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ

ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ (ਟੈਕਸਸ) ਲਈ ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ 31 ਰਾਗਾਂ (ਅਤੇ ਪ੍ਰਕਾਰਾਂ) ਦਾ ਪੂਰਾ ਗਿਆਨ ਹੋਵੇ, ਕਲਾਸੀਕਲ ਤਾਲਾਂ ਸਮੇਤ ਸਾਰੇ ਤਾਲਾਂ ਦਾ ਪੂਰਾ ਗਿਆਨ ਹੋਵੇ ਅਤੇ ਅਮਰੀਕਾ ਜੰਮੇ-ਪਲੇ ਬੱਚਿਆਂ ਨੂੰ ਗੁਰਮਤਿ ਗਿਆਨ ਦੀ ਪੜ੍ਹਾਈ ਕਰਾਉਣ ਦੇ ਸਮਰੱਥ ਹੋਵੇ।

ਸੰਪਰਕ ਕਰੋ
ਰੂਬਿਨ ਬੈਂਸ, ਫੋਨ: 281-773-8944
rubenbains@yahoo.com

24-27

# ਅਫਗਾਨ ਸੰਸਦ 'ਚ ਘੱਟ ਗਿਣਤੀਆਂ ਲਈ ਆਵਾਜ਼ ਬੁਲੰਦ ਕਰੇਗਾ ਸਿੱਖ ਆਗੂ

**ਕਾਬੁਲ:** ਅਫਗਾਨਿਸਤਾਨ ਦੇ ਪੂਰਬੀ ਪਕਤੀਆ ਸੂਬੇ ਨਾਲ ਸਬੰਧਤ ਅਵਤਾਰ ਸਿੰਘ ਖਾਲਸਾ (52) ਅਗਲੀ ਸੰਸਦ ਵਿਚ ਮੁਲਕ ਦੀ ਘੱਟ ਗਿਣਤੀ ਸਿੱਖ ਤੇ ਹਿੰਦੂ ਆਬਾਦੀ ਦੀ



ਨੁਮਾਇੰਦਗੀ ਕਰਨਗੇ। ਮੁਲਕ ਵਿਚ ਦਹਾਕਿਆਂ ਤੋਂ ਚੱਲ ਰਹੀ ਗੜਬੜ ਕਾਰਨ ਸਿੱਖ ਅਤੇ ਹਿੰਦੂ ਭਾਈਚਾਰੇ ਨੂੰ ਦੇਸ਼ ਦੇ ਸਿਆਸੀ ਪਿੜ ਵਿਚ ਜ਼ਿਆਦਾ ਵਿਚਰਨ ਦਾ ਮੌਕਾ ਨਹੀਂ ਮਿਲ ਸਕਿਆ।

ਇਸ ਦੌਰਾਨ ਘੱਟ ਗਿਣਤੀ ਭਾਈਚਾਰਾ ਵਿਦੇਸ਼ਾਂ ਵਿਚ ਪਰਵਾਸ ਕਰ ਗਿਆ। ਸੰਨ 1970 ਵਿਚ ਜਿਥੇ ਇਨ੍ਹਾਂ ਘੱਟ ਗਿਣਤੀ ਭਾਈਚਾਰਿਆਂ ਦੀ ਕੁੱਲ ਆਬਾਦੀ 80,000 ਦੇ ਕਰੀਬ ਸੀ, ਹੁਣ ਸਿਮਟ ਕੇ ਸਿਰਫ 1000 ਦੇ ਕਰੀਬ ਰਹਿ ਗਈ ਹੈ। ਅਵਤਾਰ ਸਿੰਘ ਖਾਲਸਾ ਜੋ ਕਿ ਲੰਮੇ ਸਮੇਂ ਤੋਂ ਭਾਈਚਾਰੇ ਦੇ ਆਗੂ ਰਹੇ ਹਨ, ਸੰਸਦ ਦੇ ਹੇਠਲੇ ਸਦਨ ਤੋਂ ਬਿਨਾਂ ਮੁਕਾਬਲਾ ਚੁਣੇ ਜਾਣਗੇ। ਇਹ ਸੀਟ ਰਾਸ਼ਟਰਪਤੀ ਵੱਲੋਂ 2016 ਵਿਚ ਘੱਟ ਗਿਣਤੀਆਂ ਲਈ ਰਾਖਵੀਂ ਕੀਤੀ ਗਈ ਸੀ। ਅਕਤੂਬਰ ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਤੋਂ ਬਾਅਦ ਚੁਣੇ ਜਾਣ ਵਾਲੇ 259 ਸੰਸਦ ਮੈਂਬਰਾਂ ਵਿਚਕਾਰ ਉਹ ਇਕੱਲੇ ਘੱਟ ਗਿਣਤੀ ਮੈਂਬਰ ਹੋਣਗੇ। ਖਾਲਸਾ ਉਮੀਦ ਕਰਦੇ ਹਨ ਕਿ ਅਫਗਾਨ ਫੌਜ ਵਿਚ ਦਸ ਸਾਲ ਕੰਮ ਕਰਨ ਦਾ ਤਜਰਬਾ ਇਸ ਦੌਰਾਨ ਉਨ੍ਹਾਂ ਦੇ ਕੰਮ ਆਵੇਗਾ ਤੇ ਉਨ੍ਹਾਂ ਨੂੰ ਸੁਰੱਖਿਆ ਨਾਲ ਸਬੰਧਤ ਸੰਸਦੀ ਕਮੇਟੀ ਵਿਚ ਥਾਂ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਇਕੱਲੇ ਸਿੱਖ ਤੇ ਹਿੰਦੂ ਭਾਈਚਾਰੇ ਨਾਲ ਜੁੜੇ ਮੁੱਦੇ ਹੀ ਨਹੀਂ ਉਭਾਰਨਾ ਚਾਹੁੰਦੇ ਪਰ ਅਫਗਾਨਿਸਤਾਨ ਦੇ ਸਾਰੇ ਬਾਸ਼ਿੰਦਿਆਂ ਦੀ ਭਲਾਈ ਲਈ ਵਚਨਬੱਧ ਹਨ।

# ਕੇਜਰੀਵਾਲ ਨੇ ਧਰਨਾ ਚੁੱਕਿਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਦੀ ਸਰਕਾਰੀ ਰਿਹਾਇਸ਼ ਵਿਚ 9 ਦਿਨਾਂ ਧਰਨੇ ਪਿੱਛੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਗੋਪਾਲ ਰਾਏ ਨੇ ਆਈ.ਏ.ਐਸ. ਅਧਿਕਾਰੀਆਂ ਵੱਲੋਂ ਦਿੱਲੀ ਸਰਕਾਰ ਦੀਆਂ ਬੈਠਕਾਂ ਵਿਚ ਸ਼ਿਰਕਤ ਕਰਨ ਮਗਰੋਂ ਆਪਣਾ ਧਰਨਾ ਚੁੱਕ ਲਿਆ।

ਧਰਨਾ ਚੁੱਕਣ ਮਗਰੋਂ ਸ੍ਰੀ ਕੇਜਰੀਵਾਲ ਸਿੱਧੇ ਆਪਣੀ ਸਰਕਾਰੀ ਰਿਹਾਇਸ਼ ਪੁੱਜੇ ਜਿਥੇ ਉਨ੍ਹਾਂ ਦਾ ਸਵਾਗਤ ਪਾਰਟੀ ਦੇ ਵਿਧਾਇਕਾਂ ਤੇ ਰਾਜ ਸਭਾ ਮੈਂਬਰਾਂ ਵੱਲੋਂ ਕੀਤਾ ਗਿਆ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮੀਡੀਆ ਨੂੰ ਦੱਸਿਆ ਕਿ ਸਰਕਾਰ ਵੱਲੋਂ ਬੁਲਾਈ ਗਈ ਬੈਠਕ ਵਿਚ ਮੁੱਖ ਸਕੱਤਰ ਸਮੇਤ ਸਾਰੇ ਉਚ ਅਧਿਕਾਰੀ ਮੌਜੂਦ ਰਹੇ।

ਸ੍ਰੀ ਕੇਜਰੀਵਾਲ ਤੇ ਸਾਥੀ ਮੰਤਰੀ ਮਨੀਸ਼ ਸਿਸੋਦੀਆ, ਸਤਿੰਦਰ ਜੈਨ ਤੇ ਗੋਪਾਲ ਰਾਏ ਮੁੱਖ ਤੌਰ ਉਤੇ ਅਧਿਕਾਰੀਆਂ ਦੀ ਅਣਐਲਾਨੀ ਹੜਤਾਲ ਕਰ ਕੇ ਹੀ ਧਰਨੇ ਉਪਰ ਬੈਠੇ ਸਨ ਕਿਉਂਕਿ ਅਧਿਕਾਰੀ ਰੁਟੀਨ ਬੈਠਕਾਂ ਵਿਚ ਨਹੀਂ ਸਨ ਜਾਂਦੇ। ਹਾਲਾਂ ਕਿ ਅਧਿਕਾਰੀ ਹੜਤਾਲ ਉਪਰ ਨਾ ਹੋਣ ਉਤੇ ਨਿਸ਼ਠਾ ਨਾਲ ਕੰਮ ਕਰਨ ਦਾ ਦਾਅਵਾ ਕਰ ਰਹੇ ਸਨ। ਉਧਰ, ਸ੍ਰੀ ਕੇਜਰੀਵਾਲ ਦਾ ਧਰਨਾ ਖਤਮ ਹੁੰਦੇ ਹੀ ਭਾਜਪਾ ਵਿਧਾਇਕਾਂ ਨੇ ਵੀ ਧਰਨਾ ਖਤਮ ਕਰ ਦਿੱਤਾ। ਵਿਧਾਇਕਾਂ ਨੂੰ ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਜੂਸ ਪਿਲਾ ਕੇ ਭੁੱਖ ਹੜਤਾਲ ਤੁੜਵਾਈ।

# ਸ਼੍ਰੋਮਣੀ ਅਕਾਲੀ ਦਲ 'ਤੇ ਲੱਗੇਗੀ ਚੋਣ ਲੜਨ ਦੀ ਪਾਬੰਦੀ?

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਖਿਲਾਫ਼ ਦੋਹਰੇ ਸੰਵਿਧਾਨ ਤੇ ਪਾਰਟੀ ਦੀ ਮਾਨਤਾ ਰੱਦ ਕਰਵਾਉਣ ਦਾ ਕੇਸ ਲੜਨ ਵਾਲੇ ਉਘੇ ਸੋਸ਼ਲ ਸਮਾਜਿਕ ਕਾਰਕੁਨ ਤੇ ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਪੰਜਾਬ ਪ੍ਰਧਾਨ ਬਲਵੰਤ ਖੇੜਾ ਅਕਾਲੀ ਦਲ ਖਿਲਾਫ ਪੰਜਾਬ ਰਾਜ ਚੋਣ ਕਮਿਸ਼ਨ ਕੋਲ ਪਹੁੰਚੇ ਹਨ। ਉਨ੍ਹਾਂ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਅਕਾਲੀ ਦਲ ਉਪਰ ਹਰ ਚੋਣ ਲੜਨ 'ਤੇ ਪਾਬੰਦੀ ਲੱਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਦੋ ਸੰਵਿਧਾਨ ਹਨ। ਸ਼੍ਰੋਮਣੀ ਕਮੇਟੀ ਦੇ ਚੋਣ ਕਮਿਸ਼ਨ ਕੋਲ ਧਾਰਮਿਕ ਹੋਣ ਦਾ ਸੰਵਿਧਾਨ ਦਿੱਤਾ ਹੈ।

ਦੂਜੇ ਪਾਸੇ ਭਾਰਤੀ ਚੋਣ ਕਮਿਸ਼ਨ ਕੋਲ ਧਰਮ ਨਿਰਪੱਖ ਹੋਣ ਦਾ ਸੰਵਿਧਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਸਿਰਫ ਧਾਰਮਿਕ ਪਾਰਟੀ ਲੜ ਸਕਦੀ ਹੈ ਤੇ ਆਮ ਚੋਣਾਂ ਸਿਰਫ ਧਰਮ ਨਿਰਪੱਖ ਪਾਰਟੀ। ਇਸ ਲਈ ਅਕਾਲੀ ਦਲ ਨੇ ਚੋਣ ਕਮਿਸ਼ਨ ਨਾਲ ਝੂਠ ਤੇ ਫਰਾਡ ਕੀਤਾ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਹਾਈ ਕੋਰਟ ਵਿਚ ਅਕਾਲੀ ਦਲ ਖਿਲਾਫ਼ ਕੇਸ ਚੱਲ ਰਿਹਾ ਹੈ। ਪ੍ਰਸ਼ਾਤ ਭੂਸ਼ਨ ਵਕੀਲ ਹਨ। ਕੇਸ ਜਿੱਤਣ ਦੇ ਪੂਰੇ ਆਸਾਰ ਹਨ। ਖੇੜਾ ਨੇ ਕਿਹਾ ਅਕਾਲੀ ਦਲ ਖਿਲਾਫ ਸਾਰੇ ਸਬੂਤ ਚੋਣ ਕਮਿਸ਼ਨ ਤੇ ਅਦਾਲਤ ਵਿਚ ਦਿੱਤੇ ਹਨ। ਦੇਰੀ ਭਾਵੇਂ ਹੋ ਜਾਵੇ ਪਰ ਇਨਸਾਫ ਮਿਲੇਗਾ। ਦੱਸਣਯੋਗ ਹੈ ਕਿ ਬਲਵੰਤ ਖੇੜਾ ਨੇ ਹੀ ਮਾਲਟਾ ਕਾਂਡ ਦੀ ਸਾਰੀ ਕਾਨੂੰਨੀ ਲੜਾਈ ਲੜੀ ਸੀ ਤੇ ਪੀੜਤਾਂ ਨੂੰ ਇਨਸਾਫ ਮਿਲਿਆ ਸੀ।

# ਹੀਥਰੋ ਹਵਾਈ ਅੱਡੇ ਨਾਲ ਭਾਰਤੀ ਕਾਰੋਬਾਰੀ ਦੀ ਕਾਨੂੰਨੀ ਲੜਾਈ

**ਲੰਡਨ:** ਭਾਰਤੀ ਮੂਲ ਦਾ ਹੋਟਲ ਕਾਰੋਬਾਰੀ ਸੁਰਿੰਦਰ ਅਰੋੜਾ ਨੌਂ ਮੰਜ਼ਿਲਾ ਪਾਰਕਿੰਗ ਬਣਾਉਣ ਦੇ ਆਪਣੇ ਅਧਿਕਾਰ ਲਈ ਬਰਤਾਨੀਆ ਦੇ ਹੀਥਰੋ ਹਵਾਈ ਅੱਡੇ ਖਿਲਾਫ਼ ਕਾਨੂੰਨੀ ਲੜਾਈ ਲੜ ਰਿਹਾ ਹੈ।

ਸੰਡੇ ਟਾਈਮਜ਼ ਦੀ ਰਿਪੋਰਟ ਅਨੁਸਾਰ ਸੁਰਿੰਦਰ ਅਰੋੜਾ ਨਾਂ ਦਾ ਭਾਰਤੀ ਮੂਲ ਦਾ ਹੋਟਲ ਮਾਲਕ ਹੀਥਰੋ 'ਚ ਆਪਣੀ ਜ਼ਮੀਨ ਉਤੇ ਨੌਂ ਮੰਜ਼ਿਲਾ ਕਾਰ ਪਾਰਕਿੰਗ ਬਣਾਉਣਾ ਚਾਹੁੰਦਾ ਹੈ। ਦੂਜੇ ਪਾਸੇ ਹੀਥਰੋ ਹਵਾਈ ਅੱਡਾ ਲਿਮਟਿਡ ਨੇ ਦਾਅਵਾ ਕੀਤਾ ਹੈ ਕਿ ਨਿਰਮਾਣ ਕਰਨ ਦਾ ਅਧਿਕਾਰ ਸਿਰਫ ਉਸ ਕੋਲ ਹੈ। ਅਰੋੜਾ ਨੇ ਹਵਾਈ ਅੱਡੇ ਦੇ ਇਸ ਦਾਅਵੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ।

ਸਥਾਨਕ ਯੋਜਨਾ ਨਿਯਮਾਂ ਅਨੁਸਾਰ ਹਵਾਈ ਅੱਡੇ 'ਚ ਵੱਧ ਤੋਂ ਵੱਧ 42 ਹਜ਼ਾਰ ਕਾਰਾਂ ਲਈ ਪਾਰਕਿੰਗ ਦੀ ਇਜਾਜ਼ਤ ਹੈ। ਪੰਜਾਬ 'ਚ ਜੰਮੇ ਸੁਰਿੰਦਰ ਅਰੋੜਾ ਦਾ ਮੰਨਣਾ ਹੈ ਕਿ ਇਹ ਸੀਮਾ ਸਮੁੱਚੇ ਹਵਾਈ ਅੱਡੇ ਲਈ ਹੈ, ਜਿਸ 'ਚ ਇਕ ਹਿੱਸੇ ਉਤੇ ਹੀ ਉਹ ਪਾਰਕਿੰਗ ਬਣਾਉਣਾ ਚਾਹੁੰਦਾ ਹੈ ਅਤੇ ਇਸ ਲਈ ਉਸ ਨੂੰ ਵੀ ਕਾਰ ਪਾਰਕਿੰਗ ਬਣਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

# ਅਮਰੀਕਾ ਦੀ ਜੇਲ੍ਹ 'ਚ ਕਈ ਸਿੱਖ ਸ਼ਰਨਾਰਥੀ ਬੰਦ

**ਵਾਸ਼ਿੰਗਟਨ:** ਅਮਰੀਕਾ ਦੇ ਰਾਜ ਓਰੇਗੋਨ ਦੀ ਜੇਲ੍ਹ ਵਿਚ ਬਹੁਤ ਸਾਰੇ ਗੈਰਕਾਨੂੰਨੀ ਸ਼ਰਨਾਰਥੀ ਕੈਦ ਹਨ ਤੇ ਇਨ੍ਹਾਂ ਵਿਚੋਂ 52 ਭਾਰਤੀ ਹਨ ਤੇ ਇਨ੍ਹਾਂ ਵਿਚੋਂ ਵੀ ਬਹੁਤੇ ਸਿੱਖ ਤੇ ਈਸਾਈ ਹਨ। ਇਹ ਅਮਰੀਕਾ ਵਿਚ ਸ਼ਰਣ ਮੰਗ ਰਹੇ ਹਨ। ਕੁਲ 123 ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਭਾਰਤੀਆਂ ਨੂੰ ਸ਼ੇਰੀਡਾਨ ਇਲਾਕੇ ਵਿਚੋਂ ਫੜਿਆ ਗਿਆ ਹੈ। ਇਸ ਜੇਲ੍ਹ ਦਾ ਪਿਛਲੇ ਦਿਨੀਂ ਓਰੇਗੋਨ ਦੇ ਡੈਮੋਕਰੇਟਿਕ ਸੰਸਦ ਮੈਂਬਰਾਂ ਨੇ ਦੌਰਾ ਕੀਤਾ ਹੈ। ਦੌਰੇ ਦੌਰਾਨ ਇਨ੍ਹਾਂ ਹਵਾਲਾਤੀਆਂ ਨੇ ਪੰਜਾਬੀ ਦੋਭਾਸ਼ੀਏ ਰਾਹੀਂ ਆਪਣੀ ਦਰਦਨਾਕ ਹਾਲਤ ਬਿਆਨੀ ਤੇ ਦੱਸਿਆ ਕਿ ਉਨ੍ਹਾਂ ਨੂੰ 22 ਘੰਟੇ ਸੈੱਲਾਂ ਵਿਚ ਬੰਦ ਰੱਖਿਆ ਜਾਂਦਾ ਹੈ ਤੇ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਕਾਂਗਰਸ ਦੀ ਮੈਂਬਰ ਸੁਜ਼ਾਨੇ ਬੋਨਾਮੀਕੀ ਨੇ ਆਪਣੇ ਬਲੌਗ ਵਿਚ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਪੰਜਾਬੀ ਦੋਭਾਸ਼ੀਏ ਰਾਹੀਂ ਪਤਾ ਲੱਗਾ ਹੈ ਕਿ ਇਹ ਅਮਰੀਕਾ ਵਿਚ ਸ਼ਰਨ ਲੈਣ ਦੀ ਯੋਜਨਾ ਬਣਾ ਰਹੇ ਸਨ ਕਿਉਂਕਿ ਇਨ੍ਹਾਂ ਨਾਲ ਭਾਰਤ ਵਿਚ ਧਾਰਮਿਕ ਮੁਕੱਦਮੇਬਾਜ਼ੀ ਚੱਲਦੀ ਹੈ।

wwwpunjabtimesusa.com

## Matrimonials

### ਵਰ ਦੀ ਲੋੜ ਹੈ

Wanted suitable US or Canadian citizen boy for a Punjabi Jatt Sikh beautiful girl 23 yrs, 5'-5", M.Sc. physics, currently working in a reputable college as a lecturer in Punjab. Contact, Ph: 916-840-8023, 91-97794-38835 (India) 25-28

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) 20

### ਲੜਕੀ ਦੀ ਲੋੜ ਹੈ

ਇਕਲੌਤਾ ਜੱਟ ਸਿੱਖ, 28 ਸਾਲ, 5'-8", ਵੈਸ਼ਨੂੰ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਬੀ.ਐਸਸੀ ਐਗਰੀਕਲਚਰ ਆਨਰਜ਼, ਐਮ. ਬੀ. ਏ. ਬੈਂਕਿੰਗ ਤੇ ਫਾਇਨਾਂਸ ਅਤੇ ਸਰਕਾਰੀ ਬੈਂਕ ਵਿਚ ਹੈਡ ਮੈਨੇਜਰ ਹੈ ਤੇ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਹੈ। ਨਾਨਕਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 219-671-3442 22-

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 31 ਸਾਲ, 5'-8", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 25-28

Wanted suitable beautiful US/Canadian citizen Jatt/Khatri Sikh girl for a really handsome US citizen clean shaven Khatri Sikh boy 30, 6'-1", doing pharmacy. Father Kochhar Khatri and mother Kashmiri Jatt Sikh Kahlon. Pl. contact, Ph: 859-312-2450, e-mail: monicacat2001@yahoo.com 23-26


Wanted suitable US girl for Nai Sikh US citizen boy, Doctor of Pharmacy, 30, 5'10". The girl should be beautiful, tall, equally qualified. Cast No Bar. Serious inquires, email: kkaurusaca@gmail.com 24-27

*To Advertise with Punjab Times*
***Call: 847-359-0746***

ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ
ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।
ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।
**In person : Ajanta Grocers and Carryout**
**3227 South Blvd, Auburn Hills, MI**
**Call: 248-260-7425 (Bal)**
**519-564-2515 (Preeti)**
24-25

ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA
**Live on Jas TV**
**Saturday 9:30AM and Sunday 4PM (Pacific Time)**
**7021 Village Park Way, Dublin, CA 94568**




*Gurdip Singh Sandhu*
Email:
Homeomedicine@yahoo.com

# ਭਾਰਤ ਵਿਚ ਹਰ ਵਰ੍ਹੇ ਤਿਹਾਏ ਮਰ ਜਾਂਦੇ ਨੇ 2 ਲੱਖ ਲੋਕ

## 75 ਫੀਸਦੀ ਪਾਣੀ ਦੂਸ਼ਿਤ

**ਨਵੀਂ ਦਿੱਲੀ:** ਮੌਜੂਦਾ ਸਮੇਂ ਭਾਰਤ ਵਿਚ 60 ਕਰੋੜ ਲੋਕ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਜਦਕਿ ਹਰ ਸਾਲ ਦੋ ਲੱਖ ਲੋਕਾਂ ਦੀ ਸਾਫ ਪਾਣੀ ਦੀ ਕਮੀ ਕਾਰਨ ਮੌਤ ਹੋ ਜਾਂਦੀ ਹੈ। ਨੀਤੀ ਆਯੋਗ ਦੀ ਰਿਪੋਰਟ ਮੁਤਾਬਕ 2030 ਤੱਕ ਦੇਸ਼ 'ਚ ਪਾਣੀ ਦੀ ਮੰਗ ਸਪਲਾਈ ਦੇ ਮੁਕਾਬਲੇ ਦੁੱਗਣੀ ਹੋ ਜਾਣ ਦਾ ਅਨੁਮਾਨ ਹੈ। ਨੀਤੀ ਆਯੋਗ ਨੇ 'ਸਮੱਗਰ ਜਲ ਪ੍ਰਬੰਧਨ ਸੂਚਕ ਅੰਕ' ਜਾਰੀ ਕੀਤਾ। ਇਸ ਸੂਚੀ 'ਚ ਗੁਜਰਾਤ ਸਭ ਤੋਂ ਉਤੇ ਹੈ ਜਦਕਿ ਝਾਰਖੰਡ ਸਭ ਤੋਂ ਹੇਠਾਂ ਹੈ। ਇਹ ਸੂਚਕ ਅੰਕ 9 ਵਿਆਪਕ ਖੇਤਰਾਂ 'ਚ ਭੂਮੀਗਤ, ਪਾਣੀ ਦੇ ਪੱਧਰ 'ਚ ਸੁਧਾਰ, ਸਿੰਚਾਈ, ਖੇਤੀ ਗਤੀਵਿਧੀਆਂ, ਪੀਣ ਵਾਲੇ ਪਾਣੀ ਤੇ ਸੰਚਾਲਨ ਪ੍ਰਬੰਧ ਸਣੇ ਕੁੱਲ 28 ਵੱਖ-ਵੱਖ ਸੰਕੇਤਾਂ ਦੇ ਆਧਾਰ ਉਤੇ ਤਿਆਰ ਕੀਤਾ ਗਿਆ ਹੈ।

ਨੀਤੀ ਆਯੋਗ ਦੀ ਇਸ ਰਿਪੋਰਟ ਮੁਤਾਬਕ 75 ਫੀਸਦੀ ਘਰਾਂ 'ਚ ਪੀਣ ਲਈ ਪਾਣੀ ਦੀ ਕਮੀ ਹੈ। 70 ਫੀਸਦੀ ਪਾਣੀ ਪ੍ਰਦੂਸ਼ਿਤ ਹੈ ਜਦਕਿ 84 ਪ੍ਰਤੀਸ਼ਤ ਪਿੰਡਾਂ 'ਚ ਪਾਈਪ ਜ਼ਰੀਏ ਪਾਣੀ ਦੀ ਸਪਲਾਈ ਨਹੀਂ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 2030 ਤੱਕ 40 ਫੀਸਦੀ ਆਬਾਦੀ ਕੋਲ ਪਾਣੀ ਦਾ ਪ੍ਰਬੰਧ ਨਹੀਂ ਹੋਵੇਗਾ। ਉਥੇ ਹੀ ਦਿੱਲੀ, ਚੇਨੱਈ ਤੇ ਹੈਦਰਾਬਾਦ ਜਿਹੇ 21 ਸ਼ਹਿਰਾਂ 'ਚ 2020 ਤੱਕ ਗ੍ਰਾਊਂਡ ਵਾਟਰ ਖਤਮ ਹੋ ਜਾਵੇਗਾ ਜਿਸ ਨਾਲ 10 ਕਰੋੜ ਲੋਕ ਪ੍ਰਭਾਵਿਤ ਹੋਣਗੇ। ਦੱਸ ਦਈਏ ਕਿ ਜਲ ਗੁਣਵੱਤਾ ਸੂਚਕ ਅੰਕ ਦੇ ਮਾਮਲੇ 'ਚ ਭਾਰਤ 122 ਦੇਸ਼ਾਂ ਵਿਚੋਂ 120ਵੇਂ ਸਥਾਨ ਉਤੇ ਹੈ। ਦਿਨ-ਬ-ਦਿਨ ਡਿੱਗ ਰਹੇ ਪਾਣੀ ਦੇ ਸਤਰ ਤੇ ਪਾਣੀ ਦੀ ਕਮੀ ਨਾਲ 2050 ਤੱਕ ਦੇਸ਼ ਦੀ ਜੀ.ਡੀ.ਪੀ. ਨੂੰ 6 ਪ੍ਰਤੀਸ਼ਤ ਨੁਕਸਾਨ ਹੋਣ ਦਾ ਅੰਦਾਜ਼ਾ ਹੈ।



ਭਾਰਤ ਦੇ ਪਵਿੱਤਰ ਮੰਨੇ ਜਾਂਦੇ ਗੰਗਾ, ਜਮਨਾ, ਕਾਵੇਰੀ ਤੇ ਗੋਦਾਵਰੀ ਦਰਿਆਵਾਂ ਦਾ ਜਲ ਵੀ ਬੇਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ। ਗੰਗਾ ਨਦੀ ਦੇ ਕੰਢੇ ਉਪਰ 98 ਸ਼ਹਿਰ ਅਤੇ ਕਸਬੇ ਹਨ। ਇਸ ਦੀ 2,525 ਕਿਲੋਮੀਟਰ ਦੀ ਲੰਬਾਈ ਵਿਚ ਲਗਭਗ 29 ਅਰਬ ਘਣ ਮੀਟਰ ਗੰਦਾ ਪਾਣੀ ਹਰ ਰੋਜ਼ ਡਿਗਦਾ ਹੈ। ਸਿਰਫ 16 ਸ਼ਹਿਰ ਅਜਿਹੇ ਹਨ ਜਿਨ੍ਹਾਂ ਕੋਲ ਸੀਵਰ ਵਰਗੀ ਵਿਵਸਥਾ ਹੈ, ਬਾਕੀ 82 ਸ਼ਹਿਰਾਂ ਤੇ ਨਗਰਾਂ ਦਾ ਮਲ ਮੂਤਰ ਤੇ ਕਚਰਾ ਸਿੱਧਾ ਹੀ ਨਦੀ ਵਿਚ ਸੁੱਟਿਆ ਜਾ ਰਿਹਾ ਹੈ। ਸਭ ਤੋਂ ਵੱਧ ਗੰਦਗੀ ਕਾਨਪੁਰ, ਵਾਰਾਨਸੀ ਤੇ ਕਲਕੱਤਾ ਦੇ ਸ਼ਹਿਰ ਸੁੱਟ ਰਹੇ ਹਨ। ਕਾਨਪੁਰ ਦੇ ਚਮੜਾ ਉਦਯੋਗਾਂ ਦਾ ਸਾਰਾ ਰੋੜ੍ਹ ਇਸ ਵਿਚ ਹੀ ਡਿੱਗ ਰਿਹਾ ਹੈ। ਕਲਕੱਤਾ ਦੇ ਕਾਰਖਾਨੇ ਗੰਗਾ ਨੂੰ ਸੀਵਰ ਵਾਂਗ ਵਰਤ ਰਹੇ ਹਨ। ਦਿੱਲੀ ਵੀ ਕਲਕੱਤੇ ਨਾਲੋਂ ਪਿੱਛੇ ਨਹੀਂ। ਦਿੱਲੀ ਦੀ ਗੰਦਗੀ ਵੀ ਜਮੁਨਾ ਰਾਹੀਂ ਗੰਗਾ ਤੱਕ ਪੁੱਜਦੀ ਹੈ। ਗੰਗਾ ਅਤੇ ਜਮੁਨਾ ਨਦੀਆਂ ਸਭ ਤੋਂ ਵੱਧ ਦੂਸ਼ਿਤ ਹੋ ਚੁੱਕੀਆਂ ਹਨ।

ਜਮੁਨਾ ਨਦੀ ਵਿਚ ਦਿੱਲੀ ਦੇ ਲਾਗਲੇ ਖੇਤਰਾਂ ਵਿਚੋਂ ਹੀ ਹਰ ਰੋਜ਼ 200 ਮਿਲੀਅਨ ਲਿਟਰ ਸੀਵਰੇਜ (ਮਲਮੂਤਰ) ਆਦਿ ਮਿਲ ਜਾਂਦਾ ਹੈ। ਬਹੁਤੇ ਜਿਹੜੇ ਪਾਣੀਆਂ ਕੰਢੇ ਧੂਫ-ਬੱਤੀ ਕਰਦੇ ਹਨ, ਦੀਵੇ ਬਾਲਦੇ ਹਨ, ਦਲੀਆ/ਪ੍ਰਸ਼ਾਦ ਚੜ੍ਹਾਉਂਦੇ ਹਨ ਉਹ ਵੀ ਜਲ ਸੋਮਿਆਂ 'ਚ ਗੰਦ-ਮੰਦ ਉਲੱਦੀ ਜਾਂਦੇ ਹਨ। ਜਿਸ ਨਾਲ ਪਾਣੀ ਵੀ ਗੰਧਲਾ ਹੁੰਦਾ ਹੈ ਅਤੇ ਸਹਿਜ-ਵਹਿਣ 'ਚ ਅੜਿੱਕੇ ਹੜ੍ਹ ਖਤਰੇ ਵੀ ਵਧਾਉਂਦੇ ਹਨ। ਪੰਜਾਬ ਦੀ ਸਾਹ-ਰਗ ਸਤਲੁਜ ਦਰਿਆ ਵੀ ਬਹੁਤ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸ਼ਹਿਰਾਂ ਅਤੇ ਸਨਅਤੀ ਖੇਤਰਾਂ ਦੇ ਗੰਦੇ ਨਾਲਿਆਂ ਦਾ ਪਾਣੀ ਬਿਨਾਂ ਸੋਧੇ ਇਸ ਵਿਚ ਪੈਂਦਾ ਹੈ ਜਿਸ ਕਰਕੇ ਇਸ ਦਾ ਪਾਣੀ ਏਨਾ ਗੰਦਾ ਹੋ ਗਿਆ ਹੈ ਕਿ ਖਪਤ ਦੇ ਯੋਗ ਹੀ ਨਹੀਂ ਰਿਹਾ। ਸਾਰਾ ਜਲ-ਥਲੀ ਵਾਤਾਵਰਨ ਇਸ ਨਾਲ ਪ੍ਰਭਾਵਿਤ ਹੁੰਦਾ ਹੈ। ਭਾਖੜਾ ਡੈਮ ਤੋਂ ਮੈਦਾਨੀ ਇਲਾਕੇ ਵਿਚ ਦਾਖਲ ਹੋਣ ਅਤੇ ਪਾਕਿਸਤਾਨ ਵਿਚ ਜਾਣ ਤੋਂ ਪਹਿਲਾਂ ਤਕਰੀਬਨ 277 ਕਿਲੋਮੀਟਰ ਦੇ ਸਫਰ ਦੌਰਾਨ, ਘਰੇਲੂ ਅਤੇ ਸਨਅਤੀ ਪਾਣੀ ਸਿੱਧਾ ਜਾਂ ਨਾਲਿਆਂ ਰਾਹੀਂ ਸਤਲੁਜ ਵਿਚ ਪੈਂਦਾ ਹੈ।

ਇਸ ਪਾਣੀ ਨੂੰ ਦਰਿਆ ਵਿਚ ਡਿੱਗਣ ਤੋਂ ਪਹਿਲਾਂ ਸੋਧਿਆ ਜਾਂ ਸਾਫ ਨਹੀਂ ਕੀਤਾ ਜਾਂਦਾ। ਪ੍ਰਦੂਸ਼ਿਤ ਕਰਨ ਵਾਲੇ ਨਾਲਿਆਂ ਵਿਚ ਬੁੱਢਾ ਨਾਲਾ, ਪੂਰਬੀ ਵੇਈਂ ਅਤੇ ਪੱਛਮੀ ਵੇਈਂ ਵੀ ਸ਼ਾਮਲ ਹਨ। ਇਕ ਅਧਿਐਨ ਦਰਸਾਉਂਦਾ ਹੈ ਕਿ ਫੈਕਟਰੀਆਂ ਸਭ ਤੋਂ ਵੱਧ ਜਲ ਨੂੰ ਦੂਸ਼ਿਤ ਕਰਦੀਆਂ ਹਨ। ਉਹ ਪਾਣੀ ਨੂੰ ਬਿਨਾਂ ਸੋਧੇ ਹੀ ਬਾਹਰ ਛੱਡ ਦਿੰਦੀਆਂ ਹਨ। ਹਰੇ ਇਨਕਲਾਬ ਲਈ ਮਾਰੀ ਟਪੂਸੀ ਨੇ ਵੀ ਜਲ ਪ੍ਰਦੂਸ਼ਣ 'ਚ ਕਹਿਰ ਢਾਹਿਆ ਹੈ। ਅੰਧਾਧੁੰਦ ਵਰਤੇ ਜਾ ਰਹੇ ਖਾਦ ਪਦਾਰਥਾਂ, ਨਦੀਨ, ਉੱਲੀ ਅਤੇ ਕੀਟਨਾਸ਼ਕਾਂ ਵਿਚਲੇ ਜ਼ਹਿਰੀ ਰਸਾਇਣ ਮਿੱਟੀ ਤੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦੇ ਹਨ। ਮੀਂਹ ਨਾਲ ਇਹ ਜ਼ਮੀਨ, ਜਲ ਵਹਿਣਾਂ ਅਤੇ ਜਲ ਕੁੰਡਾਂ 'ਚ ਜਾ ਕੇ ਉਨ੍ਹਾਂ ਨੂੰ ਪਲੀਤ ਕਰਦੇ ਹਨ। ਮੀਂਹ ਦਾ ਪਾਣੀ ਜ਼ਮੀਨ ਵਿਚ ਰਿਸਣ ਨਾਲ ਵਿਸ਼ੈਲੇ ਤੱਤ ਭੂ-ਜਲ ਵਿਚ ਮਿਲ ਜਾਂਦੇ ਹਨ।

# ਹੁਣ ਪਾਕਿਸਤਾਨ ਨਹੀਂ ਜਾਏਗਾ ਸਤਲੁਜ-ਬਿਆਸ ਦਾ ਪਾਣੀ

**ਚੰਡੀਗੜ੍ਹ:** ਹੁਣ ਸਤਲੁਜ-ਬਿਆਸ ਦਾ ਪਾਣੀ ਪਾਕਿਸਤਾਨ ਨਹੀਂ ਜਾ ਸਕੇਗਾ। ਇਨ੍ਹਾਂ ਦਰਿਆਵਾਂ ਦਾ ਪਾਣੀ ਪਾਕਿਸਤਾਨ ਜਾਣ ਤੋਂ ਰੋਕਣ ਲਈ ਕੇਂਦਰੀ ਪ੍ਰੋਜੈਕਟ ਸ਼ੁਰੂ ਹੋਣ ਵਾਲਾ ਹੈ। ਕੇਂਦਰ ਸਰਕਾਰ ਨੇ ਦਰਿਆਵਾਂ ਦੇ ਪਾਣੀ ਨੂੰ ਬੰਨ੍ਹ ਮਾਰਨ ਲਈ ਕੇਂਦਰੀ ਪ੍ਰੋਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਮੰਤਰੀ ਨਰਿੰਦਰ ਮੋਦੀ ਨੇ 25 ਨਵੰਬਰ 2016 ਨੂੰ ਆਪਣੀ ਬਠਿੰਡਾ ਫੇਰੀ ਮੌਕੇ ਐਲਾਨ ਕੀਤਾ ਸੀ ਕਿ ਦਰਿਆਵਾਂ ਦਾ ਪਾਣੀ ਪਾਕਿਸਤਾਨ ਨਹੀਂ ਜਾਣ ਦਿਆਂਗੇ। ਪਾਕਿਸਤਾਨ ਦੇ ਕਸੂਰ ਖਿੱਤੇ ਦੇ ਕਿਸਾਨਾਂ ਵੱਲੋਂ ਸਤਲੁਜ-ਬਿਆਸ ਦੇ ਪਾਣੀ ਨੂੰ ਖੇਤਾਂ ਦੀ ਸਿੰਚਾਈ ਲਈ ਵਰਤਿਆ ਜਾਂਦਾ ਹੈ।



ਜਿਸ ਤਹਿਤ ਹੁਸੈਨੀਵਾਲਾ ਹੈੱਡਵਰਕਸ ਦੇ ਗੇਟਾਂ ਦੀ ਮੁਰੰਮਤ ਕੀਤੀ ਜਾਣੀ ਹੈ। ਨਹਿਰੀ ਮਹਿਕਮਾ ਪੰਜਾਬ ਨੇ ਇਨ੍ਹਾਂ ਗੇਟਾਂ ਦੀ ਮੁਰੰਮਤ ਲਈ ਐਸਟੀਮੇਟ ਤਿਆਰ ਕਰਾ ਲਏ ਹਨ।

ਸੂਤਰ ਦੱਸਦੇ ਹਨ ਕਿ ਨਬਾਰਡ ਤੋਂ ਇਨ੍ਹਾਂ ਲਈ ਫੰਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ਪ੍ਰਧਾਨ

ਸਤਲੁਜ ਤੇ ਬਿਆਸ ਦਰਿਆ ਦੇ ਪਾਣੀ ਨੂੰ ਪਹਿਲਾਂ ਹਰੀਕੇ ਹੈੱਡਵਰਕਸ ਉਤੇ ਰੋਕਿਆ ਜਾਂਦਾ ਹੈ। ਉਸ ਮਗਰੋਂ ਹੇਠਲੇ ਪਾਸੇ ਹੁਸੈਨੀਵਾਲਾ ਹੈੱਡਵਰਕਸ ਹਨ। ਵੇਰਵਿਆਂ ਅਨੁਸਾਰ ਹੁਸੈਨੀਵਾਲਾ ਹੈੱਡਵਰਕਸ ਉਤੇ 29 ਗੇਟ ਹਨ ਜਿਨ੍ਹਾਂ ਦੀ ਹਾਲਤ ਕਾਫੀ ਮੰਦੀ ਹੈ। ਕਈ ਗੇਟ ਬੁਰੀ ਤਰ੍ਹਾਂ ਗਲ ਚੁੱਕੇ ਹਨ। ਪਾਣੀ ਦੀ ਲੀਕੇਜ ਕਾਫੀ ਵਧ ਰਹੀ ਹੈ।

ਬਾਰਸ਼ਾਂ ਦੇ ਦਿਨਾਂ ਵਿਚ ਤਾਂ ਹੁਸੈਨੀਵਾਲਾ ਹੈੱਡਵਰਕਸ ਤੋਂ ਵਾਧੂ ਪਾਣੀ ਰਿਲੀਜ਼ ਵੀ ਕੀਤਾ ਜਾਂਦਾ ਹੈ। ਹੁਣ ਜੀਰੀ ਦੇ ਸੀਜ਼ਨ 'ਚ ਪਾਣੀ ਦੀ ਮੰਗ ਬਹੁਤ ਵਧ ਜਾਂਦੀ ਹੈ ਪਰ ਗੇਟ ਮਾੜੇ ਹੋਣ ਕਾਰਨ ਲੀਕ ਹੋ ਕੇ ਪਾਕਿਸਤਾਨ ਨੂੰ ਸਵਾ ਲੱਖ ਕਿਊਸਿਕ ਤੋਂ ਜ਼ਿਆਦਾ ਪਾਣੀ ਚਲਾ ਜਾਂਦਾ ਹੈ। ਅਬੋਹਰ ਫਾਜ਼ਿਲਕਾ ਖਿੱਤੇ 'ਚ ਕਰੀਬ 140 ਟੇਲਾਂ ਬਣਦੀਆਂ ਹਨ ਜਿਥੇ ਪਾਣੀ ਦੀ ਹਮੇਸ਼ਾ ਕਿੱਲਤ ਰਹਿੰਦੀ ਹੈ।

ਨਹਿਰੀ ਵਿਭਾਗ ਫਿਰੋਜ਼ਪੁਰ ਦੇ ਐਕਸੀਅਨ ਡੀ.ਐਸ. ਧਾਲੀਵਾਲ ਦਾ ਕਹਿਣਾ ਹੈ ਕਿ ਕੇਂਦਰੀ ਪ੍ਰੋਜੈਕਟ ਤਹਿਤ ਹੁਸੈਨੀਵਾਲਾ ਹੈੱਡਵਰਕਸ ਦੇ ਗੇਟਾਂ ਦੀ ਮੁਰੰਮਤ ਕੀਤੀ ਜਾਣੀ ਹੈ। ਮਹਿਕਮੇ ਤਰਫੋਂ ਐਸਟੀਮੇਟ ਤਿਆਰ ਕਰ ਲਏ ਗਏ ਹਨ ਅਤੇ ਤਿੰਨ ਕਰੋੜ ਦੀ ਲਾਗਤ ਨਾਲ ਗੇਟਾਂ ਦੀ ਮੁਰੰਮਤ ਹੋਵੇਗੀ।

# ਸੀ.ਆਰ.ਪੀ.ਐਫ. ਜਵਾਨਾਂ ਨੇ ਧਰਮ ਦੀ ਥਾਂ ਇਨਸਾਨੀਅਤ ਨੂੰ ਦਿੱਤੀ ਪਹਿਲ

**ਕਸ਼ਮੀਰ:** ਕਸ਼ਮੀਰ ਵਾਦੀ ਵਿਚ ਦੋ ਸੀ. ਆਰ. ਪੀ.ਐਫ. ਜਵਾਨਾਂ ਨੇ ਧਰਮ ਦੀ ਥਾਂ ਇਨਸਾਨੀਅਤ ਨੂੰ ਅੱਗੇ ਰੱਖਦਿਆਂ ਕੈਂਸਰ ਪੀੜਤ



ਇਕ ਔਰਤ ਨੂੰ ਆਪਣਾ ਰੋਜ਼ਾ ਤੋੜਦੇ ਹੋਏ ਖੂਨਦਾਨ ਕੀਤਾ। ਦਰਅਸਲ, 'ਮਦਦਗਾਰ' ਹੈਲਪਲਾਈਨ ਉਤੇ ਕਿਸ਼ਤਵੜ ਤੋਂ ਅਨਿਲ ਸਿੰਘ ਨਾਮ ਦੇ ਵਿਅਕਤੀ ਦਾ ਫੋਨ ਆਇਆ, ਜਿਸ ਨੂੰ ਆਪਣੀ ਭੈਣ ਪੂਜਾ ਦੇਵੀ ਲਈ ਖੂਨ ਦੀ ਲੋੜ ਸੀ ਜੋ ਖੂਨ ਦੇ ਕੈਂਸਰ ਨਾਲ ਪੀੜਤ ਹੈ।

ਸਿੰਘ ਪਰਿਵਾਰ ਨੂੰ 6 ਯੂਨਿਟ ਖੂਨ ਦੀ ਲੋੜ ਸੀ, ਜਿਸ ਵਿਚੋਂ 2 ਯੂਨਿਟ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਤੋਂ ਪੂਰਾ ਕਰ ਲਿਆ ਅਤੇ ਬਾਕੀ 4 ਯੂਨਿਟਾਂ ਲਈ ਮਦਦ ਮੰਗੀ।

ਇਸ ਸਬੰਧੀ ਸ੍ਰੀਨਗਰ 'ਚ ਤਾਇਨਾਤ 4 ਜਵਾਨਾਂ ਸਬ-ਇੰਸਪੈਕਟਰ ਸੰਜੇ ਪਾਸਵਾਨ, ਸਿਪਾਹੀ ਰਾਮ ਨਿਵਾਸ, ਮੁਦਾਸਿਰ ਰਸੂਲ ਭੱਟ ਅਤੇ ਮੁਹੰਮਦ ਅਸਲਮ ਮੀਰ ਨੇ ਸਵੈ-ਇੱਛਾ ਨਾਲ ਖੂਨ ਦਾਨ ਕੀਤਾ। ਇਨ੍ਹਾਂ ਵਿਚੋਂ ਦੋ ਜਵਾਨਾਂ ਨੇ ਰੋਜ਼ੇ ਰੱਖੇ ਹੋਏ ਸਨ ਤੇ ਉਹ ਖਾਲੀ ਪੇਟ ਖੂਨਦਾਨ ਨਹੀਂ ਕਰ ਸਕਦੇ ਸਨ। ਇਸ ਲਈ ਉਨ੍ਹਾਂ ਨੂੰ ਖੂਨਦਾਨ ਕਰਨ ਲਈ ਰੋਜ਼ਾ ਖੋਲ੍ਹਣਾ ਪਿਆ।

# ਭਾਰਤ ਤੇ ਪਾਕਿਸਤਾਨ ਨੇ ਮਾਨਸਿਕ ਬਿਮਾਰ ਬੰਦੀਆਂ ਦੀ ਰਿਹਾਈ ਤੋਂ ਪਾਸਾ ਵੱਟਿਆ

**ਅੰਮ੍ਰਿਤਸਰ:** ਮਾਨਸਿਕ ਹਾਲਤ ਖਰਾਬ ਹੋਣ ਕਾਰਨ ਭਾਰਤ ਦੇ ਵੱਖ-ਵੱਖ ਸ਼ਹਿਰਾਂ ਤੋਂ ਰਸਤਾ ਭਟਕ ਕੇ ਪਾਕਿਸਤਾਨ ਪਹੁੰਚੇ ਤਕਰੀਬਨ 17 ਕੈਦੀ ਪਾਕਿਸਤਾਨੀ ਜੇਲ੍ਹਾਂ 'ਚ ਬੰਦ ਹਨ। ਪਾਕਿਸਤਾਨ ਹਾਈ ਕਮਿਸ਼ਨਰ ਵੱਲੋਂ ਇਨ੍ਹਾਂ ਬਿਮਾਰ ਕੈਦੀਆਂ ਦੀਆਂ ਤਸਵੀਰਾਂ ਭਾਰਤ ਸਰਕਾਰ ਨੂੰ ਸੌਂਪਦਿਆਂ ਇਸ ਸਬੰਧੀ ਜਾਂਚ ਕਰਨ ਲਈ ਕਿਹਾ ਗਿਆ ਸੀ, ਪਰ ਲਗਭਗ ਦੋ ਵਰ੍ਹੇ ਬੀਤਣ ਦੇ ਬਾਅਦ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਹੈ, ਜਿਸ ਕਾਰਨ ਅਜੇ ਤੱਕ ਉਪਰੋਕਤ ਮਰੀਜ਼ਾਂ ਦੀ ਭਾਰਤ ਵਾਪਸੀ ਨਹੀਂ ਹੋ ਸਕੀ ਹੈ।

ਮਾਨਸਿਕ ਤੌਰ ਉਤੇ ਬਿਮਾਰ ਭਾਰਤੀ ਮਰੀਜ਼ਾਂ 'ਚ 4 ਔਰਤਾਂ ਤੇ 13 ਪੁਰਸ਼ ਹਨ। ਇਨ੍ਹਾਂ ਮਰੀਜ਼ਾਂ ਵਿਚ ਸੋਨੂ ਸਿੰਘ, ਸੁਰਿੰਦਰ ਮਹੇਤੋ, ਪ੍ਰਹਿਲਾਦ ਸਿੰਘ, ਸਿਰਲੋਫ ਸਲੀਮ, ਬਿਰਜੂ, ਰਾਜੂ ਮਾਹੁਲ, ਬਿਪਲਾ, ਰੂਪ ਲਾਲ, ਪਨਵਾਰੀ ਲਾਲ, ਰਾਜੂ ਮਹੌਲੀ ਪੁੱਤਰ ਸੰਤੋਸ਼, ਸ਼ਾਮ ਸੁੰਦਰ, ਰਮੇਸ਼, ਰਾਜੂ ਰਾਏ ਤੇ 4 ਮਹਿਲਾਵਾਂ ਗੁਲੂ ਜਾਨ, ਅਜਮੀਰਾ, ਨਾਕਾਇਆ, ਹਸੀਨਾ ਸ਼ਾਮਲ ਹਨ। ਪਾਕਿਸਤਾਨ ਸਰਕਾਰ ਤੇ ਉਥੋਂ ਦੀਆਂ ਕੁਝ ਸਮਾਜ ਸੇਵੀ ਸੰਸਥਾਵਾਂ ਵੱਲੋਂ ਉਪਰੋਕਤ ਮਰੀਜ਼ਾਂ ਦੀ ਪਛਾਣ ਪਤਾ ਕਰਨ ਲਈ ਉਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਪਾਈਆਂ ਹਨ, ਪਰ ਅਜੇ ਤੱਕ ਇਸ ਮਾਮਲੇ 'ਚ ਕੋਈ ਸਫਲਤਾ ਨਹੀਂ ਮਿਲੀ ਹੈ।


# ਬੰਦੇ ਨੂੰ ਰੁੱਖ ਨਾਲ ਬੰਨ੍ਹ ਕੇ ਮਾਂ-ਧੀ ਨਾਲ ਸਮੂਹਿਕ ਬਲਾਤਕਾਰ

**ਪਟਨਾ:** ਬਿਹਾਰ ਦੇ ਗਯਾ ਜਿਲ੍ਹੇ ਤੋਂ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਖਬਰ ਆਈ ਹੈ। ਇਥੇ ਕੁਝ ਹਥਿਆਰਬੰਦਾਂ ਨੇ ਇਕ ਵਿਅਕਤੀ ਨੂੰ ਦਰਖਤ ਨਾਲ ਬੰਨ੍ਹ ਕੇ ਉਸ ਦੀ ਧੀ ਤੇ ਪਤਨੀ ਨਾਲ ਸਮੂਹਿਕ ਬਲਾਤਕਾਰ ਕੀਤਾ। ਲੜਕੀ ਦੀ ਉਮਰ ਸਿਰਫ 15 ਸਾਲ ਸੀ।

ਪੁਲਿਸ ਮੁਤਾਬਕ ਪਰਿਵਾਰ ਜਦੋਂ ਕੋਂਚ ਪੁਲਿਸ ਸਟੇਸ਼ਨ ਇਲਾਕੇ ਦੇ ਪਿੰਡ ਸੌਂਧੀਆ ਨੇੜੇ ਮੋਟਰਸਾਈਕਲ ਉਤੇ ਜਾ ਰਿਹਾ ਸੀ ਤਾਂ ਉਨ੍ਹਾਂ ਨੂੰ ਹਥਿਆਰਬੰਦ ਗੁੰਡਿਆਂ ਨੇ ਘੇਰ ਲਿਆ। ਉਨ੍ਹਾਂ ਨੇ ਬੰਦੇ ਨੂੰ ਦਰਖਤ ਨਾਲ ਬੰਨ੍ਹ ਦਿੱਤਾ ਤੇ ਮਾਂ ਤੇ ਧੀ ਨਾਲ ਸਮੂਹਿਕ ਬਲਾਤਕਾਰ ਕੀਤਾ। ਪੀੜਤਾਂ ਨੇ ਪੁਲਿਸ ਵੱਲੋਂ ਕਾਬੂ ਕੀਤੇ ਦੋ ਨੌਜਵਾਨਾਂ ਦੀ ਸ਼ਨਾਖਤ ਕਰ ਲਈ ਹੈ।

# ਪਾਕਿਸਤਾਨ ਚੋਣਾਂ 'ਚ 4 ਸਿੱਖ ਉਮੀਦਵਾਰ ਵੀ ਨਿੱਤਰੇ ਮੈਦਾਨ ਵਿਚ

**ਅੰਮ੍ਰਿਤਸਰ:** ਪਾਕਿਸਤਾਨ ਵਿਚ 25 ਜੁਲਾਈ ਨੂੰ ਹੋਣ ਜਾ ਰਹੀਆਂ ਕੌਮੀ ਤੇ ਸੂਬਾਈ ਚੋਣਾਂ ਵਿਚ ਇਸ ਵਾਰ 4 ਸਿੱਖ ਉਮੀਦਵਾਰ ਆਪਣੀ ਕਿਸਮਤ ਅਜ਼ਮਾਉਣ ਲਈ ਮੈਦਾਨ 'ਚ ਉਤਰੇ ਹਨ। ਪਾਕਿਸਤਾਨ ਤਹਿਰੀਕ- ਏ-




ਇਨਸਾਫ ਪਾਰਟੀ ਵੱਲੋਂ ਮੁਲਤਾਨ ਤੋਂ ਘੱਟ ਗਿਣਤੀ ਵਿੰਗ ਸਾਊਥ ਪੰਜਾਬ ਦੇ ਸਦਰ ਮਹਿੰਦਰਪਾਲ ਸਿੰਘ ਨੂੰ ਟਿਕਟ ਦਿੱਤੀ ਗਈ ਹੈ। ਮਹਿੰਦਰਪਾਲ ਸਿੰਘ ਉਹੀ ਨੌਜਵਾਨ ਹੈ, ਜਿਸ ਦੀ ਚੀਚਾਵਤਨੀ ਸ਼ਹਿਰ 'ਚ ਕੋਹਿਸਤਾਨ-ਫੈਸਲ ਮੂਵਰਜ਼ ਬੱਸ ਦੇ ਡਰਾਈਵਰ ਤੇ ਹੋਰ ਸਟਾਫ ਨੇ ਬਹਿਸ ਦੌਰਾਨ ਦਸਤਾਰ ਦਾ ਨਿਰਾਦਰ ਕੀਤਾ ਸੀ। ਉਸ ਵੱਲੋਂ ਮਾਮਲਾ ਪ੍ਰਮੁੱਖਤਾ ਨਾਲ ਚੁੱਕਣ ਉਤੇ 6 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਉਸ ਤੋਂ ਇਲਾਵਾ ਸੂਬਾ ਖੈਬਰ ਪਖਤੂਨਖਵਾ ਦੇ ਘੱਟ ਗਿਣਤੀ ਮੰਤਰੀ ਤੇ ਮੁੱਖ ਮੰਤਰੀ ਦੇ ਸਲਾਹਕਾਰ ਐਮ.ਪੀ.ਏ. ਸਵ. ਡਾ: ਸੂਰਨ ਸਿੰਘ ਦੇ ਸਾਲੇ ਗੁਰਦੀਪ ਸਿੰਘ ਨੂੰ ਪੀ.ਟੀ.ਆਈ. ਪਾਰਟੀ ਵੱਲੋਂ ਵੀ ਘੱਟ ਗਿਣਤੀਆਂ ਲਈ ਰਾਖਵੀਂ ਐਮ.ਪੀ.ਏ. ਦੀ ਸੀਟ ਲਈ ਟਿਕਟ ਦਿੱਤੀ ਗਈ ਹੈ। ਅਵਾਮੀ ਨੈਸ਼ਨਲ ਪਾਰਟੀ ਵੱਲੋਂ ਜਤਿੰਦਰ ਸਿੰਘ ਨੂੰ ਟਿਕਟ ਦਿੱਤੀ ਗਈ ਹੈ ਜਦਕਿ ਸੂਬਾ ਸਿੰਧ ਤੋਂ ਪਾਕਿਸਤਾਨ ਸਿੱਖ ਕੌਂਸਲ ਦੇ ਚੀਫ ਪੈਟਰਨ ਰਮੇਸ਼ ਸਿੰਘ ਖਾਲਸਾ ਨੇ ਆਜ਼ਾਦ ਉਮੀਦਵਾਰ ਵਜੋਂ ਘੱਟ ਗਿਣਤੀਆਂ ਲਈ ਰਾਖਵੀਂ ਸੀਟ ਲਈ ਨਾਮਜ਼ਦਗੀ ਪੱਤਰ ਦਾਖਲ ਕੀਤਾ ਹੈ। ਉਧਰ, ਭਾਰਤ ਵਿਰੋਧੀ ਪ੍ਰਚਾਰ ਕਰਨ ਕਰਕੇ ਚਰਚਾ 'ਚ ਬਣੇ ਰਹਿਣ ਵਾਲੇ ਪਾਕਿਸਤਾਨ ਸਿੱਖ ਸੰਗਤ ਦੇ ਚੇਅਰਮੈਨ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੂੰ ਅਸੈਂਬਲੀ ਚੋਣਾਂ ਲਈ ਪੀ.ਟੀ.ਆਈ. ਪਾਰਟੀ ਵੱਲੋਂ ਟਿਕਟ ਨਹੀਂ ਮਿਲ ਸਕੀ।

ਸ. ਚਾਵਲਾ ਅਨੁਸਾਰ ਉਹ 1996 ਤੋਂ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਲਈ ਸੇਵਾਵਾਂ ਦੇ ਰਹੇ ਹਨ ਤੇ ਪਾਰਟੀ ਦੇ ਜ਼ਿਲ੍ਹਾ ਸਦਰ ਵੀ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਪਾਰਟੀ ਵੱਲੋਂ ਟਿਕਟ ਨਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ 9 ਜੂਨ ਨੂੰ ਨਾਮਜ਼ਗੀ ਪੱਤਰ ਦਾਖਲ ਕੀਤਾ ਗਿਆ ਤੇ ਪਾਰਟੀ ਨੇ ਉਸੇ ਦਿਨ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਜਦਕਿ ਫਾਰਮ ਜਮ੍ਹਾਂ ਕਰਵਾਉਣ ਤੇ ਸੂਚੀ ਜਾਰੀ ਕਰਨ ਲਈ ਅੰਤਿਮ ਤਰੀਕ 11 ਜੂਨ ਸੀ।

## ਸ਼ਾਹਰੁਖ ਦੀ ਭੈਣ ਦੇ ਨਾਮਜ਼ਦਗੀ ਪੱਤਰ ਪ੍ਰਵਾਨ

**ਪਿਸ਼ਾਵਰ:** ਬਾਲੀਵੁੱਡ ਸਟਾਰ ਸ਼ਾਹਰੁਖ ਖਾਨ ਦੀ ਰਿਸ਼ਤੇ ਵਿਚੋਂ ਭੈਣ ਲੱਗਦੀ ਨੂਰ ਜਹਾਂ ਦੇ ਖੈਬਰ ਪਖਤੂਨਖਵਾ ਸੂਬੇ ਦੀ ਵਿਧਾਨ ਸਭਾ ਲਈ ਚੋਣ ਲੜਨ ਸਬੰਧੀ ਨਾਮਜ਼ਦਗੀ ਪੱਤਰ ਚੋਣ ਕਮਿਸ਼ਨ ਨੇ ਪ੍ਰਵਾਨ ਕਰ ਲਏ ਹਨ। ਸੂਬਾਈ ਵਿਧਾਨ ਸਭਾ ਲਈ 25 ਜੁਲਾਈ ਨੂੰ ਹੋਣ ਵਾਲੀਆਂ ਚੋਣਾਂ ਵਿਚ ਨੂਰ ਜਹਾਂ ਆਜ਼ਾਦ ਉਮੀਦਵਾਰ ਵਜੋਂ ਆਪਣੀ ਕਿਸਮਤ ਅਜ਼ਮਾ ਰਹੀ ਹੈ। ਸੂਬਾਈ ਚੋਣ ਕਮਿਸ਼ਨ ਨੇ ਪਿਸ਼ਾਵਰ ਵਿਧਾਨ ਸਭਾ (ਜਨਰਲ) ਪੀਕੇ 77 ਸੀਟ ਦੇ ਲਈ ਨੂਰ ਜਹਾਂ ਦੇ ਨਾਮਜ਼ਦਗੀ ਪੇਪਰ ਸਵੀਕਾਰ ਕਰ ਲਏ ਹਨ।

ਆਵਾਮੀ ਨੈਸ਼ਨਲ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਵਿਚ ਟਿਕਟ ਨਾ ਮਿਲਨ ਕਾਰਨ ਨੂਰ ਜਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਆਪਣੀ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ ਹੈ।

# ਪੰਜਾਬ ਸਰਕਾਰ ਸਿਰ ਦੇਣਦਾਰੀਆਂ ਦੀ ਪੰਡ ਹੋਈ ਹੋਰ ਭਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਸਿਰ ਮੁਲਾਜ਼ਮਾਂ ਦੇ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੁੰਦੀ ਜਾ ਰਹੀ ਹੈ ਅਤੇ ਜੇ ਇਹੋ ਸਥਿਤੀ ਰਹੀ ਤਾਂ ਕੈਪਟਨ ਸਰਕਾਰ ਮੁਲਾਜ਼ਮਾਂ ਨੂੰ ਦਹਾਕਿਆਂ ਤੋਂ ਮਿਲ ਰਹੀਆਂ ਮਹਿੰਗਾਈ ਭੱਤੇ (ਡੀਏ) ਦੀਆਂ ਕਿਸ਼ਤਾਂ ਆਦਿ ਸਹੂਲਤਾਂ ਦੇਣ ਤੋਂ ਹੱਥ ਖੜ੍ਹੇ ਕਰ ਸਕਦੀ ਹੈ।

ਹਾਸਲ ਅੰਕੜਿਆਂ ਅਨੁਸਾਰ ਪ੍ਰਤੀ ਮੁਲਾਜ਼ਮ ਦਾ ਸਿਰਫ ਡੀਏ ਦਾ ਹੀ ਔਸਤਨ ਇਕ ਲੱਖ ਤੋਂ ਵੱਧ ਰੁਪਇਆ ਸਰਕਾਰ ਵੱਲ ਖੜ੍ਹਾ ਹੈ। ਪੰਜਾਬ ਵਿਚ ਸਰਕਾਰੀ ਵਿਭਾਗਾਂ ਅਤੇ ਅਰਧ ਸਰਕਾਰੀ ਅਦਾਰਿਆਂ ਵਿਚ ਡੀਏ ਦੇ ਹੱਕਦਾਰ ਮੁਲਾਜ਼ਮਾਂ ਦੀ ਗਿਣਤੀ 3.50 ਲੱਖ ਦੇ ਕਰੀਬ ਹੈ, ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੁਲਾਜ਼ਮਾਂ ਦਾ ਸਿਰਫ ਡੀਏ ਦੇ ਰੂਪ ਵਿਚ ਹੀ ਕਿੰਨਾ ਕਰਜ਼ਾ ਸਰਕਾਰ ਵੱਲ ਖੜ੍ਹਾ ਹੈ। ਇਸ ਤੋਂ ਇਲਾਵਾ 3 ਲੱਖ ਦੇ ਕਰੀਬ ਪੈਨਸ਼ਨਰਾਂ ਦੇ ਡੀਏ ਦਾ ਖਾਤਾ ਵੱਖਰਾ ਹੈ। ਪੰਜਾਬ ਸਰਕਾਰ ਵੱਲੋਂ ਗਠਨ ਕੀਤੇ 6ਵੇਂ ਤਨਖਾਹ ਕਮਿਸ਼ਨ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਿਰਧਾਰਤ ਫਾਰਮੂਲੇ ਤਹਿਤ ਪਹਿਲੀ ਜਨਵਰੀ 2016 ਤੋਂ ਸੋਧਣੀਆਂ ਹਨ, ਜਿਸ ਕਾਰਨ ਕਮਿਸ਼ਨ ਵੱਲੋਂ ਵਧਾਈਆਂ ਜਾਣ ਵਾਲੀਆਂ ਤਨਖਾਹਾਂ ਦਾ ਮਈ 2018 ਤੱਕ 29 ਮਹੀਨਿਆਂ ਦਾ ਬਕਾਇਆ




ਵੱਖਰੇ ਤੌਰ 'ਤੇ ਖੜ੍ਹਾ ਹੈ।

ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਾਫ ਕਹਿ ਚੁੱਕੇ ਹਨ ਕਿ ਪੰਜਾਬ ਦੇ ਵਿੱਤੀ ਹਾਲਾਤ ਠੀਕ ਹੋਣ ਉਤੇ ਹੀ ਡੀਏ ਜਾਰੀ ਕੀਤਾ ਜਾਵੇਗਾ। ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੀ ਬਾਦਲ ਸਰਕਾਰ ਵੇਲੇ ਦੀਆਂ ਜਨਵਰੀ 2014 ਅਤੇ ਜੁਲਾਈ 2014 ਦੀਆਂ ਡੀਏ ਦੀਆਂ ਕਿਸ਼ਤਾਂ ਦੇ 17 ਮਹੀਨਿਆਂ ਦੇ ਬਕਾਇਆਂ ਦੇ ਬਿਲ ਅੱਜ ਵੀ ਖਜ਼ਾਨਾ ਦਫਤਰਾਂ ਵਿਚ ਰੁਲ ਰਹੇ ਹਨ ਅਤੇ ਹੁਣ ਕੈਪਟਨ ਸਰਕਾਰ ਨੇ ਵੀ ਇਨ੍ਹਾਂ ਬਿੱਲਾਂ ਦੀਆਂ ਅਦਾਇਗੀਆਂ ਕਰਨ ਉਪਰ ਅਣਐਲਾਨੀ ਰੋਕ ਲਾਈ ਹੈ।

ਮੁਲਾਜ਼ਮ ਜਥੇਬੰਦੀਆਂ ਅਨੁਸਾਰ ਮੋਟੇ ਅੰਦਾਜ਼ੇ ਤਹਿਤ ਗਰੁੱਪ 'ਡੀ', 'ਸੀ', 'ਬੀ' ਅਤੇ 'ਏ' ਦੇ ਮੁਲਾਜ਼ਮਾਂ ਦਾ ਔਸਤਨ ਬਕਾਇਆ 80,000 ਰੁਪਏ ਦੇ ਕਰੀਬ ਪ੍ਰਤੀ ਮੁਲਾਜ਼ਮ ਬਣਦਾ ਹੈ। ਪਿਛਲੀ ਬਾਦਲ ਸਰਕਾਰ ਵੇਲੇ ਦੀਆਂ ਜਨਵਰੀ 2014 ਅਤੇ ਜੁਲਾਈ 2014 ਦੀਆਂ ਡੀਏ ਦੀਆਂ ਕਿਸ਼ਤਾਂ ਦੇ 17 ਮਹੀਨਿਆਂ ਦੇ ਬਕਾਇਆਂ ਦੇ ਬਿੱਲ ਅੱਜ ਵੀ ਖਜ਼ਾਨਾ ਦਫਤਰਾਂ ਵਿਚ ਰੁਲ ਰਹੇ ਹਨ ਅਤੇ ਹੁਣ ਕੈਪਟਨ ਸਰਕਾਰ ਨੇ ਵੀ ਇਨ੍ਹਾਂ ਬਿੱਲਾਂ ਦੀਆਂ ਅਦਾਇਗੀਆਂ ਕਰਨ ਉਪਰ ਅਣਐਲਾਨੀ ਰੋਕ ਲਾਈ ਹੈ। ਬਾਦਲ ਸਰਕਾਰ ਵੇਲੇ ਦੀਆਂ ਹੀ ਜੁਲਾਈ 2015, ਜਨਵਰੀ 2016 ਅਤੇ ਜੁਲਾਈ 2016 ਦੀਆਂ ਤਿੰਨ ਡੀਏ ਦੀਆਂ ਕਿਸ਼ਤਾਂ ਦਾ 26 ਮਹੀਨਿਆਂ ਦਾ ਬਕਾਇਆ ਵੀ ਹਾਲੇ ਪੈਂਡਿੰਗ ਹੈ ਅਤੇ ਇਸ ਤਰ੍ਹਾਂ ਪਿਛਲੀਆਂ ਡੀਏ ਦੀਆਂ ਕਿਸ਼ਤਾਂ ਦਾ ਕੁੱਲ 43 ਮਹੀਨਿਆਂ ਦਾ ਬਕਾਇਆ ਪੈਂਡਿੰਗ ਪਿਆ ਹੈ। ਮੁਲਾਜ਼ਮ ਜਥੇਬੰਦੀਆਂ ਅਨੁਸਾਰ ਮੋਟੇ ਅੰਦਾਜ਼ੇ ਤਹਿਤ ਗਰੁੱਪ 'ਡੀ', 'ਸੀ', 'ਬੀ' ਅਤੇ 'ਏ' ਦੇ ਮੁਲਾਜ਼ਮਾਂ ਦਾ ਔਸਤਨ ਬਕਾਇਆ 80,000 ਰੁਪਏ ਦੇ ਕਰੀਬ ਪ੍ਰਤੀ ਮੁਲਾਜ਼ਮ ਬਣਦਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਜਨਵਰੀ 2017, ਜੁਲਾਈ 2017 ਅਤੇ ਜਨਵਰੀ 2018 ਦੀਆਂ ਤਿੰਨ ਡੀਏ ਦੀਆਂ ਕਿਸ਼ਤਾਂ ਹਾਲੇ ਤੱਕ ਜਾਰੀ ਨਹੀਂ ਕੀਤੀਆਂ ਅਤੇ ਇਨ੍ਹਾਂ ਕਿਸ਼ਤਾਂ ਦਾ ਮਈ 2018 ਤਕ ਹੀ 33 ਮਹੀਨਿਆਂ ਦਾ ਬਕਾਇਆ ਸਰਕਾਰ ਦੇ ਸਿਰ ਖੜ੍ਹਾ ਹੈ।

ਪੰਜਾਬ ਸਟੇਟ ਮਨਿਸਟੀਰੀਅਲ ਯੂਨੀਅਨ ਦੇ ਪ੍ਰਧਾਨ ਮੇਘ ਸਿੰਘ ਸਿੱਧੂ ਨੇ ਕਿਹਾ ਕਿ ਕੇਵਲ ਡੀਏ ਦੇ ਰੂਪ ਵਿਚ ਹੀ ਹਰੇਕ ਮੁਲਾਜ਼ਮ ਦਾ ਔਸਤਨ 1.40 ਲੱਖ ਰੁਪਇਆ ਸਰਕਾਰ ਦੇ ਸਿਰ ਖੜ੍ਹਾ ਹੈ। ਕਾਂਗਰਸ ਵੱਲੋਂ ਮੁਲਾਜ਼ਮਾਂ ਨੂੰ ਪਹਿਲਾਂ ਮਿਲਦੀ ਡੀਏ ਦੀ ਸਹੂਲਤ ਵੀ ਨਾ ਦੇ ਕੇ ਲੱਖਾਂ ਮੁਲਾਜ਼ਮਾਂ ਨਾਲ ਧਰੋਹ ਕਮਾਇਆ ਜਾ ਰਿਹਾ ਹੈ। ਜੇ ਸਰਕਾਰ ਨੇ ਜਲਦ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਤਿੱਖਾ ਰੂਪ ਦਿੱਤਾ ਜਾਵੇਗਾ।

## ਕੈਪਟਨ ਨੇ ਮੋਦੀ ਸਰਕਾਰ ਅੱਗੇ ਚੁੱਕੇ ਕਿਸਾਨੀ ਮਸਲੇ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਿਆਂ ਨਾਲ ਵਿਚਾਰ ਵਟਾਂਦਰੇ ਰਾਹੀਂ ਕਿਸਾਨਾਂ ਲਈ ਕੌਮੀ ਕਰਜ਼ਾ ਮੁਆਫੀ ਸਕੀਮ ਦਾ ਖਾਕਾ ਤਿਆਰ ਕਰਨ ਵਾਸਤੇ ਕੇਂਦਰ ਸਰਕਾਰ ਅਤੇ ਕੁਝ ਮੁੱਖ ਮੰਤਰੀਆਂ ਉਤੇ ਆਧਾਰਤ ਕਮੇਟੀ ਗਠਿਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ। ਸਵਾਮੀਨਾਥਨ ਕਮੇਟੀ ਦੀ ਰਿਪੋਰਟ ਮੁਕੰਮਲ ਰੂਪ ਵਿਚ ਪ੍ਰਵਾਨ ਕੀਤੇ ਜਾਣ ਉਪਰ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗਵਰਨਿੰਗ ਕੌਂਸਲ ਨੂੰ ਪਹਿਲ ਦੇ ਆਧਾਰ ਉਤੇ ਖੇਤੀ ਕਰਜ਼ੇ ਮੁਆਫ ਕਰਨ ਦਾ ਮੁੱਦਾ ਵਿਚਾਰਨਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਨੀਤੀ ਆਯੋਗ ਦੀ ਮੀਟਿੰਗ ਵਿਚ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਭਾਵਨਾ ਅਨੁਸਾਰ ਕੇਂਦਰ ਵੱਲੋਂ ਸੂਬਿਆਂ ਨੂੰ ਹੋਰ ਜ਼ਿਆਦਾ ਸ਼ਕਤੀਆਂ ਦਿੱਤੇ ਜਾਣ ਦੀ ਲੋੜ ਹੈ। ਮੁੱਖ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਵਸ ਮਨਾਉਣ ਲਈ ਕੇਂਦਰੀ ਸਹਾਇਤਾ ਦਿੱਤੇ ਜਾਣ ਦੀ ਮੰਗ ਦੁਹਰਾਈ। ਉਨ੍ਹਾਂ ਨੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਕਾਂਡ ਦੀ ਅਗਲੇ ਸਾਲ ਮਨਾਈ ਜਾ ਰਹੀ ਸ਼ਤਾਬਦੀ ਵਾਸਤੇ ਵੀ ਕੇਂਦਰੀ ਸਹਾਇਤਾ ਦੀ ਮੰਗ ਕੀਤੀ। ਪੰਜਾਬ ਦੇ ਸਰਹੱਦੀ ਇਲਾਕੇ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਵਿਸ਼ੇਸ਼ ਯਕਮੁਸ਼ਤ ਪੈਕੇਜ ਦੇਣ ਦੀ ਵੀ ਮੁੱਖ ਮੰਤਰੀ ਨੇ ਮੰਗ ਕੀਤੀ।

ਉਨ੍ਹਾਂ ਨੇ ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ ਕੇਂਦਰ ਸਰਕਾਰ ਵੱਲੋਂ ਪ੍ਰਾਪਤ ਕਰ (ਐਕੁਆਇਰ) ਲਏ ਜਾਣ ਦੀ ਮੰਗ ਕੀਤੀ। ਪੰਜਾਬ ਦੇ ਗੰਭੀਰ ਜਲ ਸੰਕਟ ਵੱਲ ਨੂੰ ਵਧਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਪੰਜਾਬ ਦੀਆਂ ਨਦੀਆਂ ਨੂੰ ਗੰਗਾ ਕਾਰਜ ਯੋਜਨਾ ਦੀ ਤਰਜ਼ ਉਤੇ ਪੂੰਜੀ ਸਹਾਇਤਾ ਵਿੱਚ ਸ਼ਾਮਲ ਕੀਤੇ ਜਾਣ ਦੀ ਵੀ ਕੇਂਦਰ ਨੂੰ ਅਪੀਲ ਕੀਤੀ। ਉਨ੍ਹਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਨਾ ਸਾੜਨ ਵਾਲੇ ਕਿਸਾਨਾਂ ਨੂੰ ਝੋਨੇ 'ਤੇ ਪ੍ਰਤੀ ਕੁਇੰਟਲ 100 ਰੁਪਏ ਬੋਨਸ ਸ਼ਰਤੀਆ ਨਗਦ ਤਬਾਦਲੇ ਦੇ ਰੂਪ ਵਿਚ ਦੇਣ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਮੁੜ ਅਦਾਇਗੀ ਦੀ ਨਵੀਂ ਪ੍ਰਣਾਲੀ ਦਾ ਜਾਇਜ਼ਾ ਲੈਣ ਦੀ ਮੰਗ ਕੀਤੀ।



## ਸੀਮਾਂਤ ਕਿਸਾਨਾਂ ਲਈ ਕਰਜ਼ਾ ਰਾਹਤ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਹਿਕਾਰੀ ਸੁਸਾਇਟੀਆਂ ਤੋਂ ਕਰਜ਼ਾ ਲੈਣ ਵਾਲੇ 38 ਹਜ਼ਾਰ ਸੀਮਾਂਤ



ਕਿਸਾਨਾਂ ਨੂੰ 209 ਕਰੋੜ ਰੁਪਏ ਦੀ ਕਰਜ਼ਾ ਰਾਹਤ ਦੇਣ ਦਾ ਐਲਾਨ ਕੀਤਾ ਹੈ। ਇਹ ਕਰਜ਼ਾ ਰਾਹਤ ਅਗਲੇ 10 ਦਿਨਾਂ ਦੌਰਾਨ ਵੰਡੀ ਜਾਵੇਗੀ। ਇਸ ਨਾਲ ਸਰਕਾਰ ਦੀ ਕਰਜ਼ਾ ਰਾਹਤ ਸਕੀਮ ਦਾ ਪਹਿਲਾ ਪੜਾਅ ਮੁਕੰਮਲ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਪੜਾਅ ਦੌਰਾਨ ਰਾਹਤ ਸਿੱਧੇ ਤੌਰ ਉਤੇ ਬੈਂਕ ਖਾਤਿਆਂ ਵਿਚ ਤਬਦੀਲ ਕੀਤੀ ਗਈ ਹੈ। ਸਹਿਕਾਰੀ ਸੁਸਾਇਟੀਆਂ ਦੇ ਮੈਂਬਰ ਕਿਸਾਨ, ਜੋ ਕਿਸੇ ਸਹਿਕਾਰੀ ਜਾਂ ਅਰਧ ਸਰਕਾਰੀ ਮਹਿਕਮੇ ਵਿਚ ਕੰਮ ਕਰਦੇ ਹਨ, ਨੂੰ ਰਾਹਤ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਹਜ਼ਾਰਾਂ ਕਿਸਾਨਾਂ ਨੇ ਲਾਜ਼ਮੀ ਸਵੈ-ਘੋਸ਼ਣਾ ਫਾਰਮ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਕਰਕੇ ਕੋਈ ਯੋਗ ਕਿਸਾਨ ਇਸ ਸਕੀਮ ਵਿਚੋਂ ਬਾਹਰ ਰਹਿ ਗਿਆ ਹੋਵੇ ਤਾਂ ਉਹ ਇਲਾਕੇ ਦੇ ਸਬ ਡਿਵੀਜ਼ਨਲ ਮੈਜਿਸਟ੍ਰੇਟ ਨਾਲ ਸੰਪਰਕ ਕਰ ਸਕਦਾ।

ਦੂਜੇ ਪੜਾਅ ਦੌਰਾਨ ਸਹਿਕਾਰੀ ਸੁਸਾਇਟੀਆਂ ਨਾਲ ਸਬੰਧਤ ਛੋਟੇ ਕਿਸਾਨਾਂ ਨੂੰ ਕਰਜ਼ਾ ਰਾਹਤ ਵੰਡੀ ਜਾਵੇਗੀ। ਕੈਪਟਨ ਨੇ ਕਿਹਾ ਕਿ ਵਪਾਰਕ ਬੈਂਕਾਂ ਨੇ ਕਰਜ਼ਾ ਲੈਣ ਵਾਲੇ ਕਿਸਾਨਾਂ ਦਾ ਡੇਟਾ ਅਪਲੋਡ ਕਰਨ ਦਾ ਕੰਮ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਹੈ।

## ਅੰਮ੍ਰਿਤਸਰ ਹਵਾਈ ਅੱਡੇ 'ਤੇ ਯਾਤਰੀ ਕੋਲੋਂ ਸੋਨੇ ਦੇ ਬਿਸਕੁਟ ਬਰਾਮਦ

**ਅੰਮ੍ਰਿਤਸਰ:** ਕਸਟਮ ਵਿਭਾਗ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਇਕ ਯਾਤਰੀ ਕੋਲੋਂ ਚਾਰ ਸੋਨੇ ਦੇ ਬਿਸਕੁਟ ਬਰਾਮਦ ਕੀਤੇ ਹਨ, ਜਿਨ੍ਹਾਂ ਦਾ ਮੁੱਲ ਲਗਭਗ 26 ਲੱਖ ਰੁਪਏ ਤੇ ਵਜ਼ਨ 829 ਗਰਾਮ ਹੈ। ਦਿੱਲੀ ਤੋਂ ਏਅਰ ਇੰਡੀਆ ਦੀ ਉਡਾਣ ਰਾਹੀਂ ਇਥੇ ਪੁੱਜੇ ਅੰਤਰਰਾਸ਼ਟਰੀ ਯਾਤਰੀ ਦੀਆਂ ਸ਼ੱਕੀ ਗਤੀਵਿਧੀਆਂ ਮਗਰੋਂ ਜਦੋਂ ਕਸਟਮ ਏਅਰ ਇੰਟੈਲੀਜੈਂਸ ਨੇ ਮੈਟਲ ਡਿਟੈਕਟਰ ਨਾਲ ਉਸ ਦੀ ਤਲਾਸ਼ੀ ਲਈ ਤਾਂ ਉਸ ਵੱਲੋਂ ਸਰੀਰ ਦੇ ਪਿਛਲੇ ਹਿੱਸੇ ਵਿਚ ਲੁਕਾਏ ਚਾਰ ਸੋਨੇ ਦੇ ਬਿਸਕੁਟ ਬਰਾਮਦ ਹੋਏ। ਇਹ ਬਿਸਕੁਟ ਉਸ ਨੇ ਵਿਸ਼ੇਸ਼ ਤਰ੍ਹਾਂ ਦੇ ਕਾਗਜ਼ ਵਿਚ ਛੁਪਾ ਕੇ ਸਰੀਰ ਦੇ ਪਿਛਲੇ ਹਿੱਸੇ ਵਿਚ ਲੁਕਾਏ ਹੋਏ ਸਨ।

# ਪੰਜਾਬ 'ਚ ਹਰ ਵਰ੍ਹੇ ਵਧ ਰਹੀ ਹੈ ਸੈਲਾਨੀਆਂ ਦੀ ਗਿਣਤੀ

**ਚੰਡੀਗੜ੍ਹ:** ਪੰਜਾਬ ਦੀ ਅਮੀਰ ਵਿਰਾਸਤ ਤੇ ਸਭਿਆਚਾਰ ਦੀ ਧਾਕ ਦੇਸ਼ਾਂ-ਵਿਦੇਸ਼ਾਂ ਤੱਕ ਹੈ, ਜਿਸ ਕਾਰਨ ਹਰੇਕ ਵਰ੍ਹੇ ਵੱਡੀ ਗਿਣਤੀ ਸੈਲਾਨੀ ਇਥੇ ਪਹੁੰਚ ਕੇ ਪੰਜਾਬ ਦੀ ਖ਼ੂਬਸੂਰਤੀ ਨੂੰ ਨਿਹਾਰਦੇ ਹਨ। ਪੰਜਾਬ ਦੀਆਂ ਬਹੁਤੀਆਂ



ਵਿਰਾਸਤੀ ਇਮਾਰਤਾਂ ਦੀ ਦਸ਼ਾ ਭਾਵੇਂ ਸੰਤੁਸ਼ਟੀਜਨਕ ਨਹੀਂ, ਪਰ ਇਸ ਦੇ ਬਾਵਜੂਦ ਸੂਬੇ ਵਿਚ ਸੈਲਾਨੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਜੋ ਕਿ ਭਵਿੱਖ 'ਚ ਸੈਰ-ਸਪਾਟਾ ਵਿਭਾਗ ਲਈ ਸ਼ੁਭ ਸੰਕੇਤ ਮੰਨੇ ਜਾ ਰਹੇ ਹਨ। ਜੇਕਰ ਸਾਲ 2009 ਦੇ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ ਦੇਸ਼ 'ਚ ਸੈਰ ਸਪਾਟਾ ਪੱਖੋਂ ਪੰਜਾਬ 28ਵੇਂ ਸਥਾਨ ਉਤੇ ਸੀ ਜਦਕਿ 2017 ਤੱਕ ਦੇਸ਼ੀ-ਵਿਦੇਸ਼ੀ ਸੈਲਾਨੀਆਂ ਦੀ ਆਮਦ 'ਚ ਹੋਏ ਚੋਖੇ ਵਾਧੇ ਕਾਰਨ ਪੰਜਾਬ 12ਵੇਂ ਸਥਾਨ ਉਤੇ ਪੁੱਜ ਗਿਆ ਹੈ।

ਸੈਰ-ਸਪਾਟਾ ਵਿਭਾਗ ਪੰਜਾਬ ਦੇ ਅੰਕੜਿਆਂ ਅਨੁਸਾਰ ਸਾਲ 2017 ਤੱਕ 41401987 ਸੈਲਾਨੀ ਪੰਜਾਬ 'ਚ ਵੱਖ-ਵੱਖ ਥਾਵਾਂ ਦੀ ਸੈਰ ਕਰਨ ਪੁੱਜੇ ਸਨ। ਅੰਕੜਿਆਂ ਅਨੁਸਾਰ ਸਾਲ 2009 'ਚ 5480399 ਸੈਲਾਨੀ ਪੰਜਾਬ ਆਏ ਸਨ ਜਦਕਿ 2010 'ਚ 10720631, 2011 'ਚ 16567596, 2012 ਵਿਚ 19119943 ਸੈਲਾਨੀਆਂ ਨੇ ਪਹੁੰਚ ਕੀਤੀ ਸੀ। 2013 'ਚ 21544962, 2014 ਵਿਚ 24526751, 2015 'ਚ 26038728, 2016 'ਚ 39363061 ਜਕਿ 2017 ਤੱਕ 41401987 ਸੈਲਾਨੀ ਵੱਖ-ਵੱਖ ਦੇਸ਼ਾਂ ਤੋਂ ਸੈਰ-ਸਪਾਟੇ ਲਈ ਪੰਜਾਬ ਵਿਚ ਪੁੱਜੇ ਸਨ। ਇਸੇ ਤਰ੍ਹਾਂ ਜੇਕਰ ਘਰੇਲੂ ਸੈਲਾਨੀਆਂ ਦੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 2009 ਤੱਕ 5369995 ਸੈਲਾਨੀ ਪੰਜਾਬ ਆਏ ਸਨ ਜਦਕਿ 2014 ਤੱਕ ਇਨ੍ਹਾਂ ਦੀ ਗਿਣਤੀ ਵਧ ਕੇ 24271302 ਹੋ ਗਈ ਸੀ ਤੇ ਇਹ ਵਾਧਾ ਨਿਰੰਤਰ ਜਾਰੀ ਰਿਹਾ ਤੇ 2017 ਤੱਕ ਇਨ੍ਹਾਂ ਦੀ ਗਿਣਤੀ 40293352 ਦੇ ਅੰਕੜੇ ਤੱਕ ਪੁੱਜ ਗਈ।

ਸੂਬੇ ਦੇ ਸੈਰ-ਸਪਾਟਾ ਵਿਭਾਗ ਵੱਲੋਂ ਅੰਮ੍ਰਿਤਸਰ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ 18 ਅਜਿਹੀਆਂ ਥਾਵਾਂ ਦੀ ਸ਼ਨਾਖਤ ਕੀਤੀ ਗਈ ਹੈ, ਜਿਨ੍ਹਾਂ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ ਅਤੇ ਕੌਮਾਂਤਰੀ ਟੂਰਿਸਟ ਏਜੰਸੀਆਂ ਰਾਹੀਂ ਇਨ੍ਹਾਂ ਦਾ ਪ੍ਰਚਾਰ ਕੀਤਾ ਜਾਵੇਗਾ।

ਸਥਾਨਕ ਸਰਕਾਰਾਂ ਅਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਸਮੇਤ ਹਰਿਮੰਦਰ ਸਾਹਿਬ, ਵਿਰਾਸਤੀ ਮਾਰਗ, ਜਲ੍ਹਿਆਂਵਾਲਾ ਬਾਗ਼, ਪਾਰਟੀਸ਼ਨ ਮਿਊਜ਼ੀਅਮ, ਦੁਰਗਿਆਣਾ ਮੰਦਿਰ, ਵਾਰ ਮੈਮੋਰੀਅਲ, ਅਟਾਰੀ ਸਰਹੱਦ, ਪੁਲ ਕੰਜਰੀ ਆਦਿ ਥਾਵਾਂ ਦਾ ਦੌਰਾ ਕੀਤਾ ਹੈ ਤੇ ਇਥੇ ਸੈਲਾਨੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਹੈ। ਅਧਿਕਾਰੀਆਂ ਅਤੇ ਮਾਹਿਰਾਂ ਦੀ ਟੀਮ ਨਾਲ ਸੈਲਾਨੀਆਂ ਨੂੰ ਹੋਰ ਵਧੇਰੇ ਅਤੇ ਕੌਮਾਂਤਰੀ ਪੱਧਰ ਦੀਆਂ ਸਹੂਲਤਾਂ ਦੇਣ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੋ ਇਸ ਇਲਾਕੇ ਵਿਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਤੇ ਨਾਲ ਲੱਗਦੇ ਇਲਾਕਿਆਂ ਵਿੱਚ 18 ਥਾਵਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਕਰਕੇ ਕੌਮਾਂਤਰੀ ਪੱਧਰ ਦੀਆਂ ਏਜੰਸੀਆਂ ਰਾਹੀਂ ਇਨ੍ਹਾਂ ਦਾ ਪ੍ਰਚਾਰ ਕੀਤਾ ਜਾਵੇਗਾ। ਇੱਥੇ ਇਨ੍ਹਾਂ ਇਲਾਕਿਆਂ ਵਿਚ ਵਧੀਆ ਤੇ ਸਸਤੇ ਹੋਟਲ ਬਣਾਏ ਜਾਣਗੇ ਤੇ ਹੋਰ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ ਤਾਂ ਜੋ ਇਹ ਸਥਾਨ ਵਿਦੇਸ਼ੀ ਯਾਤਰੂਆਂ ਲਈ ਖਿੱਚ ਦਾ ਕੇਂਦਰ ਬਣ ਸਕਣ।

## ਮੁਗਲ ਸਰਾਂਵਾਂ ਬਣਨਗੀਆਂ ਹੈਰੀਟੇਜ਼ ਮੈਰਿਜ ਪੈਲੇਸ

**ਚੰਡੀਗੜ੍ਹ:** ਪੰਜਾਬ ਦੀਆਂ ਤਿੰਨ ਮੁਗਲ ਸਰਾਵਾਂ ਹੈਰੀਟੇਜ਼ ਮੈਰਿਜ ਪੈਲੇਸਾਂ 'ਚ ਤਬਦੀਲ ਹੋਣਗੀਆਂ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਨੇ ਆਖਿਆ ਹੈ ਕਿ ਇਸ ਕੰਮ ਲਈ 511 ਕਰੋੜ ਰੁਪਏ ਖਰਚ ਕੀਤੇ ਜਾਣਗੇ। ਨਵਜੋਤ ਸਿੱਧੂ 4 ਦਿਨਾਂ ਹੈਰੀਟੇਜ ਦੌਰੇ ਉਤੇ ਸਨ। ਸਰਾਵਾਂ ਨੂੰ ਹੈਰੀਟੇਜ ਮੈਰਿਜ ਪੈਲੇਸ ਬਣਾਉਣ ਦੇ ਮੁੱਦੇ ਉਤੇ ਸਿੱਧੂ ਨੇ ਕਿਹਾ ਕਿ ਪੰਜਾਬ ਤੇ ਵਿਦੇਸ਼ਾਂ 'ਚ ਵਸਦੇ ਪੰਜਾਬੀ ਰਾਜਸਥਾਨ 'ਚ ਵਿਆਹ ਕਰਨ ਲਈ ਜਾਂਦੇ ਹਨ ਜਦਕਿ ਹੁਣ ਪੰਜਾਬੀਆਂ ਨੂੰ ਇਥੇ ਹੀ ਸ਼ਾਹੀ ਤਰਜ਼ ਦੇ ਮੈਰਿਜ ਪੈਲੇਸ ਉਪਲਬਧ ਕਰਾਏ ਜਾਣਗੇ। ਸਿੱਧੂ ਨੇ ਦੱਸਿਆ ਕਿ ਇਸ ਨਾਲ ਇਕ ਤਾਂ ਪੰਜਾਬ ਦੇ ਲੋਕਾਂ ਨੂੰ ਸਹੂਲਤ ਮਿਲੇਗੀ ਤੇ ਦੂਜਾ ਇਸ ਨਾਲ ਪੰਜਾਬ ਸਰਕਾਰ ਨੂੰ ਵੀ ਵੱਡਾ ਫਾਇਦਾ ਹੋਵੇਗਾ। ਆਮ ਖਾਸ ਬਾਗ ਦਾ ਵੀ ਸੁੰਦਰੀ ਕਰਨ ਕੀਤਾ ਜਾਵੇਗਾ ਜਿਸ ਦਾ ਆਮ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

## ਦਲਿਤਾਂ ਨੂੰ ਨੰਗਾ ਕਰ ਕੇ ਘੁਮਾਇਆ

**ਮੁੰਬਈ:** ਮਹਾਂਰਾਸ਼ਟਰ ਦੇ ਜਲਗਾਂਵ ਵਿਚ ਵੀ ਤਿੰਨ ਦਲਿਤ ਨੌਜਵਾਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਦੀ ਵੀਡੀਓ ਸਾਹਮਣੇ ਆਈ ਹੈ। ਇਨ੍ਹਾਂ ਦੀ ਕੁੱਟਮਾਰ ਮਹਿਜ਼ ਇਸ ਲਈ ਕੀਤੀ ਗਈ ਕਿਉਂਕਿ ਇਹ ਤਿੰਨੇ ਖੂਹ ਵਿਚ ਤੈਰਾਕੀ ਕਰਨ ਲਈ ਉਤਰ ਗਏ ਸਨ। ਇਹ ਘਟਨਾ 10 ਜੂਨ ਦੀ ਹੈ। ਮਾਮਲਾ ਕੁੱਟਮਾਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਾਹਮਣੇ ਆਇਆ। ਨੌਜਵਾਨਾਂ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਹੋਣ ਕਾਰਨ ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ।

ਬੇਰਹਿਮੀ ਦੀ ਹੱਦ ਉਦੋਂ ਹੋਈ ਜਦੋਂ ਨੌਜਵਾਨਾਂ ਨੂੰ ਨੰਗੇ ਕਰ ਕੇ ਪਹਿਲਾ ਸਾਰੇ ਪਿੰਡ ਵਿਚ ਘੁਮਾਇਆ ਤੇ ਫਿਰ ਖੇਤਾਂ ਵਿਚ ਲਿਜਾ ਕੇ ਗੰਦੇ ਤਰੀਕੇ ਨਾਲ ਉਨ੍ਹਾਂ ਦੀ ਕੁੱਟਮਾਰ ਕੀਤੀ। ਵੀਡੀਓ ਵਾਇਰਲ ਹੋਣ ਬਾਅਦ ਪੁਲਿਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ ਵਿਚ ਪੀੜਤਾਂ ਦੇ ਘਰਦਿਆਂ ਨੇ ਪੁਲਿਸ ਨੂੰ ਕੇਸ ਦਰਜ ਕਰਾਇਆ ਪਰ ਉਨ੍ਹਾਂ 'ਤੇ ਕੇਸ ਵਾਪਸ ਲੈਣ ਲਈ ਦਬਾਅ ਪਾਇਆ ਜਾ ਰਿਹਾ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੰਮੂ ਕਸ਼ਮੀਰ 'ਚ ਭਾਜਪਾ-ਪੀ.ਡੀ.ਪੀ. ਗੱਠਜੋੜ ਟੁੱਟਿਆ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਭਾਜਪਾ ਵੱਲੋਂ ਹਮਾਇਤ ਵਾਪਸ ਲੈਣ ਤੋਂ ਬਾਅਦ ਤਿੰਨ ਸਾਲ ਪੁਰਾਣੀ ਪੀ.ਡੀ.ਪੀ.-ਭਾਜਪਾ ਸਰਕਾਰ ਡਿੱਗ ਪਈ। ਪਾਰਟੀ ਹਾਈ ਕਮਾਂਡ ਵੱਲੋਂ ਜੰਮੂ ਕਸ਼ਮੀਰ ਸਰਕਾਰ ਵਿਚ ਆਪਣੇ ਮੰਤਰੀਆਂ ਨੂੰ ਹੰਗਾਮੀ ਸਲਾਹ ਮਸ਼ਵਰੇ ਲਈ ਤਲਬ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਪਾਰਟੀ ਦੇ ਜਨਰਲ ਸਕੱਤਰ ਰਾਮ ਮਾਧਵ ਨੇ ਕਾਹਲੀ ਨਾਲ ਪ੍ਰੈਸ ਕਾਨਫਰੰਸ ਸੱਦ ਕੇ ਹਮਾਇਤ ਵਾਪਸ ਲੈਣ ਦਾ ਅਚਨਚੇਤ ਐਲਾਨ ਕਰ ਦਿੱਤਾ।

ਕੁਝ ਘੰਟਿਆਂ ਬਾਅਦ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਰਾਜਪਾਲ ਐਨ.ਐਨ. ਵੋਹਰਾ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਦਸੰਬਰ 2014 ਵਿਚ 87 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ 'ਚ ਭਾਜਪਾ ਨੇ 25 ਸੀਟਾਂ ਤੇ ਪੀ.ਡੀ.ਪੀ. ਨੇ 28 ਸੀਟਾਂ ਜਿੱਤੀਆਂ ਸਨ। ਨੈਸ਼ਨਲ ਕਾਨਫਰੰਸ ਨੂੰ 15 ਤੇ ਕਾਂਗਰਸ ਨੂੰ 12 ਜਦਕਿ ਸੱਤ ਹੋਰਨਾਂ ਪਾਰਟੀਆਂ ਤੇ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਸਨ। ਸ੍ਰੀ ਮਾਧਵ ਨੇ ਕਿਹਾ ਕਿ ਰਾਜ ਵਿਚ ਗੱਠਜੋੜ ਸਰਕਾਰ ਵਿਚ ਭਾਜਪਾ ਦਾ ਬਣੇ ਰਹਿਣਾ ਨਾਮੁਮਕਿਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹਮਾਇਤ ਵਾਪਸ ਲੈਣ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ।

ਉਨ੍ਹਾਂ ਕਸ਼ਮੀਰ ਵਾਦੀ ਵਿਚ ਸੁਰੱਖਿਆ ਦੀ ਸਥਿਤੀ ਵਿਚ ਸੁਧਾਰ ਨਾ ਹੋ ਸਕਣ ਲਈ ਪੀ.ਡੀ.ਪੀ. ਨੂੰ ਕਸੂਰਵਾਰ ਠਹਿਰਾਇਆ ਤੇ ਇਸ ਸਬੰਧੀ ਪਿਛਲੇ ਹਫਤੇ ਸੀਨੀਅਰ ਪੱਤਰਕਾਰ ਸ਼ੁਜਾਤ ਬੁਖਾਰੀ ਦੀ ਹੱਤਿਆ ਦਾ ਵੀ ਜ਼ਿਕਰ ਕੀਤਾ। ਨੈਸ਼ਨਲ ਕਾਨਫਰੰਸ ਦੇ ਨੇਤਾ ਤੇ ਸਾਬਕਾ ਮੁੱਖ ਮੰਤਰੀ ਉਮਰ ਫ਼ਾਰੂਕ ਨੇ ਕਿਹਾ ਕਿ ਉਨ੍ਹਾਂ ਦੀ ਖਾਹਸ਼ ਸੀ ਕਿ ਮਹਿਬੂਬਾ ਮੁਫਤੀ ਆਪ ਅਸਤੀਫਾ ਦਿੰਦੇ ਨਾ ਕਿ ਭਾਜਪਾ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਦੀ। ਭਾਜਪਾ ਦੀ ਜੇ.ਕੇ. ਇਕਾਈ ਦੇ ਮੁੱਖ ਬੁਲਾਰੇ ਸੁਨੀਲ ਸੇਠੀ ਨੇ ਕਿਹਾ ਕਿ ਪੀ.ਡੀ.ਪੀ. ਗੋਲੀਬੰਦੀ ਦੀ ਮਿਆਦ ਵਿਚ ਵਾਧਾ ਕਰਾਉਣਾ ਚਾਹੁੰਦੀ ਸੀ ਤੇ ਅਤਿਵਾਦੀਆਂ, ਪਾਕਿਸਤਾਨ ਤੇ ਵੱਖਵਾਦੀਆਂ ਪ੍ਰਤੀ ਨਰਮ ਰੁਖ ਰੱਖਦੀ ਸੀ। ਹੁਣ ਅਤਿਵਾਦੀਆਂ ਖਿਲਾਫ਼ ਮੁਕੰਮਲ ਜੰਗ ਹੋਵੇਗੀ ਤੇ ਅਤਿਵਾਦੀਆਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਲੁਕਣ ਲਈ ਕੋਈ ਥਾਂ ਨਹੀਂ ਮਿਲੇਗੀ। ਇਸੇ ਦੌਰਾਨ ਸੀ.ਪੀ.ਆਈ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਇਸ ਤੋੜ-ਵਿਛੋੜੇ ਉਤੇ ਕਿਹਾ ਕਿ ਇਸ ਤਰ੍ਹਾਂ ਦਾ ਗੱਠਜੋੜ ਨਹੀਂ ਹੋਇਆ ਕਰਦਾ। ਦੋਵਾਂ ਪਾਰਟੀਆਂ ਵਿਚਕਾਰ ਕੋਈ ਸਾਂਝ ਨਹੀਂ। ਉਹ ਦੋਵੇਂ ਸੱਤਾ ਮਾਣਨ ਲਈ ਹੀ ਇਕੱਠੇ ਹੋਏ ਸਨ।



ਇਸ ਦੌਰਾਨ ਖੱਬੀਆਂ ਪਾਰਟੀਆਂ ਨੇ ਕਿਹਾ ਕਿ ਜੰਮੂ ਕਸ਼ਮੀਰ ਦੀ ਸਿਆਸੀ ਤੇ ਸੁਰੱਖਿਆ ਦੇ ਹਾਲਾਤ ਨਿਘਰਦੇ ਜਾ ਰਹੇ ਹਨ ਤੇ ਕੇਂਦਰ ਨੂੰ ਤਾਜ਼ਾ ਸਥਿਤੀ ਬਾਰੇ ਆਪਣਾ ਅਨੁਮਾਨ ਸਾਰੀਆਂ ਸਿਆਸੀ ਪਾਰਟੀਆਂ ਨਾਲ ਸਾਂਝਾ ਕਰਨ ਦੀ ਲੋੜ ਹੈ। ਜੰਮੂ ਕਸ਼ਮੀਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਜੀ.ਏ. ਮੀਰ ਨੇ ਕਿਹਾ ਕਿ ਪੀ.ਡੀ.ਪੀ.-ਭਾਜਪਾ ਦਾ ਨਾਪਾਕ ਗੱਠਜੋੜ ਟੁੱਟਣਾ ਹੀ ਸੀ। ਉਨ੍ਹਾਂ ਨੇ ਆਪੋ ਆਪਣੇ ਹਮਾਇਤੀਆਂ ਨੂੰ ਧੋਖਾ ਦੇ ਕੇ ਸੱਤਾ ਖਾਤਰ ਹੱਥ ਮਿਲਾਏ ਸਨ।

ਪੀਪਲਜ਼ ਡੈਮੋਕਰੈਟਿਕ ਪਾਰਟੀ ਦੀ ਪ੍ਰਧਾਨ ਤੇ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਕਿ ਤਾਕਤ ਦੇ ਦਿਖਾਵੇ ਭਰੀ ਫੌਜੀ ਪਹੁੰਚ ਜੰਮੂ ਕਸ਼ਮੀਰ ਵਿਚ ਕੰਮ ਨਹੀਂ ਕਰੇਗੀ ਸਗੋਂ ਸੁਲ੍ਹਾ-ਸਫਾਈ ਦਾ ਰਾਹ ਹੀ ਸੁਖਾਵੇਂ ਹਾਲਾਤ ਲਿਆ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਜੰਮੂ ਕਸ਼ਮੀਰ ਨੂੰ ਦੁਸ਼ਮਣ ਖਿੱਤੇ ਦੀ ਨਜ਼ਰ ਤੋਂ ਦੇਖਦੇ ਹਨ। ਧਾਰਾ 370 ਤਹਿਤ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਹਾਸਲ ਹੈ ਤੇ ਅਸੀਂ ਸੰਵਿਧਾਨ ਦੀ ਧਾਰਾ 370 ਤੇ 35-ਏ ਉਤੇ ਪੂਰਾ ਪਹਿਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਪੱਥਰਬਾਜ਼ਾਂ ਖਿਲਾਫ਼ 11000 ਕੇਸ ਵਾਪਸ ਕਰਾਉਣ ਵਿਚ ਕਾਮਯਾਬ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਨਹੀਂ ਕਰਨਗੇ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਉਮਰ ਅਬਦੁੱਲਾ ਨੇ ਜੰਮੂ ਕਸ਼ਮੀਰ ਦੇ ਰਾਜਪਾਲ ਐਨ.ਐਨ. ਵੋਹਰਾ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਵਿਚ ਕੇਂਦਰੀ ਸ਼ਾਸਨ ਦਾ ਸਵਾਗਤ ਕਰਦਿਆਂ ਤੁਰਤ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਸੂਬੇ ਦੇ ਲੋਕ ਆਪਣੀ ਪਸੰਦ ਦੀ ਸਰਕਾਰ ਚੁਣ ਸਕਣ। ਸ੍ਰੀ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਹੁਣੇ ਰਾਜਪਾਲ ਨੂੰ ਮਿਲ ਕੇ ਆਏ ਹਨ। ਉਨ੍ਹਾਂ ਨੇ ਰਾਜਪਾਲ ਨੂੰ ਦੱਸਿਆ ਕਿ 2014 ਵਿਚ ਲੋਕਾਂ ਨੇ ਉਨ੍ਹਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਨਹੀਂ ਦਿੱਤਾ ਤੇ ਨਾ ਹੀ ਉਹ ਸੂਬੇ 'ਚ ਕਿਸੇ ਹੋਰ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਉਣ ਲਈ ਤਿਆਰ ਹਨ।

## 'ਰਾਜ ਕਰੇਗਾ ਖਾਲਸਾ' ਨਾਅਰੇ 'ਤੇ ਅਦਾਲਤੀ ਰੋਕ ਨਹੀਂ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਸੰਗਤ ਨੂੰ ਸੋਸ਼ਲ ਮੀਡੀਆ 'ਤੇ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਆਖਿਆ ਹੈ। ਉਨ੍ਹਾਂ ਆਖਿਆ ਕਿ ਸੋਸ਼ਲ ਮੀਡੀਆ ਉਤੇ ਖਬਰ ਵਾਇਰਲ ਹੋਈ ਸੀ ਕਿ 'ਬੋਲੇ ਸੋ ਨਿਹਾਲ' ਅਤੇ 'ਰਾਜ ਕਰੇਗਾ ਖਾਲਸਾ' ਨਾਅਰਿਆਂ ਉਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ।

ਇਸ ਸਬੰਧੀ ਦਿੱਲੀ ਕਮੇਟੀ ਨੂੰ ਜਾਂਚ ਕਰਨ ਵਾਸਤੇ ਆਖਿਆ ਗਿਆ ਸੀ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪੜਤਾਲ ਮਗਰੋਂ ਜਾਣਕਾਰੀ ਦਿੱਤੀ ਹੈ ਕਿ ਅਦਾਲਤ ਨੇ ਇਸ ਉਤੇ ਰੋਕ ਨਹੀਂ ਲਾਈ ਹੈ। ਇਸ ਦੌਰਾਨ ਉਤਰਾਖੰਡ ਪੁਲਿਸ ਵਲੋਂ ਹੇਮਕੁੰਟ ਸਾਹਿਬ ਜਾ ਰਹੇ ਸ਼ਰਧਾਲੂਆਂ ਦੇ ਵਾਹਨਾਂ ਉਤੇ ਲੱਗੇ ਝੰਡੇ ਉਤਰਵਾਉਣ ਦੀ ਕਾਰਵਾਈ ਬਾਰੇ ਉਨ੍ਹਾਂ ਆਖਿਆ ਕਿ ਅਜਿਹੀ ਕਾਰਵਾਈ ਪੁਲਿਸ ਨੂੰ ਸ਼ੋਭਾ ਨਹੀਂ ਦਿੰਦੀ ਹੈ।

## ਰੈਫਰੈਂਡਮ-2020: ਖਹਿਰਾ ਦੇ ਬਿਆਨ ਨਾਲ ਮੱਚਿਆ ਘਮਸਾਣ

*(ਸਫਾ ਇਕ ਦੀ ਬਾਕੀ)*

ਕਰ ਦਿੱਤਾ ਹੈ। ਸੁਖਬੀਰ ਤੇ ਮਜੀਠੀਆ ਨੂੰ ਸਲਾਹ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਆਪਣੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਦੀ ਘੋਖ ਕਰਨੀ ਚਾਹੀਦੀ ਹੈ। ਦਿੱਲੀ ਵਿਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬੋਤਰਸ ਘਾਲੀ ਨੂੰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਮਿਲਣ ਵਾਲੇ ਵਫਦ ਦਾ ਵੀ ਬਾਦਲ ਹਿੱਸਾ ਸਨ। ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਨੇ ਅਕਾਲ ਤਖਤ ਅੱਗੇ ਖੜ੍ਹੇ ਹੋ ਕੇ ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖਤ ਕੀਤੇ ਸਨ ਤੇ ਸਿੱਖ ਰਾਜ ਦੀ ਗੱਲ ਕਰਨ ਵਾਲਾ ਇਹ ਮਤਾ ਉਸ ਸਮੇਂ ਦੇ ਯੂ.ਐਨ.ਓ ਦੇ ਜਨਰਲ ਸਕੱਤਰ ਰਹੇ ਬੁਤਰਸ ਘਾਲੀ ਨੂੰ ਦਿੱਤਾ ਸੀ। ਖਹਿਰਾ ਦਾ ਕਹਿਣਾ ਹੈ ਕਿ ਕਦੇ ਪੰਜਾਬ ਦੇ ਲੋਕਾਂ ਨੂੰ ਆਪਣਾ ਸੂਬਾ ਲੈਣ ਲਈ ਮੋਰਚੇ ਲਗਾਉਣੇ ਪਏ ਸਨ। ਫਿਰ 1984 ਦਾ ਸਾਕਾ ਨੀਲਾ ਤਾਰਾ ਵਾਪਰਿਆ। 1984 'ਚ ਸਿੱਖ ਨਸਲਕੁਸ਼ੀ ਹੋਈ। ਪੰਜਾਬੀ ਬੋਲਦੇ ਇਲਾਕੇ ਖੋਹੇ ਗਏ ਪੰਜਾਬ ਦੇ ਪਾਣੀਆਂ ਉਤੇ ਡਾਕਾ ਵੱਜਾ। ਇਹ ਸਾਰੇ ਵਿਤਕਰੇ ਪੰਜਾਬ ਨਾਲ ਹੋਏ ਹਨ। ਭਾਜਪਾ ਦੇ ਜਿਹੜੇ ਲੋਕ ਉਨ੍ਹਾਂ ਵਿਰੁੱਧ ਬੋਲ ਰਹੇ ਹਨ, ਉਹ ਦੱਸਣ ਕਿ ਉਨ੍ਹਾਂ ਦੇ ਵੱਡੇ ਆਗੂ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਕਿਉਂ ਕਰਦੇ ਹਨ? ਉਨ੍ਹਾਂ ਨੇ ਕਦੇ ਵੀ ਇਸ ਦਾ ਸਮਰਥਨ ਨਹੀਂ ਕੀਤਾ ਪਰ ਉਹ ਸਵੀਕਾਰ ਕਰਨ ਤੋਂ ਵੀ ਨਹੀਂ ਝਿਜਕਦੇ ਕਿ ਇਹ ਵੰਡ ਤੋਂ ਬਾਅਦ ਦੀਆਂ ਕੇਂਦਰੀ ਸਰਕਾਰਾਂ ਦੇ ਸਿੱਖਾਂ ਪ੍ਰਤੀ ਪੱਖਪਾਤ ਤੇ ਵਿਤਕਰੇ ਦਾ ਨਤੀਜਾ ਹੈ। ਦੱਸ ਦਈਏ ਕਿ ਖਾਲਿਸਤਾਨ ਪੱਖੀ ਸੰਗਠਨ 'ਸਿੱਖਸ ਫਾਰ ਜਸਟਿਸ' ਵੱਲੋਂ 'ਰਾਇਸ਼ੁਮਾਰੀ' ਮੁਹਿੰਮ ਛੇੜੀ ਹੋਈ ਹੈ। ਭਾਰਤ ਸਰਕਾਰ ਇਸ ਨੂੰ ਦੇਸ਼ ਦੀ ਏਕਤਾ ਖਿਲਾਫ ਮੋਰਚਾ ਲਾਉਣ ਦੇ ਤੁਲ ਮੰਨ ਰਹੀ ਹੈ।

## ਜੋਧਪੁਰ 'ਚ ਬੰਦੀ ਸਿੰਘਾਂ ਨੂੰ ਰਾਹਤ ਦਾ ਮਾਮਲਾ ਭਖਿਆ

*(ਸਫਾ ਇਕ ਦੀ ਬਾਕੀ)*

ਨੂੰ ਹੁਣ ਕੇਂਦਰ ਸਰਕਾਰ ਵੱਲੋਂ ਮੁੜ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ ਹੈ।

ਜੋਧਪੁਰ ਦੇ ਨਜ਼ਰਬੰਦ 40 ਸਿੱਖਾਂ ਵਿਚੋਂ ਕੁਝ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਪੀਲ ਕੀਤੀ ਸੀ ਕਿ ਉਹ ਕੇਂਦਰ ਸਰਕਾਰ ਵਿਚ ਆਪਣੀ ਸਿਆਸੀ ਭਾਈਵਾਲ ਭਾਜਪਾ 'ਤੇ ਦਬਾਅ ਬਣਾਵੇ ਤਾਂ ਜੋ ਹਾਈ ਕੋਰਟ ਵਿਚ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ਼ ਦਾਇਰ ਕੀਤੀ ਅਪੀਲ ਨੂੰ ਵਾਪਸ ਲਿਆ ਜਾ ਸਕੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ 2019 ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਮੌਕੇ ਸੂਬੇ ਦੇ ਉਨ੍ਹਾਂ ਇਲਾਕਿਆਂ ਵਿਚ ਮਾਰਚ ਕਰਨਗੇ, ਜਿਥੇ ਭਾਜਪਾ ਉਮੀਦਵਾਰ ਚੋਣ ਲੜ ਰਹੇ ਹੋਣਗੇ।

## ਹੁਣ ਬ੍ਰਹਿਮੰਡ ਵਿਚ ਵੀ ਫੌਜ ਉਤਾਰੇਗਾ ਡੋਨਲਡ ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਡਿਫੈਂਸ ਹੈੱਡਕੁਆਰਟਰਜ਼ ਪੈਂਟਾਗਨ ਨੂੰ ਨਵੀਂ ਅਮਰੀਕੀ ਸਪੇਸ ਫੋਰਸ ਤਿਆਰ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਅਮਰੀਕੀ ਫੌਜ ਦੀ ਛੇਵੀਂ ਬਰਾਂਚ ਹੋਏਗੀ ਜੋ ਬ੍ਰਹਿਮੰਡ ਵਿਚ ਅਮਰੀਕੀ ਦਬਦਬੇ ਨੂੰ ਯਕੀਨੀ ਬਣਾਏਗੀ।

ਟਰੰਪ ਨੇ ਕਿਹਾ ਕਿ ਉਨ੍ਹਾਂ ਰੱਖਿਆ ਵਿਭਾਗ ਤੇ ਪੈਂਟਾਗਨ ਨੂੰ ਫੌਜ ਬਲਾਂ ਦੀ ਛੇਵੀਂ ਬਰਾਂਚ ਦੇ ਤੌਰ 'ਤੇ ਸਪੇਸ ਫੋਰਸ ਤਿਆਰ ਕਰਨ ਦੀ ਜ਼ਰੂਰੀ ਪ੍ਰਕਿਰਿਆ ਤੁਰਤ ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਹਵਾਈ ਸੈਨਾ ਹੈ, ਪਰ ਉਹ ਵੱਖਰੀ ਬ੍ਰਹਿਮੰਡ ਫੌਜ ਤਿਆਰ ਕਰਨ ਲਈ ਅੱਗੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਜਦ ਅਮਰੀਕਾ ਦੀ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਬ੍ਰਹਿਮੰਡ ਵਿਚ ਅਮਰੀਕਾ ਦੀ ਮੌਜੂਦਗੀ ਹੀ ਕਾਫੀ ਨਹੀਂ ਹੈ, ਬਲਕਿ ਬ੍ਰਹਿਮੰਡ ਵਿਚ ਉਨ੍ਹਾਂ ਦਾ ਦਬਦਬਾ ਵੀ ਹੋਣਾ ਚਾਹੀਦਾ ਹੈ। ਇਸ ਸਬੰਧੀ ਅਜੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ।

## ਚੂਹਿਆਂ ਨੇ ਡੇਗਿਆ ਸੀ ਲੁਧਿਆਣੇ ਦਾ ਫਲਾਈਓਵਰ

**ਲੁਧਿਆਣਾ:** ਇਕ ਮਹੀਨਾ ਪਹਿਲਾਂ ਲੁਧਿਆਣਾ ਸ਼ਹਿਰ ਦੇ ਮਸ਼ਹੂਰ ਗਿੱਲ ਚੌਕ ਉਤੇ ਬਣੇ ਪੁਲ ਦੀਆਂ ਸਲੈਬਾਂ ਅਚਾਨਕ ਡਿੱਗ ਪਈਆਂ ਸਨ। ਘਟਨਾ ਤੋਂ ਮਹੀਨੇ ਬਾਅਦ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਲੈਬਾਂ ਦੇ ਡਿੱਗਣ ਪਿੱਛੇ ਚੂਹਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਕਮੇਟੀ ਨੇ ਜਾਂਚ ਦੌਰਾਨ ਪਾਇਆ ਕਿ ਚੂਹਿਆਂ ਨੇ ਸਲੈਬਾਂ ਹੇਠਲੇ ਜਾਲ ਨੂੰ ਹੌਲੀ-ਹੌਲੀ ਕੁਤਰ ਦਿੱਤਾ। ਇਸ ਤੋਂ ਬਾਅਦ ਜਾਲ ਵਿਚ ਸਲੈਬਾਂ ਦਾ ਭਾਰ ਚੁੱਕਣ ਦੀ ਸਮਰੱਥਾ ਖਤਮ ਹੋ ਗਈ ਸੀ। ਹਾਲਾਂਕਿ ਇਸ ਤੋਂ ਪਹਿਲਾਂ ਨਗਰ ਨਿਗਮ ਅਧਿਕਾਰੀਆਂ ਨੇ ਵੀ ਇਸ ਘਟਨਾ ਪਿੱਛੇ ਚੂਹਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪੁਲ ਹੇਠ ਬਣੇ ਹੋਏ ਕੂੜਾ ਡੰਪ ਕਾਰਨ ਚੂਹੇ ਇਸ ਪੁਲ ਦੀਆਂ ਸਲੈਬਾਂ ਨੂੰ ਕੁਤਰਦੇ ਰਹੇ, ਜਿਸ ਕਾਰਨ ਪੁਲ ਵਿਚ ਤਰੇੜਾਂ ਆ ਗਈਆਂ।

ਜ਼ਿਕਰਯੋਗ ਹੈ ਕਿ ਘਟਨਾ ਸਥਾਨ ਉਤੇ ਪਹੁੰਚੇ ਐਮ.ਪੀ. ਰਵਨੀਤ ਬਿੱਟੂ ਨੇ 14 ਮਈ ਨੂੰ ਜਾਂਚ ਦੇ ਆਦੇਸ਼ ਦਿੱਤੇ ਸਨ। ਜਾਂਚ ਕਮੇਟੀ ਨੇ ਆਪਣੀ ਰਿਪੋਰਟ ਬਿੱਟੂ ਨੂੰ ਸੌਂਪ ਦਿੱਤੀ ਹੈ।

ਦੱਸ ਦਈਏ ਕਿ ਘਟਨਾ ਵਾਲੀ ਰਾਤ ਪੁਲ 'ਤੇ ਆਵਾਜਾਈ ਬੰਦ ਕਰ ਦਿੱਤੀ ਗਈ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਪੁਲ ਦੀ ਮੁਰੰਮਤ ਦਾ ਕੰਮ ਆਉਂਦੇ ਇਕ ਹਫਤੇ 'ਚ ਮੁਕੰਮਲ ਹੋ ਜਾਵੇਗਾ ਜਿਸ ਤੋਂ ਬਾਅਦ ਆਵਾਜਾਈ ਆਮ ਵਾਂਗ ਹੋ ਜਾਵੇਗੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਪੰਜਾਬ ਦੀ ਹਰਿਆਲੀ ਨੂੰ ਖਾ ਰਹੇ ਨੇ 'ਵਿਕਾਸ ਪ੍ਰਾਜੈਕਟ'

**ਚੰਡੀਗੜ੍ਹ:** ਪੰਜਾਬ ਵਿਚ ਸੜਕਾਂ ਦੇ ਵਿਕਾਸ ਦੀ ਆੜ ਹੇਠ ਧੜਾ ਧੜ ਦਰਖ਼ਤ ਕੱਟੇ ਜਾ ਰਹੇ ਹਨ। ਕਟਾਈ ਤੋਂ ਪਹਿਲਾਂ ਸਰਕਾਰ ਦੀ ਦਰਖ਼ਤ ਲਾਉਣ ਦੀ ਕੋਈ ਵਿਉਂਤਬੰਦੀ ਨਹੀਂ ਹੁੰਦੀ। ਜਾਗਰੂਕਤਾ ਦੀ ਘਾਟ ਕਾਰਨ ਪਿੰਡਾਂ 'ਚ ਕਿਸਾਨ ਆਪਣੇ ਖੇਤਾਂ ਤੇ ਘਰਾਂ 'ਚ ਦਰਖ਼ਤ ਲਾਉਣ ਤੋਂ ਕੰਨੀਂ ਕਤਰਾ ਰਹੇ ਹਨ। ਜੰਗਲਾਤ ਵਿਭਾਗ ਦੀਆਂ ਜ਼ਮੀਨਾਂ ਉਤੇ ਨਾਜਾਇਜ਼ ਕਬਜ਼ੇ ਹੋਣ ਕਾਰਨ ਜੰਗਲਾਂ ਹੇਠ ਰਕਬਾ ਘਟਦਾ ਜਾ ਰਿਹਾ ਹੈ। ਪੀ.ਏ.ਯੂ. ਦੀ ਖੇਤੀਬਾੜੀ ਡਾਇਰੀ ਦੇ ਅੰਕੜਿਆਂ ਮੁਤਾਬਕ ਸਾਲ 2015 'ਚ ਸੂਬੇ ਵਿਚ ਜੰਗਲਾਤ ਹੇਠ ਰਕਬਾ 294 ਹਜ਼ਾਰ ਹੈਕਟੇਅਰ ਸੀ, ਜੋ ਸਾਲ 2018 ਦੇ ਤਾਜ਼ਾ ਅੰਕੜਿਆਂ ਅਨੁਸਾਰ ਘਟ ਕੇ 256 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਜੰਗਲਾਤ ਦੀ ਸੈਂਕੜੇ ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੇ ਦਾਅਵੇ ਕਰ ਰਹੇ ਹਨ।



ਜਾਣਕਾਰੀ ਅਨੁਸਾਰ ਸੂਬਾ ਸਰਕਾਰ ਨੇ ਸਾਲ 2017-18 ਅਧੀਨ ਰੁੱਖ ਲਾਉਣ ਦੇ ਉਲੀਕੇ ਪ੍ਰੋਗਰਾਮ ਤਹਿਤ 'ਗਰੀਨਿੰਗ ਪੰਜਾਬ ਮਿਸ਼ਨ' ਤਹਿਤ ਸੂਬੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਸਿੱਖਿਆ ਸੰਸਥਾਵਾਂ ਤੇ ਕਾਰਪੋਰੇਸ਼ਨਾਂ ਆਦਿ ਦੀਆਂ ਖਾਲੀ ਪਈਆਂ ਥਾਂਵਾਂ ਉਤੇ ਬੂਟੇ ਲਾਉਣ ਲਈ ਸਾਢੇ 34 ਲੱਖ ਪੌਦੇ ਵੰਡਣ ਦੀ ਤਜਵੀਜ਼ ਰੱਖੀ ਗਈ ਸੀ। ਇਥੇ ਹੀ ਬਸ ਨਹੀਂ, ਇਸ ਮਿਸ਼ਨ ਤਹਿਤ ਲਗਭਗ 70 ਲੱਖ ਪੌਦੇ ਵੱਖ-ਵੱਖ ਸਰਕਾਰੀ ਜੰਗਲਾਂ ਤੇ ਪ੍ਰਾਈਵੇਟ ਜ਼ਮੀਨਾਂ ਉਤੇ ਲਾਉਣ ਦਾ ਵੀ ਵਿਚਾਰ ਸੀ। ਸਰਕਾਰ ਦੇ ਏਜੰਡੇ ਮੁਤਾਬਕ ਪੰਜਾਬ ਭਰ 'ਚ ਲਗਭਗ 1 ਕਰੋੜ ਪੌਦੇ ਲਾਉਣ ਦਾ ਮਿਸ਼ਨ ਸੀ, ਪਰ ਸਰਕਾਰ ਦੇ ਇਸ ਮਿਸ਼ਨ ਨੂੰ ਬਹੁਤਾ ਬੂਰ ਪਿਆ ਨਜ਼ਰ ਨਹੀਂ ਆ ਰਿਹਾ। ਪਿੰਡਾਂ ਨੂੰ ਜਾਂਦੀਆਂ ਲਿੰਕ ਸੜਕਾਂ, ਕਾਰਪੋਰੇਸ਼ਨਾਂ, ਸਮਾਜ ਸੇਵੀ ਸੰਸਥਾਵਾਂ, ਸ਼ਾਮਲਾਟਾਂ ਤੇ ਸਿੱਖਿਆ ਸੰਸਥਾਵਾਂ ਦੇ ਮੈਦਾਨ ਅੱਜ ਵੀ ਵੱਡੀ ਪੱਧਰ ਉਤੇ ਰੁੱਖਾਂ ਤੋਂ ਸੱਖਣੇ ਹੀ ਨਜ਼ਰ ਆ ਰਹੇ ਹਨ।

ਸਰਕਾਰੀ ਵਿਭਾਗਾਂ ਵੱਲੋਂ ਖਾਨਾਪੂਰਤੀ ਲਈ ਲਗਾਏ ਗਏ ਪੌਦੇ ਸਾਂਭ ਸੰਭਾਲ ਤੋਂ ਬਿਨਾਂ ਸੁੱਕ ਤੇ ਸੜ ਰਹੇ ਹਨ। ਦੂਸਰੇ ਪਾਸੇ ਸਰਕਾਰ ਨੇ ਗਰੀਨਿੰਗ ਪੰਜਾਬ ਮਿਸ਼ਨ ਨੂੰ ਠੰਢੇ ਬਸਤੇ 'ਚ ਪਾ ਕੇ ਇਕ ਹੋਰ ਮਿਸ਼ਨ 'ਮਿਸ਼ਨ ਤੰਦਰੁਸਤ ਪੰਜਾਬ' ਵੱਲ ਆਪਣਾ ਰੁਖ ਕਰ ਲਿਆ ਹੈ। ਪੰਜਾਬ ਨੂੰ ਤੰਦਰੁਸਤ ਬਣਾਉਣ ਲਈ ਸਰਕਾਰ ਦਾ ਇਹ ਮਿਸ਼ਨ ਕਾਫੀ ਧਿਆਨ ਮੰਗੇਗਾ, ਜਿਸ ਕਰਕੇ ਇਹ ਮਿਸ਼ਨ ਵੀ ਅੱਧ-ਵਿਚਾਲੇ ਸਰਕਾਰ ਦੀ ਕਿਸੇ ਅਣਗਹਿਲੀ ਦੀ ਭੇਟ ਚੜ੍ਹ ਸਕਦਾ ਹੈ।

## ਪਿਸ਼ਾਵਰੀ ਸਿੱਖ ਆਗੂ ਦਾ ਕਾਤਲ ਗ੍ਰਿਫਤਾਰ

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖ਼ਵਾ ਦੇ ਪਿਸ਼ਾਵਰ ਸ਼ਹਿਰ ਦੇ ਸਿੱਖ ਆਗੂ ਚਰਨਜੀਤ ਸਿੰਘ ਸਾਗਰ ਦੇ ਕਾਤਲ ਨੂੰ ਅਤਿਵਾਦ ਵਿਰੋਧੀ ਵਿਭਾਗ (ਸੀ.ਟੀ.ਡੀ.) ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ। ਪਿਸ਼ਾਵਰੀ ਸਿੰਘ ਸੇਵਾ ਸੁਸਾਇਟੀ ਦੇ ਮੀਤ ਪ੍ਰਧਾਨ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਦੀ 29 ਮਈ ਨੂੰ ਅਣਪਛਾਤੇ ਵਿਅਕਤੀ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਇਸ ਮਾਮਲੇ 'ਚ ਪਿਸ਼ਾਵਰ ਦੀ ਗੱਲਾ ਮੰਡੀ ਦੇ ਨਜ਼ਦੀਕ ਤੋਂ ਪੁਲਿਸ ਨੇ ਸ਼ਹਰਯਾਰ ਸੁਲਤਾਨ ਨਾਂ ਦੇ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਿਸ ਅਨੁਸਾਰ ਦੋਸ਼ੀ ਨੇ ਸਵੀਕਾਰ ਕੀਤਾ ਹੈ ਕਿ ਇਸ ਕਤਲ 'ਚ ਉਸ ਦੇ ਦੋ ਹੋਰ ਸਾਥੀ ਵੀ ਸ਼ਾਮਲ ਸਨ। ਦੱਸਣਯੋਗ ਹੈ ਕਿ ਚਰਨਜੀਤ ਸਿੰਘ ਸੂਬਾ ਖ਼ੈਬਰ ਪਖ਼ਤੂਨਖ਼ਵਾ ਦੇ ਕਬਾਇਲੀ ਇਲਾਕੇ ਖ਼ੁਰਮ ਏਜੰਸੀ ਦੇ ਰਹਿਣ ਵਾਲੇ ਸਨ ਅਤੇ ਉਹ ਪਰਿਵਾਰ ਸਣੇ 1983 'ਚ ਪਿਸ਼ਾਵਰ ਆ ਕੇ ਆਬਾਦ ਹੋਏ।

## ਖ਼ੂਨਦਾਨ ਕਰਨ ਵਿਚ ਪੰਜਾਬੀ ਮੋਹਰੀ

**ਚੰਡੀਗੜ੍ਹ:** 'ਵਿਸ਼ਵ ਖ਼ੂਨਦਾਤਾ ਦਿਵਸ' ਮੌਕੇ ਪੰਜਾਬ ਨੇ ਖ਼ੂਨਦਾਨ ਕਰਨ ਦਾ 124 ਫੀਸਦੀ ਟੀਚਾ ਪੂਰਾ ਕਰ ਲਿਆ ਹੈ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਚੱਲ ਰਹੀ ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ ਨੇ ਪੰਜਾਬ ਵਿਚ 1.80 ਲੱਖ ਯੂਨਿਟ ਖ਼ੂਨ ਇਕੱਤਰ ਕਰਨ




ਦਾ ਟੀਚਾ ਮਿਥਿਆ ਸੀ। ਪੰਜਾਬ ਦੀਆਂ ਸਰਕਾਰੀ ਬਲੱਡ ਬੈਂਕਾਂ 'ਚ 2,24,158 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਹੈ, ਜੋ ਮਿਥੇ ਟੀਚੇ ਤੋਂ 24 ਫੀਸਦੀ ਵੱਧ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਨੇ ਦੱਸਿਆ ਕਿ ਐਤਕੀਂ ਵਿਸ਼ਵ ਖ਼ੂਨਦਾਤਾ ਦਿਵਸ ਨੂੰ 'ਖ਼ੂਨ ਦਿਓ, ਜੀਵਨ ਸਾਂਝਾ ਕਰੋ' ਵਿਸ਼ੇ ਹੇਠ ਮਨਾਇਆ ਜਾ ਰਿਹਾ ਹੈ। 'ਤੰਦਰੁਸਤ ਪੰਜਾਬ ਮਿਸ਼ਨ' ਅਧੀਨ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ ਅਤੇ ਇਨ੍ਹਾਂ ਕੈਂਪਾਂ ਵਿਚ ਨੌਜਵਾਨ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਯਾਦ ਰਹੇ ਕਿ ਪੰਜਾਬ ਵਿਚ ਕੁੱਲ 112 ਲਾਇਸੈਂਸੀ ਬਲੱਡ ਬੈਂਕ ਹਨ, ਜਿਨ੍ਹਾਂ ਵਿਚੋਂ 45 ਸਰਕਾਰੀ, 5 ਮਿਲਟਰੀ ਅਤੇ 62 ਪ੍ਰਾਈਵੇਟ ਹਸਪਤਾਲਾਂ ਵਿਚ ਸਥਿਤ ਹਨ। ਇਨ੍ਹਾਂ ਬਲੱਡ ਬੈਂਕਾਂ ਦੁਆਰਾ ਹੀ ਕੈਂਸਰ ਦੇ ਮਰੀਜ਼, ਹੇਮੋਫਿਲੀਆ ਤੇ ਥੈਲੇਸੀਮੀਆ ਦੇ ਮਰੀਜ਼ਾਂ ਅਤੇ ਅਨੀਮੀਆ ਦੇ ਮਰੀਜ਼ਾਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ।

## ਰਾਜੀਵ ਗਾਂਧੀ ਦੇ ਹਤਿਆਰੇ ਦੀ ਮਾਂ ਨੇ ਮੰਗੀ ਪੁੱਤ ਲਈ 'ਇੱਛਾ ਮੌਤ'

**ਚੇਨਈ:** ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ 'ਚ ਦੋਸ਼ੀ 7 ਕੈਦੀਆਂ ਨੂੰ ਰਿਹਾ ਕਰਨ ਦੀ ਤਾਮਿਲਨਾਡੂ ਸਰਕਾਰ ਦੀ ਅਪੀਲ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਖਾਰਜ ਕੀਤੇ ਜਾਣ ਪਿੱਛੋਂ ਇਕ ਦੋਸ਼ੀ ਏ.ਜੀ. ਪੇਰਾਰੀਵਲਨ ਦੀ ਮਾਂ ਨੇ ਉਸ ਦੇ ਪੁੱਤਰ ਲਈ 'ਇੱਛਾ ਮੌਤ' ਦੀ ਮੰਗ ਕੀਤੀ ਹੈ ਕਿਉਂਕਿ ਉਹ ਜੇਲ੍ਹ 'ਚ ਹੌਲੀ-ਹੌਲੀ ਮਰ ਰਿਹਾ ਹੈ।

ਰਾਜੀਵ ਗਾਂਧੀ ਹੱਤਿਆਕਾਂਡ ਦੇ ਸੱਤ ਦੋਸ਼ੀ ਪਿਛਲੇ ਵੀਹ ਸਾਲਾਂ ਤੋਂ ਜੇਲ੍ਹ 'ਚ ਹਨ। ਪੇਰਾਰੀਵਲਨ ਦੀ ਮਾਂ ਅਰਪੁਥੰਮਲ ਨੇ ਕਿਹਾ ਕਿ ਕਈ ਸਾਲਾਂ ਤੋਂ ਲਮਕੀ ਕਾਨੂੰਨੀ ਲੜਾਈ ਤੋਂ ਅਸੀਂ ਹੁਣ ਨਿਰਾਸ਼ ਹੋ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਉਸ ਦੇ ਪੁੱਤਰ ਨੂੰ ਪੁਲਿਸ ਪੁੱਛਗਿੱਛ ਲਈ ਲੈ ਕੇ ਗਈ ਸੀ ਜਦੋਂ ਉਹ 19 ਸਾਲਾਂ ਦਾ ਸੀ ਤੇ ਹੁਣ ਉਸ ਦੀ ਉਮਰ 47 ਸਾਲ ਹੈ ਤੇ ਸਾਰੀ ਜਵਾਨੀ ਉਹ ਜੇਲ੍ਹ 'ਚ ਗੁਆ ਚੁਕਾ ਹੈ।

## ਖੁੱਲ੍ਹੀ ਹਵਾ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਦਿੱਲੀ ਕਮੇਟੀ ਦੀ ਪਹਿਲ

**ਨਵੀਂ ਦਿੱਲੀ:** ਖੁੱਲ੍ਹੀ ਹਵਾ ਨੂੰ ਵਿਗਿਆਨਕ ਤਰੀਕੇ ਨਾਲ ਪ੍ਰਦੂਸ਼ਣ ਮੁਕਤ ਕਰਨ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ਼ੁੱਧ ਹਵਾ ਕੇਂਦਰ ਸਥਾਪਤ ਕੀਤਾ ਗਿਆ ਹੈ ਅਤੇ ਏਅਰ ਲੈਬ ਦੇ ਸਹਿਯੋਗ ਨਾਲ ਖੁੱਲ੍ਹੀ ਹਵਾ ਨੂੰ ਸ਼ੁੱਧ ਕਰਨ ਲਈ ਭਾਰਤ 'ਚ ਪਹਿਲੀ ਵਾਰ ਦਿੱਲੀ ਕਮੇਟੀ ਵੱਲੋਂ ਅਜਿਹੀ ਕੋਸ਼ਿਸ਼ ਕੀਤੀ ਗਈ ਹੈ।

ਇਸ ਪਾਇਲਟ ਪ੍ਰਾਜੈਕਟ ਉਤੇ ਕਾਰਜ ਕਰ ਰਹੇ ਵਾਤਾਵਰਨ ਪ੍ਰੇਮੀਆਂ ਨੇ ਦਾਅਵਾ ਕੀਤਾ ਕਿ ਗੁਰਦੁਆਰਾ ਸਾਹਿਬ ਦੇ ਵਿਹੜੇ 'ਚ ਸਥਾਪਤ ਉਕਤ ਪ੍ਰਯੋਗਸ਼ਾਲਾ ਦੇ ਅੰਦਰ ਪ੍ਰਦੂਸ਼ਣ ਦਾ ਪੱਧਰ 30 ਹੈ ਜਦਕਿ ਗੁਰਦੁਆਰਾ ਕੰਪਲੈਕਸ ਤੋਂ ਬਾਹਰ 170 ਹੈ।

ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਹੋਏ ਉਦਘਾਟਨੀ ਪ੍ਰੋਗਰਾਮ ਦੌਰਾਨ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ. ਕੇ., ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਸਣੇ ਕਈ ਵਾਤਾਵਰਨ ਪ੍ਰੇਮੀਆਂ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਜੀ.ਕੇ. ਨੇ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਸਾਨੂੰ ਵਾਤਾਵਰਨ ਬਚਾਉਣ ਦਾ ਸੁਨੇਹਾ ਦਿੱਤਾ ਸੀ। ਇਸ ਕਰ ਕੇ ਪ੍ਰਦੂਸ਼ਣ ਵਿਰੁੱਧ ਲੋਕਾਂ 'ਚ ਚੇਤਨਾ ਪੈਦਾ ਕਰਨ ਲਈ ਦਿੱਲੀ ਕਮੇਟੀ ਵੱਲੋਂ ਇਹ ਕੋਸ਼ਿਸ਼ ਕੀਤੀ ਗਈ ਹੈ।

ਇਸ ਤੋਂ ਇਲਾਵਾ ਕਮੇਟੀ ਵੱਲੋਂ ਸੂਰਜੀ ਊਰਜਾ ਰਾਹੀਂ ਬਿਜਲੀ ਬਣਾਉਣ ਲਈ ਕ੍ਰਾਂਤੀਕਾਰੀ ਪਹਿਲ ਸ਼ੁਰੂ ਕੀਤੀ ਗਈ ਹੈ ਤਾਂ ਕਿ ਮਾਲੀ ਭਾਰ ਘਟਾਉਣ ਦੇ ਨਾਲ ਹੀ ਵਾਤਾਵਰਨ 'ਚ ਬਿਜਲੀ ਉਤਪਾਦਨ ਰਾਹੀਂ ਪੈਦਾ ਹੁੰਦੀ ਕਾਰਬਨ ਦੀ ਨਿਕਾਸੀ ਨੂੰ ਘਟਾਇਆ ਜਾ ਸਕੇ।



ਰਾਣਾ ਗੁਰਮੀਤ ਸਿੰਘ ਸੋਢੀ ਨੇ ਵਾਤਾਵਰਨ ਦੀ ਸੰਭਾਲ ਲਈ ਸਮਾਜਿਕ ਸੰਸਥਾਵਾਂ ਨੂੰ ਅੱਗੇ ਆਉਣ ਦਾ ਸੱਦਾ ਦਿੰਦੇ ਹੋਏ ਦਿੱਲੀ ਕਮੇਟੀ ਦੇ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਕੇਂਦਰੀ ਵਾਤਾਵਰਨ ਮੰਤਰੀ ਡਾ. ਹਰਸ਼ਵਰਧਨ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ਼ੁੱਧ ਹਵਾ ਲਈ ਸਥਾਪਤ ਹੋਏ ਪਾਇਲਟ ਪ੍ਰਾਜੈਕਟ ਨੂੰ ਵੇਖਣ ਦਾ ਸੱਦਾ ਦਿੱਤਾ ਹੈ। ਦਿੱਲੀ ਸ਼ਹਿਰ 'ਚ ਹਵਾ ਦੇ ਵਧਦੇ ਪ੍ਰਦੂਸ਼ਣ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਦਿੱਲੀ ਕਮੇਟੀ ਨੇ ਬੀਤੇ ਵਰ੍ਹੇ ਮੁਫ਼ਤ ਮਾਸਕ ਵੀ ਵੰਡੇ ਸਨ ਤੇ ਹੁਣ ਗੁਰੂ ਘਰ ਦੇ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਉਪਰੋਕਤ ਕਾਰਜ ਕੀਤਾ ਜਾ ਰਿਹਾ ਹੈ।

# ਧੋਖੇਬਾਜ਼ ਐਨ. ਆਰ. ਆਈ. ਲਾੜਿਆਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਧੋਖੇਬਾਜ਼ ਐਨ.ਆਰ.ਆਈ. ਲਾੜਿਆਂ ਦੀ ਹੁਣ ਖ਼ੈਰ ਨਹੀਂ। ਐਨ.ਆਰ.ਆਈ. ਲਾੜਿਆਂ ਵੱਲੋਂ ਵਿਆਹਾਂ ਮਗਰੋਂ ਭਾਰਤੀ ਲਾੜੀਆਂ ਨਾਲੋਂ ਨਾਤਾ ਤੋੜ ਲੈਣ ਅਤੇ ਕਈ-ਕਈ ਵਿਆਹ ਕਰਵਾਉਣ ਖਿਲਾਫ ਸਖਤ ਨਿਯਮ ਲਾਗੂ ਕੀਤੇ ਗਏ ਹਨ। ਸਰਕਾਰ ਨੇ ਵਿਆਹ ਸਮਾਗਮ ਦੇ ਸੱਤ ਦਿਨਾਂ ਦੇ ਅੰਦਰ ਐਨ.ਆਰ.ਆਈਜ਼. ਵੱਲੋਂ ਵਿਆਹ ਲਾਜ਼ਮੀ ਤੌਰ ਉਤੇ ਰਜਿਸਟਰਡ ਕਰਵਾਉਣ ਦੀ ਤਜਵੀਜ਼ ਕੀਤਾ ਹੈ। ਰਜਿਸਟਰੇਸ਼ਨ ਲਈ ਲਾੜੇ ਵੱਲੋਂ ਆਪਣਾ ਪਾਸਪੋਰਟ ਅਪਡੇਟ ਕਰਵਾਉਣਾ ਅਤੇ ਉਸ ਵਿਚ ਪਤਨੀ ਦਾ ਨਾਮ ਸ਼ਾਮਲ ਕਰਵਾਉਣਾ ਜ਼ਰੂਰੀ ਹੋਵੇਗਾ। ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸ ਦਾ ਪਾਸਪੋਰਟ ਰੱਦ ਕਰਨ ਦਾ ਅਧਿਕਾਰ ਸਰਕਾਰ ਕੋਲ ਹੋਵੇਗਾ।



ਸਰਕਾਰ ਨੂੰ ਇਹ ਸ਼ਿਕਾਇਤਾਂ ਲਗਾਤਾਰ ਮਿਲਦੀਆਂ ਆ ਰਹੀਆਂ ਸਨ ਕਿ ਬਹੁਤ ਸਾਰੇ ਐਨ.ਆਰ.ਆਈ. ਸਿਰਫ 'ਛੁੱਟੀਆਂ ਦਾ ਆਨੰਦ' ਲੈਣ ਲਈ ਵਿਆਹ ਕਰਵਾਉਂਦੇ ਹਨ। ਵਿਆਹ ਤੋਂ ਬਾਅਦ ਕੁਝ ਸਮਾਂ ਆਪਣੀ ਸੱਜ ਵਿਆਹੀ ਪਤਨੀ ਨਾਲ ਰਹਿਣ ਮਗਰੋਂ ਉਹ ਇਨ੍ਹਾਂ ਮੁਟਿਆਰਾਂ ਨੂੰ ਨਿਆਸਰੀਆਂ ਛੱਡ ਕੇ ਖਿਸਕ ਜਾਂਦੇ ਹਨ। ਅਜਿਹੀਆਂ ਸ਼ਿਕਾਇਤਾਂ ਵਿਚ ਲਗਾਤਾਰ ਵਾਧੇ ਅਤੇ ਮੁਟਿਆਰਾਂ ਦੇ ਸ਼ੋਸ਼ਣ ਤੋਂ ਫਿਕਰਮੰਦ ਹੋ ਕੇ ਸਰਕਾਰ ਨੇ ਸਮੱਸਿਆ ਦੇ ਹੱਲ ਲਈ ਅੰਤਰ ਵਜ਼ਾਰਤੀ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਵੱਲੋਂ ਕੀਤੀ ਗਈ ਜਾਂਚ-ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਇਕੱਲੇ ਪੰਜਾਬ ਵਿਚ ਹੀ 20 ਹਜ਼ਾਰ ਤੋਂ ਵੱਧ ਮੁਟਿਆਰਾਂ ਇਸ ਦਾ ਸ਼ਿਕਾਰ ਹਨ। ਪੰਜਾਬ ਤੋਂ ਇਲਾਵਾ ਆਂਧਰਾ ਪ੍ਰਦੇਸ਼, ਗੁਜਰਾਤ ਤੇ ਮਹਾਰਾਸ਼ਟਰ ਵਿਚ ਵੀ ਅਜਿਹੀਆਂ ਸੈਂਕੜੇ ਮੁਟਿਆਰਾਂ ਦੀ ਸ਼ਨਾਖਤ ਹੋਈ।

ਅੰਤਰ ਵਜ਼ਾਰਤੀ ਕਮੇਟੀ ਨੇ ਸਮੁੱਚੀ ਸਥਿਤੀ ਉਤੇ ਵਿਚਾਰ ਕਰ ਕੇ ਭਗੌੜੇ ਐਨ.ਆਰ.ਆਈਜ਼. ਨੂੰ ਸੁੱਕਾ ਬਚ ਨਿਕਲਣ ਤੋਂ ਰੋਕਣ ਲਈ ਪਾਸਪੋਰਟ ਰੱਦ ਕਰਨ ਦੀ ਮੱਦ ਸੁਝਾਈ ਹੈ। ਜੇਕਰ ਐਨ.ਆਰ.ਆਈ., ਭਾਰਤੀ ਪਾਸਪੋਰਟ ਧਾਰਕ ਨਹੀਂ ਤਾਂ ਉਸ ਦਾ ਵੀਜ਼ਾ ਰੱਦ ਕਰਨ ਅਤੇ ਉਸ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਮੱਦ ਵੀ ਇਸੇ ਤਜਵੀਜ਼ ਦਾ ਹਿੱਸਾ ਹੈ। ਕਮੇਟੀ ਭਗੌੜੇ ਲਾੜਿਆਂ ਦੀ ਜਾਇਦਾਦ ਕੁਰਕ ਕੀਤੇ ਜਾਣ ਦੀ ਕਾਨੂੰਨੀ ਮੱਦ ਨੂੰ ਵੀ ਆਪਣੀ ਤਜਵੀਜ਼ ਦੇ ਦਾਇਰੇ ਵਿਚ ਲਿਆਉਣ ਬਾਰੇ ਸੋਚ-ਵਿਚਾਰ ਕਰ ਰਹੀ ਹੈ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਕਿਹਾ ਹੈ ਕਿ ਪਰਵਾਸੀਆਂ ਦੇ ਭਾਰਤ ਵਿੱਚ ਹੋਣ ਵਾਲੇ ਵਿਆਹਾਂ ਦਾ ਸੱਤ ਦਿਨਾਂ ਅੰਦਰ ਰਜਿਸਟਰੇਸ਼ਨ ਕਰਾਉਣਾ ਜ਼ਰੂਰੀ ਹੈ। ਮੰਤਰਾਲੇ ਨੇ ਸਪਸ਼ਟ ਕੀਤਾ ਹੈ ਕਿ ਜੇ ਪਰਵਾਸੀ ਭਾਰਤੀ ਵੱਲੋਂ ਸੱਤ ਦਿਨਾਂ ਵਿਚ ਵਿਆਹ ਦਰਜ ਨਹੀਂ ਕਰਾਇਆ ਜਾਂਦਾ ਤਾਂ ਉਨ੍ਹਾਂ ਦਾ ਪਾਸਪੋਰਟ ਤੇ ਵੀਜ਼ਾ ਜਾਰੀ ਨਹੀਂ ਹੋਵੇਗਾ।

## ਕੈਨੇਡਾ 'ਚ ਸਿਆਹਫਾਮ ਨੌਜਵਾਨਾਂ ਨਾਲ ਝਗੜੇ ਵਿਚ ਪੰਜਾਬੀ ਦੀ ਮੌਤ

**ਰੂਪਨਗਰ:** ਰੋਟਰੀ ਕਲੱਬ ਰੂਪਨਗਰ ਦੇ ਸਾਬਕਾ ਪ੍ਰਧਾਨ ਅਮਰਜੀਤ ਸਿੰਘ ਭਟਨਾਗਰ (73) ਦੀ ਕੈਨੇਡਾ ਦੇ ਬਰੈਂਪਟਨ ਵਿਚ ਦੋ ਸਿਆਹਫ਼ਾਮ ਨੌਜਵਾਨਾਂ ਨਾਲ ਝਗੜੇ ਤੋਂ ਬਾਅਦ ਮੌਤ ਹੋ ਗਈ। ਅਮਰਜੀਤ ਸਿੰਘ ਭਟਨਾਗਰ ਜੋ ਲੋਕ ਨਿਰਮਾਣ ਵਿਭਾਗ ਦੇ ਸੇਵਾ ਮੁਕਤ ਕਾਰਜਕਾਰੀ ਇੰਜੀਨੀਅਰ ਸਨ, ਦੇ ਛੋਟੇ ਬੇਟੇ ਅਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ 19 ਅਪਰੈਲ ਨੂੰ ਕੈਨੇਡਾ ਗਏ ਸਨ ਅਤੇ 6 ਮਹੀਨੇ ਬਾਅਦ ਉਨ੍ਹਾਂ ਵਾਪਸ ਆਉਣਾ ਸੀ। ਉਸ ਦੇ ਪਿਤਾ ਅਤੇ ਕੈਨੇਡਾ ਵਿਚ ਹੀ ਰਹਿੰਦੇ ਉਸ (ਅਰਵਿੰਦਰ ਸਿੰਘ) ਦੇ ਵੱਡੇ ਭਰਾ ਜਸਪਿੰਦਰ ਸਿੰਘ ਬਰੈਂਪਟਨ ਵਿਚ ਉਨ੍ਹਾਂ ਦੇ ਘਰ ਨੇੜੇ ਅਕਸਰ ਸੈਰ ਕਰਨ ਚਲੇ ਜਾਂਦੇ ਸਨ। 12 ਜੂਨ ਦੀ ਰਾਤ ਨੂੰ ਉਸ ਦੇ ਪਿਤਾ ਉਸ ਦੇ ਭਰਾ ਤੋਂ ਕੁਝ ਮਿੰਟ ਪਹਿਲਾਂ ਸੈਰ ਕਰਨ ਚਲੇ ਗਏ।

ਜਸਪਿੰਦਰ ਸਿੰਘ ਜਦੋਂ ਸੈਰ ਕਰਨ ਗਿਆ ਤਾਂ ਦੋ ਕਾਲੇ ਲੜਕਿਆਂ, ਜਿਨ੍ਹਾਂ ਦੀ ਉਮਰ 15-16 ਸਾਲ ਸੀ, ਨੇ ਉਸ ਦੇ ਭਰਾ ਜਸਪਿੰਦਰ ਸਿੰਘ ਨੂੰ ਘੇਰ ਲਿਆ ਅਤੇ ਮੋਬਾਈਲ ਖੋਹਣ ਲੱਗੇ। ਜਸਪਿੰਦਰ ਸਿੰਘ ਨੇ ਜਦੋਂ ਵਿਰੋਧ ਕੀਤਾ ਤਾਂ ਪਿਤਾ ਅਮਰਜੀਤ ਸਿੰਘ ਵੀ ਉਥੇ ਆ ਗਏ। ਜਸਪਿੰਦਰ ਸਿੰਘ ਨਾਲ ਹੱਥੋਪਾਈ ਕਰਨ ਤੋਂ ਬਾਅਦ ਜਦੋਂ ਕਾਲੇ ਨੌਜਵਾਨ ਭੱਜਣ ਲੱਗੇ ਤਾਂ ਉਨ੍ਹਾਂ ਨੇ ਅਮਰਜੀਤ ਸਿੰਘ ਨੂੰ ਧੱਕਾ ਦੇ ਦਿੱਤਾ, ਜਿਸ ਕਾਰਨ ਅਮਰਜੀਤ ਭਟਨਾਗਰ ਦਾ ਸਿਰ ਧਰਤੀ ਨਾਲ ਵੱਜਣ ਕਰਕੇ ਉਹ ਬੇਹੋਸ਼ ਹੋ ਗਏ। ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਦਾਖਲ ਕਰਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਯੂ.ਐਨ. ਦੀ ਰਿਪੋਰਟ ਨੇ ਕਸ਼ਮੀਰ 'ਚ ਮਨੁੱਖੀ ਹੱਕਾਂ ਦੇ ਘਾਣ ਦੀ ਪੋਲ ਖੋਲ੍ਹੀ

**ਜਨੇਵਾ:** ਸੰਯੁਕਤ ਰਾਸ਼ਟਰ ਨੇ ਭਾਰਤੀ ਕਸ਼ਮੀਰ ਤੇ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਵਿਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਖਿਲਾਫਵਰਜ਼ੀਆਂ ਬਾਰੇ ਪਹਿਲੀ ਵਾਰ ਇਕ ਰਿਪੋਰਟ ਜਾਰੀ ਕੀਤੀ ਹੈ ਤੇ ਇਨ੍ਹਾਂ ਸਬੰਧੀ ਕੌਮਾਂਤਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਮਨੁੱਖੀ ਅਧਿਕਾਰਾਂ ਬਾਰੇ ਆਲਮੀ ਸੰਸਥਾ ਨੇ ਪਾਕਿਸਤਾਨ ਨੂੰ ਸ਼ਾਂਤਮਈ ਕਾਰਕੁਨਾਂ 'ਤੇ ਕੇਸ ਚਲਾਉਣ ਤੇ ਵਿਰੋਧ ਦੇ ਸੁਰ ਨੂੰ ਦਬਾਉਣ ਲਈ ਆਪਣੇ ਦਹਿਸ਼ਤ ਵਿਰੋਧੀ ਕਾਨੂੰਨਾਂ ਦੀ ਕੁਵਰਤੋਂ ਬੰਦ ਕਰਨ ਲਈ ਕਿਹਾ ਹੈ।

ਰਿਪੋਰਟ ਵਿਚ ਹੋ ਰਹੀਆਂ ਤੇ ਪਹਿਲਾਂ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਖਿਲਾਫਵਰਜ਼ੀਆਂ ਨਾਲ ਫੌਰੀ ਸਿੱਝਣ ਦੀ ਲੋੜ ਦਰਸਾਉਂਦਿਆਂ ਕਿਹਾ ਗਿਆ ਹੈ ਕਿ ਕਸ਼ਮੀਰ ਵਿਚ ਸਿਆਸੀ ਹਾਲਾਤ ਦੇ ਕਿਸੇ ਵੀ ਕਿਸਮ ਦੇ ਨਿਪਟਾਰੇ ਦੇ ਨਾਲ-ਨਾਲ ਹਿੰਸਾ ਦਾ ਚੱਕਰ ਖਤਮ ਕਰਨ ਅਤੇ ਪਿਛਲੀਆਂ ਤੇ ਮੌਜੂਦਾ ਮਨੁੱਖੀ ਅਧਿਕਾਰਾਂ ਦੀਆਂ ਪਿਛਲੀਆਂ ਤੇ ਮੌਜੂਦਾ ਖਿਲਾਫ਼ਵਰਜ਼ੀਆਂ ਦੀ ਜਵਾਬਦੇਹੀ ਤੈਅ ਕਰਨ ਦਾ ਨਿਸ਼ਚਾ ਕਰਨ ਦੀ ਲੋੜ ਹੈ।

ਰਿਪੋਰਟ ਅਨੁਸਾਰ ਅਸਲ ਕੰਟਰੋਲ ਰੇਖਾ ਦੇ ਦੋਵੇਂ ਪਾਸੀਂ ਵਸਦੇ ਅਵਾਮ ਦੀ ਜ਼ਿੰਦਗੀ ਪ੍ਰਭਾਵਤ ਹੋ ਰਹੀ ਹੈ ਤੇ ਮਨੁੱਖੀ ਅਧਿਕਾਰਾਂ ਦੀਆਂ ਪਾਬੰਦੀਆਂ ਕਾਰਨ ਉਨ੍ਹਾਂ ਨੂੰ ਸੰਤਾਪ ਹੰਢਾਉਣਾ ਪੈਂਦਾ ਹੈ। ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੇ ਹਾਲਾਤ: ਭਾਰਤੀ ਜੰਮੂ ਕਸ਼ਮੀਰ ਰਾਜ ਵਿਚ ਜੂਨ 2016 ਤੋਂ ਹੋਈਆਂ ਘਟਨਾਵਾਂ ਤੇ ਆਜ਼ਾਦ ਜੇ-ਕੇ ਤੇ ਗਿਲਗਿਤ-ਬਾਲਟਿਸਤਾਨ ਵਿਚ ਆਮ ਮਨੁੱਖੀ ਅਧਿਕਾਰਾਂ ਬਾਰੇ ਸਰੋਕਾਰ ਉਤੇ ਰਿਪੋਰਟ ਵਿਚ ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ 1980ਵਿਆਂ ਦੇ ਅਖੀਰ ਤੋਂ ਭਾਰਤੀ ਜੰਮੂ ਕਸ਼ਮੀਰ ਵਿਚ ਵੱਖ-ਵੱਖ ਹਥਿਆਰਬੰਦ ਗਰੁੱਪ ਸਰਗਰਮ ਰਹੇ ਹਨ। ਰਿਪੋਰਟ ਵਿਚ ਹਿਜ਼ਬੁਲ ਮੁਜਾਹਿਦੀਨ ਦੇ ਅਤਿਵਾਦੀ ਬੁਰਹਾਨ ਵਾਨੀ ਨੂੰ ਭਾਰਤੀ ਸੁਰੱਖਿਆ ਦਸਤਿਆਂ ਵੱਲੋਂ ਮਾਰਨ ਦੀ ਘਟਨਾ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਗੈਰਮਾਮੂਲੀ ਜਨਤਕ ਮੁਜ਼ਾਹਰੇ ਦੇਖਣ ਨੂੰ ਮਿਲੇ ਸਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਤਿਵਾਦੀ ਗਰੁੱਪਾਂ ਵੱਲੋਂ ਵੀ ਆਮ ਲੋਕਾਂ ਨੂੰ ਅਗਵਾ ਤੇ ਹੱਤਿਆ ਕਰਨ ਜਿਨਸੀ ਸ਼ੋਸ਼ਣ ਸਮੇਤ ਮਨੁੱਖੀ ਅਧਿਕਾਰਾਂ ਦੀਆਂ ਖਿਲਾਫਵਰਜ਼ੀਆਂ ਕਰਨ ਦੇ ਦਸਤਾਵੇਜ਼ੀ ਸਬੂਤ ਮਿਲਦੇ ਹਨ। ਰਿਪੋਰਟ ਵਿਚ ਹਥਿਆਰਬੰਦ ਦਸਤਿਆਂ ਜੰਮੂ ਕਸ਼ਮੀਰ ਵਿਸ਼ੇਸ਼ ਅਧਿਕਾਰ ਕਾਨੂੰਨ 1990 ਲਾਜ਼ਮੀ ਤੌਰ 'ਤੇ ਖਤਮ ਕਰਨ ਅਤੇ ਮਨੁੱਖੀ ਅਧਿਕਾਰਾਂ ਦੀਆਂ ਖਿਲਾਫਵਰਜ਼ੀਆਂ ਕਰਨ ਵਾਲੇ ਸੁਰੱਖਿਆ ਕਰਮੀਆਂ ਉਤੇ ਸਿਵਲੀਅਨ ਅਦਾਲਤਾਂ ਵਿਚ ਮੁਕੱਦਮੇ ਚਲਾਉਣ ਲਈ ਸਰਕਾਰ ਤੋਂ ਅਗਾਊਂ ਪ੍ਰਵਾਨਗੀ ਲੈਣ ਦੀ ਸ਼ਰਤ ਫੌਰੀ ਹਟਾਉਣ ਦੀ ਮੰਗ ਕੀਤੀ ਗਈ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਨੇ ਪਹਿਲੀ ਵਾਰ ਜੰਮੂ ਕਸ਼ਮੀਰ ਤੇ ਮਕਬੂਜ਼ਾ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਖ਼ਿਲਾਫ਼ਵਰਜ਼ੀਆਂ ਬਾਰੇ ਰਿਪੋਰਟ ਜਾਰੀ ਕੀਤੀ ਹੈ।



### ਭਾਰਤ ਵੱਲੋਂ ਰਿਪੋਰਟ ਇਕਪਾਸੜ ਕਰਾਰ

ਭਾਰਤ ਨੇ ਸੰਯੁਕਤ ਰਾਸ਼ਟਰ ਵੱਲੋਂ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਬਾਰੇ ਜਾਰੀ ਕੀਤੀ ਰਿਪੋਰਟ ਨੂੰ ਝੂਠ ਤੇ ਇਕਪਾਸੜ ਕਰਾਰ ਦੇ ਕੇ ਰੱਦ ਕਰ ਦਿੱਤਾ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਇਹ ਰਿਪੋਰਟ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੀ ਹੈ। ਭਾਰਤ ਨੇ ਕਿਹਾ ਹੈ ਕਿ ਇਹ ਰਿਪੋਰਟ ਅਪ੍ਰਸ਼ਟ ਜਾਣਕਾਰੀ ਦਾ ਚੋਣਵਾਂ ਸੰਗ੍ਰਹਿ ਹੈ।

### ਸ੍ਰੀਨਗਰ 'ਚ ਉਘੇ ਪੱਤਰਕਾਰ ਸ਼ੁਜਾਤ ਬੁਖਾਰੀ ਦੀ ਹੱਤਿਆ

**ਸ੍ਰੀਨਗਰ:** ਉਘੇ ਪੱਤਰਕਾਰ ਤੇ ਰਾਈਜ਼ਿੰਗ ਕਸ਼ਮੀਰ ਦੇ ਸੰਪਾਦਕ ਸ਼ੁਜਾਤ ਬੁਖਾਰੀ ਤੇ ਉਨ੍ਹਾਂ ਦੇ ਦੋ ਨਿੱਜੀ ਅੰਗ ਰੱਖਿਅਕਾਂ ਦੀ ਸ੍ਰੀਨਗਰ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਸ੍ਰੀ ਬੁਖਾਰੀ ਕਿਸੇ ਇਫਤਾਰ ਦਾਅਵਤ ਵਿਚ ਸ਼ਾਮਲ ਹੋਣ ਲਾਲ ਚੌਕ ਵਿਚਲੇ ਪ੍ਰੈਸ ਐਨਕਲੇਵ ਵਿਚਲੇ ਆਪਣੇ ਦਫਤਰ 'ਚੋਂ ਨਿਕਲੇ ਹੀ ਸਨ ਕਿ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ। ਬੁਖਾਰੀ ਪਹਿਲਾਂ ਦਿ ਹਿੰਦੂ ਦੇ ਸੰਵਾਦਦਾਤਾ ਰਹੇ ਹਨ ਤੇ ਉਨ੍ਹਾਂ ਕਸ਼ਮੀਰ ਵਾਦੀ ਵਿਚ ਅਮਨ ਲਈ ਕਈ ਕਾਨਫਰੰਸਾਂ ਕਰਾਉਣ 'ਚ ਮੋਹਰੀ ਭੂਮਿਕਾ ਨਿਭਾਈ ਸੀ।



ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸ੍ਰੀ ਬੁਖਾਰੀ ਦੀ ਹੱਤਿਆ ਨੂੰ ਕਾਇਰਤਾਪੂਰਨ ਕਾਰਵਾਈ ਕਰਾਰ ਦਿੱਤਾ ਹੈ। ਕਸ਼ਮੀਰ ਵਿਚ ਮੀਰਵਾਇਜ਼ ਉਮਰ ਫਾਰੂਖ਼ ਦੀ ਅਗਵਾਈ ਵਾਲੇ ਹੁਰੀਅਤ ਦੇ ਧੜੇ ਨੇ ਪੱਤਰਕਾਰ ਸੁਜਾਤ ਬੁਖਾਰੀ ਦੀ ਹੱਤਿਆ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬੁਖਾਰੀ ਦੀ ਹੱਤਿਆ ਇਕ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

## ਅਤਿਵਾਦੀ ਵਰਤ ਰਹੇ ਨੇ ਏ.ਕੇ. 47 'ਚ ਸਟੀਲ ਦੀਆਂ ਗੋਲੀਆਂ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਅਤਿਵਾਦੀ ਏਕੇ 47 ਰਾਈਫਲ 'ਚ ਸਟੀਲ ਬੁਲੇਟ ਦੀ ਵਰਤੋਂ ਕਰ ਰਹੇ ਹਨ। ਦੱਸਿਆ ਜਾਂਦਾ ਹੈ ਕਿ ਇਹ ਬੁਲੇਟ ਪਰੂਫ ਬੰਕਰਾਂ ਨੂੰ ਉਡਾਉਣ 'ਚ ਸਮਰੱਥ ਹਨ। ਇਸ ਤਰ੍ਹਾਂ ਦੀਆਂ ਗੋਲੀਆਂ ਦੀ ਜ਼ਿਆਦਾ ਵਰਤੋਂ ਜੈਸ਼-ਏ-ਮੁਹੰਮਦ ਨਾਲ ਜੁੜੇ ਅਤਿਵਾਦੀ ਸੰਗਠਨ ਕਰ ਰਹੇ ਹਨ।

ਕਸ਼ਮੀਰ 'ਚ ਸਰਚ ਉਪਰੇਸ਼ਨ ਦੌਰਾਨ ਜੈਸ਼-ਏ-ਮੁਹੰਮਦ ਦੇ ਟਿਕਾਣਿਆਂ ਤੋਂ ਵੱਡੀ ਮਾਤਰਾ 'ਚ ਸਟੀਲ ਦੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਸਨ। ਹਾਲਾਂਕਿ ਪਹਿਲਾ ਮਾਮਲਾ 31 ਦਸੰਬਰ, 2017 ਨੂੰ ਸਾਹਮਣੇ ਆਇਆ ਸੀ, ਜਦੋਂ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਨੇ ਦੱਖਣੀ ਕਸ਼ਮੀਰ ਦੇ ਲੇਥਪੋਰਾ 'ਚ ਸੀ.ਆਰ.ਪੀ.ਐਫ. ਕੈਂਪ 'ਚ ਫਿਦਾਈਨ ਹਮਲਾ ਕੀਤਾ ਸੀ। ਇਸ ਹਮਲੇ 'ਚ ਫੌਜ ਦੇ 5 ਜਵਾਨ ਸ਼ਹੀਦ ਹੋ ਗਏ ਸਨ।

ਇਸ ਹਮਲੇ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਜਵਾਨ ਬੁਲੇਟ ਪਰੂਫ ਬੰਕਰ 'ਚ ਸਨ। ਅਤਿਵਾਦੀਆਂ ਨੇ ਏਕੇ 47 'ਚ ਸਟੀਲ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਸੀ। ਬੀ.ਐਸ.ਐਫ. ਅਧਿਕਾਰੀਆਂ ਮੁਤਾਬਕ ਆਮ ਤੌਰ ਉਤੇ ਏਕੇ 47 ਦੀਆਂ ਗੋਲੀਆਂ 'ਚ ਇਸਤੇਮਾਲ ਹੋਣ ਵਾਲਾ ਸਟੀਲ ਥੋੜ੍ਹਾ ਹਲਕਾ ਹੁੰਦਾ ਹੈ ਜੋ ਬੁਲੇਟ ਪਰੂਫ ਸ਼ੀਲਡ 'ਚੋਂ ਲੰਘ ਨਹੀਂ ਸਕਦਾ ਪਰ ਜਾਂਚ ਦੌਰਾਨ ਜੋ ਤੱਥ ਸਾਹਮਣੇ ਆਏ ਹਨ, ਉਸ ਤੋਂ ਬਾਅਦ ਸੁਰੱਖਿਆ ਲਈ ਹੋਰ ਮਜ਼ਬੂਤ ਕਦਮ ਉਠਾਏ ਗਏ ਹਨ।

## ਸੋਸ਼ਲ ਮੀਡੀਆ 'ਤੇ ਮੋਦੀ ਦੇ 56 ਇੰਚ ਸੀਨੇ ਦਾ ਉਡਿਆ ਮਜ਼ਾਕ

**ਨਵੀਂ ਦਿੱਲੀ:** ਸੋਸ਼ਲ ਮੀਡੀਆ ਉਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 56 ਇੰਚ ਸੀਨੇ ਦਾ ਮਜ਼ਾਕ ਉਡ ਰਿਹਾ ਹੈ। ਮੋਦੀ ਨੇ ਚੋਣਾਂ ਵੇਲੇ 56 ਇੰਚ ਦੇ ਸੀਨੇ ਦਾ ਹਵਾਲਾ ਦੇ ਕੇ



ਦੇਸ਼ ਵਿਰੋਧੀ ਸ਼ਕਤੀਆਂ ਨੂੰ ਚਿਤਾਵਨੀ ਦਿੱਤੀ ਹੈ। ਤਾਜ਼ਾ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਮੋਦੀ ਸਰਕਾਰ ਵੇਲੇ ਭਾਰਤ-ਪਾਕਿ ਸਰਹੱਦ ਉਪਰ ਸਭ ਤੋਂ ਵੱਧ ਜਵਾਨਾਂ ਦੀਆਂ ਜਾਨਾਂ ਗਈਆਂ ਹਨ।

ਰਿਪੋਰਟ ਮੁਤਾਬਕ ਇਸ ਸਾਲ ਛੇ ਮਹੀਨਿਆਂ ਦੌਰਾਨ ਹੀ ਜੰਮੂ ਕਸ਼ਮੀਰ ਵਿਚ ਕੌਮਾਂਤਰੀ ਸਰਹੱਦ ਉਤੇ ਹੋਈਆਂ ਗੋਲੀਬਾਰੀ ਦੀਆਂ ਵਾਰਦਾਤਾਂ ਵਿਚ ਬੀ.ਐਸ.ਐਫ. ਦੇ 11 ਜਵਾਨ ਮਾਰੇ ਜਾ ਚੁੱਕੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਇਕ ਸਾਲ ਵਿਚ ਸਰਹੱਦੀ ਬਲ ਦਾ ਇਹ ਸਭ ਤੋਂ ਵੱਧ ਨੁਕਸਾਨ ਹੈ। ਇਸੇ ਹਫਤੇ ਜੰਮੂ ਦੇ ਰਾਮਗੜ੍ਹ ਸੈਕਟਰ ਵਿਚ ਹੋਈ ਸਰਹੱਦੀ ਗੋਲੀਬਾਰੀ ਵਿਚ ਬੀ.ਐਸ.ਐਫ. ਦੇ ਸਹਾਇਕ ਕਮਾਂਡੈਂਟ ਸਣੇ ਚਾਰ ਜਵਾਨ ਮਾਰੇ ਗਏ।

ਸਰਕਾਰੀ ਅੰਕੜਿਆਂ ਮੁਤਾਬਕ ਇਸ ਸਾਲ ਹੁਣ ਤੱਕ ਬਿਨਾਂ ਕਿਸੇ ਭੜਕਾਹਟ ਤੋਂ ਸਰਹੱਦ ਉਤੇ ਗੋਲੀਬਾਰੀ ਦੀਆਂ 320 ਵਾਰਦਾਤਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਬੀ.ਐਸ.ਐਫ. ਦੇ 11 ਜਵਾਨ ਮਾਰੇ ਜਾ ਚੁੱਕੇ ਹਨ ਤੇ 37 ਜ਼ਖ਼ਮੀ ਹੋਏ ਹਨ। ਪਿਛਲੇ ਸਾਲ ਇਸ ਮੁਹਾਜ਼ 'ਤੇ ਗੋਲੀਬਾਰੀ ਦੀਆਂ ਕੁੱਲ 111 ਵਾਰਦਾਤਾਂ ਹੋਈਆਂ ਸਨ ਜਦਕਿ 2016 ਦੌਰਾਨ 204, 2015 ਦੌਰਾਨ 350 ਤੇ 2014 ਦੌਰਾਨ 127 ਵਾਰਦਾਤਾਂ ਹੋਈਆਂ ਸਨ। ਪਿਛਲੇ ਸਾਲ ਨਿਸ਼ਾਨਾ ਲਾ ਕੇ ਕੀਤੇ ਹਮਲੇ ਤੇ ਗੋਲਾਬਾਰੀ ਵਿੱਚ ਦੋ ਬੀ.ਐਸ.ਐਫ. ਜਵਾਨ ਮਾਰੇ ਗਏ ਸਨ ਤੇ ਸੱਤ ਜ਼ਖਮੀ ਹੋਏ ਸਨ। 2015 ਵਿਚ ਇਕ ਬੀ.ਐਸ.ਐਫ. ਜਵਾਨ ਦੀ ਮੌਤ ਤੇ ਪੰਜ ਜ਼ਖ਼ਮੀ ਹੋਏ ਸਨ ਜਦਕਿ 2014 ਦੌਰਾਨ ਦੋ ਜਵਾਨ ਮਾਰੇ ਗਏ ਤੇ 14 ਜ਼ਖ਼ਮੀ ਹੋਏ ਸਨ। ਰਮਜ਼ਾਨ ਦੇ 30 ਰੋਜ਼ ਦੌਰਾਨ 60 ਦੇ ਲਗਭਗ ਅਤਿਵਾਦੀ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ 'ਚ 24 ਅਤਿਵਾਦੀ, 6 ਨਾਗਰਿਕ ਅਤੇ 9 ਸੁਰੱਖਿਆ ਕਰਮੀ ਮਾਰੇ ਗਏ। ਇਸ ਦੌਰਾਨ ਕਈ ਦਰਜਨ ਲੋਕ ਜ਼ਖ਼ਮੀ ਵੀ ਹੋਏ। ਰਿਪੋਰਟਾਂ ਅਨੁਸਾਰ ਰਮਜ਼ਾਨ ਦੇ ਮਹੀਨੇ 'ਚ ਅਤਿਵਾਦੀਆਂ ਨੇ ਸਥਾਨਕ ਨੌਜਵਾਨਾਂ ਨੂੰ ਆਪਣੇ ਵੱਲ ਪ੍ਰੇਰਿਤ ਕਰਕੇ ਡੇਢ ਦਰਜਨ ਕਰੀਬ ਨੌਜਵਾਨਾਂ ਨੂੰ ਆਪਣੇ ਨਾਲ ਮਿਲਾ ਲਿਆ।

### ਕਸ਼ਮੀਰ ਹਿੰਸਾ ਲਈ ਮੋਦੀ ਸਰਕਾਰ ਜ਼ਿੰਮੇਵਾਰ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਜੰਮੂ ਕਸ਼ਮੀਰ ਵਿਚ ਹਿੰਸਾ ਦਾ ਚੱਕਰ ਤੇਜ਼ ਹੋਣ ਲਈ ਕੇਂਦਰ ਸਰਕਾਰ ਨੂੰ ਕਸੂਰਵਾਰ ਠਹਿਰਾਇਆ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ੀ ਦੌਰੇ ਨਾਕਾਮ ਸਿੱਧ ਹੋਏ ਹਨ। ਜੰਮੂ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਂ ਬਾਰੇ ਸੰਯੁਕਤ ਰਾਸ਼ਟਰ ਵੱਲੋਂ ਹਾਲ ਹੀ ਵਿਚ ਜਾਰੀ ਕੀਤੀ ਰਿਪੋਰਟ ਦਾ ਜ਼ਿਕਰ ਕਰਦਿਆਂ ਸ਼ਿਵ ਸੈਨਾ ਨੇ ਕਿਹਾ ਕਿ ਇਸ ਰਿਪੋਰਟ ਤੋਂ ਸਾਬਤ ਹੁੰਦਾ ਹੈ ਕਿ ਮੋਦੀ ਦੇ ਵਿਦੇਸ਼ ਦੌਰਿਆਂ ਦਾ ਭਾਰਤ ਨੂੰ ਕੋਈ ਲਾਭ ਨਹੀਂ ਹੋਇਆ ਸਗੋਂ ਦੇਸ ਦਾ ਅਕਸ ਖਰਾਬ ਹੋਇਆ ਹੈ।

## ਸੀ. ਆਈ. ਏ. ਵੱਲੋਂ ਦਹਿਸ਼ਤੀ ਸੰਗਠਨ ਐਲਾਨਣ ਪਿੱਛੋਂ ਭੜਕੀ ਵਿਸ਼ਵ ਹਿੰਦੂ ਪ੍ਰੀਸ਼ਦ

**ਵਾਸ਼ਿੰਗਟਨ:** ਅਮਰੀਕਾ ਦੀ ਕੇਂਦਰੀ ਖੁਫੀਆ ਏਜੰਸੀ (ਸੀ.ਆਈ.ਏ.) ਨੇ ਭਾਰਤ ਵਿਚ ਹਿੰਦੂ ਸੰਗਠਨ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ 'ਦਹਿਸ਼ਤਗਰਦੀ ਧਾਰਮਿਕ ਸੰਗਠਨ' ਕਰਾਰ ਦਿੱਤਾ ਹੈ।



ਕੇਂਦਰੀ ਖੁਫੀਆ ਏਜੰਸੀ ਨੇ 'ਵਰਲਡ ਫੈਕਟਬੁੱਕ' ਰਿਪੋਰਟ 'ਚ ਉਕਤ ਹਿੰਦੂ ਸੰਗਠਨਾਂ ਸਣੇ ਭਾਰਤ 'ਚ ਸੱਤਾਧਾਰੀ ਬੀ.ਜੇ.ਪੀ. ਦੀ ਸਰਪ੍ਰਸਤ ਆਰ.ਐਸ.ਐਸ. ਦਾ ਵੀ ਜ਼ਿਕਰ ਕੀਤਾ ਹੈ। ਸੀਆਈ.ਏ. ਦੀ ਇਸ ਰਿਪੋਰਟ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸਖਤ ਇਤਰਾਜ਼ ਜਤਾਇਆ ਹੈ ਤੇ ਕੇਂਦਰ ਦੇ ਦਖਲ ਦੀ ਮੰਗ ਕੀਤੀ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਇਸ ਖਿਲਾਫ਼ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ ਹੈ। ਵੀ.ਐਚ.ਪੀ. ਨੇ ਸੀ.ਆਈ.ਏ. ਨੂੰ ਭਾਰਤ ਵਿਰੋਧੀ ਕਰਾਰ ਦਿੰਦਿਆਂ ਉਸ ਨੂੰ ਮੁਆਫੀ ਮੰਗਣ ਲਈ ਕਿਹਾ ਹੈ। ਸੰਗਠਨ ਦੇ ਜੁਆਇੰਟ ਸੈਕਟਰੀ ਸੁਰੇਂਦਰ ਜੈਨ ਨੇ ਇਸ ਨੂੰ ਤੁਰਤ ਹਟਾਏ ਜਾਣ ਦੀ ਮੰਗ ਕੀਤੀ ਹੈ। ਇਥੋਂ ਤੱਕ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਨੂੰ ਭਾਰਤ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੀ.ਆਈ.ਏ. ਅਜਿਹੀ ਏਜੰਸੀ ਜੋ ਕਿ ਓਸਾਮਾ ਬਿਨ ਲਾਦਿਨ ਤੇ ਜਿਹਾਦੀ ਕੱਟੜਪੰਥ ਪੈਦਾ ਕਰਨ ਲਈ ਜ਼ਿੰਮੇਵਾਰ ਹੈ, ਉਹ ਕਿਸੇ ਰਾਸ਼ਟਰੀ ਸੰਗਠਨ 'ਤੇ ਅਜਿਹੇ ਇਲਜ਼ਾਮ ਕਿਵੇਂ ਲਾ ਸਕਦੀ ਹੈ। ਖਾਸ ਗੱਲ ਇਹ ਹੈ ਕਿ ਇਹ ਰਿਪੋਰਟ ਉਸ ਸਮੇਂ ਆਈ ਹੈ ਜਦੋਂ ਭਾਰਤ 'ਚ ਭੀੜ ਵੱਲੋਂ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਮੁਕਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।

### ਚਾਰ ਜਣਿਆਂ ਦੀ ਕੁੱਟ-ਕੁੱਟ ਕੇ ਹੱਤਿਆ

**ਗੋਡਾ (ਝਾਰਖੰਡ):** ਝਾਰਖੰਡ ਦੇ ਗੋਡਾ ਜ਼ਿਲ੍ਹੇ ਵਿਚ ਪਸ਼ੂ ਚੋਰਾਂ ਦੇ ਸ਼ੱਕ ਵਿਚ ਪਿੰਡ ਵਾਸੀਆਂ ਨੇ ਦੋ ਵਿਅਕਤੀਆਂ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ।

ਦਿਓਦੰਡ ਥਾਣੇ ਅਧੀਨ ਆਉਂਦੇ ਇਲਾਕੇ ਵਿਚਲੇ ਇਕ ਪਿੰਡ ਵਿਚ ਲੋਕਾਂ ਨੇ ਦੋ ਵਿਅਕਤੀਆਂ ਦੀ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ। ਇਸ ਮਾਮਲੇ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਹਰ ਘੰਟੇ ਚਾਰ ਬੱਚੇ ਹੋ ਰਹੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ

**ਚੰਡੀਗੜ੍ਹ:** ਦੇਸ਼ ਭਰ ਵਿਚ ਜਿਥੇ ਬੱਚਿਆਂ ਖਿਲਾਫ਼ ਅਪਰਾਧ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ, ਉਥੇ ਬਾਲ ਅਪਰਾਧੀਆਂ ਦੀ ਗਿਣਤੀ ਵੀ ਦੇਸ਼ 'ਚ ਦਿਨੋਂ ਦਿਨ ਵਧ ਰਹੀ ਹੈ। ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਹਰ 15 ਮਿੰਟ ਬਾਅਦ ਦੇਸ਼ 'ਚ ਇਕ ਬੱਚਾ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ ਜੋ ਚਿੰਤਾ ਦਾ ਵਿਸ਼ਾ ਹੈ। ਦੱਸਿਆ ਜਾ ਰਿਹਾ ਹੈ ਕਿ ਪਿਛਲੇ 5 ਸਾਲਾਂ 'ਚ ਬੱਚਿਆਂ ਖਿਲਾਫ਼ ਹੋ ਰਹੇ ਅਪਰਾਧ 'ਚ ਹੈਰਾਨੀਜਨਕ ਵਾਧਾ ਦਰਜ ਕੀਤਾ ਗਿਆ ਹੈ।

ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਸਾਲ 2015 ਤੇ 2016 'ਚ ਭਾਰਤ ਵਿਚ ਬੱਚਿਆਂ ਖਿਲਾਫ਼ ਹੋਣ ਵਾਲੇ ਅਪਰਾਧ 'ਚ 11 ਫੀਸਦੀ ਵਾਧਾ ਦਰਜ ਕੀਤਾ ਗਿਆ। ਇਸ ਦੌਰਾਨ ਦੇਸ਼ ਭਰ 'ਚ ਬੱਚਿਆਂ ਖਿਲਾਫ਼ ਅਪਰਾਧਾਂ ਦੇ 12,786 ਮਾਮਲੇ ਸਾਹਮਣੇ ਆਏ ਤੇ ਸਾਲ 2017 'ਚ ਬੱਚਿਆਂ ਖਿਲਾਫ਼ ਹੋਣ ਵਾਲੇ ਅਪਰਾਧ 'ਚ 14 ਫੀਸਦੀ ਵਾਧਾ ਹੋ ਗਿਆ ਦੱਸਿਆ ਜਾ ਰਿਹਾ ਹੈ। ਅੰਕੜਿਆਂ ਅਨੁਸਾਰ ਸਾਲ 2006 ਤੋਂ 2011 ਦੇ ਮੁਕਾਬਲੇ ਸਾਲ 2012 ਤੋਂ 2016 'ਚ ਬੱਚਿਆਂ ਖਿਲਾਫ਼ ਹੋਣ ਵਾਲੇ ਅਪਰਾਧਕ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ।



ਜਾਣਕਾਰੀ ਅਨੁਸਾਰ ਬੱਚਿਆਂ ਖਿਲਾਫ਼ ਹੋ ਰਹੇ ਅਪਰਾਧਾਂ ਪਿੱਛੇ 70 ਫੀਸਦੀ ਲੋਕ ਜਾਂ ਤਾਂ ਬੱਚੇ ਦੇ ਕਰੀਬੀ ਰਿਸ਼ਤੇਦਾਰ ਹੁੰਦੇ ਹਨ ਜਾਂ ਪਰਿਵਾਰ ਦੇ ਜਾਣਕਾਰ, ਜੋ ਕਿਸੇ ਨਾ ਕਿਸੇ ਖੁੰਧਕ ਦੇ ਚੱਲਦੇ ਬੱਚੇ ਜ਼ਰੀਏ ਪੁਰਾਣੀ ਰੰਜਿਸ਼ ਕੱਢਦੇ ਹਨ। ਮਾਹਿਰਾਂ ਅਨੁਸਾਰ ਬੱਚਿਆਂ ਨੂੰ ਇਸ ਸਬੰਧੀ ਨਿੱਕੀ ਉਮਰ ਤੋਂ ਹੀ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਸਰੀਰਕ ਛੇੜਛਾੜ ਜਾਂ ਵਧੀਕੀ ਦੀ ਸ਼ੁਰੂਆਤ ਮੌਕੇ ਹੀ ਬੱਚੇ ਇਸ ਦੀ ਸੂਚਨਾ ਆਪਣੇ ਮਾਪਿਆਂ ਨੂੰ ਦੇਣ।

# ਬਰਗਾੜੀ ਕਾਂਡ: ਪੁਲਿਸ ਦੀ 'ਫੁਰਤੀ' ਉਤੇ ਉਠੇ ਸਵਾਲ

**ਚੰਡੀਗੜ੍ਹ:** ਬਰਗਾੜੀ ਕਾਂਡ ਦੀ ਜਾਂਚ ਦੇ 'ਸੱਚ' ਦਾ ਹੁਣ ਸੀ.ਬੀ.ਆਈ. ਪਤਾ ਲਾਏਗੀ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਅੰਤਿਮ ਜਾਂਚ 'ਚ ਬਰਗਾੜੀ ਕਾਂਡ ਲਈ ਡੇਰਾ ਸਿਰਸਾ ਦੀ ਨੌਂ ਮੈਂਬਰੀ ਟੀਮ ਨੂੰ ਮੁਲਜ਼ਮ ਕਰਾਰ ਦੇ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਪਿੰਡ ਬੁਰਜ ਜਵਾਹਰ ਸਿੰਘ ਵਾਲਾ (ਫਰੀਦਕੋਟ) ਦੇ ਗੁਰੂ ਘਰ 'ਚੋਂ ਪਹਿਲੀ ਜੂਨ 2015 ਨੂੰ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੱਭਣ ਲਈ ਆਖਰੀ ਹੰਭਲਾ ਮਾਰਿਆ।

ਕੋਟਕਪੂਰਾ ਦੀ ਦੇਵੀਵਾਲਾ ਰੋਡ ਸਥਿਤ ਡਰੇਨ 'ਚ ਸੁੱਟੇ ਸਰੂਪ ਲੱਭਣ ਲਈ ਤੜਕਸਾਰ 'ਤਲਾਸ਼ੀ ਅਭਿਆਨ' ਚਲਾਇਆ ਗਿਆ ਜਿਸ 'ਚ ਕੁੱਝ ਵੀ ਹੱਥ-ਪੱਲੇ ਨਹੀਂ ਪਿਆ। ਆਮ ਲੋਕਾਂ ਨੇ ਸਵਾਲ ਉਠਾਏ ਕਿ ਤਿੰਨ ਸਾਲ ਪਹਿਲਾਂ ਡਰੇਨ ਵਿਚ ਸੁੱਟੇ ਸਰੂਪ ਹੁਣ ਲੱਭਣੇ ਕਿਵੇਂ ਸੰਭਵ ਹਨ। ਕੁਝ ਨੇ ਆਖਿਆ ਕਿ ਪੁਲਿਸ ਨੇ ਆਪਣੀ ਸੁਹਿਰਦਤਾ ਦਾ ਸ਼ੀਸ਼ਾ ਦਿਖਾਉਣ ਲਈ 'ਸਰਚ ਅਭਿਆਨ' ਚਲਾਇਆ। ਸਿਟ ਦੀ ਫੁਰਤੀ ਤੋਂ ਲੋਕ ਹੈਰਾਨ ਹਨ ਕਿ ਕਿਵੇਂ ਤਿੰਨ ਸਾਲਾਂ ਤੋਂ ਉਲਝੇ ਮਾਮਲੇ ਨੂੰ ਉਨ੍ਹਾਂ ਰਾਤੋ ਰਾਤ ਸੁਲਝਾ ਲਿਆ ਹੈ। ਬਰਗਾੜੀ ਕਾਂਡ ਦੀ ਜਾਂਚ 'ਚ ਸੀ.ਬੀ.ਆਈ. ਦੇ ਹੱਥ ਹਾਲੇ ਤੱਕ ਖਾਲੀ ਸਨ ਪਰ ਹੁਣ ਪੰਜਾਬ ਪੁਲਿਸ ਦੀ ਜਾਂਚ ਨੂੰ ਛਾਣਨ ਦਾ ਉਸ ਨੂੰ ਮੌਕਾ ਮਿਲ ਜਾਣਾ ਹੈ।

ਸੀ.ਬੀ.ਆਈ. ਨੇ ਕੁਝ ਦਿਨ ਪਹਿਲਾਂ ਹੀ ਬਰਗਾੜੀ ਇਲਾਕੇ ਵਿਚ ਕਾਂਡ ਦੀ ਸੂਹ ਦੇਣ ਵਾਲੇ ਨੂੰ ਇਨਾਮ ਦਿੱਤੇ ਜਾਣ ਦੇ ਪੋਸਟਰ ਲਗਾਏ ਸਨ। ਸਿਟ ਨੇ ਹੁਣ ਤੱਕ ਬਰਗਾੜੀ ਕਾਂਡ ਵਿਚ ਮਹਿੰਦਰਪਾਲ ਬਿੱਟੂ ਸਮੇਤ 9 ਜਣੇ ਗ੍ਰਿਫਤਾਰ ਕੀਤੇ ਹਨ ਜੋ ਹੁਣ ਪੁਲਿਸ ਰਿਮਾਂਡ ਉਤੇ ਹਨ। ਸੂਤਰਾਂ ਅਨੁਸਾਰ ਬਿੱਟੂ ਸਰੂਪਾਂ ਬਾਰੇ ਸਿਟ ਨੂੰ ਗੁਮਰਾਹ ਵੀ ਕਰਦਾ ਰਿਹਾ ਹੈ। ਸੂਤਰਾਂ ਅਨੁਸਾਰ ਬਿੱਟੂ ਨੇ ਸਭ ਤੋਂ ਪਹਿਲਾਂ ਪੁਲਿਸ ਕੋਲ ਸਰੂਪਾਂ ਨੂੰ ਨਹਿਰ ਵਿਚ ਤਾਰ ਕੇ ਆਉਣ ਅਤੇ ਉਸ ਮਗਰੋਂ ਨਾਮ ਚਰਚਾ ਘਰ ਵਿਚ ਸਰੂਪਾਂ ਦਾ ਅਦਬ ਸਹਿਤ ਸਸਕਾਰ ਕੀਤੇ ਜਾਣ ਦੀ ਗੱਲ ਆਖੀ ਸੀ।



# ਕਾਂਗਰਸੀਆਂ ਨੇ ਸਿੱਧੂ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਪੈਰ ਉਖਾੜੇ

**ਜਲੰਧਰ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਨਾਜਾਇਜ਼ ਉਸਾਰੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਨੂੰ ਲੈ ਕੇ ਕਾਂਗਰਸੀ ਵਿਧਾਇਕਾਂ ਤੇ ਸਿੱਧੂ ਵਿਚਾਲੇ ਰੱਫੜ ਵਧ ਗਿਆ ਹੈ। ਜਲੰਧਰ ਸ਼ਹਿਰ ਦੇ ਚਾਰ ਵਿਧਾਇਕਾਂ ਵਿਚੋਂ ਤਿੰਨ ਵਿਧਾਇਕ ਤੇ ਇਕ ਸੰਸਦ ਮੈਂਬਰ ਸਿੱਧੂ ਵਿਰੁੱਧ ਡਟ ਗਏ ਹਨ।

ਬਾਕਾਇਦਾ ਮੀਟਿੰਗ ਕਰ ਕੇ ਇਨ੍ਹਾਂ ਵਿਧਾਇਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੱਕ ਆਪਣੀ ਸ਼ਿਕਾਇਤ ਪੁੱਜਦੀ ਕਰ ਦਿੱਤੀ ਹੈ ਤੇ ਸਿੱਧੂ ਵੱਲੋਂ ਕੀਤੀ ਗਈ ਕਾਰਵਾਈ ਨੂੰ ਕਾਂਗਰਸ ਵਿਰੋਧੀ ਕਰਾਰ ਦਿੰਦਿਆਂ ਇਹ ਦਾਅਵਾ ਵੀ ਕੀਤਾ ਹੈ ਕਿ ਜੇ ਸਿੱਧੂ ਨੇ ਇਹ ਮੁਹਿੰਮ ਜਾਰੀ ਰੱਖੀ ਤਾਂ ਕਾਂਗਰਸ ਦਾ ਵੋਟ ਬੈਂਕ ਖਿਸਕ ਸਕਦਾ ਹੈ ਤੇ ਲੋਕ ਕਾਂਗਰਸ ਤੋਂ ਪਹਿਲਾਂ ਵਾਂਗ ਦੂਰੀ ਬਣਾ ਸਕਦੇ ਹਨ। ਇਸ ਮੀਟਿੰਗ ਵਿਚ ਸਿੱਧੂ ਦੇ ਕੱਟੜ ਹਮਾਇਤੀ ਮੰਨੇ ਜਾਂਦੇ ਪਰਗਟ ਸਿੰਘ ਨੂੰ ਛੱਡ ਕੇ ਤਿੰਨੇ ਵਿਧਾਇਕ ਰਜਿੰਦਰ ਬੇਰੀ, ਸੁਸ਼ੀਲ ਰਿੰਕੂ ਤੇ ਬਾਵਾ ਹੈਨਰੀ ਅਤੇ ਲੋਕ ਸਭਾ ਮੈਂਬਰ ਸੰਤੋਖ ਚੌਧਰੀ ਸ਼ਾਮਲ ਸਨ। ਜਾਣਕਾਰੀ ਅਨੁਸਾਰ ਸਿੱਧੂ ਦੀ ਸ਼ਿਕਾਇਤ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਕੋਲ ਵੀ ਲਗਾਉਣ ਦਾ ਫੈਸਲਾ ਕੀਤਾ ਗਿਆ ਤਾਂ ਜੋ ਕਾਂਗਰਸ ਦੇ ਜਨ ਅਧਾਰ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚੇ।



ਯਾਦ ਰਹੇ ਕਿ ਜਿਸ ਦਿਨ ਨਵਜੋਤ ਸਿੰਘ ਸਿੱਧੂ ਨੇ ਜਲੰਧਰ ਵਿਚ ਨਾਜਾਇਜ਼ ਉਸਾਰੀਆਂ ਦੀ ਅਚਨਚੇਤੀ ਜਾਂਚ ਕੀਤੀ ਸੀ ਤਾਂ ਉਨ੍ਹਾਂ ਕੋਲ 93 ਨਾਜਾਇਜ਼ ਉਸਾਰੀਆਂ ਦੀ ਲਿਸਟ ਸੀ ਜਿਨ੍ਹਾਂ ਵਿਚ ਉਨ੍ਹਾਂ ਨੇ 36 ਦੇ ਕਰੀਬ ਥਾਵਾਂ ਨੂੰ ਦੇਖਿਆ ਸੀ। ਇਹ ਸਾਰੀਆਂ ਥਾਵਾਂ ਚਾਰੇ ਕਾਂਗਰਸੀ ਵਿਧਾਇਕਾਂ ਦੇ ਹਲਕਿਆਂ ਵਿਚ ਆਉਂਦੀਆਂ ਹਨ। ਜਾਂਚ ਤੋਂ ਅਗਲੇ ਦਿਨ ਜਦੋਂ ਨਗਰ ਨਿਗਮ ਦੀ ਟੀਮ ਉਸਾਰੀਆਂ ਢਹਾਉਣ ਗਈ ਤਾਂ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ ਜੇ.ਸੀ.ਬੀ ਮਸ਼ੀਨ ਉਤੇ ਜਾ ਚੜ੍ਹੇ ਸਨ ਤੇ ਨਵਜੋਤ ਸਿੰਘ ਸਿੱਧੂ ਵਿਰੁੱਧ ਭੜਾਸ ਕੱਢੀ ਸੀ। ਇਸੇ ਤਰ੍ਹਾਂ ਰਜਿੰਦਰ ਬੇਰੀ ਨੇ ਸਿੱਧੂ ਦੀ ਕਾਰਵਾਈ ਉਤੇ ਸਖਤ ਇਤਰਾਜ਼ ਪਰਗਟ ਕੀਤਾ ਸੀ। ਸ਼ਹਿਰ ਦੇ ਮੇਅਰ ਜਗਦੀਸ਼ ਰਾਜਾ ਵੀ ਸਿੱਧੂ ਨਾਲ ਸਖਤ ਨਾਰਾਜ਼ ਹਨ ਕਿ ਸ਼ਹਿਰ ਦੇ ਮੇਅਰ ਹੋਣ ਦੇ ਨਾਤੇ ਵੀ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ।

ਜਲੰਧਰ ਸ਼ਹਿਰ ਦੇ ਕਾਂਗਰਸੀ ਆਗੂ ਸਿੱਧੂ ਵਿਰੁੱਧ ਇਕਜੁਟ ਹੋ ਗਏ ਹਨ ਤੇ ਉਹ ਹੁਣ ਇਸ ਮਾਮਲੇ ਨੂੰ ਠੰਢਾ ਨਹੀਂ ਪੈਣ ਦੇਣਾ ਚਾਹੁੰਦੇ। ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਦਲਜੀਤ ਸਿੰਘ ਆਹਲੂਵਾਲੀਆ ਨੇ ਵੀ ਕੈਪਟਨ ਅਮਰਿੰਦਰ ਸਿੰਘ ਨਾਲ ਫੋਨ ਉਤੇ ਗੱਲਬਾਤ ਕਰਕੇ ਸਿੱਧੂ ਵਿਰੁੱਧ ਭੜਾਸ ਕੱਢੀ ਸੀ ਕਿ ਇਸ ਨਾਲ ਕਾਂਗਰਸ ਨੂੰ ਨੁਕਸਾਨ ਪੁੱਜ ਸਕਦਾ ਹੈ। ਉਧਰ, ਨਵਜੋਤ ਸਿੰਘ ਸਿੱਧੂ ਦਾ ਜਵਾਬ ਸੀ ਕਿ ਉਹ ਸਹੀ ਕੰਮ ਕਰ ਰਹੇ ਹਨ ਤੇ ਹੁਣ ਪਿੱਛੇ ਨਹੀਂ ਹਟਣਗੇ। ਰਾਜਸੀ ਹਲਕਿਆਂ ਵਿਚ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਵਿਰੁੱਧ ਸਰਕਾਰ ਦੇ ਅੰਦਰੋਂ ਹੀ ਇਕ ਧੜਾ ਪੂਰੀ ਤਰ੍ਹਾਂ ਨਾਲ ਸਰਗਰਮ ਹੈ ਤੇ ਉਹ ਹੁਣ ਸਿੱਧੂ ਨੂੰ ਅੜਿੱਕੇ ਆਇਆ ਮੰਨ ਕੇ ਚੱਲ ਰਹੇ ਹਨ।

# ਸਾਕਾ ਨੀਲਾ ਤਾਰਾ: ਭਾਰਤ ਤੋਂ ਵੀ ਦਸਤਾਵੇਜ਼ ਜਨਤਕ ਕਰਨ ਦੀ ਮੰਗ ਉਠੀ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਨੇ ਬਰਤਾਨੀਆ ਦੀ ਇਕ ਅਦਾਲਤ ਵੱਲੋਂ ਸਾਕਾ ਨੀਲਾ ਤਾਰਾ ਵਿਚ ਯੂਕੇ ਸਰਕਾਰ ਦੀ ਭੂਮਿਕਾ ਬਾਰੇ ਦਸਤਾਵੇਜ਼ ਜਨਤਕ ਕਰਨ ਦੇ ਅਦਾਲਤੀ ਫੈਸਲੇ ਦਾ ਸਵਾਗਤ ਕੀਤਾ ਹੈ। ਸਿੱਖ ਜਗਤ ਵੱਲੋਂ ਹੁਣ ਭਾਰਤ ਸਰਕਾਰ ਤੋਂ ਵੀ ਇਸ ਫੌਜੀ ਹਮਲੇ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਸਬੰਧੀ ਸਰਕਾਰੀ ਫਾਈਲਾਂ ਵਿਚ ਦੱਬਿਆ ਸੱਚ ਵੀ ਹੁਣ ਸਾਹਮਣੇ ਆਉਣਾ ਚਾਹੀਦਾ ਹੈ ਤੇ ਆਲਮੀ ਅਤੇ ਸਥਾਨਕ ਇਕਾਈਆਂ ਦੀ ਭੂਮਿਕਾ ਉਜਾਗਰ ਹੋਣੀ ਚਾਹੀਦੀ ਹੈ।

ਉਨ੍ਹਾਂ ਇਸ ਮਾਮਲੇ ਵਿਚ ਪੈਰਵੀ ਕਰਨ ਵਾਲੇ ਪੱਤਰਕਾਰ ਮਿਲ ਫਿਲਰ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਫੌਜੀ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਲਿਜਾਇਆ ਗਿਆ ਵਿਰਾਸਤੀ ਸਿੱਖ ਖਜ਼ਾਨਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰਨ ਦੀ ਮੰਗ ਵੀ ਕੀਤੀ। ਇਸ ਤੋਂ ਪਹਿਲਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਛੇ ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਇਹ ਮੰਗ ਰੱਖੀ ਸੀ। ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਬਰਤਾਨਵੀ ਅਦਾਲਤ ਵੱਲੋਂ ਲਏ ਫੈਸਲੇ ਦਾ ਭਾਰਤ ਦੀ ਸੁਪਰੀਮ ਕੋਰਟ ਨੋਟਿਸ ਲਵੇ ਅਤੇ ਸਰਕਾਰ ਨੂੰ ਦਸਤਾਵੇਜ਼ ਜਨਤਕ ਕਰਨ ਦਾ ਹੁਕਮ ਦੇਵੇ।

ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਜੂਨ '84 ਦੌਰਾਨ ਹਰਿਮੰਦਰ ਸਾਹਿਬ ਉਤੇ ਕੀਤੇ ਫੌਜੀ ਹਮਲੇ ਸਬੰਧੀ ਬਰਤਾਨੀਆ ਸਰਕਾਰ ਦੀ ਭੂਮਿਕਾ ਬਾਰੇ ਪੂਰੇ ਦਸਤਾਵੇਜ਼ ਜਨਤਕ ਕਰਨ ਦੀ ਸਰਕਾਰ ਤੋਂ ਮੰਗ ਕੀਤੀ ਹੈ।

# ਭਾਜਪਾ ਨੂੰ ਲਾਂਭੇ ਕਰਨ ਲਈ ਭਗਵੰਤ ਮਾਨ ਗੱਠਜੋੜ ਦੇ ਹੱਕ ਵਿਚ

**ਚੀਮਾ ਮੰਡੀ:** ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਨਿੱਜੀ ਰਾਇ ਦਿੰਦਿਆਂ ਕਿਹਾ ਕਿ ਦੇਸ਼ ਦੇ ਹਿੱਤਾਂ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਵਾਸਤੇ ਧਰਮ ਨਿਰਪੱਖ ਪਾਰਟੀਆਂ ਨੂੰ ਗੱਠਜੋੜ ਕਰਨਾ ਚਾਹੀਦਾ ਹੈ ਤਾਂ ਜੋ ਦੇਸ਼ ਵਿਚ ਲੋਕਤੰਤਰ ਦੇ ਘਾਣ ਨੂੰ ਰੋਕਿਆ ਜਾ ਸਕੇ।

ਸ੍ਰੀ ਮਾਨ ਨੇ ਕਿਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣਾਂ ਤੋਂ ਪਹਿਲਾਂ ਦੇਸ਼ ਦੇ ਲੋਕਾਂ ਨੂੰ ਜਿਹੜੇ ਸੁਪਨੇ ਦਿਖਾਏ ਸਨ, ਉਨ੍ਹਾਂ ਵਿਚੋਂ ਇਕ ਵੀ ਪੂਰਾ ਨਹੀਂ ਹੋਇਆ, ਪਰ ਕੁਝ ਵੱਡੇ ਘਰਾਣਿਆਂ ਦੇ ਸੁਪਨੇ ਮੋਦੀ ਰਾਜ ਵਿਚ ਪੂਰੇ ਹੋ ਗਏ ਹਨ, ਜਿਨ੍ਹਾਂ ਵੱਲੋਂ ਦੇਸ਼ ਨੂੰ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੇ ਕਾਲਾ ਧਨ ਵਾਪਸ ਲਿਆਉਣ ਦੇ ਕੀਤੇ ਵਾਅਦੇ ਕਿਥੇ ਚਲੇ ਗਏ? ਉਨ੍ਹਾਂ ਕਿਹਾ ਕਿ ਭਾਰਤ ਅਜੇ ਤੱਕ ਨੋਟਬੰਦੀ ਦੀ ਮਾਰ ਵਿਚੋਂ ਨਹੀਂ ਨਿਕਲ ਸਕਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਵਪਾਰੀਆਂ ਦੇ ਅਜਿਹੇ ਅੱਛੇ ਦਿਨ ਅਜਿਹੇ ਲਿਆਂਦੇ ਹਨ ਕਿ ਉਨ੍ਹਾਂ ਲਈ ਜੀ.ਐਸ.ਟੀ. ਇਕ ਪਹੇਲੀ ਬਣ ਕੇ ਰਹਿ ਗਿਆ ਹੈ। ਜਦੋਂ ਉਨ੍ਹਾਂ ਨੂੰ ਹਰਸਿਮਰਤ ਕੌਰ ਬਾਦਲ ਵੱਲੋਂ ਦਿੱਤੇ ਬਿਆਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੂੰ ਸੁਪਨੇ ਵਿਚ ਵੀ ਭਗਵੰਤ ਮਾਨ ਹੀ ਦਿਸਦਾ ਹੈ। ਉਨ੍ਹਾਂ ਹਰਸਿਮਰਤ ਬਾਦਲ ਨੂੰ ਸੰਗਰੂਰ ਤੋਂ ਚੋਣ ਲੜਨ ਦਾ ਸੱਦਾ ਦਿੱਤਾ।

ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਅਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਕੈਪਟਨ ਨੇ ਜਾਂਚ ਕਮੇਟੀ ਨੂੰ ਹੀ ਛੇੜਛਾੜ ਦਰੁਸਤ ਕਰਨ ਦਾ ਜ਼ਿੰਮਾ ਸੌਂਪਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਨੇ ਬਾਰ੍ਹਵੀਂ ਜਮਾਤ ਦੀ ਕਿਤਾਬ ਵਿਚ ਸਿਲੇਬਸ ਨਾਲ




ਕੀਤੀ ਛੇੜਛਾੜ ਦਰੁਸਤ ਕਰਨ ਲਈ ਜਾਂਚ ਕਮੇਟੀ ਨੂੰ ਹੀ ਨਵੀਂ ਤੇ ਸਹੀ ਕਿਤਾਬ ਬਣਾਉਣ ਦਾ ਕੰਮ ਸੌਂਪ ਦਿੱਤਾ ਹੈ। ਹੁਣ ਪ੍ਰੋਫੈਸਰ ਕਿਰਪਾਲ ਸਿੰਘ ਹਿਸਟੋਰੀਅਨ ਦੀ ਅਗਵਾਈ ਵਾਲੀ ਕਮੇਟੀ ਨਵੀਂ ਕਿਤਾਬ ਤਿਆਰ ਕਰੇਗੀ। ਪ੍ਰੋਫੈਸਰ ਕਿਰਪਾਲ ਸਿੰਘ ਨੇ ਮੁੱਖ ਮੰਤਰੀ ਨੂੰ ਕਿਤਾਬ ਬਾਰੇ ਆਪਣੀ ਰਿਪੋਰਟ ਦਿੱਤੀ ਤੇ ਸਰਕਾਰ ਨੂੰ ਮੰਨਣਾ ਪਿਆ ਹੈ ਕਿ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਦੇ ਸਿਲੇਬਸ ਵਿਚ ਛੇੜਛਾੜ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਟਵੀਟ ਕਰ ਕੇ ਦੱਸਿਆ ਕਿ ਉਨ੍ਹਾਂ ਉਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਹਿਸਟੋਰੀਅਨ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਹੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਸਕੂਲੀ ਬੱਚਿਆਂ ਲਈ ਇਤਿਹਾਸ ਦੀ ਕਿਤਾਬ ਤਿਆਰ ਕਰਨ ਲਈ ਬੇਨਤੀ ਵੀ ਕੀਤੀ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਮੰਤਰੀਆਂ ਨੇ ਵਿਵਾਦਿਤ ਕਿਤਾਬ ਨੂੰ ਦਰੁਸਤ ਦੱਸਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਕਿਤਾਬ ਵਿਵਾਦ 'ਤੇ ਵਿਰੋਧੀਆਂ ਉਪਰ ਸਿਆਸਤ ਕਰਨ ਦਾ ਇਲਜ਼ਾਮ ਵੀ ਲਾਇਆ ਸੀ।

ਪ੍ਰੋ. ਕਿਰਪਾਲ ਸਿੰਘ ਨੇ ਖੁਲਾਸਾ ਕੀਤਾ ਸੀ ਕਿ ਬਾਰ੍ਹਵੀਂ ਦੀ ਨਵੀਂ ਕਿਤਾਬ ਵਿਚ ਬਹੁਤ ਗਲਤੀਆਂ ਹਨ। ਉਨ੍ਹਾਂ ਕਿਤਾਬ ਦੇ ਲੇਖਕਾਂ ਨੂੰ ਵਿਸ਼ੇ ਤੋਂ ਅਗਿਆਨ ਹੋਣ ਦੀ ਗੱਲ ਵੀ ਕਹੀ ਸੀ। ਪ੍ਰੋ. ਕਿਰਪਾਲ ਸਿੰਘ ਨੇ ਕਿਹਾ ਸੀ ਕਿ ਜੇਕਰ ਸਰਕਾਰ ਕਹੇਗੀ ਤਾਂ ਉਹ ਕਿਤਾਬ ਬਣਾ ਦੇਣਗੇ। ਹੁਣ ਮੁੱਖ ਮੰਤਰੀ ਨੂੰ ਰਿਪੋਰਟ ਆਉਣ ਤੋਂ ਬਾਅਦ ਨਵੀਂ ਕਿਤਾਬ ਬਣਾਉਣ ਦੀ ਜ਼ਿੰਮੇਵਾਰੀ ਕਮੇਟੀ ਨੂੰ ਸੌਂਪਣੀ ਪਈ।

# ਬੰਗਲਾ ਸਾਹਿਬ 'ਚ ਦਾਨ ਲਈ ਲੱਗੀ ਡਿਜੀਟਲ ਗੋਲਕ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਲਕਸ਼ਮੀ ਵਿਲਾਸ ਬੈਂਕ ਦੇ ਸਹਿਯੋਗ ਨਾਲ ਡਿਜੀਟਲ ਦਾਨ ਕੇਂਦਰ ਦੀ ਸ਼ੁਰੂਆਤ ਕੀਤੀ ਗਈ ਜਿਸ ਦਾ ਨਾਂ ਡਿਜੀਟਲ ਗੋਲਕ ਦਿੱਤਾ ਹੈ। ਏ.ਟੀ.ਐਮ. ਨੁਮਾ ਬਣੇ ਇਸ ਕੇਂਦਰ ਵਿਚ ਕੋਈ ਵੀ ਬੰਦਾ ਘੱਟੋ-ਘੱਟ 100 ਰੁਪਏ ਤੋਂ ਲੈ ਕੇ ਵੱਧ ਤੋਂ ਵੱਧ ਆਪਣੀ ਸ਼ਰਧਾ ਅਨੁਸਾਰ ਰਕਮ ਦਾ ਭੁਗਤਾਨ ਕਮੇਟੀ ਦੇ ਖਾਤੇ ਵਿਚ ਡਿਜੀਟਲ ਤਰੀਕੇ ਨਾਲ ਕਰ ਸਕੇਗਾ। ਡਿਜੀਟਲ ਤਰੀਕੇ ਨਾਲ ਦਾਨਕਰਤਾ ਨੂੰ ਪਾਰਦਰਸ਼ੀ ਤਰੀਕੇ ਨਾਲ ਕਮੇਟੀ ਕੋਲ ਮਾਇਆ ਪੁੱਜਣ ਦਾ ਭਰੋਸਾ ਮਿਲੇਗਾ।



ਇਸ ਤੋਂ ਬਾਅਦ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਡਿਜੀਟਲ ਗੋਲਕ ਸਥਾਪਤ ਕੀਤੇ ਜਾਣਗੇ। ਦਾਨ ਦੇਣ ਵਾਲੇ ਨੂੰ ਆਪਣੀ ਮਰਜ਼ੀ ਦੇ ਅੰਕੜੇ ਅਨੁਸਾਰ ਦਾਨ ਦੇਣ ਦੀ ਸਹੂਲਤ ਵੀ ਮੁਹੱਈਆ ਕਰਵਾਈ ਗਈ ਹੈ। ਜੇਕਰ ਦਾਨਕਰਤਾ ਡਿਜੀਟਲ ਗੋਲਕ ਤਕਨੀਕ ਦੇ ਨਾਲ ਆਪਣੇ ਬੈਂਕ ਖਾਤੇ ਨੂੰ ਜੋੜਨ ਵਿਚ ਘਾਟ ਮਹਿਸੂਸ ਕਰਦਾ ਹੈ ਤਾਂ ਉਸ ਦਾ ਤੋੜ ਵੀ ਇਹ ਗੋਲਕ ਉਪਲਬਧ ਕਰਵਾ ਰਹੀ ਹੈ। ਦਾਨਕਰਤਾ ਨੂੰ ਇਸ ਮਸ਼ੀਨ ਰਾਹੀਂ ਆਪਣਾ ਮੋਬਾਈਲ ਨੰਬਰ ਪਾਉਣ ਉਤੇ ਆਪਣੇ ਮੋਬਾਈਲ 'ਤੇ ਡਿਜੀਟਲ ਗੋਲਕ ਦਾ ਲਿੰਕ ਐਸ.ਐਮ.ਐਸ. ਰਾਹੀਂ ਆ ਜਾਵੇਗਾ। ਕਮੇਟੀ ਦੇ ਖਾਤੇ ਵਿਚ ਮਾਇਆ ਪੁੱਜਣ ਉਪਰੰਤ ਦਾਨਕਰਤਾ ਦੀ ਈ-ਮੇਲ ਉਤੇ ਧਾਰਾ 80 ਜੀ ਤਹਿਤ ਆਮਦਨ ਕਰ ਤੋਂ ਛੋਟ ਦਾ ਪ੍ਰਮਾਣ-ਪੱਤਰ ਅਤੇ ਮੋਬਾਈਲ 'ਤੇ ਮਾਇਆ ਪ੍ਰਾਪਤੀ ਦਾ ਸੁਨੇਹਾ ਵੀ ਪੁੱਜ ਜਾਵੇਗਾ।

ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਡਿਜੀਟਲ ਗੋਲਕ ਦਾ ਰਸਮੀ ਉਦਘਾਟਨ ਕੀਤਾ ਤੇ ਕਿਹਾ ਕਿ ਅੱਜ ਕੱਲ੍ਹ ਪਲਾਸਟਿਕ ਮਨੀ ਦਾ ਜ਼ਮਾਨਾ ਹੈ। ਜ਼ਿਆਦਾਤਰ ਲੋਕ ਆਪਣੀ ਜੇਬ 'ਚ ਵੱਧ ਨਗਦੀ ਨਹੀਂ ਰੱਖਦੇ ਇਸ ਕਰਕੇ ਕਮੇਟੀ ਵੱਲੋਂ ਡਿਜੀਟਲ ਤਰੀਕੇ ਨਾਲ ਦਾਨ ਰੂਪੀ ਮਾਇਆ ਲੈਣ ਲਈ ਇਹ ਕਦਮ ਚੁੱਕਿਆ ਗਿਆ ਹੈ। ਦਾਨਕਰਤਾ ਨੂੰ ਆਪਣੀ ਮਰਜ਼ੀ ਦੇ ਮਰਜ਼ੀ ਮੁਤਾਬਕ ਭੁਗਤਾਨ ਕਰਨ ਦੇ ਵਿਕਲਪ ਮੌਜੂਦ ਕਰਾਏ ਗਏ ਹਨ ਜਿਵੇਂ ਸਿੱਖਿਆ, ਲੰਗਰ, ਕਾਰ ਸੇਵਾ ਆਦਿ।

# ਲੰਗਰ ਨੂੰ ਜੀ.ਐਸ.ਟੀ. ਮੁਕਤ ਕਰਨ 'ਤੇ ਸ਼੍ਰੋਮਣੀ ਕਮੇਟੀ ਨੂੰ ਕੋਈ ਇਤਰਾਜ਼ ਨਹੀਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਲੰਗਰਾਂ ਦੀ ਰਸਦ ਉਤੇ ਜੀ.ਐਸ.ਟੀ. ਦੀ ਛੋਟ ਬਾਰੇ 'ਪ੍ਰਚਾਰ' ਨੂੰ ਪੰਥ ਵਿਰੋਧੀਆਂ ਦੀ ਸਾਜ਼ਿਸ਼ ਦੱਸਦਿਆਂ ਸੰਗਤਾਂ ਨੂੰ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂਘਰਾਂ ਦੀ ਰਵਾਇਤ ਅਨੁਸਾਰ ਹਰ ਗੁਰੂਘਰ ਵਿਚ ਨਿਰੰਤਰ ਲੰਗਰ ਚਲਾਏ ਜਾਂਦੇ ਹਨ, ਜਿਥੇ ਹਰ ਰੋਜ਼ ਲੱਖਾਂ ਦੀ ਗਿਣਤੀ ਵਿਚ ਲੋਕ ਲੰਗਰ ਛਕਦੇ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਸੰਗਤ ਵੱਲੋਂ ਸ਼ਰਧਾ ਨਾਲ ਗੋਲਕ ਵਿਚ ਭੇਟ ਕੀਤਾ ਇਕ-ਇਕ ਪੈਸਾ ਸੰਜਮ ਤੇ ਇਮਾਨਦਾਰੀ ਨਾਲ ਖਰਚ ਕੀਤਾ ਜਾਵੇ। ਇਸੇ ਲਈ ਯਤਨ ਕੀਤਾ ਜਾਂਦਾ ਹੈ ਕਿ ਰਸਦ ਅਤੇ ਸਮੱਗਰੀ ਘੱਟ ਤੋਂ ਘੱਟ ਰੇਟ ਉਤੇ ਖਰੀਦੀ ਜਾਵੇ, ਤਾਂ ਜੋ ਸੰਗਤ ਦਾ ਪੈਸਾ ਬਚਾਅ ਕੇ ਧਰਮ ਪ੍ਰਚਾਰ, ਸਿਹਤ ਸਹੂਲਤਾਂ ਅਤੇ ਵਿਦਿਅਕ ਕਾਰਜਾਂ ਆਦਿ ਲਈ ਵਰਤੇ ਜਾ ਸਕਣ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਤਿੰਨੇ ਤਖ਼ਤਾਂ ਦੇ ਗੁਰੂਘਰਾਂ ਅਤੇ ਲੰਗਰ ਬਣਾਉਣ ਵਾਲੀ ਸਮੱਗਰੀ ਨੂੰ ਵੈਟ ਤੋਂ ਮੁਕਤ ਕੀਤਾ ਗਿਆ ਸੀ। ਜੀ.ਐਸ.ਟੀ. ਲੱਗਣ ਮਗਰੋਂ ਸੂਬਾ ਸਰਕਾਰ ਨੇ ਇਕੱਲੇ ਸ੍ਰੀ ਦਰਬਾਰ ਸਾਹਿਬ ਵਿਖੇ ਵਰਤਾਏ ਜਾਣ ਵਾਲੇ ਲੰਗਰ ਦੀ ਰਸਦ ਨੂੰ ਜੀ.ਐਸ.ਟੀ. ਮੁਕਤ ਕਰਨ ਦਾ ਐਲਾਨ ਕੀਤਾ ਸੀ। ਸੂਬਾ ਸਰਕਾਰ ਨੇ ਹੋਰ ਕਿਸੇ ਗੁਰਦੁਆਰੇ ਤੇ ਤਖ਼ਤ ਨੂੰ ਅਜਿਹੀ ਕੋਈ ਛੋਟ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਲੰਗਰ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ ਨੂੰ ਸਾਰੇ ਸੈਂਟਰਲ ਟੈਕਸ ਅਤੇ ਜੀ.ਐਸ.ਟੀ. ਤੋਂ ਮੁਕਤ ਕਰਨ ਲਈ ਇਹ ਯੋਜਨਾ ਬਣਾਈ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਕੁਝ ਪੰਥ ਵਿਰੋਧੀ ਲੋਕਾਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਸੰਗਤਾਂ ਸੁਚੇਤ ਹੋਣ।

# ਸਿੱਖ ਕਤਲੇਆਮ ਪੀੜਤਾਂ ਵੱਲੋਂ ਕੈਪਟਨ ਸਰਕਾਰ 'ਤੇ ਮੁੜ ਉਜਾੜੇ ਦੇ ਦੋਸ਼

**ਅੰਮ੍ਰਿਤਸਰ:** 1984 ਸਿੱਖ ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਦੇ ਕਾਰਕੁਨਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਦਿੱਤੇ ਮੰਗ ਪੱਤਰ ਵਿਚ ਸੂਬੇ ਦੀ ਕਾਂਗਰਸ ਸਰਕਾਰ ਉਤੇ ਮੁੜ ਉਜਾੜੇ ਦਾ ਦੋਸ਼ ਲਾਇਆ ਹੈ। ਸੁਸਾਇਟੀ ਕਾਰਕੁਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਦਿੱਤੇ ਗਏ ਲਾਲ ਕਾਰਡ ਸਰਕਾਰ ਨੇ ਰੱਦ ਕਰ ਦਿੱਤੇ ਹਨ ਅਤੇ ਦਿੱਤੀਆਂ ਸਹੂਲਤਾਂ ਵਾਪਸ ਲਈਆਂ ਜਾ ਰਹੀਆਂ ਹਨ। ਉਨ੍ਹਾਂ ਇਸ ਮਾਮਲੇ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਕੋਲੋਂ ਮਦਦ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਗੁਰਦੀਪ ਕੌਰ ਦੀ ਅਗਵਾਈ ਹੇਠ ਆਏ ਵਫਦ ਨੇ ਇਹ ਮੰਗ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ।

ਉਨ੍ਹਾਂ ਪੱਤਰ ਵਿਚ ਲਿਖਿਆ ਕਿ 1984 ਵਿਚ ਵਾਪਰੇ ਸਿੱਖ ਕਤਲੇਆਮ ਦੇ ਪੀੜਤਾਂ ਵਿਚੋਂ ਲਗਭਗ 22 ਹਜ਼ਾਰ ਵਿਅਕਤੀਆਂ ਲਈ ਲਾਲ ਕਾਰਡ ਬਣਾਏ ਗਏ ਸਨ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਨੂੰ ਦੋ-ਦੋ ਲੱਖ ਰੁਪਏ ਪੁਨਰਵਾਸ ਗਰਾਂਟ ਵੀ ਦਿੱਤੀ ਗਈ ਸੀ। ਅਕਾਲੀ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਮਕਾਨ ਅਤੇ ਬੂਥ ਵੀ ਦਿੱਤੇ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਜਦੋਂ ਕਾਂਗਰਸ ਸਰਕਾਰ ਸੱਤਾ ਵਿਚ ਆਈ ਹੈ ਤਾਂ ਇਨ੍ਹਾਂ ਪਰਿਵਾਰਾਂ ਨੂੰ ਮੁੜ ਉਜਾੜਿਆ ਜਾ ਰਿਹਾ ਹੈ। 34 ਸਾਲਾਂ ਬਾਅਦ ਲਾਲ ਕਾਰਡਾਂ ਦੀ ਮੁੜ ਪੜਤਾਲ ਦੇ ਨਾਂ ਹੇਠ ਇਨ੍ਹਾਂ ਪਰਿਵਾਰਾਂ ਦੇ ਲਾਲ ਕਾਰਡ




ਰੱਦ ਕੀਤੇ ਜਾ ਰਹੇ ਹਨ ਅਤੇ ਗਰਾਂਟ ਸਮੇਤ ਹੋਰ ਸਹੂਲਤਾਂ ਵਾਪਸ ਲਈਆਂ ਜਾ ਰਹੀਆਂ ਹਨ। ਇਸ ਮਾਮਲੇ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਉਹ ਇਨ੍ਹਾਂ ਪੀੜਤ ਪਰਿਵਾਰਾਂ ਦੇ ਮੁੜ ਉਜਾੜੇ ਤੋਂ ਸੰਕੋਚ ਕਰੇ, ਨਹੀਂ ਤਾਂ ਸਿੱਖ ਪੰਥ ਡਟਵਾਂ ਜਵਾਬ ਦੇਵੇਗਾ।

# ਹੁਣ ਦੀਵਾਲੀ ਮੌਕੇ ਸਮਾਰਟਫੋਨ ਵੰਡੇਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਹੁਣ ਨੌਜਵਾਨਾਂ ਨੂੰ ਕੈਪਟਨ ਸਰਕਾਰ ਦੇ ਸਮਾਰਟਫੋਨ ਦੀਵਾਲੀ ਉਤੇ ਮਿਲਣਗੇ। ਆਰਥਿਕ ਸੰਕਟ ਵਿਚ ਫਸੀ ਕੈਪਟਨ ਸਰਕਾਰ ਲਈ ਸਮਾਰਟਫੋਨ ਵਾਅਦਾ ਗਲੇ ਦੀ ਹੱਡੀ ਬਣਿਆ ਹੋਇਆ ਹੈ। ਪੰਜਾਬ ਸਰਕਾਰ ਨੇ ਸਮਾਰਟਫੋਨ ਦੇਣ ਲਈ 10 ਕਰੋੜ ਦਾ ਬਜਟ ਰੱਖਿਆ ਹੈ ਤੇ 50 ਲੱਖ ਨੌਜਵਾਨਾਂ ਨੂੰ ਸਮਾਰਟਫੋਨ ਦਿੱਤੇ ਜਾਣਗੇ।

ਸੂਤਰਾਂ ਮੁਤਾਬਕ ਪਹਿਲੇ ਗੇੜ ਵਿਚ ਤਕਰੀਬਨ 7 ਤੋਂ 10 ਲੱਖ ਨੌਜਵਾਨਾਂ ਨੂੰ ਮੁਫਤ ਸਮਾਰਟਫੋਨ ਦਿੱਤੇ ਜਾਣਗੇ।

ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਨੌਜਵਾਨਾਂ ਲਈ ਇਹ ਵੱਡਾ ਵਾਅਦਾ ਸੀ। ਕਾਂਗਰਸ ਨੇ ਸਰਕਾਰ ਬਣਾਉਣ ਉਤੇ 18 ਤੋਂ 35 ਸਾਲ ਤੱਕ ਦੇ ਉਨ੍ਹਾਂ ਨੌਜਵਾਨਾਂ ਸਮਾਰਟਫੋਨ ਦੇਣ ਦਾ ਵਾਅਦਾ ਕੀਤਾ ਸੀ, ਜਿਨ੍ਹਾਂ ਨੇ ਚੋਣਾਂ ਸਮੇਂ ਕਾਂਗਰਸ ਦਾ ਵਿਸ਼ੇਸ਼ ਤੌਰ ਉਤੇ ਫੋਨ ਲੈਣ ਵਾਲਾ ਫਾਰਮ ਭਰਿਆ ਸੀ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਸਭ ਤੋਂ ਸੌਖਾ ਪੂਰਾ ਹੋਣ ਵਾਲਾ ਵਾਅਦਾ ਸਮਾਰਟਫੋਨ ਦੇਣਾ ਹੈ।

ਮੰਤਰੀ ਨੇ ਅੰਬਾਨੀ ਵੱਲੋਂ ਮੋਬਾਇਲ ਦੇਣ ਦੀ ਗੱਲ ਕਹੀ ਸੀ। ਸੂਤਰਾਂ ਮੁਤਾਬਕ ਹੁਣ ਹੋਰ ਕੰਪਨੀਆਂ ਨੂੰ ਵੀ ਸੱਦਾ ਦਿੱਤਾ ਜਾ ਰਿਹਾ ਹੈ।



ਮੰਨਿਆ ਜਾ ਸਰਕਾਰ ਲੋਕ ਸਭਾ ਚੋਣਾ ਵਿਚ ਇਨ੍ਹਾਂ ਸਮਾਰਟਫੋਨਜ਼ ਦਾ ਫਾਇਦਾ ਲੈਣਾ ਚਾਹੁੰਦੀ ਹੈ, ਇਸੇ ਲਈ ਦੇਰੀ ਹੋ ਰਹੀ ਹੈ।

ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਪੰਜਾਬ ਦੀ ਆਰਥਿਕ ਹਾਲਤ ਬਹੁਤ ਖਰਾਬ ਹੈ। ਸਰਕਾਰ ਦੇ ਮਾਲੀ ਖਰਚ 'ਚ 487 ਕਰੋੜ ਦਾ ਵਾਧਾ ਹੋਇਆ ਹੈ। ਵਿੱਤੀ ਘਾਟਾ 264.94 ਸੀ ਤੇ ਹੁਣ 342.92 ਕਰੋੜ ਹੋ ਗਿਆ ਹੈ। ਪਿਛਲੇ ਸਾਲ 264 ਕਰੋੜ ਦੇ ਮੁਕਾਬਲੇ ਇਸ ਵਾਰ 341 ਕਰੋੜ ਦਾ ਕਰਜ਼ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦੀ ਆਮਦਨ ਦਾ 75 ਫੀਸਦੀ ਮੁਲਾਜ਼ਮਾਂ ਦੀਆਂ ਤਨਖਾਹਾਂ ਉਤੇ ਹੀ ਖਰਚ ਹੋ ਜਾਂਦਾ ਹੈ। ਅਜਿਹੇ ਵਿਚ ਕੈਪਟਨ ਸਰਕਾਰ ਲਈ ਆਪਣੇ ਵੱਡੇ ਚੋਣ ਵਾਅਦੇ ਪੂਰੇ ਕਰਨੇ ਬੇਹੱਦ ਔਖੇ ਹੋ ਰਹੇ ਹਨ।

# ਸਵਖਤੇ ਉਠਣ ਵਾਲੀਆਂ ਸਵਾਣੀਆਂ ਰਹਿੰਦੀਆਂ ਨੇ ਤੰਦਰੁਸਤ

**ਵਾਸ਼ਿੰਗਟਨ:** ਮੱਧ ਤੋਂ ਵੱਡੀ ਉਮਰ ਦੀਆਂ ਔਰਤਾਂ ਜੋ ਛੇਤੀ ਸੌਂਦੀਆਂ ਹਨ ਅਤੇ ਸਵੇਰੇ ਛੇਤੀ ਉਠਦੀਆਂ ਹਨ, ਵਿਚ ਮਾਨਸਿਕ ਪਰੇਸ਼ਾਨੀ ਦਾ ਵਿਕਾਸ ਘੱਟ ਹੁੰਦਾ ਹੈ। ਇਹ ਗੱਲ ਇਕ ਸਰਵੇਖਣ



ਤੋਂ ਸਾਹਮਣੇ ਆਈ ਹੈ। ਇਥੇ ਇਕ ਰਸਾਲੇ ਵਿਚ ਛਪੀ ਮਨੋਵਿਗਿਆਨਕ ਖੋਜ ਉਤੇ ਅਧਾਰਤ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ।

ਇਹ ਖੋਜ ਚਾਰ ਸਾਲ ਵਿਚ 32 ਹਜ਼ਾਰ ਔਰਤਾਂ ਉਤੇ ਕੀਤੀ ਗਈ ਹੈ। ਇਸ ਵਿਚ ਜ਼ਿਆਦਾਤਰ 55 ਸਾਲ ਤੱਕ ਦੀਆਂ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਰਵੇਖਣ ਦਾ ਆਧਾਰ ਮੱਧ ਉਮਰ ਦੀਆਂ ਔਰਤਾਂ 'ਚ ਮਾਨਸਿਕ ਪਰੇਸ਼ਾਨੀ ਦੀ ਭਾਵਨਾ ਦਾ ਪਤਾ ਲਗਾਉਣਾ ਸੀ। ਇਸ ਸਰਵੇਖਣ ਵਿਚ ਮਾਨਸਿਕ ਪਰੇਸ਼ਾਨੀ ਦੇ ਹੋਰ ਕਾਰਨ ਜਿਵੇਂ ਸਰੀਰਕ ਭਾਰ, ਰੋਜ਼ਮਰ੍ਹਾ ਦੇ ਕੰਮ, ਸਦੀਵੀ ਬਿਮਾਰੀ, ਸੌਣ ਦਾ ਸਮਾਂ ਅਤੇ ਰਾਤ ਦੇ ਕੰਮ ਦੇ ਪ੍ਰਭਾਵਾਂ ਨੂੰ ਵੀ ਵਾਚਿਆ ਗਿਆ। ਖੋਜ ਕਰਤਾਵਾਂ ਨੇ ਪਾਇਆ ਕਿ ਸਵੇਰੇ ਛੇਤੀ ਉਠਣ ਵਾਲਿਆਂ ਵਿਚ ਮਾਨਸਿਕ ਪਰੇਸ਼ਾਨੀ ਦਾ ਖਤਰਾ 12 ਤੋਂ 27% ਘੱਟ ਹੁੰਦਾ ਹੈ ਜਦੋਂ ਕਿ ਲੇਟ ਉਠਣ ਵਾਲਿਆਂ ਵਿਚ ਇਹ ਖਤਰਾ ਛੇ ਫੀਸਦੀ ਵਧ ਜਾਂਦਾ ਹੈ।

# ਗਰਭਵਤੀ ਮਹਿਲਾਵਾਂ ਦੀ ਮੌਤ ਦਰ 'ਚ ਕਮੀ

**ਪਟਿਆਲਾ:** ਗਰਭਵਤੀ ਮਹਿਲਾਵਾਂ ਦੀ ਮੌਤ ਦਰ ਵਿਚ ਦੋ ਸਾਲਾਂ 'ਚ ਦੇਸ਼ ਅੰਦਰ 22 ਫੀਸਦੀ ਅਤੇ ਪੰਜਾਬ ਅੰਦਰ 13.47 ਫੀਸਦੀ ਦੀ ਗਿਰਾਵਟ ਆਈ ਹੈ। ਇਹ ਅੰਕੜਾ ਇਕ ਲੱਖ ਗਰਭਵਤੀ ਮਹਿਲਾਵਾਂ ਉਤੇ ਅਧਾਰਤ ਹੈ। ਭਾਰਤ ਸਰਕਾਰ ਵੱਲੋਂ ਹਾਲ ਹੀ ਵਿਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਵਿਚ 2011 ਤੋਂ 2013 ਦਰਮਿਆਨ 'ਮੈਟਰਨਲ ਮੋਰਟੈਲਿਟੀ ਰੇਸ਼ੋ' (ਗਰਭਵਤੀ ਮਹਿਲਾਵਾਂ ਦੀ ਮੌਤ ਦਰ) 141 ਸੀ ਅਤੇ 2014 ਤੋਂ 2016 ਦਰਮਿਆਨ ਇਹ ਮੌਤ ਦਰ 122 ਰਹੀ। ਗਿਣਤੀ ਪੱਖੋਂ ਦੇਖੀਏ ਤਾਂ ਪਹਿਲੇ ਦੋ ਸਾਲਾਂ ਵਿਚ 17 ਅਤੇ ਪਿਛਲੇ ਦੋ ਸਾਲਾਂ ਦੌਰਾਨ 11 ਗਰਭਵਤੀ ਮਹਿਲਾਵਾਂ ਮੌਤ ਦੇ ਮੂੰਹ ਗਈਆਂ।


ਕੇਂਦਰ ਦੇ 'ਸੈਂਪਲ ਰਜਿਸਟਰੇਸ਼ਨ ਸਿਸਟਮ' ਵੱਲੋਂ 8 ਜੂਨ ਨੂੰ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਅਨੁਸਾਰ ਦੇਸ਼ ਭਰ ਵਿਚ 'ਮੈਟਰਨਲ ਮੋਰਟੈਲਿਟੀ ਰੇਸ਼ੋ' (ਇਕ ਲੱਖ ਗਰਭਵਤੀ ਮਹਿਲਾਵਾਂ ਵਿਚੋਂ) ਜੇਕਰ 2011 ਤੋਂ 2013 ਵਿਚ ਮੌਤ ਦਰ 167 ਸੀ, ਤਾਂ 2014 ਤੋਂ 2016 ਤੱਕ ਸਰਵੇ ਦੌਰਾਨ ਮੌਤ ਦਰ ਦਾ ਇਹ ਅੰਕੜਾ 130 ਰਿਹਾ। ਉਜ 2030 ਤੱਕ ਮੌਤ ਦਰ 70 ਤੱਕ ਹੇਠਾਂ ਲਿਆਉਣ ਦਾ ਟੀਚਾ ਹੈ, ਪਰ ਕੇਂਦਰੀ ਸਿਹਤ ਮੰਤਰਾਲਾ ਇਸ ਟੀਚੇ ਨੂੰ 2022 ਤੱਕ ਹੀ ਸਰ ਕਰ ਲੈਣ ਦੀ ਗੱਲ ਕਰਦਾ ਹੈ। ਉਧਰ, ਸਿਹਤ ਵਿਭਾਗ ਪੰਜਾਬ ਦੀ ਡਾਇਰੈਕਟਰ ਜਸਪਾਲ ਕੌਰ ਨੇ ਕਿਹਾ ਕਿ ਗਰਭਵਤੀ ਮਹਿਲਾਵਾਂ ਦੀ ਮੌਤ ਦਰ ਘਟਾਉਣ ਲਈ ਪੰਜਾਬ ਦੇ ਸਿਹਤ ਵਿਭਾਗ ਵੱਲੋਂ ਵਡੇਰੇ



ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕੜੀ ਵਜੋਂ 98 ਫੀਸਦੀ ਜਣੇਪੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਵਿਚ ਹੀ ਹੁੰਦੇ ਹਨ। ਸਰਕਾਰੀ ਹਸਪਤਾਲਾਂ ਵਿਚ ਜਣੇਪਾ ਮੁਫਤ ਕਰਵਾਇਆ ਜਾਂਦਾ ਹੈ। ਟੈਸਟ ਸਮੇਤ ਕਈ ਹੋਰ ਸੁਵਿਧਾਵਾਂ ਵੀ ਮੁਫਤ ਹਨ ਜਦੋਂਕਿ ਵਿਭਾਗ ਦੇ ਆਸ਼ਾ ਵਰਕਰ ਗਰਭਵਤੀ ਮਹਿਲਾਵਾਂ ਦੇ ਸੰਪਰਕ ਵਿਚ ਵੀ ਰਹਿੰਦੇ ਹਨ।

# ਪੰਜਾਬ ਦੇ ਭਵਿੱਖ ਲਈ ਪਾਣੀ ਦੀ ਸੰਭਾਲ ਜ਼ਰੂਰੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡੀ ਇਸ ਲਿਖਤ ਨਾਲ ਪੰਜਾਬ ਸਰਕਾਰ ਨੇ ਕਿਸਾਨਾਂ ਵੱਲੋਂ ਅਗੇਤਾ ਝੋਨਾ ਲਾਉਣ ਦੀ ਪਾਬੰਦੀ ਚੁੱਕਣੀ ਨਹੀਂ, ਤੇ ਇਸ ਨੂੰ ਵਧਾਉਣ ਵੀ ਨਹੀਂ ਲੱਗੀ, ਇਸ ਕਰ ਕੇ ਅਸੀਂ ਆਪਣੀ ਰਾਏ ਕਿਸੇ ਇੱਕ ਧਿਰ ਦੇ ਪੱਖ ਜਾਂ ਵਿਰੋਧ ਵਾਸਤੇ ਨਹੀਂ ਦੇ ਰਹੇ, ਇਸ ਵਾਸਤੇ ਦੇ ਰਹੇ ਹਾਂ ਕਿ ਇਹ ਮੁੱਦਾ ਸਾਡੇ ਵਿਚੋਂ ਹਰ ਕਿਸੇ ਦਾ ਧਿਆਨ ਮੰਗਦਾ ਹੈ। ਲੋਕਾਂ ਵਿਚ ਜਾਣ ਵਾਲੇ ਆਗੂ ਆਪੋ-ਆਪਣੀ ਰਾਜਨੀਤੀ ਦੇ ਹਿਸਾਬ ਨਾਲ ਬੋਲਦੇ ਹਨ, ਸਰਕਾਰ ਚਲਾਉਣ ਵਾਲੇ ਆਪਣੀ ਸਰਕਾਰੀ ਮਜਬੂਰੀ ਦੇ ਹਿਸਾਬ ਨਾਲ ਕੰਮ ਕਰਦੇ ਹਨ ਤੇ ਜਿਹੜੇ ਸਰਕਾਰ ਚਲਾਉਣ ਵੱਲੋਂ ਵਿਹਲੇ ਕਰ ਦਿੱਤੇ ਗਏ ਸਨ, ਆਪਣਾ ਵਿਹਲਾ ਸਮਾਂ ਉਨ੍ਹਾਂ ਕੰਮਾਂ ਲਈ ਲਾ ਰਹੇ ਹਨ, ਜਿਹੜੇ ਉਨ੍ਹਾਂ ਨੂੰ ਪਤਾ ਹੈ ਕਿ ਗਲਤ ਹਨ। ਇਹੋ ਕਾਰਨ ਹੈ ਕਿ ਅਗੇਤੇ ਝੋਨੇ ਦੇ ਮੁੱਦੇ ਉਤੇ ਕਿਸਾਨਾਂ ਨੂੰ ਸਰਕਾਰ ਦੇ ਵਿਰੁਧ ਡਟਣ ਲਈ ਹਮਾਇਤ ਦੇਣ ਤੇ ਹਮਾਇਤ ਦੇ ਬਹਾਨੇ ਉਕਸਾਉਣ ਵਾਸਤੇ ਅਕਾਲੀ ਦਲ ਨੇ ਇੱਕ ਹੈਲਪ-ਲਾਈਨ ਵੀ ਕਾਇਮ ਕਰ ਦਿੱਤੀ ਹੈ, ਜੋ ਆਪਣੇ ਆਪ ਵਿਚ ਹਾਸੋ-ਹੀਣੀ ਗੱਲ ਹੈ।

ਸਾਡੇ ਮੂਹਰੇ ਸਭ ਤੋਂ ਪਹਿਲਾ ਸਵਾਲ ਇਹ ਹੋਣਾ ਚਾਹੀਦਾ ਹੈ, ਤੇ ਹਰ ਕਿਸੇ ਪੰਜਾਬੀ ਸਾਹਮਣੇ ਹੋਣਾ ਚਾਹੀਦਾ ਹੈ ਕਿ ਪੰਜਾਬ ਵੱਸਦਾ ਰਹਿਣ ਦੇਣਾ ਹੈ ਕਿ ਨਹੀਂ? ਜ਼ਿੰਦਗੀ ਦੀ ਪਹਿਲੀ ਮੁਢਲੀ ਲੋੜ ਹਵਾ ਤੇ ਦੂਜੀ ਪਾਣੀ ਹੁੰਦੀ ਹੈ। ਇਸ ਦੇ ਬਾਅਦ ਤੀਸਰੀ ਲੋੜ ਅੰਨ ਕਹੀ ਜਾਂਦੀ ਹੈ। ਅੰਨ ਦੀ ਬੁਰਕੀ ਬਿਨਾ ਦਰਸ਼ਨ ਸਿੰਘ ਫੇਰੂਮਾਨ 74 ਦਿਨ ਜ਼ਿੰਦਾ ਰਹਿ ਗਿਆ ਸੀ, ਪਰ ਪਾਣੀ ਬਿਨਾ ਏਨਾ ਚਿਰ ਨਹੀਂ ਸੀ ਰਹਿ ਸਕਦਾ ਤੇ ਹਵਾ ਬਿਨਾ ਇੱਕ ਸਾਹ ਆ ਗਿਆ ਤੇ ਹਵਾ ਬੰਦ ਹੁੰਦੇ ਸਾਰ ਦੂਸਰੇ ਸਾਹ ਤੱਕ ਪ੍ਰਾਣਾਂ ਦੀ ਸੂਈ ਅੱਗੇ ਚੱਲਣ ਤੋਂ ਰੁਕ ਜਾਂਦੀ ਹੈ। ਹਵਾ ਸਾਡੇ ਸਮਿਆਂ ਵਿਚ ਏਨੀ ਪਲੀਤ ਕੀਤੀ ਪਈ ਹੈ ਕਿ ਭਾਰਤ ਦੇ ਵੱਡੇ ਸ਼ਹਿਰਾਂ ਦੇ ਬਹੁਤ ਸਾਰੇ ਲੋਕ ਅੱਜ ਕੱਲ੍ਹ ਦੋ-ਪਹੀਆ ਗੱਡੀ ਚਲਾਉਂਦੇ ਸਮੇਂ ਆਪਣੇ ਮੂੰਹ ਅੱਗੇ ਡਾਕਟਰਾਂ ਦੇ ਅਪਰੇਸ਼ਨ ਥੀਏਟਰ ਵਿਚ ਪਾਉਣ ਵਾਲਾ ਮਾਸਕ ਪਾਈ ਰੱਖਦੇ ਹਨ। ਇਸ ਦੇ ਬਾਵਜੂਦ ਭਾਵੇਂ ਗੰਦੀ ਹੀ ਹੋਵੇ, ਹਵਾ ਤਾਂ ਮਿਲਦੀ ਰਹੇਗੀ, ਪਰ ਪਾਣੀ ਸਾਡੇ ਕੋਲੋਂ ਖੁੱਸਦਾ ਜਾ ਰਿਹਾ ਹੈ।

ਕਿਸੇ ਵਿਆਹ-ਸ਼ਾਦੀ ਜਾਂ ਕਾਨਫਰੰਸ ਵਿਚ ਚਲੇ ਜਾਈਏ ਤਾਂ ਦੋ ਸੌ ਮਿਲੀਲੀਟਰ ਪਾਣੀ ਵਾਲੇ ਕੱਪ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਰੇਟ ਅੱਠ ਰੁਪਏ ਹੁੰਦਾ ਹੈ। ਇਸ ਹਿਸਾਬ ਨਾਲ ਪੰਜਾਬ ਵਿਚ ਚਾਲੀ ਰੁਪਏ ਲਿਟਰ ਪਾਣੀ ਵਿਕਦਾ ਪਿਆ ਹੈ ਅਤੇ ਏਨੇ ਕੁ ਪੈਸਿਆਂ ਨਾਲ ਦੁੱਧ ਮਿਲ ਜਾਂਦਾ ਹੈ। ਪਾਣੀ ਦੀ ਇਸ ਸੇਲ ਦਾ ਕਾਰਨ ਆਮ ਪਾਣੀ ਦਾ ਗੰਦਾ ਹੋਣਾ ਹੈ, ਪਰ ਜੋ ਫਸਲਾਂ ਸਾਡੇ ਵਡੇਰੇ ਖੂਹਾਂ ਜਾਂ ਨਹਿਰਾਂ ਨਾਲ ਪਾਲਦੇ ਹੁੰਦੇ ਸਨ, ਉਨ੍ਹਾਂ ਲਈ ਵੀ ਪਾਣੀ ਨਹੀਂ ਮਿਲ ਰਿਹਾ। ਨਹਿਰਾਂ ਵਿਚ ਪਹਾੜਾਂ



ਵੱਲੋਂ ਪਾਣੀ ਆਉਣਾ ਘਟਦਾ ਜਾਂਦਾ ਹੈ ਤੇ ਖੂਹਾਂ ਦੀ ਥਾਂ ਸਹੂਲਤ ਲਈ ਲਾਏ ਟਿਊਬਵੈਲਾਂ ਨੇ ਧਰਤੀ ਹੇਠਲਾ ਪਾਣੀ ਏਨਾ ਖਿੱਚ ਲਿਆ ਹੈ ਕਿ ਹਰ ਸਾਲ ਬੋਰ ਹੋਰ ਡੂੰਘੇ ਕਰਦੇ-ਕਰਦੇ ਅਸੀਂ ਚਾਰ ਸੌ ਫੁੱਟ ਹੇਠਾਂ ਗੱਡਣ ਤੱਕ ਪਹੁੰਚ ਗਏ ਹਾਂ।

ਇਨ੍ਹਾਂ ਹਾਲਾਤ ਵਿਚ ਖੇਤੀ ਵਿਗਿਆਨੀਆਂ ਨੇ ਸਿਰਫ ਭਵਿੱਖ ਦੀ ਖੇਤੀ ਵਾਸਤੇ ਨਹੀਂ, ਭਵਿੱਖ ਵਿਚ ਪੰਜਾਬ ਵੱਸਣ ਜੋਗਾ ਰੱਖਣ ਵਾਸਤੇ ਵੀ ਸੋਚਿਆ ਤੇ ਇਹ ਕਿਹਾ ਸੀ ਕਿ ਧਰਤੀ ਤੋਂ ਪਾਣੀ ਦੀ ਨਿਕਾਸੀ ਘਟਾਉਣੀ ਚਾਹੀਦੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਪਿਛਲੀ ਸਰਕਾਰ ਜਦੋਂ ਬਣੀ ਤਾਂ ਇਹ ਕਾਨੂੰਨ ਹੋਰ ਦੇਸ਼ਾਂ ਵਿਚ ਲਾਗੂ ਹੋਣ ਦੇ ਬਾਵਜੂਦ ਪੰਜਾਬ ਲਈ ਇਸ ਦੀ ਤਜਵੀਜ਼ ਪੇਸ਼ ਹੁੰਦੇ ਸਾਰ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਸੀ। ਖੁਦ ਅਮਰਿੰਦਰ ਸਿੰਘ ਨਹੀਂ ਸੀ ਮੰਨ ਰਹੇ ਕਿ ਕਿਸਾਨ ਭੜਕ ਪਏ ਤਾਂ ਸੰਭਾਲੇ ਨਹੀਂ ਜਾਣਗੇ।

ਫਿਰ ਰਾਜ ਬਦਲ ਗਿਆ ਤੇ ਅਕਾਲੀ-ਭਾਜਪਾ ਦੀ ਸਰਕਾਰ ਬਣ ਗਈ। ਪਾਣੀ ਬਾਰੇ ਪਹਿਲੀ ਤਜਵੀਜ਼ ਫਿਰ ਪੇਸ਼ ਹੋ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਤਰ੍ਹਾਂ ਦਾ ਕੋਈ ਕਦਮ ਚੁੱਕਣ ਨੂੰ ਤਿਆਰ ਨਹੀਂ ਸਨ ਤੇ ਇਸੇ ਲਈ ਇੱਕ ਸਾਲ ਅੜੀ ਕਰ ਗਏ, ਪਰ ਦੂਜੇ ਸਾਲ ਮਾਹਰਾਂ ਦਾ ਕਿਹਾ ਮੰਨਣਾ ਪੈ ਗਿਆ। ਇਸ ਦੇ ਬਾਅਦ ਵਿਧਾਨ ਸਭਾ ਦੇ ਬੱਜਟ ਸਮਾਗਮ ਵਿਚ 'ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸਾਇਲ ਐਕਟ 2009' ਪਾਸ ਕੀਤਾ ਗਿਆ ਅਤੇ ਪੰਜਾਬ ਦੇ ਗਵਰਨਰ ਤੋਂ ਇਸ ਉਤੇ ਦੋ ਅਪਰੈਲ 2009 ਨੂੰ ਦਸਤਖਤ ਕਰਵਾਏ ਜਾਣ ਮਗਰੋਂ ਇਸ ਦਾ ਨੋਟੀਫਿਕੇਸ਼ਨ ਬਾਦਲ ਸਰਕਾਰ ਨੇ ਹੀ 28 ਅਪਰੈਲ 2009 ਨੂੰ ਕੀਤਾ ਸੀ। ਅੱਜ ਕੈਪਟਨ ਸਰਕਾਰ ਜਿਸ ਐਕਟ ਨਾਲ ਕਿਸਾਨਾਂ ਨੂੰ ਅਗੇਤਾ ਝੋਨਾ ਲਾਉਣ ਤੋਂ ਰੋਕ ਰਹੀ ਹੈ, ਉਸ ਵਾਸਤੇ ਪ੍ਰਬੰਧ ਇਸ ਐਕਟ ਵਿਚ ਬਾਦਲ ਸਰਕਾਰ ਨੇ ਹੀ ਕੀਤਾ ਸੀ ਤੇ ਉਸ ਐਕਟ ਦੀਆਂ ਕੁਝ ਮੱਦਾਂ ਜ਼ਰਾ ਗਹੁ ਨਾਲ ਪੜ੍ਹਨ ਵਾਲੀਆਂ ਹਨ।

ਸਾਡੀ ਜਾਣਕਾਰੀ ਅਨੁਸਾਰ ਇਸ ਐਕਟ ਦੀ ਧਾਰਾ 3(1) ਕਹਿੰਦੀ ਹੈ ਕਿ ਕੋਈ ਵੀ ਕਿਸਾਨ ਮਈ ਦੇ ਦਸਵੇਂ ਦਿਨ ਤੋਂ ਪਹਿਲਾਂ ਝੋਨੇ ਦੀ ਪਨੀਰੀ ਨਹੀਂ ਬੀਜੇਗਾ ਤੇ ਸੋਲਾਂ ਜੂਨ ਜਾਂ ਮਿਥੀ ਗਈ ਤਰੀਕ ਤੋਂ ਪਹਿਲਾਂ ਝੋਨਾ ਨਹੀਂ ਲਾਵੇਗਾ। ਇਸ ਦੇ ਬਾਅਦ ਧਾਰਾ ਪੰਜ ਕਹਿ ਰਹੀ ਹੈ ਕਿ 'ਸਮਰੱਥ ਅਧਿਕਾਰੀ ਇਸ ਐਕਟ ਦੀ ਉਲੰਘਣਾ ਬਾਰੇ ਆਪਣੇ ਆਪ ਜਾਂ ਉਸ ਦੇ ਧਿਆਨ ਵਿਚ ਸੂਚਨਾ ਲਿਆਂਦੇ ਜਾਣ ਉਤੇ ਉਸ ਕਿਸਾਨ, ਜਿਸ ਨੇ ਝੋਨੇ ਦੀ ਪਨੀਰੀ ਲਾਉਣ ਜਾਂ ਝੋਨਾ ਲਾਉਣ ਬਾਰੇ ਇਸ ਐਕਟ ਦੀ ਉਲੰਘਣਾ ਕੀਤੀ ਹੈ, ਦੇ ਖਿਲਾਫ ਉਸ ਦੀ ਪਨੀਰੀ ਜਾਂ ਲੱਗਾ ਝੋਨਾ ਵਾਹੁਣ ਦੇ ਹੁਕਮ ਦੇ ਸਕਦਾ ਹੈ।'

ਧਾਰਾ ਛੇ ਵਿਚ ਲਿਖਿਆ ਹੈ ਕਿ ਕਿਸਾਨ ਦੇ ਖਿਲਾਫ ਕੀਤੀ ਇਸ ਕਾਰਵਾਈ ਦਾ ਖਰਚਾ ਵੀ ਕਿਸਾਨ ਦੇ ਸਿਰ ਪਵੇਗਾ ਤੇ ਧਾਰਾ 7(1) ਕਹਿੰਦੀ ਹੈ ਕਿ ਏਦਾਂ ਦੀ ਉਲੰਘਣਾ ਕਰਨ ਵਾਲੇ ਕਿਸਾਨ ਨੂੰ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਪ੍ਰਤੀ ਏਕੜ ਦਾ ਜੁਰਮਾਨਾ ਪਾਇਆ ਜਾ ਸਕਦਾ ਹੈ। ਇਸ ਐਕਟ ਦਾ ਹਰ ਸ਼ਬਦ ਆਪਣੇ ਆਪ ਬੋਲਦਾ ਹੈ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੀ ਸਿਆਸੀ ਲੀਡਰਸ਼ਿਪ ਆਪਣੀ ਸਰਕਾਰ ਦੇ ਵਕਤ ਪੰਜਾਬ ਦੇ ਕਿਸਾਨਾਂ ਦੇ ਗਿੱਟੇ ਸੇਕਣ, ਲੱਗਾ ਝੋਨਾ ਵਾਹ ਦੇਣ ਅਤੇ ਜੇਬਾਂ ਕੱਟਣ ਜੋਗੇ ਜੁਰਮਾਨੇ ਦਾ ਪ੍ਰਬੰਧ ਕਰ ਕੇ ਗਈ ਹੈ, ਉਹ ਦੂਸਰੇ ਪਾਸੇ ਜਾ ਖੜੋਤੀ ਹੈ।

ਇਨ੍ਹਾਂ ਸਭ ਗੱਲਾਂ ਵਲੋਂ ਹਟ ਕੇ ਸਾਡੇ ਸੋਚਣ ਦੀ ਗੱਲ ਇਹ ਹੈ ਕਿ ਪੰਜਾਬ ਦੇ ਭਵਿੱਖ ਦਾ ਬਣੇਗਾ ਕੀ? ਕਦੀ ਇਥੇ ਅੱਠ ਫੁੱਟ ਉਤੇ ਪਾਣੀ ਨਿਕਲਦਾ ਅਸੀਂ ਬਚਪਨ ਵਿਚ ਵੇਖਿਆ ਸੀ। ਅੱਜ ਕੱਲ੍ਹ ਹਰ ਸਾਲ ਬੋਰ ਪੁੱਟਣ ਤੇ ਹੋਰ ਡੂੰਘੇ ਕਰਨ ਦੇ ਚੱਕਰ ਵਿਚ ਚਾਰ ਸੌ ਫੁੱਟ ਤੋਂ ਹੇਠਾਂ ਜਾਣ ਲੱਗ ਪਏ ਹਾਂ। ਭਾਵੇਂ ਮਹਿੰਗੀ ਪੈਂਦੀ ਹੈ, ਜਦੋਂ ਕੋਈ ਤਕਨੀਕ ਨਵੀਂ ਮਿਲਦੀ ਹੈ ਤਾਂ ਵਰਤ ਕੇ ਅਸੀਂ ਡੂੰਘੇ ਤੋਂ ਡੂੰਘਾ ਬੋਰ ਕਰੀ ਜਾ ਰਹੇ ਹਾਂ, ਪਰ ਇਸ ਦੀ ਵੀ ਇੱਕ ਹੱਦ ਹੈ। ਉਹ ਹੱਦ ਛੋਹ ਲੈਣ ਪਿੱਛੋਂ ਕੀ ਕਰਨਾ ਹੈ, ਇਸ ਦੀ ਚਿੰਤਾ ਅਸੀਂ ਕਰਨਾ ਨਹੀਂ ਚਾਹੁੰਦੇ। ਏਨਾ ਬੇਚਿੰਤ ਹੋਣਾ ਨੁਕਸਾਨ ਕਰੇਗਾ। ਸਾਡੇ ਲੋਕਾਂ ਨੂੰ ਇਹ ਪਤਾ ਨਹੀਂ ਹੋਣਾ ਕਿ ਖਾੜੀ ਦੇ ਦੇਸ਼ਾਂ ਵਿਚ ਜਿੱਥੇ ਪਾਣੀ ਦੀ ਘਾਟ ਹੈ, ਕੁਝ ਥਾਂਈਂ ਬਾਹਰੋਂ ਟੈਂਕਰਾਂ ਵਿਚ ਮੰਗਾਉਣਾ ਪੈਂਦਾ ਹੈ ਤੇ ਕੁਝ ਥਾਂਈਂ 'ਡੀਸਾਲੀਨੇਸ਼ਨ' ਕਰ ਕੇ ਸਮੁੰਦਰ ਦਾ ਖਾਰਾ ਪਾਣੀ ਪੀਣ ਵਾਲਾ ਬਣਾਉਣਾ ਪੈਂਦਾ ਹੈ। ਇਸ ਉਤੇ ਏਨਾ ਵੱਡਾ ਖਰਚ ਆ ਜਾਂਦਾ ਹੈ ਕਿ ਦੁਨੀਆਂ ਨੂੰ ਤੇਲ ਵੇਚ ਕੇ ਮੋਟੀ ਕਮਾਈ ਕਰਨ ਵਾਲੇ ਦੇਸ਼ ਤਾਂ ਇਹ ਬੋਝ ਚੁੱਕ ਸਕਦੇ ਹਨ, ਭਾਰਤ ਦੇਸ਼ ਜਾਂ ਸਮੁੰਦਰੀ ਪਾਣੀ ਤੋਂ ਸੈਂਕੜੇ ਮੀਲ ਦੂਰ ਵਾਲਾ ਸਾਡਾ ਪੰਜਾਬ ਏਨਾ ਖਰਚ ਨਹੀਂ ਕਰ ਸਕਦਾ।

ਅਗਲੀ ਪੀੜ੍ਹੀ ਵਾਲੇ ਲੋਕਾਂ ਲਈ ਜਿਸ ਕਿਸੇ ਦੇ ਮਨ ਵਿਚ ਜ਼ਰਾ ਜਿੰਨਾ ਵੀ ਮੋਹ ਹੈ, ਉਸ ਨੂੰ ਸਿਆਸੀ ਪੈਂਤੜੇ ਛੱਡ ਕੇ ਪਾਣੀ ਦੀ ਸਮੱਸਿਆ ਦੀਆਂ ਕੌੜੀਆਂ ਹਕੀਕਤਾਂ ਨੂੰ ਸਮਝਣ ਦੀ ਲੋੜ ਹੈ। ਪਾਣੀ ਦਾ ਕੁਝ ਹਿੱਸਾ ਭਵਿੱਖ ਲਈ ਬਚਾਉਣ ਵਾਸਤੇ ਇਸ ਵੇਲੇ ਥੋੜ੍ਹਾ ਘੱਟ ਪਾਣੀ ਵਰਤਣਾ ਪਵੇ, ਥੋੜ੍ਹਾ-ਬਹੁਤ ਔਖਾ ਵੀ ਹੋਣਾ ਪਵੇ, ਤਾਂ ਹੋ ਲੈਣਾ ਚਾਹੀਦਾ ਹੈ।

ਮਾੜੀ ਗੱਲ ਇਸ ਵਿਚ ਇਹ ਹੈ ਕਿ ਜੋ ਸਰਕਾਰ ਹੋਰ ਲੋਕਾਂ ਉਤੇ ਇਹ ਕਾਨੂੰਨ ਲਾਗੂ ਕਰਦੀ ਪਈ ਹੈ, ਉਸ ਦੇ ਆਪਣੇ ਕਈ ਆਗੂ ਆਪਣੇ ਖੇਤਾਂ ਵਿਚ ਕਾਨੂੰਨ ਦੀ ਉਲੰਘਣਾ ਕਰ ਕੇ ਵੇਲੇ ਤੋਂ ਪਹਿਲਾਂ ਝੋਨਾ ਲਾ ਬੈਠੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਕਾਨੂੰਨ ਲਾਗੂ ਕਰਨਾ ਹੈ ਤਾਂ ਉਨ੍ਹਾਂ ਆਗੂਆਂ ਦੇ ਫਾਰਮਾਂ ਤੋਂ ਸ਼ੁਰੂ ਕੀਤਾ ਜਾਵੇ, ਜੋ ਲੋਕਾਂ ਨੂੰ ਬਤਾਊਂ ਖਾਣ ਤੋਂ ਰੋਕ ਕੇ, ਖੁਦ ਬਤਾਊਂ ਦਾ ਭੜਥਾ ਖਾਣ ਵਾਲੇ ਸਾਧ ਵਾਂਗ ਦੋਗਲੇ ਕਿਰਦਾਰ ਵਾਲੇ ਹਨ। ਇਸ ਨਾਲ ਲੋਕਾਂ ਵਿਚ ਵੀ ਇਹ ਸੰਦੇਸ਼ ਜਾਵੇਗਾ ਕਿ ਕਾਨੂੰਨ ਦੀ ਨਜ਼ਰ ਵਿਚ ਸਾਰੇ ਬਰਾਬਰ ਹਨ। ਆਮ ਲੋਕਾਂ ਲਈ ਹੋਰ ਅਤੇ ਸਰਕਾਰ-ਦਰਬਾਰ ਤੱਕ ਪਹੁੰਚ ਵਾਲਿਆਂ ਲਈ ਹੋਰ, ਦੋ ਵੱਖੋ-ਵੱਖਰੇ ਪੈਮਾਨੇ ਨਹੀਂ ਵਰਤੇ ਜਾਣੇ ਚਾਹੀਦੇ।

# ਪੈਟਰੋਲ ਦੀ ਆਦਤ ਤੋਂ ਪੈਟਰੋਲ ਦੀ ਰਾਜਨੀਤੀ ਤਕ



ਡਾ. ਪਵਿੱਤਰ ਪ੍ਰਕਾਸ਼ ਸਿੰਘ
ਫੋਨ: 91-75081-44487

ਸਾਡੇ ਜਮਾਨੇ ਵਿਚ ਪਾਣੀ ਅਤੇ ਪੈਟਰੋਲ ਦੋ ਅਜਿਹੇ ਕੁਦਰਤੀ ਪਦਾਰਥ ਹਨ ਜਿਨ੍ਹਾਂ ਬਿਨਾ ਜ਼ਿੰਦਗੀ ਦੀ ਹੋਂਦ ਬਾਰੇ ਸੋਚਣਾ ਅਤਿਕਥਨੀ ਜਿਹਾ ਲਗਦਾ ਹੈ। ਇਨ੍ਹਾਂ ਦੋਹਾਂ ਪਦਾਰਥਾਂ ਦੀ ਅਹਿਮੀਅਤ ਕਰਕੇ ਇਨ੍ਹਾਂ ਬਾਰੇ ਰਾਜਨੀਤੀ ਹੋਣਾ ਸੁਭਾਵਿਕ ਹੈ ਪਰ ਅਸੀਂ ਅਜਿਹੀ ਰਾਜਨੀਤੀ ਬਾਰੇ ਬਹੁਤੇ ਸੁਚੇਤ ਨਹੀਂ।

9/11 ਨੇ ਤੇਲ ਦੀ ਲੋੜ ਦੇ ਸਾਡੇ ਸਾਰੇ ਰੁਝਾਨ ਜੱਗ ਜਾਹਰ ਕਰ ਦਿੱਤੇ ਸਨ। ਸਾਡੇ ਤੇਲ ਪ੍ਰਤੀ ਪਿਆਰ ਕਰਕੇ ਸਾਨੂੰ ਸਾਊਦੀ ਅਰਬ ਵਲੋਂ ਫੈਲਾਏ ਜਾ ਰਹੇ ਮੂਲਵਾਦ ਨੂੰ ਬਰਦਾਸ਼ਤ ਕਰਨ ਦੀ ਆਦਤ ਹੋ ਗਈ ਹੈ। ਜੇ ਪਿੱਛੇ ਮੁੜ ਕੇ ਦੇਖੀਏ ਤਾਂ ਕੌਮੀ ਆਮਦਨ ਵਿਚ ਵਾਧੇ ਦਾ ਪੈਂਡਾ 'ਬਰਲਿਨ ਵਾਲ ਕਮਿਊਨਿਜ਼ਮ' ਨਾਲ ਜੁੜਿਆ ਹੋਇਆ ਹੈ। ਤੇਲ ਦੀਆਂ ਕੀਮਤਾਂ ਬਾਰੇ ਤਰਕਸ਼ੀਲਤਾ ਜਾਨਣ ਦੀ ਥਾਂ ਅਸੀਂ ਤੇਲ ਖਰੀਦਣ ਵਿਚ ਰੁੱਝੇ ਹੁੰਦੇ ਹਾਂ। ਇਸ ਹਾਲਤ ਵਿਚੋਂ ਰੂਸ-ਸੀਰੀਆ ਵਰਗੀਆਂ ਖਤਰਨਾਕ ਸਾਂਝੇਦਾਰੀਆਂ ਪੈਦਾ ਹੋਈਆਂ ਹਨ, ਜਾਂ ਚੀਨ ਸੁਡਾਨ ਵਿਚ ਖਤਰਨਾਕ ਅਫਰੀਕੀ ਤਾਨਾਸ਼ਾਹੀ ਲਿਆਉਂਦਾ ਹੈ। ਊਰਜਾ ਦੇ ਖਰੀਦਦਾਰ ਦੋ-ਧਾਰੀ ਤਲਵਾਰ ਵਰਗੇ ਹਨ, ਇਹ ਰੂੜੀਵਾਦੀ ਸਰਕਾਰਾਂ ਨੂੰ ਪੂੰਜੀ ਦਿੰਦੇ ਹਨ, ਉਨ੍ਹਾਂ ਦੀਆਂ ਦੌਲਤਾਂ ਦੇ ਭਾਗੀਦਾਰ ਬਣਦੇ ਹਨ ਤੇ ਰੂੜ੍ਹੀਵਾਦ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦਾ ਵਿਰੋਧ ਕਰਨ ਲਈ ਸਰਕਾਰੀ ਆਮਦਨ ਵਿਚੋਂ ਫੌਜਾਂ ਦਾ ਖਰਚ ਉਠਾਇਆ ਜਾਂਦਾ ਹੈ।

ਕਿਹਾ ਜਾ ਸਕਦਾ ਹੈ ਕਿ ਅਸੀਂ ਇੱਕ ਬੇਵਕੂਫਾਨਾ ਨੀਤੀਆਂ ਵਾਲੇ ਸੰਸਾਰ ਵਿਚ ਰਹਿ ਰਹੇ ਹਾਂ, ਜਿੱਥੇ ਅਸੀਂ ਸਪਲਾਈ ਨੂੰ ਘਟਾਉਂਦੇ ਹਾਂ ਅਤੇ ਮੰਗ ਨੂੰ ਵਧਾਉਂਦੇ ਹਾਂ। ਜੋ ਸਾਡੇ ਨਾਲ ਵੱਧ ਨਫਰਤ ਕਰਦੇ ਹਨ, ਉਨ੍ਹਾਂ ਕੋਲੋਂ ਵੱਧ ਤੋਂ ਵੱਧ ਖਰੀਦਦਾਰੀ ਕਰਕੇ ਇਕ ਪਾੜਾ ਪੈਦਾ ਕਰ ਰਹੇ ਹਾਂ।

ਪੈਟਰੋਲ ਦੀ ਲੋੜ ਵਜੋਂ ਪੈਟਰੋਲ ਦੀ ਖਪਤ ਵਿਚ ਕਮੀ ਕਰਨੀ ਬਹੁਤ ਜ਼ਰੂਰੀ ਹੈ। ਜੇ ਅਸੀਂ ਤੇਲ ਅਤੇ ਗੈਸ ਦੀ ਗਲੋਬਲ ਮੰਗ ਘਟਾ ਕੇ ਸਿਹਤਮੰਦ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਵਾਤਾਵਰਣ ਦੀਆਂ ਲੋੜਾਂ ਤੇ ਹਾਲਤਾਂ ਨੂੰ ਸਮਝਣਾ ਚਾਹੀਦਾ ਹੈ ਪਰ ਇਸ ਦੇ ਉਲਟ ਅਸੀਂ ਉਨ੍ਹਾਂ ਤਾਨਾਸ਼ਾਹਾਂ ਨੂੰ ਮਜ਼ਬੂਤ ਕਰ ਰਹੇ ਹਾਂ, ਜੋ ਆਪਣੇ ਲਾਲਚ, ਲਾਲਸਾ ਅਤੇ ਰੂੜੀਵਾਦੀ ਏਜੰਡੇ ਰਾਹੀਂ ਹਵਾ ਨੂੰ ਪਲੀਤ ਕਰ ਰਹੇ ਹਨ ਤੇ ਸਾਹ ਲੈਣ ਲਈ ਵੀ ਮੁਸ਼ਕਿਲਾਂ ਪੈਦਾ ਰਹੇ ਹਨ। ਇਹੀ ਨਹੀਂ, ਅਸੀਂ ਅਮੀਰ ਨੂੰ ਹੋਰ ਅਮੀਰ ਤੇ ਗਰੀਬ ਨੂੰ ਹੋਰ ਗਰੀਬ ਕਰ ਰਹੇ ਹਾਂ। ਇਸ ਤਰ੍ਹਾਂ ਬ੍ਰਹਿਮੰਡ ਦੇ ਤਾਪਮਾਨ ਵਿਚ ਖਤਰਨਾਕ ਤਬਦੀਲੀਆਂ ਦਾ ਕਾਰਨ ਬਣ ਰਹੇ ਹਾਂ। ਇਹ ਸਾਰਾ ਕੁਝ ਪਿੰਡ ਤੇ ਬ੍ਰਹਿਮੰਡ, ਹਰ ਥਾਂ ਮਾਰੂ ਅਸਰ ਪਾ ਰਿਹਾ ਹੈ।

ਤੇਲ, ਗਲਫ ਤੇ ਇਸਲਾਮ: ਸੰਸਾਰ ਵਿਚ 1.5 ਅਰਬ ਮੁਸਲਮਾਨ ਵਸਦੇ ਹਨ ਜਿਨ੍ਹਾਂ ਦੀ ਸਿਰਫ 1% ਆਬਾਦੀ ਸਾਊਦੀ ਅਰਬ ਵਿਚ ਰਹਿ ਰਹੀ ਹੈ, ਜੋ ਆਪਣੀ ਪਹੁੰਚ ਨੂੰ ਸਹੀ ਠਹਿਰਾਉਣ ਲਈ ਦੋ ਸਭ ਤੋਂ ਪਵਿੱਤਰ ਸਥਾਨਾਂ-ਮੱਕਾ ਅਤੇ ਮਦੀਨਾ ਦੀ ਰਖਵਾਲੀ ਕਰਦੀ ਹੈ। ਸਾਊਦੀ ਅਰਬ ਦੇ ਲੋਕਾਂ ਨੇ ਇਸਲਾਮ ਦੇ ਪਸਾਰੇ ਲਈ ਵਹਾਬੀ ਲੋਕਾਂ ਨਾਲ ਮਿਲ ਕੇ ਮਸਜਿਦਾਂ ਅਤੇ ਕਾਲਜ ਬਣਾਉਣ ਲਈ ਫੰਡਿੰਗ ਦਾ ਪ੍ਰਬੰਧ ਕੀਤਾ ਹੈ (ਜੋ ਜ਼ਕਾਤ ਤੇ ਤੇਲ ਦੀ ਉਚ ਕੀਮਤ ਰਾਹੀਂ ਆਉਂਦਾ ਹੈ)। ਸੰਗੀਤ, ਕਲਾ, ਸਾਹਿਤ ਅਤੇ ਬੌਧਿਕਤਾ 'ਤੇ ਸੈਂਸਰਸ਼ਿਪ ਲਾਈ ਗਈ ਹੈ। ਬੰਦ ਅਤੇ ਡਰੇ ਹੋਏ ਦਿਮਾਗਾਂ 'ਤੇ ਪਾਰਾਨੋਰੀਆ ਅਤੇ ਅਤਿਵਾਦ ਕਾਬਜ਼ ਹੋ ਗਿਆ ਹੈ। 25 ਸਾਲਾਂ ਦੀ ਉਮਰ ਦੇ ਕਰੀਬ 60 ਫੀਸਦੀ ਬੇਰੁਜ਼ਗਾਰ ਆਬਾਦੀ ਵਿਚ ਵਿਸ਼ਵੀਕਰਨ-ਵਿਰੋਧੀ ਤੇ ਪੱਛਮੀਕਰਨ-ਵਿਰੋਧੀ ਰਵੱਈਆ ਪੈਦਾ ਕਰ ਦਿੱਤਾ ਗਿਆ ਹੈ ਅਤੇ ਇਹ ਆਬਾਦੀ ਆਸਥਾ ਦੇ ਸਿਰਹਾਣੇ ਲੱਗੀ ਹੋਈ ਹੈ।

ਰਿਜਵੇ ਨੇ ਲਿਖਿਆ ਹੈ, ਇਸਲਾਮੀਕਰਨ ਗਰਮਦਲੀ ਸ਼ੀਆ ਅਤੇ ਵਹਾਬੀ ਵਿਸ਼ਵਾਸਾਂ ਦਾ ਫੈਲਾਅ ਹੈ, ਜੋ 50 ਸਾਲ ਪਹਿਲਾਂ ਦੀ ਤੁਲਨਾ ਵਿਚ ਹੁਣ ਵੱਧ ਪ੍ਰਚਲਿਤ ਹੋ ਗਿਆ ਹੈ। ਜਦੋਂ ਤੇਲ ਦੀਆਂ ਕੀਮਤਾਂ ਘੱਟ ਸਨ ਤਾਂ ਅੱਜ ਦੇ ਮੁਕਾਬਲੇ ਉਦੋਂ ਔਰਤਾਂ ਵਧੇਰੇ ਮੁਕਤ ਸਨ ਅਤੇ ਉਸ ਵੇਲੇ ਪੱਛਮੀ ਦੇਸ਼ਾਂ ਨਾਲ ਗੱਲ ਕਰਨ ਲਈ ਇਕ ਸੰਚਾਰ ਚੈਨਲ ਸੀ, ਜੋ ਅੱਜ ਨਹੀਂ ਹੈ। ਹੈਨਰੀ ਫੋਰਡ ਦਾ ਕਾਲਾ ਰੰਗ ਸਾਰੇ ਰੰਗਾਂ 'ਤੇ ਚੱਲਿਆ ਹੈ। ਤੇਲ ਦਾ ਅਰਥ ਹੁਣ ਇਹ ਹੋ ਗਿਆ ਹੈ ਕਿ ਸਾਊਦੀ ਲੋਕ ਵਿਸ਼ਵ ਨੂੰ ਆਪਣੇ ਕਲੋਨ ਪੈਦਾ ਕਰਨ ਲਈ ਵਰਤ ਸਕਦੇ ਹਨ। ਇਸਲਾਮ ਦੇ ਤੇਲ ਫੰਡ ਵਾਲੇ ਰੂਪ ਨੇ ਮੁਸਕਾਨ ਨੂੰ ਖਾ ਲਿਆ ਹੈ। ਜੋ ਪੁਰਾਣਾ ਅਰਬੀ ਕਾਮੇਡੀਅਨ ਦੇ ਤੌਰ 'ਤੇ ਹੱਸਿਆ ਸੀ, ਉਸ ਨੂੰ ਹੁਣ ਮੌਤ ਦੀ ਸਜ਼ਾ ਸੁਣਾਈ ਗਈ ਹੈ।

ਕੁਵੈਤ, ਕਤਰ ਅਤੇ ਯੂ.ਏ.ਈ. ਨੇ ਬਿਗ ਬ੍ਰਾਦਰਜ਼ ਨਾਲ ਸਾਂਝ ਪਾ ਲਈ ਹੈ। ਮਰਦ ਅਤੇ ਇਸਤਰੀ ਵਿਚ ਸਬੰਧ ਸੰਵੇਦਨਸ਼ੀਲ ਹਨ ਪਰ ਸਿੱਖਿਆ ਦੇ ਖੇਤਰ ਵਿਚ ਕੋਈ ਵੀ ਅਜਿਹਾ ਰਿਸ਼ਤਾ ਨਹੀਂ ਮਿਲ ਰਿਹਾ। ਮਿਸਰ ਵੀ ਇਸੇ ਸਮੂਹ ਦਾ ਪਿਛਲੱਗ ਬਣ ਰਿਹਾ ਹੈ। ਮਿਸਰੀ ਟੀ.ਵੀ. ਸ਼ੋਅ ਅਤੇ ਫਿਲਮਾਂ ਵਿਚ ਅਦਾਕਾਰੀ ਕਰਨ ਵਾਲਾ ਅਬੀਰ ਸਾਬਰੀ ਇਸ ਦੀ ਮਿਸਾਲ ਹੈ, ਜੋ ਚਿਹਰਾ ਛੁਪਾ ਕੇ ਆਪਣੇ ਧਰਮ ਦਾ ਪ੍ਰਚਾਰ ਕਰ ਰਿਹਾ ਹੈ। ਸਭਿਆਚਾਰ ਦੀ ਇਹ ਸਾਊਦੀ ਰੰਗਤ ਮੋਰੱਕੋ ਤੋਂ ਇਰਾਕ ਅਤੇ ਇਰਾਕ ਤੋਂ ਮਿਸਰ ਤਕ ਦੇ ਕਲਾਕਾਰਾਂ ਤੱਕ ਫੈਲੀ ਹੋਈ ਹੈ। ਇਕ ਤਰ੍ਹਾਂ ਨਾਲ ਪੂਰੇ ਕਲਾ ਜਗਤ ਉਪਰ ਕਬਜ਼ੇ ਵਰਗੀ ਸਥਿਤੀ ਬਣ ਗਈ ਹੈ। 1.4 ਮਿਲੀਅਨ ਡਾਲਰ ਦੀ ਸ਼ਰਾਬ ਅਤੇ ਐਸ਼-ਪ੍ਰਸਤੀ ਦੀਆਂ ਵਸਤੂਆਂ ਨੂੰ ਗ੍ਰੈਂਡ ਹਯਾਤ ਵਿਚ ਪਾਣੀ ਵਾਂਗ ਵਹਾਇਆ ਜਾਣਾ ਹੀ ਸਾਊਦੀਕਰਨ ਹੋ ਗਿਆ ਹੈ। ਸਾਊਦੀ ਲੋਕ ਬਹੁਤੇ ਦੇਸ਼ਾਂ ਵਿਚ ਕਰੀਬ 90% ਫਿਲਮ ਉਦਯੋਗ ਨੂੰ ਵਿੱਤ ਮੁਹੱਈਆ ਕਰ ਰਹੇ ਹਨ।

'ਤਿੰਨ ਕੱਪ ਚਾਹ' ਨਾਂ ਦੀ ਪੁਸਤਕ ਵਿਚ ਇਨ੍ਹਾਂ ਪਹਾੜੀਆਂ ਦੇ ਅਧਿਆਪਕ ਹੋਣ ਦੀ ਗਾਥਾ ਨੂੰ ਬਿਆਨ ਕੀਤਾ ਹੈ, ਜਿਨ੍ਹਾਂ ਨੇ ਸੈਂਟਰਲ ਏਸ਼ੀਆ ਇੰਸਟੀਚਿਊਟ ਦੀ ਸਥਾਪਨਾ ਕੀਤੀ ਅਤੇ ਕਈ ਸਾਲਾਂ ਵਿਚ ਪੰਦਰਾਂ ਤੋਂ ਵੱਧ ਸਕੂਲਾਂ ਦਾ ਨਿਰਮਾਣ ਕੀਤਾ। ਇਨ੍ਹਾਂ ਸੰਗਠਨਾਂ ਦੀ ਤੁਲਨਾ ਵਿਚ ਦੂਜੇ ਧੜੇ ਨੇ 1100 ਤੋਂ ਵੱਧ ਮਸਜਿਦਾਂ, ਸਕੂਲਾਂ ਅਤੇ ਇਸਲਾਮਿਕ ਕੇਂਦਰਾਂ ਦੀ ਸਥਾਪਨਾ ਕੀਤੀ ਹੈ, ਜੋ ਸਿਰਫ ਪਰੰਪਰਕ 'ਇਸਲਾਮੀ ਸਿੱਖਿਆ' ਨੂੰ ਪ੍ਰਚਲਿਤ ਕਰਦੇ ਹਨ।

ਪਾਕਿਸਤਾਨ ਵਿਚ ਨਿਪੁੰਨ ਸਿੱਖਿਆ ਪ੍ਰਣਾਲੀ ਨੇ ਮਦਰੱਸਾ ਪ੍ਰਣਾਲੀ ਨੂੰ ਹਵਾ ਦਿੱਤੀ, ਉਨ੍ਹਾਂ ਵਿਚੋਂ ਕੁਝ ਸਿਰਫ ਅਤਿਵਾਦੀ ਜਹਾਦ ਨੂੰ ਸਿਖਾਉਣ ਲਈ ਹੀ ਮੌਜੂਦ ਹਨ। ਜਿਵੇਂ ਕਿ ਇਸਲਾਮ ਭੂਮੱਧ-ਰੇਖਾ ਦੇ ਖੇਤਰ 'ਚੋਂ ਬੈਰੂਤ, ਇਸਤੰਬੋਲ ਆਦਿ ਤੋਂ ਮਾਰੂਥਲੀ ਖੇਤਰ ਦੇ ਉਜੱਡ ਜਿਹੇ ਤੇਲ ਖੇਤਰਾਂ ਵਿਚ ਆਇਆ, ਹੁਣ ਇਹ ਵਧੇਰੇ ਡਰਾਉਣਾ, ਦਹਿਸ਼ਤਵਾਦੀ ਹੋ ਗਿਆ ਹੈ ਅਤੇ ਦੂਜੇ ਮੁਲਕਾਂ ਪ੍ਰਤੀ ਘ੍ਰਿਣਾ ਨਾਲ ਭਰ ਗਿਆ ਹੈ। ਸਾਊਦੀ ਸੱਤਾਧਾਰੀ ਪਰਿਵਾਰਾਂ ਨੂੰ ਹਿੰਸਕ ਜਹਾਦੀਆਂ ਦੀ ਉਕਾ ਹੀ ਚਿੰਤਾ ਨਹੀਂ, ਜਿੰਨੀ ਦੇਰ ਤੱਕ ਉਨ੍ਹਾਂ ਦਾ ਅਤਿਵਾਦ ਵਿਦੇਸ਼ਾਂ ਵਿਚੋਂ ਨਿਰਦੇਸ਼ਿਤ ਹੁੰਦਾ ਸੀ, ਪਰ ਹੁਣ ਹਾਲਾਤ ਬਦਲ ਰਹੇ ਹਨ। ਹੁਣ ਇਸ ਸਲਤਨਤ ਨੇ 40,000 ਇਬਾਦਤ ਆਗੂ ਰੱਖੇ ਹਨ ਜੋ ਅਤਿਵਾਦੀ ਇਸਲਾਮ ਨੂੰ ਰੋਕਣ ਦੀ ਕੋਸ਼ਿਸ਼ ਹੈ। ਸਾਊਦੀ ਅਰਬ ਅਤੇ ਲੀਬੀਆ-ਇਰਾਕ ਸੌਦੇ ਦੇ 60% ਵਿਦੇਸ਼ੀ ਘੁਲਾਟੀਆਂ ਦੇ ਸਰੋਤ ਹਨ ਜੋ ਆਪਣੀ ਦਹਿਸ਼ਤਗਰਦੀ ਦੋ ਤਰੀਕਿਆਂ ਨਾਲ ਫੈਲਾ ਰਹੇ ਹਨ-ਇੱਕ ਉਨ੍ਹਾਂ ਨੂੰ ਛੁਟਕਾਰਾ ਪਾਉਣ ਲਈ ਅਤੇ ਦੂਸਰੀ, ਜੋ ਉਹ (ਇਰਾਕ ਵਿਚ) ਕਤਲੋਗਾਰਤ ਰਾਹੀਂ ਕਰ ਰਹੇ ਹਨ, ਜੋ ਸਾਊਦੀਆਂ ਨੂੰ ਨਫਰਤ ਕਰਦੇ ਹਨ।

ਸਵਾਲ ਹੈ ਕਿ ਕੀ ਪੈਟਰੋ-ਡਾਲਰ ਧਨ ਦੀ ਵਿਆਪਕ ਤੂਫਾਨੀ ਸਥਿਤੀ ਰਾਹੀਂ ਆਪਣੇ ਅਨੁਕੂਲ ਰੁਝਾਨ ਬਣਾ ਰਹੇ ਹਨ? ਪੈਟਰੋ-ਪੋਲੀਟਿਕਸ ਸਿੱਧਾ ਦਹਿਸ਼ਤ ਫੈਲਾ ਰਹੀ ਹੈ? ਕਈ ਸੰਗਠਨ ਚੰਗੇ ਕਾਰਨਾਂ ਲਈ ਕੰਮ ਕਰ ਰਹੇ ਹਨ, ਪਰ ਦੂਸਰੇ ਸਿਰਫ ਅਤਿਵਾਦੀ ਸੰਗਠਨਾਂ ਨੂੰ ਪੈਸਾ ਲਾ ਰਹੇ ਹਨ ਜਾਂ ਪੈਸੇ ਦੀ ਚੋਰੀ ਕਰ ਰਹੇ ਹਨ। ਹਵਾਲਾ ਪ੍ਰਣਾਲੀ ਨੂੰ ਅਰਬ ਸਭਿਆਚਾਰ ਦੀਆਂ ਵਿੱਤੀ ਨਾੜਾਂ ਵਿਚ ਵਗਦੇ ਖੂਨ ਵਜੋਂ ਜਾਣਿਆ ਜਾਂਦਾ ਹੈ। ਸਾਊਦੀ ਅਰਬ ਦੀ ਆਮਦਨ ਤੇਲ ਦੇ ਕੁੱਲ 90-95% ਬਰਾਮਦ ਤੋਂ ਅਤੇ ਰਾਜਾਂ ਦੇ ਲਗਭਗ 70-80% ਮਾਲੀਏ ਤੋਂ ਆਉਂਦੀ ਹੈ।, ਜਿਸ ਦੀ ਵਰਤੋਂ ਸਾਊਦੀ ਅਰਬ ਇਸ ਦੇ ਸਲਾਫੀ ਇਸਲਾਮ ਦੇ ਪਾਸਾਰ ਲਈ ਕਰ ਰਿਹਾ ਹੈ, ਜਦਕਿ ਈਰਾਨ ਨੇ ਇਹੋ ਕੁਝ ਸ਼ੀਆਤ ਇਸਲਾਮ ਲਈ ਕੀਤਾ ਹੈ।

'ਸਪਿਰਟ ਆਫ ਡੈਮੋਕਰੈਟਸ' ਵਿਚ ਲਾਰੀ ਡਾਇਮੰਡਸ ਨੇ ਲਿਖਿਆ ਹੈ ਕਿ ਵਿਸ਼ਵ ਨੂੰ 'ਜਮਹੂਰੀ ਆਰਥਕ ਮੰਦਵਾੜੇ' ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਦੁਨੀਆਂ ਵਿਚ 23 ਦੇਸ਼ਾਂ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਤੇਲ ਅਤੇ ਗੈਸ ਦੀ ਸਪਲਾਈ ਤੋਂ ਉਨ੍ਹਾਂ ਦੀ ਬਹੁਮੁੱਲੀ ਆਮਦਨੀ ਹੈ, ਉਨ੍ਹਾਂ ਵਿਚ ਕਿਸੇ ਤਰ੍ਹਾਂ ਵੀ ਲੋਕਤੰਤਰ ਨਹੀਂ ਹੈ। ਕੋਂਡੋਲੇਜ਼ਾ ਨੇ ਇਹ ਵੀ ਕਿਹਾ ਕਿ ਊਰਜਾ ਦੀ ਰਾਜਨੀਤੀ ਵਿਸ਼ਵ ਲੋਕਤੰਤਰ ਨੂੰ ਲੁਕਾਉਂਦੀ ਹੈ, ਸੁਡਾਨ ਨਾਲ ਚੀਨ ਦਾ ਸਿਆਸੀਕਰਨ ਇਸ ਦੀ ਇਕ ਹੋਰ ਮਿਸਾਲ ਹੈ।

ਨਵਿਆਉਣਯੋਗ ਊਰਜਾ 'ਤੇ ਵਧੇਰੇ ਨਿਰਭਰਤਾ ਤੇਲ ਦੀ ਗਲੋਬਲ ਮੰਗ ਨੂੰ ਘਟਾ ਸਕਦਾ ਹੈ, ਜਿੱਥੇ ਤੇਲ-ਧਨਾਢ ਮੁਲਕ ਨੂੰ ਮਾਲੀਆ ਪੈਦਾਵਾਰ ਲਈ ਨਵੀਨ-ਢੰਗਾਂ 'ਤੇ ਨਿਰਭਰ ਹੋਣਾ ਪਏਗਾ। ਤੇਲ ਦੀਆਂ ਘੱਟ ਕੀਮਤਾਂ ਵਿਚ ਪਾਰਦਰਸ਼ਿਤਾ, ਲੋਕਤੰਤਰ, ਸਿੱਖਿਆ, ਨਿਆਂ, ਰਾਜਨੀਤੀਕਰਨ ਤੇ ਆਧੁਨਿਕੀਕਰਨ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਲੋਕਾਂ ਨੂੰ ਆਪਣੀਆਂ ਜੜ੍ਹਾਂ ਵੱਲ ਵਾਪਸ ਲਿਆਉਣ ਲਈ ਆਪਣੇ ਆਪ ਨੂੰ ਬਦਲਣਾ ਪਵੇਗਾ। ਸਾਨੂੰ ਊਰਜਾ ਬਚਾਉਣ ਲਈ ਵਾਤਾਵਰਣ ਸੰਭਾਲ ਦੇ ਪ੍ਰਚਾਰਕ ਹੋਣਾ ਪਵੇਗਾ।

# ਪੰਜਾਬ ਟਾਈਮਜ਼

ਸਨਿਚਰਵਾਰ, 23 ਜੂਨ 2018


## ਚੋਣਾਂ ਦੇ ਦੌਰ 'ਚ ਕਸ਼ਮੀਰ ਦੀ ਕਵਾਇਦ

ਜੰਮੂ ਕਸ਼ਮੀਰ ਵਿਚ ਪਿਛਲੇ ਕੁਝ ਦਿਨਾਂ ਤੋਂ ਹਾਲਾਤ ਬਹੁਤ ਤੇਜ਼ੀ ਨਾਲ ਬਦਲੇ ਹਨ। ਰਿਆਸਤ ਵਿਚ ਜਾਨ-ਮਾਲ ਦਾ ਨੁਕਸਾਨ ਤਾਂ ਪਹਿਲਾਂ ਹੀ ਬਥੇਰਾ ਹੋ ਰਿਹਾ ਸੀ, ਹੁਣ ਇਨ੍ਹਾਂ ਹਾਲਾਤ ਨੇ ਰਿਆਸਤ ਦੇ ਸੀਨੀਅਰ ਪੱਤਰਕਾਰ ਸ਼ੁਜਾਤ ਬੁਖਾਰੀ ਦੀ ਬਲੀ ਲੈ ਲਈ ਹੈ। ਇਸ ਕਤਲ ਨੂੰ ਆਧਾਰ ਬਣਾ ਕੇ ਹੀ ਕੇਂਦਰ ਵਿਚਲੀ ਮੋਦੀ ਸਰਕਾਰ ਵੱਲੋਂ ਈਦ ਤੋਂ ਬਾਅਦ ਗੋਲੀਬੰਦੀ ਦੀ ਮਿਆਦ ਵਧਾਈ ਨਹੀਂ ਗਈ ਹੈ। ਹੁਣ ਭਾਰਤੀ ਜਨਤਾ ਪਾਰਟੀ ਨੇ ਪੀ.ਡੀ.ਪੀ. ਨਾਲ ਗਠਜੋੜ ਸਰਕਾਰ ਵਿਚੋਂ ਖੁਦ ਨੂੰ ਅਲਹਿਦਾ ਕਰ ਲਿਆ ਹੈ। ਪਿਛਲੇ ਤਿੰਨ ਸਾਲ ਤੋਂ ਇਹ ਗਠਜੋੜ ਸਰਕਾਰ ਚੱਲ ਰਹੀ ਸੀ। ਪਿਛਲੇ ਦਿਨੀਂ ਕਠੂਆ ਜਬਰ ਜਨਾਹ ਕੇਸ ਵਿਚ ਭਾਜਪਾ ਦੇ ਦੋ ਮੰਤਰੀਆਂ ਵੱਲੋਂ ਦੋਸ਼ੀਆਂ ਦੇ ਹੱਕ ਵਿਚ ਕੀਤੇ ਰੋਸ ਵਿਖਾਵੇ ਵਿਚ ਹਿੱਸਾ ਲੈਣ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਲੈਣੇ ਦੇ ਦੇਣੇ ਪੈ ਗਏ ਸਨ। ਇਸ ਮਸਲੇ ਕਾਰਨ ਇਸ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਬੜੀ ਨਮੋਸ਼ੀ ਝੱਲਣੀ ਪਈ ਸੀ। ਇਹੀ ਨਹੀਂ, ਇਸ ਗਠਜੋੜ ਕਾਰਨ ਭਾਰਤੀ ਜਨਤਾ ਪਾਰਟੀ ਅਕਸਰ ਕਸੂਤੀ ਹਾਲਤ ਵਿਚ ਫਸਦੀ ਰਹੀ ਹੈ। ਹਾਲ ਹੀ ਵਿਚ ਕਰਨਾਟਕ ਵਿਚ ਜਦੋਂ ਇਹ ਕਾਂਗਰਸ ਅਤੇ ਜਨਤਾ ਦਲ (ਯੂ) ਦੇ ਗਠਜੋੜ ਨੂੰ ਮੌਕਾਪ੍ਰਸਤ ਗਠਜੋੜ ਐਲਾਨ ਰਹੀ ਸੀ ਤਾਂ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੂੰ ਸਭ ਤੋਂ ਪਹਿਲਾ, ਮੋੜਵਾਂ ਸਵਾਲ ਜੰਮੂ ਕਸ਼ਮੀਰ ਸਰਕਾਰ ਬਾਰੇ ਹੀ ਪੁੱਛਿਆ ਗਿਆ ਸੀ। ਉਂਜ ਵੀ ਜੰਮੂ ਕਸ਼ਮੀਰ ਦੀ ਇਸ ਗਠਜੋੜ ਸਰਕਾਰ ਵਿਚ ਮੁੱਢ ਤੋਂ ਹੀ 'ਸਭ ਅੱਛਾ' ਨਹੀਂ ਸੀ। ਇਸ ਗਠਜੋੜ ਦੇ ਟੁੱਟਣ ਦੇ ਸੰਕੇਤ ਕਾਫੀ ਅਰਸੇ ਤੋਂ ਮਿਲ ਰਹੇ ਸਨ ਪਰ ਕਿਸੇ ਨੇ ਸ਼ਾਇਦ ਸੋਚਿਆ ਨਹੀਂ ਸੀ ਕਿ ਹਾਲਾਤ ਇੰਨੀ ਤੇਜ਼ੀ ਨਾਲ ਬਦਲਣਗੇ ਅਤੇ ਭਾਰਤੀ ਜਨਤਾ ਪਾਰਟੀ ਇਸ ਮਾਮਲੇ ਵਿਚ ਪਹਿਲ ਕਰੇਗੀ ਕਿਉਂਕਿ ਇਸ ਪਾਰਟੀ ਨੇ ਬਹੁਤ ਤਰੱਦਦ ਨਾਲ ਪੀ.ਡੀ.ਪੀ. ਨੂੰ ਗਠਜੋੜ ਸਰਕਾਰ ਲਈ ਰਾਜ਼ੀ ਕੀਤਾ ਸੀ। ਮਗਰੋਂ ਮੁਫਤੀ ਮੁਹੰਮਦ ਸਈਦ ਦੇ ਦੇਹਾਂਤ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਮਹਿਬੂਬਾ ਮੁਫਤੀ ਦੇ ਮੰਨ ਜਾਣ ਲਈ ਮਹੀਨਿਆਂ ਤੱਕ ਉਡੀਕ ਕੀਤੀ। ਫਿਰ ਹੁਣ ਅਜਿਹੇ ਕੀ ਹਾਲਾਤ ਬਣ ਗਏ ਸਨ ਕਿ ਭਾਰਤੀ ਜਨਤਾ ਪਾਰਟੀ ਨੇ ਇਕਦਮ ਸਰਕਾਰ ਤੋਂ ਅਲੱਗ ਹੋਣ ਦਾ ਫੈਸਲਾ ਕਰ ਲਿਆ?

ਅਸਲ ਵਿਚ ਕੇਂਦਰ 'ਚ ਸੱਤਾਧਾਰੀ ਦੀ ਹੁਣ ਹਰ ਸਰਗਰਮੀ ਅਗਲੇ ਸਾਲ ਆ ਰਹੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਚੱਲ ਰਹੀ ਹੈ। ਇਸ ਦੇ ਲੀਡਰਾਂ ਦੀ ਗਿਣਤੀ-ਮਿਣਤੀ ਇਹ ਹੈ ਕਿ ਸਮੁੱਚੇ ਮੁਲਕ ਵਿਚ ਹਿੰਦੂ ਵੋਟ ਇਕਜੁੱਟ ਕਰ ਕੇ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ। ਕਰਨਾਟਕ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਇਹ ਗਿਣਤੀ-ਮਿਣਤੀ ਭਾਵੇਂ ਪੁੱਠੀ ਪੈਂਦੀ ਜਾਪ ਰਹੀ ਹੈ ਪਰ ਪਾਰਟੀ ਕਰਨਾਟਕ ਦੇ ਚੋਣ ਨਤੀਜਿਆਂ ਨੂੰ ਆਪਣੀ ਹਾਰ ਨਹੀਂ ਮੰਨ ਰਹੀ। ਇਸ ਦਾ ਤਰਕ ਹੈ ਕਿ ਕਰਨਾਟਕ ਵਿਚ ਤਾਂ ਇਹ ਬੱਸ ਬਹੁਮਤ ਹੀ ਹਾਸਲ ਨਹੀਂ ਕਰ ਸਕੀ ਹੈ, ਕਾਂਗਰਸ ਅਤੇ ਜਨਤਾ ਦਲ (ਯੂ) ਨੇ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਗਠਜੋੜ ਕੀਤਾ ਹੈ। ਜ਼ਾਹਰ ਹੈ ਕਿ ਮੁਲਕ ਵਿਚ ਖੇਤਰੀ ਪਾਰਟੀ ਦੀ ਸਾਂਝੀ ਸਰਗਰਮੀ ਅਤੇ ਪਾਰਟੀ ਖਿਲਾਫ ਬਣ ਰਹੇ ਮਹਾਂ ਗਠਜੋੜ ਨੇ ਆਗੂਆਂ ਦੀ ਨੀਂਦ ਤਾਂ ਉਡਾਈ ਹੈ ਪਰ ਇਹ ਆਪਣਾ ਉਹੀ ਹਿੰਦੂਤਵ ਏਜੰਡਾ ਇਕ ਵਾਰ ਫਿਰ ਚੋਣਾਂ ਵਿਚ ਵਰਤਣ ਲਈ ਪਰ ਤੋਲ ਰਹੀ ਹੈ। ਜੰਮੂ ਕਸ਼ਮੀਰ ਸਰਕਾਰ ਬਾਰੇ ਤਾਜ਼ਾ ਫੈਸਲਾ ਪਾਰਟੀ ਆਗੂਆਂ ਦੀ ਇਸੇ ਸੋਚ ਦਾ ਨਤੀਜਾ ਹੈ। ਉਂਜ ਵੀ ਜੰਮੂ ਕਸ਼ਮੀਰ ਵਿਚ ਪਾਰਟੀ ਬੁਰੀ ਤਰ੍ਹਾਂ ਫਸੀ ਹੋਈ ਸੀ। ਸੰਯੁਕਤ ਰਾਸ਼ਟਰ ਦੀ ਰਿਆਸਤ ਅੰਦਰ ਮਨੁੱਖੀ ਉਲੰਘਣਾਵਾਂ ਦੀ ਰਿਪੋਰਟ ਨਾਲ ਵੀ ਮੋਦੀ ਸਰਕਾਰ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਲੋਚਨਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਾਰਟੀ ਦੀ ਸਥਾਨਕ ਇਕਾਈ ਵੀ ਖਾਸ ਮੁੱਦਿਆਂ ਨੂੰ ਦਰਕਿਨਾਰ ਕਰਨ 'ਤੇ ਕੇਂਦਰੀ ਆਗੂਆਂ ਦੀ ਨੁਕਤਾਚੀਨੀ ਕਰ ਰਹੀ ਸੀ। ਉਂਜ ਵੀ ਦੋ ਸਾਲ ਪਹਿਲਾਂ ਕਸ਼ਮੀਰੀ ਖਾੜਕੂ ਬੁਰਹਾਨ ਵਾਨੀ ਦੀ ਮੌਤ ਤੋਂ ਬਾਅਦ ਰਿਆਸਤ ਦੇ ਹਾਲਾਤ ਵਿਚ ਵੱਡੀ ਪੱਧਰ 'ਤੇ ਤਬਦੀਲੀ ਆਈ ਹੈ। ਵਾਦੀ ਦੇ ਲੋਕ ਸਰਕਾਰ ਦੇ ਹਰ ਦਾਬੇ ਖਿਲਾਫ ਸੜਕਾਂ ਉਤੇ ਨਿਕਲਦੇ ਰਹੇ ਹਨ। ਹਾਲਾਤ ਇਹ ਬਣ ਚੁਕੇ ਹਨ ਕਿ ਜਿਥੇ ਕਿਤੇ ਵੀ ਖਾੜਕੂਆਂ ਨੂੰ ਸੁਰੱਖਿਆ ਬਲਾਂ ਦਾ ਘੇਰਾ ਪੈਂਦਾ ਹੈ, ਉਥੇ ਸਥਾਨਕ ਲੋਕ ਸੁਰੱਖਿਆ ਬਲਾਂ ਖਿਲਾਫ ਪਥਰਾਓ ਸ਼ੁਰੂ ਕਰ ਦਿੰਦੇ ਹਨ। ਇਹ ਅਸਲ ਵਿਚ ਸਰਕਾਰ ਦੀ ਸਖਤੀ ਦਾ ਹੀ ਨਤੀਜਾ ਹੈ। ਮੋਦੀ ਸਰਕਾਰ ਨੇ ਰਿਆਸਤ ਵਿਚ ਆਵਾਮ ਨੂੰ ਦਬਾਉਣ ਦਾ ਹਰ ਹਰਬਾ ਵਰਤ ਕੇ ਦੇਖ ਲਿਆ ਹੈ ਪਰ ਕਿਤੇ ਕੋਈ ਕਾਮਯਾਬੀ ਨਹੀਂ ਮਿਲੀ ਹੈ।

ਰਿਆਸਤ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਭਾਰਤੀ ਜਨਤਾ ਪਾਰਟੀ ਵੱਲੋਂ ਸਰਕਾਰ ਵਿਚੋਂ ਬਾਹਰ ਆਉਣ ਦੇ ਐਲਾਨ ਤੋਂ ਤੁਰੰਤ ਬਾਅਦ ਆਪਣਾ ਅਸਤੀਫਾ ਦੇ ਦਿੱਤਾ ਹੈ। ਰਿਆਸਤ ਦੇ ਹਾਲਾਤ ਹੁਣ ਇਹ ਹਨ ਕਿ ਕੋਈ ਵੀ ਧਿਰ ਸਰਕਾਰ ਬਣਾਉਣ ਦੀ ਹਾਲਤ ਵਿਚ ਨਹੀਂ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਪਹਿਲਾਂ ਹੀ ਰਿਆਸਤ ਵਿਚ ਗਵਰਨਰੀ ਰਾਜ ਲਾਗੂ ਕਰਨ ਦੀ ਮੰਗ ਕਰ ਚੁਕੀ ਹੈ। ਸਪਸ਼ਟ ਹੈ ਕਿ ਗਵਰਨਰੀ ਰਾਜ ਦੇ ਰੂਪ ਵਿਚ ਹੁਣ ਜੰਮੂ ਕਸ਼ਮੀਰ ਦਾ ਕੰਟਰੋਲ ਸਿੱਧਾ ਮੋਦੀ ਸਰਕਾਰ ਦੇ ਹੱਥ ਹੋਵੇਗਾ ਅਤੇ ਹੁਣ ਸੁਰੱਖਿਆ ਬਲ ਪਹਿਲਾਂ ਵਾਂਗ ਆਪਣੇ ਹਿਸਾਬ ਨਾਲ ਚੱਲਣਗੇ। ਇਉਂ ਜੰਮੂ ਕਸ਼ਮੀਰ ਇਕ ਵਾਰ ਫਿਰ ਨਾਜ਼ੁਕ ਦੌਰ ਵਿਚ ਸ਼ਾਮਲ ਹੋ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀਆਂ ਸਖਤ ਨੀਤੀਆਂ ਨਾਲ ਪਹਿਲਾਂ ਵੀ ਬਥੇਰਾ ਨੁਕਸਾਨ ਹੋਇਆ ਹੈ, ਹੁਣ ਉਸੇ ਤਰ੍ਹਾਂ ਦਾ ਨੁਕਸਾਨ ਫਿਰ ਹੋਣ ਦਾ ਖਦਸ਼ਾ ਬਣ ਗਿਆ ਹੈ। ਭਾਰਤੀ ਜਨਤਾ ਪਾਰਟੀ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਚੋਣਾਂ ਜਿੱਤਣ ਖਾਤਰ ਅਜਿਹੀਆਂ ਨੀਤੀਆਂ ਅਖਤਿਆਰ ਕਰਦੀ ਰਹੀ ਹੈ। ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਚੋਣਾਂ ਦੌਰਾਨ ਵੀ ਇਸ ਨੇ ਇਹੀ ਪੈਂਤੜਾ ਮੱਲਿਆ ਸੀ। ਆ ਰਹੀਆਂ ਲੋਕ ਸਭਾ ਚੋਣਾਂ ਸਿਰ ਉਤੇ ਹੋਣ ਕਾਰਨ ਇਹ ਇਕ ਵਾਰ ਫਿਰ ਉਹੀ ਪੈਂਤੜਾ ਮੱਲਣ ਵੱਲ ਤੇਜ਼ੀ ਨਾਲ ਕਦਮ ਵਧਾ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੱਬਾ ਬੋਲਦਾ ਐ!

'ਬੱਬਾ' ਆਖਦਾ ਬਾਬਿਆਂ ਗੰਦ ਪਾਇਆ, ਬਹੁਤ ਲੋਕਾਂ ਨੂੰ ਬੁੱਧੂ ਬਣਾਈ ਜਾਂਦੇ।
ਬਾਣੇ ਪਹਿਨ ਕੇ ਧਰਮੀਆਂ ਸਾਧੂਆਂ ਦੇ, ਕਰੀ ਮਕਰ ਦੇ ਨਾਲ ਕਮਾਈ ਜਾਂਦੇ।
ਬੱਲੇ ਬੱਲੇ ਕਰਵਾਉਣ ਲਈ ਡੇਰਿਆਂ ਦੀ, ਯਾਰੀ ਨਾਲ ਸਿਆਸਤਾਂ ਪਾਈ ਜਾਂਦੇ।
'ਵੋਟ-ਬੈਂਕ' ਜੋ ਸਾਧਾਂ ਦਾ ਸਾਂਭਣੇ ਲਈ, ਹਾਕਮ ਉਨ੍ਹਾਂ ਦੇ ਕਾਰੇ ਛੁਪਾਈ ਜਾਂਦੇ।
ਧਰਮ ਗ੍ਰੰਥ ਦੇ ਸਫੇ ਪੁਲਿਸ ਵਾਲਾ, ਦੇਖੋ ਡਰੇਨ ਦੇ ਪਾਣੀ 'ਚ ਟੋਲਦਾ ਐ!
ਬਹਿਬਲ ਕਲਾਂ, ਬਰਗਾੜੀ, ਬੇਅਦਬੀਆਂ 'ਚੇ ਚੌਥੇ ਬਾਦਲ ਵਿਚ ਬੱਬਾ ਹੀ ਬੋਲਦਾ ਐ!

# ਪੰਜਾਬ ਲਈ ਸੰਸਾਰ ਫੁੱਟਬਾਲ ਕੱਪ ਦੇ ਸਬਕ

*ਪੰਜਾਬ ਦੀ ਗੱਡੀ ਫਿਲਹਾਲ ਲੀਹ ਤੋਂ ਲਹਿ ਗਈ ਹੋਈ ਹੈ। ਇਸ ਬਾਰੇ ਵੱਖ ਵੱਖ ਵਿਦਵਾਨ ਗਾਹੇ-ਬਗਾਹੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ। ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਰੂਸ ਵਿਚ ਚੱਲ ਰਹੇ ਵਿਸ਼ਵ ਫੁੱਟਬਾਲ ਕੱਪ ਦੇ ਬਹਾਨੇ ਪੰਜਾਬ ਸਰਕਾਰ ਨੂੰ ਕੁਝ ਟਕੋਰਾਂ ਲਾਈਆਂ ਹਨ ਜੋ ਅਸੀਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਉਨ੍ਹਾਂ ਸਪਸ਼ਟ ਕਿਹਾ ਹੈ ਕਿ ਪੰਜਾਬ ਦਾ ਫਸਿਆ ਗੱਡਾ ਕੱਢਣ ਲਈ ਹੁਣ ਇਸ ਦੀ ਲੀਡਰਸ਼ਿਪ ਨੂੰ ਪੂਰੀ ਇਮਾਨਦਾਰੀ ਨਾਲ ਤਕੜਾ ਹੰਭਲਾ ਮਾਰਨਾ ਪੈਣਾ ਹੈ। -ਸੰਪਾਦਕ*

ਜਿਹੜੇ ਲੋਕ ਸਕੂਲ ਵਿਦਿਆਰਥੀਆਂ ਦੇ ਦੁੱਖ-ਸੁੱਖ ਦੇ ਸਾਂਝੀ ਹਨ, ਉਨ੍ਹਾਂ ਨੂੰ ਇਨ੍ਹਾਂ ਖਬਰਾਂ ਤੋਂ ਕੋਈ ਹੈਰਾਨੀ ਨਹੀਂ ਹੋਈ ਹੋਣੀ ਕਿ ਫਗਵਾੜਾ, ਰੁੜਕਾ ਕਲਾਂ ਅਤੇ ਮਾਹਿਲਪੁਰ ਵਿਚ ਗਭਰੂ, ਰੂਸ ਵਿਚ ਚੱਲ ਰਹੇ ਫੀਫਾ ਵਿਸ਼ਵ ਕੱਪ ਦੇ ਮੈਚ ਵੱਡੀਆਂ ਸਕਰੀਨਾਂ ਉਤੇ ਦੇਖ ਰਹੇ ਹਨ। ਅਸਲ ਵਿਚ, ਇਸ ਮਸ਼ਕ ਲਾਂਭੇ ਰਹਿ ਰਹੇ ਵੱਡਿਆਂ ਨੂੰ ਵੀ ਸੰਸਾਰ ਪੱਧਰ ਦੇ ਇਹ ਮੈਚ ਦੇਖਣੇ ਚਾਹੀਦੇ ਹਨ ਅਤੇ ਇਨ੍ਹਾਂ ਤੋਂ ਢੁੱਕਵੇਂ ਸਬਕ ਲੈਣੇ ਚਾਹੀਦੇ ਹਨ। ਇਹ ਮਨੋਰੰਜਨ ਤਾਂ ਹੈ ਹੀ, ਇਹ ਮਸ਼ਕ ਉਨ੍ਹਾਂ ਦੀ ਚਰਿੱਤਰ ਉਸਾਰੀ ਵਿਚ ਵੀ ਮਦਦਗਾਰ ਸਾਬਤ ਹੋਵੇਗੀ ਅਤੇ ਹਾਰਾਂ ਤੇ ਨਾਕਾਮੀਆਂ ਨਾਲ ਜੂਝਦਿਆਂ ਇਨ੍ਹਾਂ ਨੂੰ ਆਲ੍ਹਾ ਮਿਆਰੀ

**ਨਿਰਮਲ ਸੰਧੂ**

ਮੁਕਾਬਲਿਆਂ ਲਈ ਹੰਭਲੇ ਮਾਰਨ ਲਈ ਤਿਆਰ ਕਰੇਗੀ। ਤੇ ਬਿਨਾਂ ਸ਼ੱਕ, ਗਰੁੱਪ ਬੀ ਦੇ ਸ਼ੁਰੂਆਤੀ ਮੈਚ ਵਿਚ ਰੋਨਾਲਡੋ ਨੇ ਸਪੇਨ ਖਿਲਾਫ ਖੇਡਦਿਆਂ ਆਪਣੀ ਟੀਮ ਪੁਰਤਗਾਲ ਲਈ ਜਿਸ ਤਰ੍ਹਾਂ ਹੈਟ ਟ੍ਰਿਕ ਜੜੀ, ਉਹ ਆਪਣੇ ਆਪ ਵਿਚ ਦਰਸ਼ਕ ਨੂੰ ਸੱਤਵੇਂ ਆਸਮਾਨ 'ਤੇ ਪਹੁੰਚਾਉਣ ਵਰਗਾ ਕੋਈ ਅਹਿਸਾਸ ਹੈ।

ਤਕਨਾਲੋਜੀ ਨੇ ਇਨ੍ਹਾਂ ਗਭਰੇਟਾਂ ਨੂੰ ਆਪਣੇ ਨਾਇਕ ਚੁਣਨ ਲਈ ਹੱਦਾਂ-ਸਰਹੱਦਾਂ ਤੋਂ ਪਾਰ ਦੇਖਣ ਦਾ ਬਲ ਬਖਸ਼ਿਆ ਹੈ। ਕਹਿਰਾਂ ਦੀ ਗਰਮੀ ਦੌਰਾਨ ਅੰਮ੍ਰਿਤਸਰ ਦੀ ਪਾਰਕ ਵਿਚ ਮੈਚ ਖੇਡਣ ਤੋਂ ਬਾਅਦ ਇਨ੍ਹਾਂ ਗਭਰੇਟਾਂ ਨੂੰ ਕ੍ਰਿਸਟਿਆਨੋ ਰੋਨਾਲਡੋ, ਲਿਓਨਿਲ ਮੈਸੀ, ਪੇਲੇ ਅਤੇ ਮੈਰਾਡੋਨਾ ਬਾਰੇ ਗੱਲਾਂ ਕਰਦਿਆਂ ਸੁਣਨਾ ਪੁਰਸਕੂਨ ਸੀ। ਕੌਮਾਂਤਰੀ ਫੁੱਟਬਾਲ ਦੇ ਇਨ੍ਹਾਂ ਧੁਨੰਤਰਾਂ ਨੇ ਪੰਜਾਬ ਵਿਚ ਇਨ੍ਹਾਂ ਸਕੂਲੀ ਖਿਡਾਰੀਆਂ ਨੂੰ ਸਿਰਫ ਪ੍ਰੇਰਿਆ ਤੇ ਉਤੇਜਿਤ ਹੀ ਨਹੀਂ ਕੀਤਾ ਸਗੋਂ ਇਹ ਉਨ੍ਹਾਂ ਦੇ ਰੋਲ ਮਾਡਲ ਬਣ ਗਏ ਹਨ।

**ਪੰਜਾਬ ਆਪਣੇ ਇਨ੍ਹਾਂ ਬੱਚਿਆਂ ਤੋਂ ਪਹਿਲਾ ਸਬਕ ਲੈ ਸਕਦਾ ਹੈ:** ਗਲੋਬਲ ਪੱਧਰ 'ਤੇ ਸੋਚੋ ਅਤੇ ਉੱਤਮਤਾ ਦੀ ਦਾਦ ਦਿਓ, ਇਹ ਭਾਵੇਂ ਕਿਸੇ ਵੀ ਥਾਂ ਨਾਲ ਵਾਬਸਤਾ ਹੋਵੇ। ਯੂਰੋਪ, ਲਾਤੀਨੀ ਅਮਰੀਕਾ ਅਤੇ ਹੋਰ ਥਾਂਈਂ ਚੱਲ ਰਹੇ ਕਲੱਬ ਅਤੇ ਵੱਖ ਵੱਖ ਮੁਲਕ, ਟੀਸੀ ਉਤੇ ਪੁੱਜਣ ਲਈ ਸਰਵੋਤਮ ਕੋਚਾਂ ਦੀਆਂ ਸੇਵਾਵਾਂ ਲੈਂਦੇ ਹਨ ਅਤੇ ਮਹਿੰਗੇ ਤੋਂ ਮਹਿੰਗਾ ਖਿਡਾਰੀ ਆਪਣੀ ਟੀਮ ਵਿਚ ਲਿਆਉਂਦੇ ਹਨ। ਸਿਆਸੀ ਜਮਾਤ ਲਈ ਸਬਕ ਹੈ: ਕਿਸੇ ਵੀ ਕਾਰਜ ਲਈ ਸਰਵੋਤਮ ਸ਼ਖਸ ਨੂੰ ਅੱਗੇ ਲਿਆਓ ਅਤੇ ਅਜਿਹਾ ਢਾਂਚਾ ਉਸਾਰੋ ਜਿਸ ਨਾਲ ਅਜਿਹਾ ਹੋਣਾ ਯਕੀਨੀ ਹੋਵੇ।

ਪੰਜਾਬੀ ਬਹੁਤ ਤੇਜ਼ੀ ਨਾਲ ਮੁਕਾਬਲੇ ਵਾਲੀ ਭਾਵਨਾ ਛੱਡ ਰਹੇ ਹਨ ਅਤੇ ਗੁਰਬਤ, ਜਾਤ, ਮਜ਼ਹਬ ਤੇ ਸਿਆਸੀ ਰਸੂਖ ਦੇ ਸਿਰ ਉਤੇ ਨੌਕਰੀਆਂ/ਲਾਭ/ਮੁਫਤ ਸਹੂਲਤਾਂ ਲਈ ਪੱਲੇ ਅੱਡ ਰਹੇ ਹਨ। ਸਿਆਸੀ ਪਾਰਟੀਆਂ ਉਮੀਦਵਾਰਾਂ ਦੀ ਚੋਣ ਮੌਕੇ ਕੋਈ ਖਾਸ ਤਰੱਦਦ ਨਹੀਂ ਕਰਦੀਆਂ ਸਗੋਂ ਮੌਜੂਦਾ ਸਿਆਸੀ ਪਰਿਵਾਰਾਂ, ਜਾਤਾਂ ਅਤੇ ਵੋਟ ਬੈਂਕਾਂ ਦੇ ਆਧਾਰ ਤੱਕ ਸੀਮਤ ਰਹਿੰਦੀਆਂ ਹਨ। ਨਤੀਜੇ ਵਜੋਂ ਸਮੁੱਚੇ ਚੋਣ ਅਮਲ ਵਿਚੋਂ ਔਸਤ ਜਿਹੀਆਂ ਸਰਕਾਰਾਂ ਹੋਂਦ ਵਿਚ ਆਉਂਦੀਆਂ ਹਨ ਜੋ ਫਿਰ ਸੂਬੇ ਨੂੰ ਆਪਣੇ ਹਿਸਾਬ ਨਾਲ ਚਲਾਉਂਦੀਆਂ ਹਨ।

ਸੰਸਥਾਵਾਂ ਦੀ ਉਸਾਰੀ ਦੇ ਮਾਮਲੇ ਵਿਚ ਪ੍ਰਤਾਪ ਸਿੰਘ ਕੈਰੋਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ, ਕਿਉਂਕਿ ਬਤੌਰ ਮੁੱਖ ਮੰਤਰੀ ਉਨ੍ਹਾਂ ਕੋਲ ਸੰਸਾਰ ਪੱਧਰੀ ਨਜ਼ਰੀਆ ਸੀ। ਵਿਦੇਸ਼ੀ ਮੁਹਾਰਤ, ਤਕਨਾਲੋਜੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰੂਪ ਵਿਚ ਮਿਲੀ ਸੰਸਥਾਈ ਸਹਾਇਤਾ ਨਾਲ ਹੀ ਹਰਾ ਇਨਕਲਾਬ ਸੰਭਵ ਹੋ ਸਕਿਆ। ਬਾਅਦ ਦੇ ਲੀਡਰਾਂ ਨੇ ਸੂਬੇ ਨੂੰ ਇਸ (ਹਰੇ ਇਨਕਲਾਬ) ਦੇ ਦੁਰਪ੍ਰਭਾਵਾਂ ਤੋਂ ਬਚਾਓ ਦਾ ਹੀਲਾ ਨਹੀਂ ਕੀਤਾ। ਉਸ ਵਕਤ ਤਾਂ ਪੰਜਾਬੀ ਤਜਰਬੇ ਕਰਨ, ਜੋਖਮ ਉਠਾਉਣ ਅਤੇ ਨਵੀਆਂ ਤਕਨੀਕਾਂ ਵਰਤਣ ਲਈ ਅਹੁਲ ਰਹੇ ਸਨ। ਹੁਣ ਸੌੜੇ ਹਿਤਾਂ ਵਾਲੀ ਸਿਆਸੀ ਲੀਡਰਸ਼ਿਪ ਕਾਰਨ ਪੰਜਾਬੀਆਂ ਦਾ ਗੱਡਾ ਬੁਰੀ ਤਰ੍ਹਾਂ ਫਸ ਗਿਆ ਹੈ। ਉਹ ਆਪਣੇ ਗਿਆਨ ਮੁਤਾਬਕ ਪੁਰਾਣੇ ਢੰਗ-ਤਰੀਕਿਆਂ ਰਾਹੀਂ ਖੇਤੀ ਕਰ ਰਹੇ ਹਨ ਅਤੇ ਇਹ ਸਾਰਾ ਕੁਝ ਉਨ੍ਹਾਂ ਲਈ ਹੀ ਨਹੀਂ ਸਗੋਂ ਸੂਬੇ ਦੇ ਜਲ ਸਰੋਤਾਂ ਲਈ ਵੀ ਤਬਾਹਕੁਨ ਹੈ।

ਲੀਡਰਸ਼ਿਪ ਨੂੰ ਇਹ ਪੱਕਾ ਬਹਾਨਾ ਲੱਭ ਗਿਆ ਹੈ ਕਿ ਕਾਇਆ-ਕਲਪ ਕਰਨ ਲਈ ਲੋੜੀਂਦੇ ਫੰਡ ਨਹੀਂ ਹਨ। ਪੈਰਾਂ ਸਿਰ ਹੋਣ ਕਾਰਨ ਭਾਵੇਂ ਖੇਡ ਸਭਿਆਚਾਰ ਨੂੰ ਹੁਲਾਰਾ ਦੇਣ ਵਿਚ ਵਾਹਵਾ ਮਦਦ ਮਿਲਦੀ ਹੈ ਪਰ ਸੰਸਾਰ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਮੁਲਕ-ਅਮਰੀਕਾ, ਰੂਸ ਤੇ ਚੀਨ ਵਿਸ਼ਵ ਕੱਪ ਲਈ ਕੁਆਲੀਫਾਈ ਨਹੀਂ ਕਰ ਸਕੇ ਹਨ। ਸੇਨੇਗਲ ਅਤੇ ਉਰੂਗੁਏ ਨੇ ਇਹ ਵਿਚਾਰ ਹੀ ਖਾਰਿਜ ਕਰ ਦਿੱਤਾ ਹੈ ਕਿ ਵਧੀਆ ਕੁਲ ਘਰੇਲੂ ਉਤਪਾਦਨ (ਜੀ.ਡੀ.ਪੀ.) ਕੌਮਾਂਤਰੀ ਮੁਕਾਬਲੇ ਵਿਚ ਸਫਲਤਾ ਦਾ ਧੁਰਾ ਹੁੰਦਾ ਹੈ।

ਇਕ ਪੜਾਅ ਤੋਂ ਬਾਅਦ ਆਬਾਦੀ ਜਾਂ ਭੂਗੋਲਿਕ ਰੁਕਾਵਟਾਂ ਕੋਈ ਮਾਇਨਾ ਨਹੀਂ ਰੱਖਦੀਆਂ। ਆਈਸਲੈਂਡ ਵਰਗਾ ਆਬਾਦੀ ਤੇ ਰਹਿਣਯੋਗ ਇਲਾਕੇ ਪੱਖੋਂ ਨਿੱਕਾ ਜਿਹਾ ਮੁਲਕ ਜਿਸ ਦੀ ਆਬਾਦੀ ਸਿਰਫ 3.3 ਲੱਖ ਹੈ, ਨੇ ਸੰਸਾਰ ਕੱਪ ਲਈ ਕੁਆਲੀਫਾਈ ਹੀ ਨਹੀਂ ਕੀਤਾ ਸਗੋਂ ਸੰਸਾਰ ਭਰ ਦੇ ਫੁੱਟਬਾਲ ਪ੍ਰੇਮੀਆਂ ਦੇ ਮੂੰਹ ਵਿਚ ਉਂਗਲਾਂ ਪੁਆ ਦਿੱਤੀਆਂ ਜਦੋਂ ਇਹ ਟੀਮ ਅਰਜਨਟਾਈਨਾ ਨਾਲ 1-1 ਦੀ ਬਰਾਬਰੀ ਉਤੇ ਤੁਲ ਗਈ। ਇਹ ਅਰਜਨਟਾਈਨਾ ਉਹੀ ਹੈ, ਜਿਸ ਨੇ ਲਿਓਨਲ ਮੈਸੀ ਸਮੇਤ ਫੁੱਟਬਾਲ ਦੇ ਬਹੁਤ ਮਹਾਨ ਖਿਡਾਰੀ ਪੈਦਾ ਕੀਤੇ ਹਨ।

ਪੰਜਾਬੀਆਂ ਨੂੰ ਵੀ ਕੋਈ ਡੱਕ ਨਹੀਂ ਸਕਦਾ ਬਸ਼ਰਤੇ ਕਾਮਯਾਬੀ ਲਈ ਇੱਛਾ ਅਤੇ ਹੌਸਲਾ ਬੁਲੰਦ ਹੋਵੇ। ਮਿਲਖਾ ਸਿੰਘ ਸਾਧਾਰਨ ਜਿਹੇ ਪਿਛੋਕੜ ਵਿਚੋਂ ਉੱਠਿਆ ਅਤੇ ਹਰ ਅੜਿੱਕੇ ਦੇ ਖਿਲਾਫ ਜੀਅ-ਜਾਨ ਨਾਲ ਜੂਝਿਆ ਤੇ ਫਿਰ ਅੱਜ ਵਾਲੇ ਮੁਕਾਮ ਉਤੇ ਪਹੁੰਚਿਆ। ਇਸ ਮੁਕਾਮ ਉਤੇ ਪਹੁੰਚਣ ਲਈ ਫੌਜ ਨੇ ਉਸ ਦੀ ਇਮਦਾਦ ਕੀਤੀ। ਉਂਜ, ਬਹੁਤ ਸਾਰੇ ਪ੍ਰਤਿਭਾਸ਼ਾਲੀ ਬੱਚੇ ਆਪਣਾ ਜਲਵਾ ਦਿਖਾਏ ਬਿਨਾ ਹੀ ਹਨੇਰਿਆਂ ਵਿਚ ਗੁਆਚ ਗਏ ਕਿਉਂਕਿ ਬਤੌਰ ਮੁਲਕ ਅਸੀਂ ਆਪਣੇ ਸੋਮੇ ਫਜ਼ੂਲ ਖਰਚੀ ਵਿਚ ਗੁਆ ਲਏ ਅਤੇ ਮਾਨਵੀ ਵਸੀਲਿਆਂ ਨੂੰ ਐਵੇਂ ਹੀ ਮੁਰਝਾ ਜਾਣ ਦਿੱਤਾ। ਹਰ ਸੂਬੇ ਨੂੰ ਹੀ ਨਹੀਂ ਸਗੋਂ ਹਰ ਸ਼ਹਿਰ, ਕਸਬੇ ਅਤੇ ਪਿੰਡ ਨੂੰ ਪ੍ਰਤਿਭਾ ਦੀ ਖੋਜ ਲਈ ਨਿਰਪੱਖ, ਇਮਾਨਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਢਾਂਚਾ ਚਾਹੀਦਾ ਹੈ। ਪ੍ਰਤਿਭਾ ਨੂੰ ਸਾਣ 'ਤੇ ਚਾੜ੍ਹਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸੰਸਥਾਈ ਸਹਾਇਤਾ ਵੀ ਲੋੜੀਂਦੇ ਹਨ।

ਜੇ ਪੰਜਾਬ ਵਿਚ ਕੋਈ ਬੰਨ੍ਹ-ਸੁੱਬ ਨਹੀਂ ਬਣ ਰਿਹਾ ਤਾਂ ਕਾਰਨ ਇਹ ਹੈ ਕਿ ਸਾਲ ਦਰ ਸਾਲ ਪੱਖਪਾਤ ਤੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਮੈਰਿਟ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ। ਜਮਹੂਰੀਅਤ ਨੂੰ ਕੁਝ ਚੋਣਵੇਂ ਸਿਆਸੀ ਪਰਿਵਾਰਾਂ ਨੇ ਅਗਵਾ ਕਰ ਲਿਆ ਹੈ ਜੋ ਆਪਣੀ ਸੱਤਾ ਅਤੇ ਸੁੱਖ-ਸਹੂਲਤਾਂ ਦੀ ਖਾਤਿਰ ਸਾਜ਼ਿਸ਼ ਲਈ ਰਲ ਬੈਠੇ ਹਨ। 98 ਵਰ੍ਹਿਆਂ ਦੇ ਸ਼ਾਨਾਂਮੱਤੇ ਇਤਿਹਾਸ ਵਾਲਾ ਸ਼੍ਰੋਮਣੀ ਅਕਾਲੀ ਦਲ ਹੁਣ ਇਕ ਪਰਿਵਾਰ ਦੇ ਕਾਰੋਬਾਰ ਤੱਕ ਨਿੱਘਰ ਗਿਆ ਹੈ। ਸੰਸਾਰ ਕੱਪ ਦੀ ਤਾਂ ਗੱਲ ਹੀ ਛੱਡੋ, ਕੀ ਪਰਿਵਾਰਕ ਮੈਂਬਰਾਂ ਦੀ ਬਹੁਤਾਤ ਵਾਲੀ ਕੋਈ ਚੋਣ ਕਮੇਟੀ ਅਜਿਹੀ ਟੀਮ ਚੁਣ ਸਕਦੀ ਹੈ, ਜੋ ਮੁਕਾਮੀ ਮੈਚ ਜਿੱਤਣ ਦੀ ਵੀ ਸੱਤਿਆ ਰੱਖਦੀ ਹੋਵੇ?

ਇਹੀ ਗੱਲ ਕਾਂਗਰਸ ਉਤੇ ਵੀ ਐਨ ਸਹੀ ਢੁੱਕਦੀ ਹੈ ਜੋ ਪੰਜਾਬ ਨੂੰ ਅੱਵਲ ਪੁਜੀਸ਼ਨ ਤੋਂ ਹੇਠਾਂ ਲਿਆ ਸੁੱਟਣ ਲਈ ਬਰਾਬਰ ਦੀ ਜ਼ਿੰਮੇਵਾਰ ਹੈ। ਬਹੁਤ ਮਾੜੀ ਕਾਰਗੁਜ਼ਾਰੀ ਅਤੇ ਪੱਖਪਾਤੀ ਤਰਜੀਹਾਂ ਸਾਬਤ ਹੋਣ 'ਤੇ ਵੀ ਲੀਡਰਾਂ ਦੀ ਉਹੀ ਜੁੰਡਲੀ ਸੱਤਾ 'ਚ ਆ ਗਈ ਹੈ ਜੋ ਅਜਿਹੀ ਕੰਗਾਲ ਟੀਮ ਹੈ ਜਿਸ ਨੂੰ ਪੰਜਾਬੀ ਆਪਣੀ ਅਗਵਾਈ ਲਈ ਵਾਰ-ਵਾਰ ਚੁਣ ਰਹੇ ਹਨ। ਜਿਸ ਤਰ੍ਹਾਂ ਸੰਸਾਰ ਕੱਪ 'ਚ ਹੁੰਦਾ ਹੈ, ਮਾੜੀ ਕਾਰਗੁਜ਼ਾਰੀ ਕੋਈ ਔਗੁਣ ਨਹੀਂ ਹੁੰਦੀ; ਇਹ ਭਾਵੇਂ ਸ਼ਖਸੀ ਪੱਧਰ 'ਤੇ ਹੋਵੇ ਜਾਂ ਪਾਰਟੀ ਪੱਧਰ 'ਤੇ।

ਸੱਤਾਧਾਰੀ ਜੁੰਡਲੀ ਹਵਾ ਦੇ ਤਾਜ਼ਾ ਬੁੱਲਿਆਂ ਲਈ ਪਾਰਟੀ ਦੇ ਦਰਵਾਜ਼ੇ ਨਹੀਂ ਖੋਲ੍ਹ ਰਹੀ। ਜੇ ਕਾਂਗਰਸ 2019 ਵਿਚ ਅਤੇ ਉਸ ਤੋਂ ਬਾਅਦ ਪ੍ਰਸੰਗਿਕ ਰਹਿਣਾ ਚਾਹੁੰਦੀ ਹੈ ਤਾਂ ਇਸ ਨੂੰ ਪੁਰਾਣੀ ਲੀਡਰਸ਼ਿਪ ਅਤੇ ਇਨ੍ਹਾਂ ਦੇ ਹਿੱਤਾਂ ਨੂੰ ਚੰਗਾ ਹਲੂਣਾ ਦੇਣਾ ਪਵੇਗਾ ਅਤੇ ਪਾਰਟੀ ਅੰਦਰ ਉਤਸ਼ਾਹੀ ਨੌਜਵਾਨਾਂ ਨੂੰ ਅੱਗੇ ਲਿਆਉਣਾ ਪਵੇਗਾ। 'ਆਪ' ਬਾਰੇ ਕੁਝ ਵੀ ਕਹਿਣ ਦੀ ਥਾਂ ਅਜੇ ਹੋਰ ਉਡੀਕਣਾ ਪਵੇਗਾ ਕਿਉਂਕਿ ਦਿੱਲੀ ਤੋਂ ਬਾਹਰ ਇਸ ਦੀ ਅਜ਼ਮਾਇਸ਼ ਅਜੇ ਹੋਈ ਨਹੀਂ ਹੈ।

ਮਾੜੀ ਸਰਕਾਰ ਵੀ ਚੰਗੀ ਕਾਰਗੁਜ਼ਾਰੀ ਦਿਖਾ ਸਕਦੀ ਹੈ ਜੇ ਇਹ ਸੰਸਥਾਵਾਂ ਦਾ ਸਤਿਕਾਰ ਕਰੇ ਅਤੇ ਨਿਯਮਾਂ ਮੁਤਾਬਕ ਚੱਲੇ। ਭ੍ਰਿਸ਼ਟਾਚਾਰ ਅਤੇ ਮੁਲਾਹਜ਼ੇਦਾਰੀਆਂ ਦੇ ਇਤਿਹਾਸ ਦੇ ਬਾਵਜੂਦ 'ਫੀਫਾ' ਨੇ ਫੁੱਟਬਾਲ ਦੀ ਖੇਡ ਨੂੰ ਲੀਹ ਉਤੇ ਹੀ ਨਹੀਂ ਰੱਖਿਆ ਸਗੋਂ ਨਵੀਆਂ ਟੀਸੀਆਂ ਵੀ ਛੋਹੀਆਂ ਹਨ। ਪੰਜਾਬ ਦੀਆਂ ਸਰਕਾਰਾਂ ਕਾਨੂੰਨ ਦੀਆਂ ਕਿਤਾਬਾਂ ਨੂੰ ਹਵਾ 'ਚ ਉਡਾਉਂਦੀਆਂ ਰਹੀਆਂ ਹਨ ਅਤੇ ਸਭ ਫੈਸਲੇ ਅਕਸਰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੀ ਪਸੰਦ ਮੁਤਾਬਕ ਹੁੰਦੇ ਰਹੇ ਹਨ। ਮਾੜੇ ਸਾਥ ਅਤੇ ਰਾਜ ਪ੍ਰਬੰਧ ਦੇ ਆਪਣੇ ਨਤੀਜੇ ਹੁੰਦੇ ਹਨ। ਕਾਂਗਰਸ ਕੋਲ ਕੌਮਾਂਤਰੀ ਹਾਕੀ ਖਿਡਾਰੀ ਪਰਗਟ ਸਿੰਘ ਹੈ ਜੋ ਐਮ.ਐਲ.ਏ. ਵੀ ਹੈ; ਫਿਰ ਵੀ ਖੇਡ ਮੰਤਰੀ ਵਾਲਾ ਕਾਰਜ ਸਕੂਲ ਪਾਸ ਲੀਡਰ ਨੂੰ ਦੇ ਦਿੱਤਾ ਗਿਆ ਜਿਸ ਕੋਲ ਖੇਡਾਂ ਲਈ ਕੋਈ ਜੋਸ਼ ਨਹੀਂ ਹੈ।

ਬਟਾਲਾ ਨੇੜਲੇ ਪਿੰਡ ਗੁਜਰਪੁਰਾ ਦੀ ਵਸਨੀਕ ਕੌਮਾਂਤਰੀ ਕਰਾਟੇ ਖਿਡਾਰਨ ਕੁਲਦੀਪ ਕੌਰ ਨੇ ਇਸੇ ਸਾਲ ਜਨਵਰੀ ਵਿਚ ਖੁਦਕੁਸ਼ੀ ਕਰ ਲਈ ਸੀ। ਉਸ ਅਤੇ ਉਸ ਦੀ ਮਾਂ ਉਤੇ ਹਮਲਾ ਹੋਇਆ ਸੀ ਅਤੇ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਹਮਲਾਵਰਾਂ ਦੀ ਸਰਪ੍ਰਸਤੀ ਇਲਾਕੇ ਦੇ ਮੰਤਰੀ ਨੇ ਕੀਤੀ। ਇਸ ਤੋਂ ਬਾਅਦ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਜਿਸ ਨੇ ਖਦਸ਼ੇ ਮੁਤਾਬਕ ਆਪਣੀ ਰਿਪੋਰਟ ਵਿਚ ਸ਼ੱਕੀਆਂ ਦਾ ਹੀ ਪੱਖ ਪੂਰਿਆ ਪਰ ਅਦਾਲਤ ਨੇ ਇਹ ਰਿਪੋਰਟ ਰੱਦ ਕਰ ਦਿੱਤੀ। ਇਹ ਦੋ ਮਿਸਾਲਾਂ ਸਰਕਾਰ ਦੀ ਕਾਰਕਰਦਗੀ ਅਤੇ ਲੀਡਰਸ਼ਿਪ ਦੀ ਮਾਨਸਿਕਤਾ ਦੇ ਦਰਸ਼ਨ ਕਰਵਾ ਦਿੰਦੀਆਂ ਹਨ।

ਇਹ ਠੀਕ ਹੈ ਕਿ ਹਰ ਖਿਡਾਰੀ ਤੇ ਹਰ ਮੁਲਕ ਜਾਂ ਸੂਬਾ ਸੰਸਾਰ ਪੱਧਰ ਦੇ ਮਿਆਰਾਂ ਤੱਕ ਨਹੀਂ ਪਹੁੰਚ ਸਕਦਾ। ਦੁਖਦਾਈ ਗੱਲ ਇਹ ਹੈ ਕਿ ਇਸ ਪਾਸੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਜਿਸ ਸੂਬੇ ਵਿਚ ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੋਵੇ ਅਤੇ ਨੌਜਵਾਨਾਂ ਦਾ ਪੂਰ ਨਸ਼ਿਆਂ ਦੀ ਦਲਦਲ ਵਿਚ ਫਸ ਗਿਆ ਹੋਵੇ ਤਾਂ ਖੇਡ ਕਲਚਰ ਅਪਨਾਉਣਾ ਮਹਿਜ਼ ਕੋਈ ਮਰਜ਼ੀ ਨਹੀਂ ਰਹਿ ਜਾਂਦੀ ਸਗੋਂ ਲੋੜ ਬਣ ਜਾਂਦੀ ਹੈ ਪਰ ਲੀਹ ਪਾੜਨ ਲਈ ਤੁਹਾਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੁੰਦੀ ਹੈ ਜਿਹੜੀ ਜਾਗਰੂਕ ਤੇ ਜ਼ਿੰਮੇਵਾਰ ਹੋਵੇ ਅਤੇ ਪ੍ਰਤਿਭਾ ਦੀ ਕਦਰ ਕਰੇ। ਅਜਿਹਾ ਸਿਰਫ ਖੇਡਾਂ ਦੇ ਖੇਤਰ ਵਿਚ ਹੀ ਨਹੀਂ ਸਗੋਂ ਹਰ ਖੇਤਰ-ਸਿੱਖਿਆ, ਸਿਹਤ, ਖੇਤੀ, ਸਨਅਤ, ਵਾਤਾਵਰਨ ਤੇ ਸਿਆਸਤ ਵਿਚ ਵੀ ਹੋਣਾ ਚਾਹੀਦਾ ਹੈ। ਅਸੀਂ ਫਿਲਹਾਲ ਸੰਸਾਰ ਵਿਆਪੀ ਉੱਤਮਤਾ ਦੇ ਸੁਪਨੇ ਲੈਣੇ ਬੰਦ ਕਰ ਦਿੱਤੇ ਹੋਏ ਹਨ।

# ਸੰਯੁਕਤ ਰਾਸ਼ਟਰ ਦੀ ਰਿਪੋਰਟ ਅਤੇ ਕਸ਼ਮੀਰੀ ਆਵਾਮ

ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਲਈ ਹਾਈ ਕਮਿਸ਼ਨਰ ਨੇ 14 ਜੂਨ ਨੂੰ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਬਾਰੇ 49 ਸਫਿਆਂ ਦੀ ਪਲੇਠੀ ਰਿਪੋਰਟ ਜਾਰੀ ਕੀਤੀ ਹੈ, ਇਸ ਵਿਚ ਰਿਆਸਤ ਵਿਚ ਹੋਈਆਂ ਉਲੰਘਣਾਵਾਂ ਦੀ ਪੜਤਾਲ ਲਈ ਕੌਮਾਂਤਰੀ ਜਾਂਚ ਕੀਤੇ ਜਾਣ ਦੀ ਜ਼ਰੂਰਤ ਉਪਰ ਜ਼ੋਰ ਦਿੱਤੇ ਜਾਣ ਨੇ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਹੁਕਮਰਾਨਾਂ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ। ਹੱਤਿਆ ਕੀਤੇ ਜਾਣ ਤੋਂ ਕੁਝ ਘੰਟੇ ਪਹਿਲਾਂ 'ਰਾਈਜ਼ਿੰਗ ਕਸ਼ਮੀਰ' ਦੇ ਸੰਪਾਦਕ ਸ਼ੁਜਾਤ ਬੁਖ਼ਾਰੀ ਨੇ ਆਪਣੀ ਟਵੀਟ ਵਿਚ ਇਸ

**ਬੂਟਾ ਸਿੰਘ**
ਫੋਨ: +91-94634-74342

ਰਿਪੋਰਟ ਦਾ ਉਚੇਚਾ ਜ਼ਿਕਰ ਕੀਤਾ ਸੀ। ਰਿਪੋਰਟ ਬੇਸ਼ਕ ਜੂਨ 2016 ਤੋਂ ਲੈ ਕੇ ਅਪਰੈਲ 2018 ਤਕ ਦੀਆਂ ਘਟਨਾਵਾਂ ਦੀ ਚਰਚਾ ਕਰਦੀ ਹੈ, ਇਸ ਨਾਲ ਕਸ਼ਮੀਰ ਮਸਲੇ ਦੀ ਮੁੱਖ ਧਿਰ- ਕਸ਼ਮੀਰੀ ਆਵਾਮ ਦਾ ਸੰਤਾਪ ਕੌਮਾਂਤਰੀ ਚਰਚਾ ਵਿਚ ਆ ਗਿਆ ਹੈ ਜਿਨ੍ਹਾਂ ਦੀ ਹੱਕੀ ਨੁਮਾਇੰਦਗੀ ਨੂੰ ਹੁਣ ਤਕ ਸਰਹੱਦ ਦੇ ਦੋਨੋਂ ਪਾਸੇ ਦੇ ਹੁਕਮਰਾਨ ਨਾ ਕੇਵਲ ਹਿਕਾਰਤ ਨਾਲ ਨਜ਼ਰਅੰਦਾਜ਼ ਕਰਦੇ ਆਏ ਹਨ ਸਗੋਂ ਉਨ੍ਹਾਂ ਦੀ ਹੱਕ-ਜਤਾਈ ਨੂੰ ਤਾਕਤ ਅਤੇ ਤਿਕੜਮਬਾਜ਼ੀ ਨਾਲ ਕੁਚਲਦੇ ਰਹੇ ਹਨ।

ਕਸ਼ਮੀਰ ਅੰਦਰੋਂ ਇਹ ਮੰਗ ਵਾਰ-ਵਾਰ ਉਠਦੀ ਰਹੀ ਹੈ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਯੂ.ਐਨ. ਦੇ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦੇ ਨੁਮਾਇੰਦਿਆਂ ਨੂੰ ਕਸ਼ਮੀਰ ਘਾਟੀ ਵਿਚ ਜਾ ਕੇ ਹਾਲਾਤ ਦਾ ਜਾਇਜ਼ਾ ਲੈਣ ਦੀ ਇਜਾਜ਼ਤ ਦੇਣ। ਪਹਿਲਾਂ ਭਾਵੇਂ ਕਾਂਗਰਸ ਸੱਤਾ ਵਿਚ ਸੀ ਜਾਂ ਹੁਣ ਭਾਜਪਾ ਸੱਤਾ ਧਾਰੀ ਹੈ, ਕਮਿਸ਼ਨ ਨੂੰ ਕਸ਼ਮੀਰ ਵਿਚ ਵੜਨ ਨਾ ਦਿੱਤਾ ਜਾਵੇ, ਇਸ ਬਾਰੇ ਸਾਰੇ ਹਾਕਮ ਜਮਾਤੀ ਧੜੇ ਇਕਮਤ ਹਨ। ਕਮਿਸ਼ਨਰ ਨੇ ਬੁਰਹਾਨ ਵਾਨੀ ਦੀ ਹੱਤਿਆ ਤੋਂ ਪਿਛੋਂ ਜੁਲਾਈ 2016 ਦੀਆਂ ਘਟਨਾਵਾਂ ਦੇ ਮੱਦੇਨਜ਼ਰ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਮਿਲ ਕੇ ਮੰਗ ਕੀਤੀ ਸੀ ਕਿ ਕਸ਼ਮੀਰ ਵਿਚ ਉਨ੍ਹਾਂ ਨੂੰ ਬਿਨਾ ਸ਼ਰਤ ਉਥੋਂ ਦੇ ਹਾਲਾਤ ਨੂੰ ਦੇਖਣ ਦੀ ਇਜਾਜ਼ਤ ਦਿੱਤੀ ਜਾਵੇ ਜੋ ਸਵੀਕਾਰ ਨਹੀਂ ਕੀਤੀ ਗਈ। ਹਿੰਦੁਸਤਾਨੀ ਹਾਕਮਾਂ ਨੇ ਇਹ ਮੰਗ ਦੋ-ਟੁੱਕ ਠੁਕਰਾ ਦਿੱਤੀ। ਪਾਕਿਸਤਾਨ ਸਰਕਾਰ ਨੇ ਸ਼ਰਤ ਲਾ ਦਿੱਤੀ ਕਿ ਕਮਿਸ਼ਨਰ ਪਹਿਲਾਂ ਹਿੰਦੁਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਜਾਣ ਦੀ ਇਜਾਜ਼ਤ ਹਿੰਦੁਸਤਾਨ ਸਰਕਾਰ ਤੋਂ ਹਾਸਲ ਕਰੇ। ਇਥੇ ਹੀ ਬਸ ਨਹੀਂ, ਸਰਕਾਰਾਂ ਵਲੋਂ ਯੂ.ਐਨ. ਜਾਂ ਕੌਮਾਂਤਰੀ ਭਾਈਚਾਰੇ ਨੂੰ ਕਿਸੇ ਆਜ਼ਾਦ ਸੰਸਥਾ ਵਲੋਂ ਕਸ਼ਮੀਰ ਦੀ ਹਾਲਤ ਦੀ ਜਾਣਕਾਰੀ ਦੇਣ ਦੇ ਕਿਸੇ ਵੀ ਤਰ੍ਹਾਂ ਯਤਨ ਨੂੰ ਤਾਕਤ ਨਾਲ ਦਬਾਇਆ ਜਾਂਦਾ ਹੈ। ਪਿੱਛੇ ਜਿਹੇ 'ਜੰਮੂ ਕਸ਼ਮੀਰ ਕੋਆਰਡੀਨੇਸ਼ਨ ਆਫ ਸਿਵਲ ਸੁਸਾਇਟੀ' ਦੇ ਪ੍ਰੋਗਰਾਮ ਕੋਆਰਡੀਨੇਟਰ ਖ਼ੁਰਮ ਪਰਵੇਜ਼ ਨੂੰ ਦਿੱਲੀ ਹਵਾਈ ਅੱਡੇ ਉਪਰ ਰੋਕ ਲਿਆ ਗਿਆ, ਉਹ ਜਨੇਵਾ ਵਿਚ ਯੂ.ਐਨ. ਮਨੁੱਖੀ ਅਧਿਕਾਰ ਕੌਂਸਲ ਦੇ ਸੈਸ਼ਨ ਲਈ ਜਾ ਰਿਹਾ ਸੀ। ਅਗਲੇ ਦਿਨ ਉਸ ਨੂੰ ਸ੍ਰੀਨਗਰ ਤੋਂ ਗ੍ਰਿਫਤਾਰ ਕਰ ਕੇ ਪਬਲਿਕ ਸੇਫਟੀ ਐਕਟ ਤਹਿਤ ਜੇਲ੍ਹ ਵਿਚ ਡੱਕ ਦਿੱਤਾ ਗਿਆ ਅਤੇ 76 ਦਿਨ ਬਾਅਦ ਰਿਹਾਅ ਕੀਤਾ। ਇਸ ਦਾ ਇਕੋ ਇਕ ਮਨੋਰਥ ਇਹ ਯਕੀਨੀ ਬਣਾਉਣਾ ਸੀ ਕਿ ਕਸ਼ਮੀਰ ਵਿਚ ਲੱਖਾਂ ਦੀ ਤਾਦਾਦ ਵਿਚ ਤਾਇਨਾਤ ਫੌਜ ਵਲੋਂ ਢਾਹੇ ਜਾ ਰਹੇ ਜਬਰ ਦੇ ਦਸਤਾਵੇਜ਼ੀ ਸਬੂਤ ਯੂ.ਐਨ. ਤਕ ਨਾ ਪਹੁੰਚ ਸਕਣ। ਹੁਣ ਜਦੋਂ ਯੂ.ਐਨ. ਕਮਿਸ਼ਨਰ ਵਲੋਂ ਹਾਸਲ ਜਾਣਕਾਰੀ ਦੇ ਆਧਾਰ 'ਤੇ ਰਿਪੋਰਟ ਜਾਰੀ ਕਰ ਦਿੱਤੀ ਗਈ ਹੈ, ਤਾਂ ਕਸ਼ਮੀਰ ਨੂੰ ਆਪਣਾ 'ਅਟੁਟ ਅਤੇ ਅਨਿਖੜ ਅੰਗ' ਕਰਾਰ ਦੇਣ ਵਾਲੇ ਸਾਬਕਾ ਤੇ ਮੌਜੂਦਾ ਸੱਤਾ ਧਾਰੀ ਇਸ ਰਿਪੋਰਟ ਨੂੰ ਮਾੜੀ ਮਨਸ਼ਾ ਨਾਲ ਬਣਾਈ ਝੂਠੀ ਰਿਪੋਰਟ ਦੱਸ ਰਹੇ ਹਨ; ਹਾਲਾਂਕਿ ਰਿਪੋਰਟ 388 ਵੱਖ-ਵੱਖ ਦਸਤਾਵੇਜ਼ੀ ਰਿਪੋਰਟਾਂ ਅਤੇ ਹੋਰ ਵਸੀਲਿਆਂ 'ਤੇ ਆਧਾਰਤ ਹੈ।

ਵਿਦੇਸ਼ ਮੰਤਰਾਲੇ ਵਲੋਂ ਰਿਪੋਰਟ ਰੱਦ ਕਰਨ ਲਈ ਉਹੀ ਘਸੀ-ਪਿਟੀ ਦਲੀਲ ਦੁਹਰਾਈ ਗਈ ਕਿ ਰਿਪੋਰਟ ਦੇਸ਼ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਉਲੰਘਣਾ ਕਰਦੀ ਹੈ; ਕਿ ਇਹ ਅਪੁਸ਼ਟ ਜਾਣਕਾਰੀ ਦਾ ਮਨਭਾਉਂਦਾ ਸੰਗ੍ਰਹਿ ਹੈ। ਕਾਂਗਰਸ ਨੇ ਵੀ ਇਹੀ ਮੁਹਾਰਨੀ ਦੁਹਰਾਈ ਕਿ ਇਹ ਮੁਲਕ ਦੀ ਪ੍ਰਭੂਸੱਤਾ ਅਤੇ ਕੌਮੀ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਸੌੜੇ ਹਿਤਾਂ ਵਲੋਂ ਤਿਆਰ ਕੀਤੀ ਤੁਅੱਸਬੀ ਰਿਪੋਰਟ ਹੈ; ਲੇਕਿਨ ਉਨ੍ਹਾਂ ਇਸ ਮੁੱਖ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਜੇ ਰਿਪੋਰਟ ਵਿਚ ਦਿੱਤੇ ਤੱਥ ਗ਼ਲਤ ਹਨ ਤਾਂ ਉਨ੍ਹਾਂ ਵਲੋਂ ਯੂ.ਐਨ. ਦੇ ਨੁਮਾਇੰਦਿਆਂ ਨੂੰ ਕਸ਼ਮੀਰ ਵਿਚ ਜਾ ਕੇ ਤੱਥਾਂ ਦੀ ਤਸਦੀਕ ਕਰਨ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾਂਦੀ? ਦੂਜੇ ਪਾਸੇ, ਪਾਕਿਸਤਾਨ ਸਰਕਾਰ ਨੇ ਰਿਪੋਰਟ ਦਾ ਕੇਵਲ ਇਸ ਕਰ ਕੇ ਸਵਾਗਤ ਕੀਤਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਕਸ਼ਮੀਰ ਦੇ ਬਹਾਨੇ ਹਿੰਦਸਤਾਨੀ ਹੁਕਮਰਾਨਾਂ ਨੂੰ ਭੰਡਣ ਦਾ ਮੌਕਾ ਮਿਲ ਗਿਆ ਹੈ।

ਰਿਪੋਰਟ ਦਾ ਮੁੱਖ ਫੋਕਸ ਹਿੰਦੁਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਕਸ਼ਮੀਰੀਆਂ ਖ਼ਿਲਾਫ ਸਟੇਟ ਦੀ ਤਾਕਤ ਦੇ ਬੇਤਹਾਸ਼ਾ ਇਸਤੇਮਾਲ ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਉਪਰ ਹੈ, ਲੇਕਿਨ ਰਿਪੋਰਟ ਇਸੇ ਅਰਸੇ ਦੌਰਾਨ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਹਾਲਾਤ ਦੀ ਛਾਣਬੀਣ ਵੀ ਕਰਦੀ ਹੈ। ਯੂ.ਐਨ. ਹਾਈ ਕਮਿਸ਼ਨਰ ਜ਼ਾਇਦ ਰਾਅਦ ਅਲ-ਹੁਸੈਨ ਨੇ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਉਹ ਯੂ.ਐਨ. ਮਨੁੱਖੀ ਅਧਿਕਾਰ ਕੌਂਸਲ ਨੂੰ ਭਰਵੀਂ ਆਜ਼ਾਦਾਨਾ ਕੌਮਾਂਤਰੀ ਜਾਂਚ ਲਈ ਕਮਿਸ਼ਨ ਬਣਾਉਣ ਲਈ ਜ਼ੋਰ ਦੇਣਗੇ।



*ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਲਈ ਹਾਈ ਕਮਿਸ਼ਨਰ ਜ਼ਾਇਦ ਰਾਅਦ ਅਲ-ਹੁਸੈਨ।*

ਰਿਪੋਰਟ ਕਹਿੰਦੀ ਹੈ ਕਿ ਹਿੰਦੁਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਜੂਨ 2016 ਤੋਂ ਲੈ ਕੇ ਸੁਰੱਖਿਆ ਦਸਤਿਆਂ (ਹਿੰਦੁਸਤਾਨੀ ਫੌਜ ਅਤੇ ਨੀਮ-ਫੌਜੀ ਬਲ) ਵਲੋਂ 145 ਨਾਗਰਿਕਾਂ ਦੀ ਹੱਤਿਆ ਕੀਤੀ ਗਈ ਅਤੇ 20 ਨਾਗਰਿਕ ਹਥਿਆਰਬੰਦ ਧੜਿਆਂ ਵੱਲੋਂ ਮਾਰੇ ਗਏ ਹਨ। ਰਿਪੋਰਟ ਨੇ ਸੁਰੱਖਿਆ ਦਸਤਿਆਂ ਵਲੋਂ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਲਈ ਪੈਲੇਟ ਗੰਨਾਂ ਇਸਤੇਮਾਲ ਕਰਨ ਦੀ ਵੀ ਨੁਕਤਾਚੀਨੀ ਕੀਤੀ ਹੈ ਜਿਨ੍ਹਾਂ ਨਾਲ ਇਕ ਸਾਲ ਵਿਚ ਸਤਾਰਾਂ ਲੋਕ ਮਾਰੇ ਗਏ ਅਤੇ 6221 ਗੰਭੀਰ ਜ਼ਖ਼ਮੀ ਹੋਏ। ਇਨ੍ਹਾਂ ਵਿਚੋਂ ਜ਼ਿਆਦਾਤਰ ਦੀਆਂ ਅੱਖਾਂ ਦੀ ਰੋਸ਼ਨੀ ਪੂਰੀ ਜਾਂ ਅੰਸ਼ਕ ਤੌਰ 'ਤੇ ਖ਼ਤਮ ਹੋ ਗਈ।

ਰਿਪੋਰਟ ਨੋਟ ਕਰਦੀ ਹੈ ਕਿ ਅਫਸਪਾ-1990 ਅਤੇ ਪਬਲਿਕ ਸੇਫਟੀ ਐਕਟ-1978 ਫੌਜ ਤੇ ਨੀਮ-ਫੌਜ ਨੂੰ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਛੋਟ ਦਿੰਦੇ ਹਨ। ਫੌਜੀ, ਨੀਮ-ਫੌਜੀ ਦਸਤੇ ਕਿਸੇ ਵੀ ਨੂੰ ਅਗਵਾ ਕਰ ਕੇ ਲਾਪਤਾ ਕਰ ਦਿੰਦੇ ਹਨ। ਬੇਪਛਾਣ ਸਮੂਹਿਕ ਕਬਰਾਂ ਸਮੇਤ ਹੋਰ ਸ਼ਿਕਾਇਤਾਂ ਦੀ ਭਰੋਸੇਯੋਗ ਜਾਂਚ ਲਈ ਸਰਕਾਰ ਵਲੋਂ ਕੋਈ ਤਰੱਦਦ ਨਹੀਂ ਕੀਤਾ ਜਾ ਰਿਹਾ। ਰਿਆਸਤ ਵਿਚ ਅਠਾਈ ਸਾਲਾਂ ਤੋਂ ਅਫਸਪਾ ਲਾਗੂ ਹੈ ਅਤੇ ਕੇਂਦਰ ਸਰਕਾਰ ਨੇ ਫੌਜੀ ਦਸਤਿਆਂ ਉਪਰ ਇਕ ਵੀ ਮੁਕੱਦਮਾ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ। ਰਿਪੋਰਟ ਕਹਿੰਦੀ ਹੈ ਕਿ ਔਰਤਾਂ ਉਪਰ ਜਿਨਸੀ ਹਿੰਸਾ ਦੇ ਮਾਮਲਿਆਂ ਵਿਚ ਫੌਜੀ ਤੇ ਨੀਮ-ਫੌਜੀ ਦਸਤਿਆਂ ਨੂੰ ਕਾਨੂੰਨੀ ਕਾਰਵਾਈ ਦਾ ਕੋਈ ਡਰ ਨਾ ਹੋਣ ਦਾ ਇਹ ਸਿਲਸਿਲਾ ਗੰਭੀਰ ਫਿਕਰਮੰਦੀ ਦਾ ਵਿਸ਼ਾ ਹੈ। ਰਿਪੋਰਟ ਕੁਨਨ-ਪੌਸ਼ਪੁਰਾ ਪਿੰਡਾਂ ਵਿਚ 23 ਔਰਤਾਂ ਨਾਲ ਸਮੂਹਿਕ ਜਬਰ ਜਨਾਹ ਦੀ ਮਿਸਾਲ ਦਿੰਦੀ ਹੈ ਜਿਥੇ ਸਟੇਟ ਵਲੋਂ ਨਿਆਂ ਹਾਸਲ ਕਰਨ ਵਿਚ ਸਾਲਾਂਬੱਧੀ ਅੜਿੱਕਾ ਡਾਹਿਆ ਗਿਆ। 1980ਵਿਆਂ ਤੋਂ ਲੈ ਕੇ ਜੰਮੂ ਕਸ਼ਮੀਰ ਵਿਚ ਕੰਮ ਕਰ ਰਹੇ ਹਥਿਆਰਬੰਦ ਧੜਿਆਂ ਨੇ ਵੀ ਮਨੁੱਖੀ ਹੱਕਾਂ ਦੀਆਂ ਵਿਆਪਕ ਉਲੰਘਣਾਵਾਂ ਕੀਤੀਆਂ ਹਨ ਜਿਨ੍ਹਾਂ ਵਿਚ ਅਗਵਾ, ਆਮ ਲੋਕਾਂ ਦੀਆਂ ਹੱਤਿਆਵਾਂ ਅਤੇ ਜਿਨਸੀ ਹਿੰਸਾ ਸ਼ਾਮਲ ਹਨ।

ਰਿਪੋਰਟ ਇਹ ਤੱਥ ਵੀ ਨੋਟ ਕਰਦੀ ਹੈ ਕਿ ਪਾਕਿਸਤਾਨ ਸਰਕਾਰ ਵਲੋਂ ਮੁੱਕਰਨ ਦੇ ਬਾਵਜੂਦ ਬਹੁਤ ਸਾਰੇ ਮਾਹਰਾਂ ਦਾ ਮੰਨਣਾ ਹੈ ਕਿ ਪਾਕਿਸਤਾਨੀ ਫੌਜ ਕੰਟਰੋਲ ਰੇਖਾ ਦੇ ਇਸ ਪਾਰ ਸਰਗਰਮ ਇਨ੍ਹਾਂ ਹਥਿਆਰਬੰਦ ਧੜਿਆਂ ਦੀ ਇਮਦਾਦ ਕਰ ਰਹੀ ਹੈ। ਰਿਪੋਰਟ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਅੰਦਰ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦੀ ਛਾਣਬੀਣ ਕਰਦਿਆਂ ਬਿਆਨ ਕਰਦੀ ਹੈ ਕਿ ਉਥੇ ਇਸ ਦੀ ਮਾਰ ਅਤੇ ਅਕਾਰ ਵੱਖਰੀ ਤਰ੍ਹਾਂ ਦਾ ਹੈ ਜੋ ਢਾਂਚਾਗਤ ਸੁਭਾਅ ਦਾ ਹੈ। ਉਥੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਪੁਰਅਮਨ ਇਕੱਠਾਂ ਅਤੇ ਜਥੇਬੰਦੀਆਂ ਬਣਾਉਣ ਉਪਰ ਰੋਕਾਂ ਆਇਦ ਹਨ। ਗਿਲਗਿਤ-ਬਾਲਟਿਸਤਾਨ ਵਿਚ ਤਾਂ ਹਾਲਤ ਦੀ ਜਾਣਕਾਰੀ ਹਾਸਲ ਕਰਨ ਦੀਆਂ ਸੀਮਾਵਾਂ ਹੀ ਬਹੁਤ ਹਨ। ਰਿਪੋਰਟ ਕਹਿੰਦੀ ਹੈ ਕਿ ਮਗਰਲੇ ਖੇਤਰ ਦੇ ਸਮੁਚੇ ਸਰਕਾਰੀ ਕਾਰਵਿਹਾਰ ਉਪਰ ਪਾਕਿਸਤਾਨ ਦੀ ਕੇਂਦਰੀ ਸੱਤਾ ਦੀ ਮੁਕੰਮਲ ਜਕੜ ਹੈ ਅਤੇ ਥਾਂ-ਥਾਂ ਖੁਫੀਆ ਏਜੰਸੀਆਂ ਤਾਇਨਾਤ ਹਨ। ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀ ਪ੍ਰੀਭਾਸ਼ਾ ਵਸੀਹ ਬਣਾਈ ਗਈ ਹੈ ਜਿਸ ਤਹਿਤ ਸੈਂਕੜੇ ਲੋਕ ਜੇਲ੍ਹਾਂ ਵਿਚ ਡੱਕੇ ਹੋਏ ਹਨ। ਇਸ ਦਾ ਇਸਤੇਮਾਲ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਜਾ ਰਿਹਾ ਹੈ ਜੋ ਲੋਕਾਂ ਦੇ ਮਨੁੱਖੀ ਹੱਕਾਂ ਦੇ ਮੁੱਦੇ ਉਠਾਉਂਦੇ ਹਨ। ਰਿਪੋਰਟ ਨੇ ਸਥਾਨਕ ਲੋਕਾਂ ਦੀਆਂ ਜ਼ਮੀਨਾਂ ਹੜੱਪਣ ਅਤੇ ਉਨ੍ਹਾਂ ਦੇ ਧਰਮ ਨੂੰ ਮੰਨਣ ਦੇ ਹੱਕ ਉਪਰ ਰੋਕਾਂ ਦਾ ਜ਼ਿਕਰ ਵੀ ਕੀਤਾ ਹੈ।

ਰਿਪੋਰਟ ਵਿਚ ਸਲਾਹ ਦਿੱਤੀ ਗਈ ਹੈ ਕਿ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਕੌਮਾਂਤਰੀ ਮਨੁੱਖੀ ਹੱਕਾਂ ਦੇ ਕਾਨੂੰਨ ਦੀਆਂ ਪਾਬੰਦ ਹੋ ਕੇ ਕੰਮ ਕਰਨ। ਹਿੰਦੁਸਤਾਨ ਸਰਕਾਰ ਅਫਸਪਾ ਤੁਰੰਤ ਵਾਪਸ ਲਵੇ; ਜੁਲਾਈ 2016 ਤੋਂ ਲੈ ਕੇ ਆਮ ਨਾਗਰਿਕਾਂ ਦੀਆਂ ਹੱਤਿਆਵਾਂ ਤੇ ਹਥਿਆਰਬੰਦ ਧੜਿਆਂ ਦੀਆਂ ਤਮਾਮ ਧੱਕੇਸ਼ਾਹੀਆਂ ਦੀ ਆਜ਼ਾਦਾਨਾ, ਨਿਰਪੱਖ ਅਤੇ ਭਰੋਸੇਯੋਗ ਜਾਂਚ ਕਰਾਈ ਜਾਵੇ। ਫੌਜੀ ਤੇ ਨੀਮ-ਫੌਜੀ ਦਸਤਿਆਂ ਦੇ ਹਮਲਿਆਂ ਵਿਚ ਜ਼ਖ਼ਮੀ ਹੋਏ ਲੋਕਾਂ ਅਤੇ ਸੁਰੱਖਿਆ ਦਸਤਿਆਂ ਹੱਥੋਂ ਮਾਰੇ ਗਿਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਉਨ੍ਹਾਂ ਦਾ ਮੁੜ-ਵਸੇਬਾ ਕਰਾਇਆ ਜਾਵੇ। ਪਬਲਿਕ ਸੇਫਟੀ ਐਕਟ ਵਾਪਸ ਲੈਣ ਉਪਰ ਜ਼ੋਰ ਦੇਣ ਦੀ ਬਜਾਏ ਰਿਪੋਰਟ ਕਹਿੰਦੀ ਹੈ ਕਿ ਇਸ ਵਿਚ ਤਰਮੀਮ ਕਰ ਕੇ ਇਸ ਨੂੰ ਕੌਮਾਂਤਰੀ ਮਨੁੱਖੀ ਹੱਕਾਂ ਦੇ ਕਾਨੂੰਨ ਦੇ ਅਨੁਸਾਰੀ ਬਣਾਇਆ ਜਾਵੇ। ਜਿਨ੍ਹਾਂ ਨੂੰ ਜੇਲ੍ਹਾਂ ਵਿਚ ਬੰਦੀ ਬਣਾ ਕੇ ਰੱਖਿਆ ਗਿਆ ਹੈ, ਉਨ੍ਹਾਂ ਉਪਰ ਅਦਾਲਤ ਵਿਚ ਜਾਂ ਤਾਂ ਦੋਸ਼ ਪੇਸ਼ ਕਰ ਕੇ ਮੁਕੱਦਮੇ ਚਲਾਏ ਜਾਣ ਜਾਂ ਫਿਰ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ।

ਰਿਪੋਰਟ ਜ਼ੋਰ ਦਿੰਦੀ ਹੈ ਕਿ ਪਾਕਿਸਤਾਨ ਸਰਕਾਰ ਸ਼ਾਂਤਮਈ ਤਰੀਕੇ ਨਾਲ ਸਿਆਸੀ ਅਤੇ ਸਮਾਜੀ ਸਰਗਰਮੀਆਂ ਕਰਨ ਵਾਲਿਆਂ ਅਤੇ ਸੱਤਾਧਾਰੀਆਂ ਤੋਂ ਵੱਖਰੀ ਸੋਚ ਵਾਲਿਆਂ 'ਤੇ ਜ਼ੁਲਮ ਕਰਨ ਲਈ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦਾ ਗ਼ਲਤ ਇਸਤੇਮਾਲ ਬੰਦ ਕਰੇ। ਪਾਕਿਸਤਾਨੀ ਕਬਜ਼ੇ ਹੇਠਲੇ 'ਆਜ਼ਾਦ' ਕਸ਼ਮੀਰ ਦੇ ਅੰਤ੍ਰਿਮ ਸੰਵਿਧਾਨ ਦੇ ਉਨ੍ਹਾਂ ਹਿੱਸਿਆਂ ਵਿਚ ਤਰਮੀਮ ਕੀਤੀ ਜਾਵੇ ਜੋ ਵਿਚਾਰ ਪ੍ਰਗਟਾਵੇ ਤੇ ਵਿਚਾਰਾਂ ਦੀ ਆਜ਼ਾਦੀ ਅਤੇ ਪੁਰਅਮਨ ਤਰੀਕੇ ਨਾਲ ਇਕੱਠੇ ਹੋਣ ਅਤੇ ਜਥੇਬੰਦ ਹੋਣ ਦੇ ਹੱਕਾਂ 'ਤੇ ਰੋਕ ਲਾਉਂਦੇ ਹਨ। ਜਿਨ੍ਹਾਂ ਸਿਆਸੀ ਕਾਰਕੁਨਾਂ, ਪੱਤਰਕਾਰਾਂ ਅਤੇ ਹੋਰ ਲੋਕਾਂ ਨੂੰ ਇਸ ਕਰ ਕੇ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਹ ਪੁਰਅਮਨ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕਰ ਰਹੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ। ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਤੇ ਗਿਲਗਿਤ-ਬਾਲਟਿਸਤਾਨ ਦੇ ਸੰਵਿਧਾਨਾਂ 'ਚ ਇਸ ਤਰੀਕੇ ਨਾਲ ਤਰਮੀਮਾਂ ਕੀਤੀਆਂ ਜਾਣ ਤਾਂ ਜੋ ਅਹਿਮਦੀਆ ਮੁਸਲਮਾਨਾਂ ਨੂੰ ਮੁਜਰਿਮ ਠਹਿਰਾਏ ਜਾਣ ਦਾ ਸਿਲਸਿਲਾ ਬੰਦ ਹੋਵੇ।

ਇਹ ਰਿਪੋਰਟ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਸੰਘਰਸ਼ ਬਾਰੇ ਖ਼ਾਮੋਸ਼ ਹੈ ਅਤੇ ਮਹਿਜ਼ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਨੂੰ ਨੋਟ ਕਰਦੀ ਹੈ। ਤਮਾਮ ਸੀਮਤਾਈਆਂ ਦੇ ਬਾਵਜੂਦ ਰਿਪੋਰਟ ਇਸ ਕਰ ਕੇ ਮਹੱਤਵਪੂਰਨ ਹੈ ਕਿ ਕਸ਼ਮੀਰੀ ਆਵਾਮ ਦੇ ਸੰਤਾਪ ਬਾਰੇ ਸੰਯੁਕਤ ਰਾਸ਼ਟਰ ਨੇ ਪਹਿਲੀ ਵਾਰ ਕੁਝ ਬੋਲਿਆ ਤਾਂ ਹੈ।

## ਪੱਤਰਕਾਰ ਸ਼ੁਜਾਤ ਬੁਖਾਰੀ ਦਾ ਕਤਲ: ਕੁਝ ਸਵਾਲ

14 ਜੂਨ ਦੀ ਸ਼ਾਮ ਨੂੰ ਰੋਜ਼ਾਨਾ 'ਰਾਈਜ਼ਿੰਗ ਕਸ਼ਮੀਰ' ਦੇ ਸੰਪਾਦਕ, ਸੀਨੀਅਰ ਕਸ਼ਮੀਰੀ ਪੱਤਰਕਾਰ ਸਈਦ ਸ਼ੁਜਾਤ ਬੁਖਾਰੀ ਨੂੰ 'ਅਣਪਛਾਤੇ' ਬੰਦੂਕਧਾਰੀਆਂ ਵਲੋਂ ਸ੍ਰੀਨਗਰ ਵਿਚ ਉਨ੍ਹਾਂ ਦੇ ਦਫਤਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਰਮਜ਼ਾਨ ਦੇ ਰੋਜ਼ੇ ਖੋਲ੍ਹਣ, ਯਾਨਿ ਇਫਤਾਰ ਤੋਂ ਥੋੜ੍ਹਾ ਚਿਰ ਪਹਿਲਾਂ ਅਤੇ ਹਿੰਦੁਸਤਾਨ ਸਰਕਾਰ ਵਲੋਂ ਐਲਾਨੀ 'ਗੋਲੀਬੰਦੀ' ਦੀ ਮਿਆਦ ਖਤਮ ਹੋਣ ਤੋਂ ਮਹਿਜ਼ ਦੋ ਦਿਨ ਪਹਿਲਾਂ ਸ਼ੁਜਾਤ ਦੀ ਜਾਨ ਲੈਣ ਪਿੱਛੇ ਕੀ ਮਨੋਰਥ ਹੋ ਸਕਦਾ ਹੈ? ਇਹ ਉਹ ਦਿਨ ਵੀ ਸੀ ਜਦੋਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨਰ ਵਲੋਂ ਕਸ਼ਮੀਰ ਬਾਰੇ ਪਹਿਲੀ ਰਿਪੋਰਟ ਜਾਰੀ ਕੀਤੀ ਗਈ ਅਤੇ ਸ਼ੁਜਾਤ ਨੇ ਟਵੀਟ ਕਰ ਕੇ ਇਸ ਨੂੰ ਮਹੱਤਵਪੂਰਨ ਰਿਪੋਰਟ ਕਿਹਾ।

ਇਹ ਪਿਛੋਕੜ ਸੀ ਜਿਸ ਵਿਚ ਕਤਲ ਨੂੰ ਅੰਜਾਮ ਸ੍ਰੀਨਗਰ ਦੇ ਉਚ ਸੁਰੱਖਿਆ ਖੇਤਰ 'ਪ੍ਰੈਸ ਐਨਕਲੇਵ' ਵਿਚ ਦਿੱਤਾ ਗਿਆ ਜੋ ਸੁਰੱਖਿਆ ਦਸਤਿਆਂ ਦੀ ਸੰਘਣੀ ਤਾਇਨਾਤੀ ਵਾਲਾ ਖੇਤਰ ਹੈ ਅਤੇ ਜਿਥੇ ਹਰ ਵਕਤ ਥਾਂ-ਥਾਂ ਨਾਕੇ ਲੱਗੇ ਰਹਿੰਦੇ ਹਨ। ਹਮਲਾ ਹੋਣ 'ਤੇ ਪੁਲਿਸ ਅਤੇ ਸੁਰੱਖਿਆ ਦਸਤਿਆਂ ਵਲੋਂ ਹਮਲਾਵਰਾਂ ਦਾ ਪਿੱਛਾ ਕਰਨ ਦੀ ਕੋਈ ਹਰਕਤ ਨਜ਼ਰ ਨਹੀਂ ਆਈ। ਹਮਲੇ ਤੋਂ ਬਾਅਦ ਇਕ ਬੰਦਾ ਕਾਰ ਦੀ ਖਿੜਕੀ ਖੋਲ੍ਹ ਕੇ ਪਹਿਲਾਂ ਸ਼ੁਜਾਤ ਦੇ ਮਾਰੇ ਜਾਣ ਤਸਦੀਕ ਕਰਦਾ ਹੈ ਅਤੇ ਫਿਰ ਅੰਗ-ਰੱਖਿਅਕ ਦੀ ਪਿਸਤੌਲ ਚੁੱਕ ਕੇ ਸਹਿਜ ਨਾਲ ਉਥੋਂ ਚਲਾ ਜਾਂਦਾ ਹੈ (ਪੁਲਿਸ ਦਾ ਦਾਅਵਾ ਹੈ ਕਿ ਸ਼ਨਾਖਤ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ)। ਕਰੜੀ ਸੁਰੱਖਿਆ ਵਾਲੇ ਖੇਤਰ ਵਿਚ ਬਾਰੀਕੀ ਵਿਚ ਵਿਉਂਤ ਬਣਾ ਕੇ ਸੰਪਾਦਕ ਨੂੰ ਕਤਲ ਕਰਨਾ ਕਿਵੇਂ ਸੰਭਵ ਹੋਇਆ?

ਸਵਾਲ ਇਹ ਵੀ ਹੈ ਕਿ ਖੁਫੀਆ ਏਜੰਸੀਆਂ ਇਸ ਉਚ ਸੁਰੱਖਿਆ ਖੇਤਰ ਵਿਚ ਕਾਤਲਾਂ ਦੀ ਨਕਲੋ-ਹਰਕਤ ਨੂੰ ਕਿਉਂ ਨਹੀਂ ਸੁੰਘ ਸਕੀਆਂ? ਪੁਲਿਸ ਉਥੇ ਵੀਹ ਮਿੰਟ ਬਾਅਦ ਪਹੁੰਚੀ। ਪੁਲਿਸ ਦੇ ਬਿਆਨ ਮੁਤਾਬਕ 'ਮੁੱਢਲੀ ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਇਹ ਖਾੜਕੂ ਹਮਲਾ ਹੈ।' ਪੁਲਿਸ ਅਧਿਕਾਰੀਆਂ ਨੂੰ ਡੂੰਘਾਈ ਵਿਚ ਛਾਣਬੀਣ ਕੀਤੇ ਬਿਨਾਂ ਹੀ ਮਹਿਜ਼ 'ਮੁੱਢਲੀ ਜਾਂਚ' ਦੇ ਆਧਾਰ 'ਤੇ ਇਸ ਨੂੰ ਤੁਰੰਤ ਮੀਡੀਆ ਅੱਗੇ ਕਸ਼ਮੀਰੀ ਖਾੜਕੂਆਂ ਦਾ ਹਮਲਾ ਬਣਾ ਕੇ ਪੇਸ਼ ਕਰਨ ਦੀ ਐਨੀ ਕਾਹਲ ਕਿਉਂ?

ਜ਼ਿਕਰਯੋਗ ਹੈ ਕਿ ਲਸ਼ਕਰ-ਏ-ਤੋਇਬਾ ਅਤੇ ਯੂਨਾਈਟਿਡ ਜਹਾਦ ਕੌਂਸਲ ਨੇ ਇਸ ਕਤਲ ਦੀ ਨਿਖੇਧੀ ਕੀਤੀ ਹੈ ਅਤੇ ਕਿਸੇ ਹੋਰ ਜਥੇਬੰਦੀ ਨੇ ਵੀ ਜ਼ਿੰਮੇਵਾਰੀ ਨਹੀਂ ਲਈ ਹੈ। ਜਨਾਜ਼ੇ ਮੌਕੇ ਜ਼ਿਆਦਾਤਰ ਲੋਕ ਇਹ ਕਹਿੰਦੇ ਵੀ ਸੁਣੇ ਗਏ ਕਿ ਕਤਲ ਦੇ ਪਿੱਛੇ 'ਏਜੰਸੀਆਂ' ਦਾ ਹੱਥ ਹੈ। ਪੁਲਿਸ ਦੇ ਦਾਅਵਿਆਂ ਤੋਂ ਉਲਟ ਆਮ ਕਸ਼ਮੀਰੀਆਂ ਦੀ ਇਹ ਰਾਇ ਕਿਉਂ ਹੈ? ਕਿਉਂਕਿ ਉਨ੍ਹਾਂ ਨੂੰ ਚਿੱਠੀਸਿੰਘ ਪੁਰਾ ਵਰਗੇ ਕਤਲ ਕਾਂਡਾਂ



*ਸ਼ੁਜਾਤ ਬੁਖਾਰੀ*

ਵਿਚ ਫੌਜ ਅਤੇ ਪੁਲਿਸ ਵਲੋਂ ਪੇਸ਼ ਕੀਤੀਆਂ ਕਹਾਣੀਆਂ ਦਾ ਇਲਮ ਹੈ। ਸ਼ੁਜਾਤ ਦੇ ਕਤਲ ਨਾਲ ਹੁਣ ਚਰਚਾ ਦਾ ਵਿਸ਼ਾ ਹੀ ਬਦਲ ਗਿਆ। ਚਰਚਾ ਮਨੁੱਖੀ ਹੱਕਾਂ ਦੇ ਘਾਣ ਬਾਰੇ ਯੂ.ਐਨ. ਰਿਪੋਰਟ ਦੇ ਵਿਆਪਕ ਮੁੱਦੇ ਤੋਂ ਪਾਸੇ ਜਾ ਕੇ 'ਸ਼ੁਜਾਤ ਦੇ ਕਤਲ ਪਿੱਛੇ ਖਾੜਕੂਆਂ ਦਾ ਹੱਥ' ਉਪਰ ਕੇਂਦਰਤ ਹੋ ਗਈ। ਸਵਾਲ ਹੈ ਕਿ ਇਸ ਵਕਤ ਸ਼ੁਜਾਤ ਨੂੰ ਕਤਲ ਕਰਨਾ ਕਿਸ ਦੇ ਹਿਤ ਵਿਚ ਸੀ? ਖਾੜਕੂਆਂ ਦੇ, ਆਈ.ਐਸ.ਆਈ. ਦੇ ਜਾਂ ਉਨ੍ਹਾਂ ਦੇ ਜਿਨ੍ਹਾਂ ਨੂੰ ਕਸ਼ਮੀਰੀ 'ਏਜੰਸੀਆਂ' ਕਹਿੰਦੇ ਹਨ?

ਕਤਲ ਸ਼ੁਜਾਤ ਦਾ ਹੋਵੇ ਜਾਂ ਗੌਰੀ ਲੰਕੇਸ਼ ਦਾ, 'ਅਣਪਛਾਤੇ' ਹਮਲਾਵਰਾਂ ਦੇ ਸਿਰਾਂ ਵਿਚ ਐਸੀਆਂ ਬੇਬਾਕ ਕਲਮਾਂ ਨੂੰ ਬੇਖ਼ੌਫ ਹੋ ਕੇ ਕਤਲ ਕਰਨ ਦੀ ਨਫਰਤ ਕੌਣ ਭਰਦਾ ਹੈ? ਉਹ ਕਿਹੜੀਆਂ ਤਾਕਤਾਂ ਹਨ ਜਿਨ੍ਹਾਂ ਨੂੰ ਸ਼ੁਜਾਤ ਦਾ ਹਿੰਸਾ ਨੂੰ ਰੋਕਣ ਲਈ ਪਰਦੇ ਪਿੱਛੇ ਚੱਲ ਰਹੀ 'ਟਰੈਕ-ਟੂ' ਗੱਲਬਾਤ ਵਿਚ ਸ਼ਾਮਲ ਹੋਣਾ, ਉਸ ਦਾ ਸੰਯੁਕਤ ਰਾਸ਼ਟਰ ਦੀ ਰਿਪੋਰਟ ਉਪਰ ਟਵੀਟ ਕਰਨਾ, ਉਸ ਵਲੋਂ ਪਾਕਿਸਤਾਨ ਨੂੰ ਗੱਲਬਾਤ ਵਿਚ ਸ਼ਾਮਲ ਕਰਨ ਉਪਰ ਜ਼ੋਰ ਦੇਣਾ ਜਾਂ ਦਿੱਲੀ ਨੂੰ ਗੋਲੀਬੰਦੀ ਦੇ 'ਸੰਕੇਤਕ ਐਲਾਨ ਤੋਂ ਅੱਗੇ ਵਧ ਕੇ ਸਿਆਸੀ ਮੁੱਦਿਆਂ ਉਪਰ ਗੱਲਬਾਤ ਸ਼ੁਰੂ ਕਰਨ' ਦਾ ਮਸ਼ਵਰਾ ਦੇਣਾ ਗਵਾਰਾ ਨਹੀਂ ਸੀ? ਉਸ ਦੀ ਕਲਮ ਤੋਂ ਕੌਣ ਖਤਰਾ ਮਹਿਸੂਸ ਕਰ ਰਿਹਾ ਸੀ?

ਸੁਜ਼ਾਤ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਹੱਕ ਦੇ ਦ੍ਰਿੜ ਮੁਦੱਈ ਸਨ ਅਤੇ ਕਸ਼ਮੀਰ ਅਵਾਮ ਉਪਰ ਫੌਜ ਦੇ ਜ਼ੁਲਮਾਂ ਦੇ ਖਿਲਾਫ ਬੇਖ਼ੌਫ ਹੋ ਕੇ ਲਿਖਦੇ ਸਨ। ਹਿੰਦੁਸਤਾਨੀ ਸਟੇਟ ਦੀਆਂ ਨਜ਼ਰਾਂ ਵਿਚ ਉਹ 'ਨਰਮ ਵੱਖਵਾਦੀ' ਸੀ। ਪਾਕਿਸਤਾਨ ਪੱਖੀ ਧੜੇ ਉਸ ਨੂੰ 'ਤਹਿਰੀਕ ਵਿਰੋਧੀ' ਸਮਝਦੇ ਸਨ। ਦਰਅਸਲ, ਉਸ ਦੀ ਸਪਸ਼ਟ ਸਮਝ ਸੀ ਕਿ ਕਸ਼ਮੀਰ ਘਾਟੀ ਵਿਚ ਹਿੰਸਾ ਦਾ ਜੋ ਗੇੜ ਹੁਣ ਚੱਲ ਰਿਹਾ ਹੈ, ਇਹ ਫੌਜੀ ਅਤੇ ਨੀਮ-ਫੌਜੀ ਦਸਤਿਆਂ ਦੇ ਅਪਰੇਸ਼ਨਾਂ ਦਾ ਨਤੀਜਾ ਹੈ ਜਿਸ ਦੇ ਪ੍ਰਤੀਕਰਮ ਵਜੋਂ ਕਸ਼ਮੀਰੀ ਰੋਹ ਵਿਚ ਆ ਕੇ ਸੜਕਾਂ ਉਪਰ ਨਿਕਲ ਆਏ ਹਨ। ਉਹ ਇਸ ਗੱਲ ਦਾ ਜ਼ੋਰਦਾਰ ਹਾਮੀ ਸੀ ਕਿ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਕੀਤੀ ਜਾਣ ਵਾਲੀ ਗੱਲਬਾਤ ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਸਰਕਾਰਾਂ ਨੂੰ ਸ਼ਾਮਲ ਕੀਤਾ ਜਾਵੇ।

ਸੰਭਵ ਹੈ, ਆਉਣ ਵਾਲੇ ਦਿਨਾਂ ਵਿਚ ਪਿਸਤੌਲਾਂ ਦੇ ਘੋੜੇ ਦਬਾਉਣ ਵਾਲੇ 'ਅਣਪਛਾਤੇ' ਫੜੇ ਜਾਣ। ਉਸੇ ਤਰ੍ਹਾਂ ਜਿਵੇਂ ਇਨ੍ਹੀਂ ਦਿਨੀਂ ਗੌਰੀ ਲੰਕੇਸ਼, ਪ੍ਰੋਫੈਸਰ ਕਲਬੁਰਗੀ ਦੇ ਕਾਤਲਾਂ ਦੀ ਸ਼ਨਾਖਤ ਕਰ ਲਏ ਜਾਣ ਦੀ ਚਰਚਾ ਹੋ ਰਹੀ ਹੈ। ਤਫਤੀਸ਼ੀ ਏਜੰਸੀਆਂ ਮੋਹਰੇ ਬਣੇ ਬੰਦਿਆਂ ਜਾਂ ਉਨ੍ਹਾਂ ਦੇ 'ਸ੍ਰੀਰਾਮ ਸੇਨਾ' ਅਤੇ 'ਸਨਾਤਨ ਸੰਸਥਾ' ਨਾਲ ਸਬੰਧਾਂ ਦੀ ਗੱਲ ਤਾਂ ਕਰ ਰਹੀਆਂ ਹਨ ਲੇਕਿਨ ਇਨ੍ਹਾਂ ਸੰਸਥਾਵਾਂ ਦੇ ਪਿੱਛੇ ਕੰਮ ਕਰਦੇ ਅਸਲ ਸੂਤਰਧਾਰਾਂ ਅਤੇ ਉਨ੍ਹਾਂ ਦੇ ਏਜੰਡਿਆਂ ਬਾਰੇ ਖਾਮੋਸ਼ ਹਨ। ਜਿਨ੍ਹਾਂ ਨੇ ਕਾਤਲਾਂ ਦੇ ਦਿਮਾਗਾਂ ਵਿਚ ਧਰਮ ਦੀ ਰਾਖੀ ਦਾ ਜਨੂੰਨ ਭਰ ਕੇ ਉਨ੍ਹਾਂ ਨੂੰ 'ਅਪਰੇਸ਼ਨ ਅੰਮਾ' (ਗੌਰੀ ਲੰਕੇਸ਼ ਦੇ ਕਤਲ ਦੀ ਯੋਜਨਾ ਦਾ ਕੋਡ ਨਾਂ) ਜਾਂ ਹੋਰ ਬੁੱਧੀਜੀਵੀਆਂ ਦੇ ਕਤਲਾਂ ਲਈ ਤਿਆਰ ਕੀਤਾ। ਇਹੀ ਸਵਾਲ ਸ਼ੁਜਾਤ ਦੇ ਕਤਲ ਦੇ ਮਾਮਲੇ ਵਿਚ ਵੀ ਪ੍ਰਸੰਗਕ ਹੈ ਕਿ ਇਸ ਦੇ ਪਿੱਛੇ ਕੰਮ ਕਰ ਰਹੇ ਅਸਲ ਸੂਤਰਧਾਰ ਕੌਣ ਹਨ?

**-ਬੂਟਾ ਸਿੰਘ**

# ਈਦ-ਉਲ-ਫਿਤਰ ਦਾ ਤਿਉਹਾਰ ਇਤਿਹਾਸ ਦੇ ਆਈਨੇ 'ਚੋਂ

ਹਰ ਧਰਮ 'ਚ ਮਨਾਏ ਜਾਂਦੇ ਤਿਉਹਾਰਾਂ ਦਾ ਪਿਛੋਕੜ ਕਿਸੇ ਨਾ ਕਿਸੇ ਰੂਪ ਵਿਚ ਉਸ ਧਰਮ 'ਚ ਵਾਪਰੀ ਕਿਸੇ ਮੁੱਖ ਸੁਖਾਂਤਕ ਘਟਨਾ ਨਾਲ ਜੁੜਿਆ ਹੁੰਦਾ ਹੈ। ਦੀਵਾਲੀ, ਗੁਰਪੁਰਬ ਅਤੇ ਕ੍ਰਿਸਮਸ ਆਦਿ ਪ੍ਰਤੱਖ ਮਿਸਾਲਾਂ ਹਨ। ਇਸਲਾਮ ਵਿਚ ਦੋ ਤਿਉਹਾਰ ਮੁੱਖ ਤੌਰ 'ਤੇ ਪੂਰੇ ਵਿਸ਼ਵ ਦੇ ਮੁਸਲਮਾਨ ਸਾਂਝੇ ਰੂਪ 'ਚ ਮਨਾਉਂਦੇ ਹਨ। ਇਨ੍ਹਾਂ ਵਿਚ ਈਦ-ਉਲ-ਫਿਤਰ ਅਤੇ ਈਦ-ਉਲ-ਜੋਹਾ ਕਾਬਿਲ-ਏ-ਜ਼ਿਕਰ ਹਨ।

'ਈਦ' ਸ਼ਬਦ ਅਰਬੀ ਦੇ ਸ਼ਬਦ 'ਊਦ' ਤੋਂ ਨਿਕਲਿਆ ਹੈ, ਜਿਸ ਦੇ ਅਰਥ ਹਨ-ਵਾਪਸ ਆਉਣਾ ਜਾਂ ਵਾਰ ਵਾਰ ਆਉਣਾ। ਈਦ ਹਰ ਸਾਲ ਆਉਂਦੀ ਹੈ, ਇਸ ਲਈ ਇਸ ਦਾ ਨਾਂ ਈਦ ਪੈ ਗਿਆ। ਅਰਥਾਤ ਈਦ ਦੇ ਮਾਅਨੇ ਖੁਸ਼ੀ ਹਨ।

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਈਦ ਮਨਾਉਣ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮਨੌਤ ਹੈ ਕਿ ਜਦੋਂ ਹਜ਼ਰਤ ਆਦਮ (ਅਲੈਹ ਅਸਲਾਮ) ਦੀ ਤੋਬਾ ਕਬੂਲ ਹੋਈ ਤਾਂ ਉਦੋਂ ਪਹਿਲੀ ਵਾਰ ਈਦ ਮਨਾਈ ਗਈ। ਇਸੇ ਤਰ੍ਹਾਂ ਹਜ਼ਰਤ ਇਬਰਾਹੀਮ ਨੂੰ ਨਮਰੂਦ ਨੇ ਅੱਗ ਦੇ ਹਵਾਲੇ ਕੀਤਾ ਤਾਂ ਅੱਗ ਨੇ ਉਨ੍ਹਾਂ ਨੂੰ ਸਾੜਨ ਦੀ ਥਾਂ ਫੁੱਲਾਂ ਦੇ ਬਗੀਚੇ ਦਾ ਰੂਪ ਧਾਰ ਲਿਆ। ਇਬਰਾਹੀਮ ਦੀ ਕੌਮ ਨੇ ਇਸ ਖੁਸ਼ੀ 'ਚ ਈਦ ਮਨਾਈ। ਜਦ ਹਜ਼ਰਤ ਯੂਨਸ ਨੂੰ ਮਛਲੀ ਦੇ ਪੇਟ ਦੀ ਕੈਦ 'ਚੋਂ ਆਜ਼ਾਦੀ ਮਿਲੀ ਤਾਂ ਉਨ੍ਹਾਂ ਦੀ ਉਮਤ ਨੇ ਉਸ ਦਿਨ ਈਦ ਮਨਾਈ। ਜਦੋਂ ਅੱਲਾਹ ਪਾਕ ਨੇ ਹਜ਼ਰਤ ਮੂਸਾ ਦੀ ਕੌਮ ਬਾਨੀ ਬਨੀ ਇਸਰਾਈਲ ਨੂੰ ਫਿਰੌਨ ਦੇ ਜ਼ੁਲਮਾਂ ਤੋਂ ਛੁਟਕਾਰਾ ਦਿਵਾਇਆ ਤਾਂ ਉਨ੍ਹਾਂ ਵਾਸਤੇ ਵੀ ਉਸ ਦਿਨ ਈਦ ਹੀ ਸੀ। ਈਸਾਈ ਕੌਮ ਅੱਜ ਵੀ ਈਸਾ (ਅਲੈਹ ਅਸਲਾਮ) ਦੀ ਪੈਦਾਇਸ਼ ਦੇ ਦਿਨ ਨੂੰ ਕ੍ਰਿਸਮਸ ਦੇ ਰੂਪ 'ਚ ਮਨਾਉਂਦੀ ਹੈ।

ਈਦ-ਉਲ-ਫਿਤਰ ਦੋ ਸ਼ਬਦਾਂ ਤੋਂ ਬਣਿਆ ਹੈ-ਈਦ ਅਤੇ ਫਿਤਰ। ਈਦ ਦੇ ਅਰਥ ਹਨ, ਖੁਸ਼ੀ ਅਤੇ ਫਿਤਰ ਦਾ ਅਰਥ ਹੈ, ਰੋਜ਼ਾ ਖੋਲ੍ਹਣਾ। ਈਦ ਦੇ ਦਿਨ ਰਮਜ਼ਾਨ ਦਾ ਮਹੀਨਾ ਖਤਮ ਹੁੰਦਾ ਹੈ ਤੇ ਸ਼ਵਾਲ ਮਹੀਨੇ ਦੀ ਪਹਿਲੀ ਤਾਰੀਖ ਨੂੰ ਈਦ-ਉਲ-ਫਿਤਰ ਦਾ ਤਿਉਹਾਰ ਮਨਾਇਆ ਜਾਂਦਾ ਹੈ ਭਾਵ ਮੁਸਲਮਾਨ ਦਾ ਰੋਜ਼ਾ ਇਸ ਦਿਨ ਪੂਰੀ ਤਰ੍ਹਾਂ ਖੁੱਲ੍ਹ ਜਾਂਦਾ ਹੈ। ਈਦ-ਉਲ-ਫਿਤਰ ਮਨਾਉਣ ਦਾ ਫੈਸਲਾ ਕਈ ਵਾਰ 29ਵੇਂ ਰੋਜ਼ੇ ਦੇ ਖੋਲ੍ਹਣ ਤੋਂ ਬਾਅਦ ਚੰਦ ਨਜ਼ਰ ਆਉਣ ਪਿਛੋਂ ਹੀ ਕਰ ਦਿੱਤਾ ਜਾਂਦਾ ਹੈ। ਜੇ ਚੰਦ ਉਣੱਤੀਆਂ ਦਾ ਨਹੀਂ ਵਿਖਾਈ ਦਿੰਦਾ ਤਾਂ ਤੀਹ ਰੋਜ਼ੇ ਪੂਰੇ ਕਰ ਲੈਣ ਤੋਂ ਬਾਅਦ ਈਦ-ਉਲ-ਫਿਤਰ ਮਨਾਈ ਜਾਂਦੀ ਹੈ। ਈਦ ਦੇ ਦਿਨ ਰੋਜ਼ਾ ਰੱਖਣਾ ਹਰਾਮ ਮੰਨਿਆ ਜਾਂਦਾ ਹੈ।

ਈਦ ਦਾ ਅਰੰਭ 624 ਈਸਵੀ ਤੋਂ ਹੋਇਆ ਮੰਨਿਆ ਜਾਂਦਾ ਹੈ। ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਦੀ ਹਿਜਰਤ ਤੋਂ ਪਹਿਲਾਂ ਮਦੀਨੇ ਦੇ ਲੋਕ ਸਾਲ 'ਚ ਦੋ ਦਿਨ ਮੇਲੇ ਦੇ ਰੂਪ 'ਚ ਖੁਸ਼ੀਆਂ ਮਨਾਉਂਦੇ ਸਨ। ਇਸ ਦੌਰਾਨ ਇਹ ਲੋਕ ਤਰ੍ਹਾਂ ਤਰ੍ਹਾਂ ਦੇ ਫਜ਼ੂਲ ਕਿਸਮ ਦੇ ਖੇਡ ਤਮਾਸ਼ਿਆਂ ਵਿਚ ਲੱਗੇ ਰਹਿੰਦੇ ਅਤੇ ਸੀਟੀਆਂ ਮਾਰਨੀਆਂ ਜਾਂ ਤਰ੍ਹਾਂ ਤਰ੍ਹਾਂ ਦੀ ਹੁਲੜਬਾਜ਼ੀ ਨੂੰ ਹੀ ਖੁਸ਼ੀ ਮਨਾਉਣਾ ਖਿਆਲ ਕਰਦੇ ਸਨ। ਜਦਕਿ ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਇਹ ਦਿਨ ਮਨਾਉਣ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੀ ਜਹਾਲਤ ਦੇ ਦਿਨਾਂ ਤੋਂ ਹੀ ਇਸੇ ਤਰ੍ਹਾਂ ਸਾਲ 'ਚ ਦੋ ਵਾਰ ਇਹ ਦਿਨ ਮਨਾਉਂਦੇ ਆ ਰਹੇ ਹਾਂ। ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਕਿਹਾ ਕਿ ਇਸ ਨਾਲੋਂ ਬਿਹਤਰ ਦੋ ਦਿਨ ਤਹਾਨੂੰ ਅੱਲਾਹ ਪਾਕ ਨੇ ਦਿੱਤੇ ਹਨ: ਈਦ-ਉਲ-ਫਿਤਰ ਅਤੇ ਈਦ-ਉਲ-ਜੁਹਾ। ਬਿਨਾ ਸ਼ੱਕ ਖੁਸ਼ੀ ਦੇ ਇਹ ਦਿਨ ਉਦੇਸ਼ਾਂ ਅਤੇ ਮਕਸਦ ਭਰੇ ਹਨ।

ਇਸਲਾਮ ਹਰ ਮੌਕੇ ਗਰੀਬਾਂ ਨਾਲ ਭਲਾਈ ਅਤੇ ਹੁਸਨ-ਏ-ਸਲੂਕ ਕਰਨ ਲਈ ਲੋਚਦਾ ਤੇ ਇਸ ਦੀ ਪ੍ਰੇਰਨਾ ਦਿੰਦਾ ਹੈ। ਨਾਲ ਹੀ ਬੇਸਹਾਰਾ, ਗਰੀਬਾਂ ਦੀ ਮਦਦ ਦੀ ਹਦਾਇਤ ਦਿੰਦਾ ਹੈ। ਇਸ ਦੀ ਝਲਕ ਸਾਨੂੰ ਈਦ-ਉਲ-ਫਿਤਰ ਦੇ ਨਾਲ ਵੀ ਸਦਕਾ-ਏ-ਫਿਤਰ ਦੇ ਰੂਪ ਵਿਚ ਭਲੀਭਾਂਤ ਜੁੜੀ ਮਿਲਦੀ ਹੈ। ਰੋਜ਼ਿਆਂ ਦੌਰਾਨ ਰੋਜ਼ਾਦਾਰ ਤੋਂ ਜੋ ਭੁਲ-ਚੁਕ ਹੋ ਜਾਂਦੀ ਹੈ, ਉਨ੍ਹਾਂ ਦੀ ਤਲਾਫੀ ਲਈ ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਗਰੀਬਾਂ ਵਿਚ ਸਦਕਾ-ਏ-ਫਿਤਰ ਤਕਸੀਮ ਕਰਨ ਦੀ ਹਦਾਇਤ ਕੀਤੀ ਹੈ। ਸਦਕਾ-ਏ-ਫਿਤਰ ਘਰ ਦੇ ਹਰ ਜੀਅ ਵਲੋਂ ਬਾਲਗ (ਨਾਬਾਲਗ ਦੇ ਮਾਂ-ਬਾਪ ਜਾਂ ਵਾਰਿਸ) ਵਲੋਂ ਦਿੱਤਾ ਜਾਂਦਾ ਹੈ। ਈਦ ਵਾਲੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਜੇ ਕਿਸੇ ਬੱਚੇ ਨੇ ਵੀ ਜਨਮ ਲਿਆ ਹੈ ਤਾਂ ਉਸ ਦੀ ਤਰਫੋਂ ਇਹ ਸਦਕਾ-ਏ-ਫਿਤਰ ਉਸ ਦੇ ਮਾਂ ਬਾਪ ਵਲੋਂ ਕਢਿਆ ਜਾਣਾ ਵਾਜਿਬ ਹੈ।

ਸਦਕਾ-ਏ-ਫਿਤਰ ਦਾ ਜੋ ਪ੍ਰਤੀ ਜੀਅ ਦੇ ਹਿਸਾਬ ਨਾਲ ਹਿੱਸਾ ਬਣਦਾ ਹੈ, ਉਹ ਦੋ ਕਿਲੋ ਕਣਕ, ਜਾਂ ਸਾਢੇ ਤਿੰਨ ਕਿਲੋ ਜੌਂ ਜਾਂ ਖਜੂਰ ਕਿਸ਼ਮਿਸ਼ ਭਾਵ ਜੋ ਚੀਜ਼ ਇਲਾਕੇ ਵਿਚ ਆਮ ਵਰਤੋਂ ਵਿਚ ਆਉਂਦੀ ਹੋਵੇ। ਸਦਕਾ-ਏ-ਫਿਤਰ ਦੇ ਪੈਸਿਆਂ ਨੂੰ ਵੀ ਜ਼ਕਾਤ ਦੇ ਪੈਸਿਆਂ ਵਾਂਗ ਗਰੀਬਾਂ ਵਿਚ ਹੀ ਦਿੱਤੇ ਜਾਣ ਦਾ ਹੁਕਮ ਹੈ ਤਾਂ ਜੋ ਗਰੀਬ ਵੀ ਆਪਣੇ ਬੱਚਿਆਂ ਸਮੇਤ ਈਦ ਦੀਆਂ ਖੁਸ਼ੀਆਂ ਮਨਾ ਸਕਨ।

ਇੱਕ ਵਾਕਿਆ ਬੜਾ ਮਸ਼ਹੂਰ ਹੈ ਕਿ ਇਕ ਵਾਰ ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਆਪਣੇ ਦੋਵੇਂ ਦੋਹਤਿਆਂ ਹਜ਼ਰਤ ਹਸਨ (ਰ) ਅਤੇ ਹੁਸੈਨ (ਸ) ਨਾਲ ਈਦ ਦੀ ਨਮਾਜ਼ ਪੜ੍ਹਨ ਲਈ ਜਾ ਰਹੇ ਸਨ ਕਿ ਰਸਤੇ ਵਿਚ ਕੁਝ ਬੱਚੇ ਖੇਡਦੇ ਦਿਸੇ ਪਰ ਇੱਕ ਬੱਚਾ ਬਹੁਤ ਹੀ ਨਿਰਾਸ਼, ਦੁਖੀ ਅਤੇ ਪ੍ਰੇਸ਼ਾਨ ਸੀ। ਉਨ੍ਹਾਂ ਨੇੜੇ ਜਾ ਕੇ ਉਸ ਤੋਂ ਦੁਖੀ ਹੋਣ ਦਾ ਕਾਰਨ ਪੁਛਿਆ। ਉਸ ਨੇ ਕਿਹਾ ਕਿ ਮੇਰਾ ਬਾਪ ਮਰ ਚੁਕਾ ਹੈ ਤੇ ਮਾਂ ਨੇ ਦੂਜੀ ਸ਼ਾਦੀ ਕਰ ਲਈ ਹੈ, ਇਸ ਲਈ ਹੁਣ ਮੇਰੀ ਪਰਵਰਿਸ਼ ਕਰਨ ਵਾਲਾ ਕੋਈ ਨਹੀਂ। ਉਨ੍ਹਾਂ ਬੱਚੇ ਨੂੰ ਤਸੱਲੀ ਦਿੱਤੀ, ਕੀ ਤੂੰ ਪਸੰਦ ਕਰੇਂਗਾ ਕਿ ਮੁਹੰਮਦ (ਸ) ਤੇਰਾ ਬਾਪ ਹੋਵੇ ਤੇ ਆਇਸ਼ਾ (ਰਜ਼ੀ ਅੱਲਾਹ ਅਨਹਾਂ) ਤੇਰੀ ਮਾਂ ਤੇ ਹਜ਼ਰਤ ਫਾਤਿਮਾ (ਰਜ਼ੀ ਅੱਲਾਹ ਅਨਹਾਂ) ਤੇਰੀ ਭੈਣ ਹੋਵੇ। ਜ਼ਿਕਰਯੋਗ ਹੈ ਕਿ ਆਇਸ਼ਾ (ਰ) ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਦੀ ਪਤਨੀ ਤੇ ਫਾਤਿਮਾ (ਰ) ਆਪ (ਸ) ਦੀ ਲਾਡਲੀ ਬੇਟੀ ਸਨ। ਇਸ ਉਪਰੰਤ ਉਨ੍ਹਾਂ ਬੱਚੇ ਨੂੰ ਨਾਲ ਲਿਆ ਅਤੇ ਆਪਣੇ ਘਰ ਤਸ਼ਰੀਫ ਲੈ ਆਏ। ਆਇਸ਼ਾ (ਰ) ਨੂੰ ਫਰਮਾਇਆ ਕਿ ਤੈਨੂੰ ਪੁੱਤਰ ਦੀ ਖਵਾਹਿਸ਼ ਸੀ, ਆਹ ਤੇਰਾ ਬੇਟਾ ਹੈ। ਤੇ ਫਾਤਿਮਾ ਨੂੰ ਕਿਹਾ ਕਿ ਤੈਨੂੰ ਭਰਾ ਦੀ ਲੋੜ ਸੀ, ਇਹ ਤੇਰਾ ਭਰਾ ਹੈ। ਫੇਰ ਕਿਹਾ ਹਸਨ (ਰ) ਅਤੇ ਹੁਸੈਨ (ਸ) ਦੇ ਕੱਪੜੇ ਲਿਆ। ਇੱਕ ਵਧੀਆ ਜੋੜਾ ਉਸ ਬੱਚੇ ਨੂੰ ਪਹਿਨਾਇਆ ਅਤੇ ਆਪਣੇ ਨਾਲ ਲੈ ਕੇ ਈਦ ਦੀ ਨਮਾਜ਼ ਪੜ੍ਹਨ ਲਈ ਤਸ਼ਰੀਫ ਲੈ ਗਏ।



ਈਦ ਦੀਆਂ ਸੁਨਤਾਂ (ਸੁਨਤ ਉਸ ਕੰਮ ਨੂੰ ਕਿਹਾ ਜਾਂਦਾ ਹੈ ਜੋ ਕੰਮ ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਆਪਣੇ ਜੀਵਨ ਵਿਚ ਕੀਤਾ ਹੋਵੇ) ਵਿਚ ਗੁਸਲ (ਨਹਾਉਣਾ) ਕਰਨਾ, ਆਪਣੀ ਹੈਸੀਅਤ ਮੁਤਾਬਕ ਫਜ਼ੂਲ ਖਰਚੀ ਤੋਂ ਪਰਹੇਜ਼ ਕਰਦਿਆਂ ਨਵੇਂ ਕੱਪੜੇ ਪਹਿਨਣਾ, ਖਜੂਰ (ਟਾਂਕ ਦੀ ਗਿਣਤੀ ਭਾਵ 1, 3, 5, 7) ਖਾਣਾ, ਈਦ ਪੜ੍ਹਨ ਲਈ ਪੈਦਲ ਜਾਣਾ, ਇੱਕ ਰਸਤੇ ਜਾਣਾ ਤੇ ਦੂਜੇ ਰਸਤੇ ਰਾਹੀਂ ਘਰ ਵਾਪਸ ਆਉਣਾ। ਰਸਤੇ ਵਿਚ ਜਾਂਦੇ-ਆਉਂਦੇ ਧੀਮੀ ਆਵਾਜ਼ ਵਿਚ ਇਹ ਤਕਬੀਰਾਂ ਪੜ੍ਹਨਾ (ਅੱਲਾਹ ਹੂ ਅਕਬਰ, ਅੱਲਾਹ ਹੂ ਅਕਬਰ, ਲਾ-ਇਲਾਹਾ ਇਲੱਲਾਹ, ਵੱਲਾਹ ਹੂ ਅਕਬਰ, ਅੱਲਾਹ ਹੂ ਅਕਬਰ, ਵਾਲਿੱਲਾਹ ਹਿਲ ਹਮਦ) ਵੀ ਸੁਨਤ ਹੈ।

ਈਦ ਦੀ ਨਮਾਜ਼ ਪਿਛੋਂ ਇਮਾਮ ਵਲੋਂ ਜੋ ਖੁਤਬਾ ਦਿੱਤਾ ਜਾਂਦਾ ਹੈ, ਉਸ ਵਿਚ ਰੱਬ ਦੀ ਵਡਿਆਈ ਅਤੇ ਉਸਤਤ ਦੇ ਨਾਲ-ਨਾਲ ਸੰਸਾਰ ਦੀ ਸੁੱਖ-ਸ਼ਾਂਤੀ ਲਈ ਅਤੇ ਆਪਣੇ ਗੁਨਾਹਾਂ ਦੀ ਮੁਆਫੀ ਦੀ ਦੁਆ ਮੰਗੀ ਜਾਂਦੀ ਹੈ, ਉਸ ਦਾ ਸੁਣਨਾ ਹਰ ਈਦ ਦੀ ਨਮਾਜ਼ ਪੜ੍ਹਨ ਵਾਲੇ ਮੁਸਲਮਾਨ 'ਤੇ ਵਾਜਿਬ ਹੈ।

ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਫੁਰਮਾਇਆ, ਜਦੋਂ ਈਦ-ਉਲ-ਫਿਤਰ ਦਾ ਦਿਨ ਆਉਂਦਾ ਹੈ ਤਾਂ ਅੱਲਾਹ ਫਰਿਸ਼ਤਿਆਂ ਦੇ ਸਾਹਮਣੇ ਆਪਣੇ ਬੰਦਿਆਂ 'ਤੇ ਫਖਰ ਕਰਦਾ ਹੈ ਤੇ ਪੁੱਛਦਾ ਹੈ, "ਐ ਮੇਰੇ ਫਰਿਸ਼ਤੋ! ਉਸ ਮਜ਼ਦੂਰ ਦਾ ਕੀ ਜਜ਼ਾ (ਇਨਾਮ ਜਾਂ ਮਜ਼ਦੂਰੀ) ਹੈ ਜੋ ਆਪਣਾ ਕੰਮ ਮੁਕੰਮਲ ਕਰ ਦੇਵੇ?" ਤਾਂ ਫਰਿਸ਼ਤੇ ਆਖਦੇ ਹਨ, ਉਸ ਦਾ ਪੂਰਾ ਅਜਰ-ਅ-ਸਵਾਦ (ਪੂਰੀ-ਪੂਰੀ ਮਜ਼ਦੂਰੀ) ਦੇ ਦਿੱਤਾ ਜਾਵੇ।

ਅੱਲਾਹ ਫੁਰਮਾਉਂਦੇ ਹਨ, ਐ ਮੇਰੇ ਫਰਿਸ਼ਤੋ! ਮੇਰੇ ਬੰਦੇ ਤੇ ਬੰਦੀਆਂ ਨੇ ਆਪਣਾ ਫਰਜ਼ ਅਦਾ ਕੀਤਾ। ਫੇਰ ਉਹ (ਨਮਾਜ਼-ਏ-ਈਦ ਸ਼ਕਲ ਵਿਚ) ਦੁਆ ਲਈ ਨਿਕਲ ਆਏ ਹਨ। ਮੇਰੀ ਇੱਜ਼ਤ ਦੀ ਕਸਮ, ਮੇਰੇ ਜਲਾਲ ਦੀ ਕਸਮ, ਮੇਰੇ ਕਰਮ ਅਤੇ ਮੇਰੇ ਬੁਲੰਦ ਮਰਤਬਾ ਦੀ ਕਸਮ, ਮੈਂ ਇਨ੍ਹਾਂ ਦੀਆਂ ਦੁਆਵਾਂ ਜ਼ਰੂਰ ਕਬੂਲ ਕਰਾਂਗਾ। ਅੱਲਾਹ ਪਾਕ ਫਿਰ ਫੁਰਮਾਉਂਦੇ ਹਨ, ਬੰਦਿਓ! ਘਰਾਂ ਨੂੰ ਵਾਪਿਸ ਚਲੇ ਜਾਵੋ, ਮੈਂ ਤੁਹਾਨੂੰ ਬਖਸ਼ ਦਿੱਤਾ ਹੈ ਅਤੇ ਤੁਹਾਡੇ ਗੁਨਾਹ ਨੇਕੀਆਂ 'ਚ ਬਦਲ ਦਿੱਤੇ ਹਨ। ਹਜ਼ਰਤ ਮੁਹੰਮਦ ਸੱਲੱਲਾਹੋ ਅਲੈਵਸੱਲਮ ਨੇ ਫੁਰਮਾਇਆ, ਫੇਰ ਉਹ ਬੰਦੇ (ਈਦ ਦੀ ਨਮਾਜ਼ ਤੋਂ ਫਾਰਗ ਹੋ ਕੇ) ਇਸ ਹਾਲ ਵਿਚ ਵਾਪਸ ਆਉਂਦੇ ਹਨ ਕਿ ਉਨ੍ਹਾਂ ਦੇ ਗੁਨਾਹ ਮੁਆਫ ਹੋ ਚੁਕੇ ਹੁੰਦੇ ਹਨ।

ਉਰਦੂ ਦੇ ਪ੍ਰਸਿੱਧ ਆਵਾਮੀ ਨਜ਼ੀਰ ਅਕਬਰਾ-ਆਬਾਦੀ, ਜਿਨ੍ਹਾਂ ਨੇ ਵੱਖ ਵੱਖ ਤਿਉਹਾਰਾਂ ਜਿਵੇਂ ਦੀਵਾਲੀ, ਦੁਸਹਿਰਾ, ਹੋਲੀ, ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਅਤੇ ਬਜਰੰਗ ਕਾ ਮੇਲਾ ਆਦਿ ਵਿਸ਼ਿਆਂ 'ਤੇ ਢੇਰਾਂ ਨਜ਼ਮਾਂ ਲਿਖੀਆਂ ਹਨ, ਉਹ ਆਪਣੀ ਇੱਕ ਨਜ਼ਮ ਈਦ-ਉਲ-ਫਿਤਰ ਵਿਚ ਈਦ ਦਾ ਦ੍ਰਿਸ਼ ਕੁਝ ਇਸ ਅੰਦਾਜ਼ ਵਿਚ ਪੇਸ਼ ਕਰਦੇ ਹਨ:

ਹੈ ਆਬਿਦੋਂ ਕੋ ਤਾਅਤ-ਓ-ਤਜਰੀਦ ਕੀ ਖੁਸ਼ੀ।
ਔਰ ਜ਼ਾਹਿਦੋਂ ਕੋ ਜ਼ੁਹਦ ਕੀ ਤਮਹੀਦ ਕੀ ਖੁਸ਼ੀ।
ਰਿੰਦ ਆਸ਼ਿਕੋਂ ਕੋ ਹੈ ਕਈ ਉਮੀਦ ਕੀ ਖੁਸ਼ੀ।
ਕੁਛ ਦਿਲਬਰੋਂ ਕੇ ਵਸਲ ਕੀ ਕੁਛ ਦੀਦ ਕੀ ਖੁਸ਼ੀ।
ਐਸੀ ਨਾ ਸ਼ਬ-ਏ-ਬਰਾਤ, ਨਾ ਬਕਰਾ ਈਦ ਕੀ ਖੁਸ਼ੀ।
ਜੈਸੀ ਹਰ ਏਕ ਦਿਲ ਮੇਂ ਹੈ ਇਸ ਈਦ ਕੀ ਖੁਸ਼ੀ।

ਪ੍ਰੰਤੂ ਅੱਜ ਜੋ ਦੇਸ਼ ਦੇ ਹਾਲਾਤ ਹਨ ਅਤੇ ਜਿਸ ਪ੍ਰਕਾਰ ਇਕ ਧਰਮ ਦੇ ਲੋਕਾਂ ਨੂੰ ਦੂਸਰੇ ਧਰਮ ਦੇ ਲੋਕਾਂ ਨੂੰ ਕੁਝ ਲੋਭੀ ਲੋਕਾਂ ਵਲੋਂ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਇਕ ਦੂਜੇ ਤੋਂ ਖੌਫਜ਼ਦਾ ਕੀਤਾ ਜਾ ਰਿਹਾ ਹੈ, ਉਸ ਦੇ ਚਲਦਿਆਂ ਅੱਜ ਕਲ ਉਹ ਪਹਿਲਾਂ ਵਾਲਾ ਹਰਸ਼ੋ-ਉਲਾਸ ਧਾਰਮਿਕ ਤਿਉਹਾਰਾਂ ਦੌਰਾਨ ਵੇਖਣ ਨੂੰ ਨਹੀਂ ਮਿਲ ਰਿਹਾ। ਜਿਸ ਦੀਆਂ ਖੁਸ਼ੀਆਂ ਦੇ ਰੰਗ ਹਰ ਕਿਸੇ ਦੇ ਚਿਹਰੇ 'ਤੇ ਪਹਿਲਾਂ ਪਹਿਲ ਪ੍ਰਤੱਖ ਰੂਪ 'ਚ ਵੇਖੇ ਜਾ ਸਕਦੇ ਹਨ। ਅੱਜ ਜੋ ਦੁਖਾਂਤਕ ਹਾਲਾਤ ਹਨ, ਉਸ ਦਾ ਦ੍ਰਿਸ਼ ਇਕ ਕਵੀ ਨੇ ਕੁਝ ਇਸ ਤਰ੍ਹਾਂ ਪੇਸ਼ ਕੀਤਾ ਹੈ:

ਮਿਲ ਕੇ ਹੋਤੀ ਥੀ ਕਭੀ
ਈਦ ਭੀ ਦੀਵਾਲੀ ਭੀ।
ਅਬ ਯੇਹ ਹਾਲਾਤ ਹੈਂ ਕਿ
ਡਰ-ਡਰ ਕੇ ਗਲੇ ਮਿਲਤੇ ਹੈਂ।

ਅਖੀਰ 'ਚ ਰੱਬ ਅੱਗੇ ਇਹੋ ਅਰਜ਼ ਹੈ ਕਿ ਰੱਬ ਇਕ ਵਾਰ ਫਿਰ ਤੋਂ ਉਹ ਸਮਾਂ ਵਾਪਸ ਲਿਆ ਦੇਵੇ, ਜਿਸ ਦੌਰਾਨ ਕਿਸੇ ਵੀ ਧਰਮ ਦੇ ਲੋਕਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਤੋਂ ਨਾ ਕੋਈ ਖੌਫ ਹੋਵੇ ਤੇ ਨਾ ਕੋਈ ਡਰ ਜਾਂ ਸ਼ਿਕਵਾ ਸ਼ਿਕਾਇਤ ਹੋਵੇ ਸਗੋਂ ਸਭ ਧਰਮਾਂ ਦੇ ਲੋਕ ਆਪਸ ਵਿਚ ਪਿਆਰ-ਮੁਹੱਬਤ ਨਾਲ ਮਿਲ-ਜੁਲ ਕੇ ਰਹਿਣ ਤੇ ਉਨ੍ਹਾਂ ਦੇ ਜੀਵਨ ਦਾ ਹਰ ਦਿਨ ਈਦ ਅਤੇ ਹਰ ਰਾਤ ਦੀਵਾਲੀ ਹੋਵੇ।

# ਇੰਤਜ਼ਾਮ

**ਇੰਤਜ਼ਾਰ ਹੁਸੈਨ ਦਾ ਨਾਵਲ 'ਬਸਤੀ' ਰਾਧਾਕ੍ਰਿਸ਼ਨ ਪ੍ਰਕਾਸ਼ਨ, ਦਿੱਲੀ ਨੇ ਹਿੰਦੀ ਵਿਚ ਪ੍ਰਕਾਸ਼ਿਤ ਕੀਤਾ ਹੈ। ਇਹ ਨਾਵਲ ਪਹਿਲਾਂ ਪਾਕਿਸਤਾਨ ਵਿਚ ਉਰਦੂ ਵਿਚ ਛਪਿਆ ਸੀ। ਪੇਸ਼ ਹੈ, ਇਸ ਨਾਵਲ ਦਾ ਇਕ ਅੰਸ਼। -ਸੰਪਾਦਕ**

ਇੰਤਜ਼ਾਰ ਹੁਸੈਨ
ਅਨੁਵਾਦ: ਮੁਲਖ ਸਿੰਘ ਪੀਪਲੀ
ਫੋਨ: 91-94162-55877

"ਅੰਮੀ, ਅਸੀਂ ਉਥੇ ਜਾਵਾਂਗੇ ਤਾਂ ਰਹਾਂਗੇ ਕਿਥੇ?"

"ਮੁੰਡਿਆ, ਤੇਰਾ ਦਿਮਾਗ ਖਰਾਬ ਹੋ ਗਿਐ, ਉਥੇ ਅਸੀਂ ਹੁਣ ਕਿਉਂ ਜਾਵਾਂਗੇ? ਉਥੇ ਸਾਡਾ ਕੌਣ ਬੈਠਾ?"

"ਖ਼ੁਦ ਰੂਪਨਗਰ ਤਾਂ ਹੈ," ਉਹਨੇ ਸੋਚਦੇ ਹੋਏ ਹੌਲੀ ਜਿਹੀ ਕਿਹਾ ਤਾਂ ਅੰਮੀ ਜਿਵੇਂ ਲਾਜਵਾਬ ਹੋ ਗਈ ਹੋਵੇ; ਬਿਲਕੁਲ ਚੁੱਪ।

ਅੰਮੀ ਚੁੱਪ ਤਾਂ ਹੋ ਗਈ ਸੀ, ਪਰ ਫਿਰ ਉਸ ਨੂੰ ਕੁਝ ਖਿਆਲ ਆ ਗਿਆ। ਕਹਿਣ ਲੱਗੀ, "ਹੈਂ, ਰਾਤੀਂ ਮੈਨੂੰ ਇਕ ਸੁਪਨਾ ਆਇਆ। ਜਿਵੇਂ ਅਸੀਂ ਉਥੇ ਗਏ ਹਾਂ। ਮੈਂ ਬਤੂਲ ਨੂੰ ਕਹਿ ਰਹੀ ਹਾਂ ਕਿ ਭੈਣ ਤੂੰ ਤਾਂ ਘਰ ਨੂੰ ਬਿਲਕੁਲ ਖੁੱਲ੍ਹਾ ਛੱਡ ਗਈ ਸੈਂ। ਵੇਖੀਂ ਭਲਾ, ਭਰਿਆ ਘਰ ਤੇ ਕਿਸੇ ਇਕ ਵੀ ਕਮਰੇ ਨੂੰ ਜਿੰਦਰਾ ਨਹੀਂ!"

ਅੰਮੀ ਚੁੱਪ ਹੋ ਗਈ। ਫਿਰ ਬੁੜਬੁੜਾਈ, "ਪਤਾ ਨਹੀਂ ਇਸ ਦਾ ਕੀ ਮਤਲਬ ਹੈ! ਤੇਰੇ ਅੱਬਾ ਤੋਂ ਪੁੱਛਾਂਗੀ ਕਿ ਕਿਹੋ ਜਿਹਾ ਖਾਬ ਹੈ?"

ਅੰਮੀ ਫਿਰ ਚੁੱਪ ਹੋ ਗਈ ਅਤੇ ਸੋਚ ਵਿਚ ਡੁੱਬ ਗਈ। ਉਹਦੇ ਨਾਲ-ਨਾਲ ਉਹ ਵੀ ਕਿਸੇ ਦੂਰ ਦੇ ਖਿਆਲ ਵਿਚ ਗੁਆਚ ਗਿਆ। ਕਿੰਨੇ ਵਕਤ ਬਾਅਦ ਮਾਂ-ਪੁੱਤ ਇਕੱਠੇ ਬੈਠੇ ਖਿਆਲਾਂ ਦੀ ਇੱਕ ਲਹਿਰ ਵਿਚ ਤੈਰ ਰਹੇ ਸਨ। ਇਹ ਲਹਿਰ ਉਨ੍ਹਾਂ ਨੂੰ ਕਿੱਥੋਂ ਕਿੱਥੇ ਲੈ ਗਈ ਸੀ? ਇਸ ਸਮੇਂ ਉਹ ਐਥੇ ਕਿੱਥੇ ਸਨ? ਰੂਪਨਗਰ ਵਾਲੀ ਆਪਣੀ ਹਵੇਲੀ ਵਿਚ ਭਟਕ ਰਹੇ ਸਨ।

ਅੱਬਾ ਜਾਨ ਉਸ ਸਮੇਂ ਪਤਾ ਨਹੀਂ ਕਿੱਥੋਂ ਪ੍ਰਗਟ ਹੋਏ! ਮਾਂ-ਪੁੱਤ ਨੂੰ ਦੇਖ ਕੇ ਹੈਰਾਨ ਹੋਏ।

"ਜ਼ਾਕਿਰ! ਕਿਉਂ, ਕੀ ਹੋਇਆ?"

"ਕੁਝ ਨਹੀਂ, ਅੱਬਾ ਜਾਨ," ਹੌਲੀ ਜਿਹੀ ਕਿਹਾ ਅਤੇ ਚੁੱਪ ਹੋ ਗਿਆ। ਫਿਰ ਉਨ੍ਹਾਂ ਨੇ ਬੀਵੀ ਵੱਲ ਦੇਖਿਆ, "ਕੀ ਗੱਲ ਹੈ?"

"ਗੱਲ ਤਾਂ ਕੁਝ ਵੀ ਨਹੀਂ, ਬਸ ਉਂਜ ਈ ਪਿਛਲੀਆਂ ਗੱਲਾਂ ਦਾ ਖਿਆਲ ਆ ਗਿਆ ਸੀ।"

ਇਕ ਲੰਮੇ-ਠੰਢੇ ਸਾਹ ਦੇ ਨਾਲ ਉਹ ਰੂਪਨਗਰ ਦੇ ਸਫਰ ਤੋਂ ਵਾਪਸ ਮੁੜੀ। ਵਾਪਸੀ 'ਤੇ ਉਹਨੂੰ ਇਸ ਛੋਟੇ ਜਿਹੇ ਕਿਰਾਏ ਦੇ ਘਰ ਦੇ ਦਰੋ-ਦੀਵਾਰ ਕਿੰਨੇ ਅਜਬ ਅਤੇ ਅਜਨਬੀ ਨਜ਼ਰ ਆਏ! ਥੋੜ੍ਹੀ ਦੇਰ ਲਈ ਉਹ ਫਿਰ ਗੁੰਮ ਹੋ ਗਈ। ਫਿਰ ਅਚਾਨਕ ਬੋਲੀ, "ਸੁਣਿਓ, ਮੈਂ ਕਹਿਨੀ ਆਂ, ਕੋਠੜੀ ਦੇ ਤਾਲੇ ਦੀ ਚਾਬੀ ਕਿੱਥੇ ਐ?"

"ਕੋਠੜੀ? ਕਿਹੜੀ ਕੋਠੜੀ?"

"ਹੈਂ, ਹੁਣੇ ਭੁੱਲ ਗਏ! ਆਪਣੀ ਹਵੇਲੀ ਦੀ ਕੋਠੜੀ ਨਹੀਂ ਸੀ?"

"ਅੱਛਾ, ਹਵੇਲੀ ਦੀ ਕੋਠੜੀ।" ਅੱਬਾ ਜਾਨ ਚੁੱਪ ਹੋਏ, ਫਿਰ ਬੋਲੇ, "ਜ਼ਾਕਿਰ ਦੀ ਮਾਂ, ਪੰਜੀ ਵਰ੍ਹੇ ਗੁਜ਼ਰ ਚੁੱਕੇ ਹਨ।"

"ਅਤਿਆ, ਮੈਂ ਕੋਠੜੀ ਦੀ ਚਾਬੀ ਬਾਰੇ ਪੁੱਛਿਆ, ਵਰ੍ਹਿਆਂ ਦਾ ਹਿਸਾਬ ਨਹੀਂ ਪੁੱਛਿਆ।"

"ਤੂੰ ਕੋਠੜੀ ਦੀ ਚਾਬੀ ਦਾ ਪੁੱਛਿਆ ਤਾਂ ਮੈਂ ਸੋਚਿਆ ਕਿ ਤੈਨੂੰ ਇਹ ਦੱਸ ਦਿਆਂ ਕਿ ਕਿੰਨਾ ਵਕਤ ਗੁਜ਼ਰ ਗਿਆ ਹੈ।"

"ਵੇਖੀਂ ਨਾ, ਸਮੇਂ ਦਾ ਕੀ ਐ, ਉਹ ਤਾਂ ਗੁਜ਼ਰਦਾ ਈ ਰਹਿੰਦਾ ਹੈ, ਪਰ ਕੋਠੜੀ ਦੀ ਚਾਬੀ ਗੁਆਚ ਗਈ ਤਾਂ ਹਨੇਰ ਪੈ ਜਾਊ। ਸਾਡੀਆਂ ਤਾਂ ਸੱਭੇ ਜੱਦੀ-ਪੁਸ਼ਤੀ ਚੀਜ਼ਾਂ ਉਹਦੇ ਵਿਚ ਹੀ ਬੰਦ ਨੇ। ਮੇਰਾ ਸਾਰਾ ਦਾਜ ਉਸੇ ਵਿਚ ਹੈ। ਅੱਲ੍ਹਾ ਰੱਖੇ, ਜਦੋਂ ਜ਼ਾਕਿਰ ਪੈਦਾ ਹੋਇਆ ਸੀ ਤਾਂ ਦਾਦੇ ਨੇ ਪੋਤਾ ਹੋਣ ਦੀ ਖੁਸ਼ੀ 'ਚ ਚਾਂਦੀ ਦੀਆਂ ਰਕਾਬੀਆਂ ਵਿਚ ਬਾਲੂਸ਼ਾਹੀਆਂ ਬਰਾਦਰੀ ਵਿਚ ਵੰਡੀਆਂ ਸਨ। ਉਸ ਸਮੇਂ ਦੀਆਂ ਬਚੀਆਂ ਬਾਰਾਂ ਰਕਾਬੀਆਂ ਵੀ ਉਥੇ ਰੱਖੀਆਂ ਹਨ। ਹਾਂ, ਤੁਸੀਂ ਜੋ ਕਰਬਲਾ-ਏ-ਮੁਅੱਲਾ ਤੋਂ ਕਫਨ ਮੰਗਵਾਇਆ ਸੀ, ਉਹ ਵੀ ਉਸੇ ਟਰੰਕ 'ਚ ਪਿਆ ਹੈ, ਜਿਸ ਵਿਚ ਵੱਡੇ ਅੱਬਾ ਦੀ ਮੁਕੱਦਸ ਮਦੀਨੇ ਤੋਂ ਲਿਆਂਦੀ ਨਮਾਜ਼ ਪੜ੍ਹਨ ਵਾਲੀ ਕਾਲੀਨ, ਸਜਦੇ ਦੀ ਮੁਕੱਦਸ ਮਿੱਟੀ ਤੇ ਵੱਡੀ ਅੰਮਾ ਦੀ ਪਟਾਰੀ ਤੇ ਰਿਹਲ ਪਈ ਹੈ।"

"ਕਫਨ?" ਉਹਨੇ ਅਸਚਰਜ ਨਾਲ ਅੰਮੀ ਨੂੰ ਦੇਖਿਆ।

"ਹਾਂ ਪੁੱਤ, ਕਫਨ। ਜਦੋਂ ਤੇਰੇ ਦਾਦਾ ਕਰਬਲਾ ਦੀ ਜ਼ਿਆਰਤ ਤੋਂ ਪਰਤੇ ਸਨ ਤਾਂ ਦੋ ਕਫਨ ਖਾਸ ਉਥੋਂ ਦੇ ਤਿਆਰ ਕੀਤੇ ਹੋਏ ਅਤੇ ਇਮਾਮ ਦੇ ਰੋਜ਼ੇ ਨਾਲ ਛੁਹਾਏ ਹੋਏ ਆਪਣੇ ਨਾਲ ਲਿਆਏ ਸਨ। ਇੱਕ ਵਿਚ ਤਾਂ ਖੁਦ ਦਫਨ ਹੋਏ। ਹੋਰ, ਤਾਂ ਹੀ ਤਾਂ ਉਨ੍ਹਾਂ ਦੀ ਕਬਰ 'ਚੋਂ ਚਾਲੀ ਦਿਨਾਂ ਤਕ ਮਹਿਕ ਆਉਂਦੀ ਰਹੀ ਸੀ।"

"ਚਾਲੀ ਦਿਨ? ਤੂੰ ਚਾਲੀ ਦਿਨਾਂ ਦੀ ਗੱਲ ਕਰ ਰਹੀ ਏਂ! ਮੈਂ ਤਾਂ ਇਹ ਜਾਣਦਾ ਹਾਂ ਕਿ ਜਦ ਵੀ ਮੈਂ ਉਥੇ ਜਾ ਕੇ ਫਾਤਿਆ ਪੜ੍ਹੀ, ਮੈਨੂੰ ਇਹ ਮਹਿਸੂਸ ਹੋਇਆ ਕਿ ਕਬਰ 'ਚੋਂ ਖੁਸ਼ਬੋ ਆ ਰਹੀ ਹੈ। ਅਜੀਬ ਤਰ੍ਹਾਂ ਦੀ ਖੁਸ਼ਬੋ ਹੁੰਦੀ ਸੀ।"

ਅੱਬਾ ਜਾਨ ਚੁੱਪ ਹੋਏ, ਫਿਰ ਠੰਢਾ ਸਾਹ ਭਰ ਕੇ ਬੋਲੇ, "ਅੱਲ੍ਹਾ ਬਿਹਤਰ ਜਾਣਦਾ ਹੈ ਕਿ ਉਹ ਸਭ ਕਬਰਾਂ ਕਿਹੜੇ ਹਾਲ ਵਿਚ ਨੇ!"

"ਮੈਂ ਜੋ ਕਰ ਸਕਦੀ ਸਾਂ ਉਹ ਤਾਂ ਮੈਂ ਕਰ ਆਈ ਸਾਂ। ਵਿਆਸਪੁਰ ਲਈ ਜਦੋਂ ਅਸੀਂ ਚੱਲੇ ਆਂ ਤਾਂ ਉਸੇ ਵਕਤ ਮੈਂ ਜੱਦੀ-ਪੁਸ਼ਤੀ ਨਿਸ਼ਾਨੀਆਂ ਕੋਠੜੀ ਵਿਚ ਸੰਭਾਲ ਕੇ ਰੱਖ ਦਿੱਤੀਆਂ ਸਨ ਅਤੇ ਜਿੰਦਰਾ ਮਾਰ ਦਿੱਤਾ ਸੀ। ਮੈਂ ਪਾਕਿਸਤਾਨ ਤੁਰਨ ਤੋਂ ਪਹਿਲਾਂ ਵਾਰ-ਵਾਰ ਤੁਹਾਨੂੰ ਕਿਹਾ ਸੀ, ਕਿ ਰੂਪਨਗਰ ਦਾ ਇੱਕ ਚੱਕਰ ਲਾ ਆਵਾਂ ਅਤੇ ਜੋ ਚੀਜ਼ ਵਸਤ ਉਥੋਂ ਲੈਣੀ ਹੋਏ, ਲੈ ਲਵਾਂ, ਪਰ ਤੁਸੀਂ ਮੇਰੀ ਇੱਕ ਨਾ ਸੁਣੀ। ਮੈਂ ਇੱਕ ਵਾਰ ਤਾਲਾ ਖੋਲ੍ਹ ਕੇ ਚੀਜ਼ਾਂ ਨੂੰ ਘੱਟੋ-ਘੱਟ ਧੁੱਪ ਤਾਂ ਲਵਾ ਆਉਂਦੀ। ਏਨਾ ਸਮਾਂ ਹੋ ਗਿਆ, ਕਪੁੱਤੀ ਸਿਉਂਕ ਹੀ ਨਾ ਲੱਗ ਗਈ ਹੋਏ! ਓਸ ਘਰ ਵਿਚ ਸਿਉਂਕ ਵੀ ਬਹੁਤ ਸੀ।"

'ਮੈਨੂੰ ਜਾਣਾ ਚਾਹੀਦਾ ਹੈ, ਇਸ ਤੋਂ ਪਹਿਲਾਂ ਕਿ ਸਿਉਂਕ ਸਭ ਕੁਝ ਚੱਟ ਜਾਵੇ।' ਉਸ ਨੇ ਦਿਲ ਹੀ ਦਿਲ ਵਿਚ ਸੋਚਿਆ। ਫਿਰ ਉਸ ਦੇ ਦਿਮਾਗ ਵਿਚ ਸੁਆਲ ਉਠਿਆ ਕਿ ਆਖਿਰ ਸਮੇਂ ਦੇ ਨਾਲ ਚੀਜ਼ਾਂ ਨੂੰ ਸਿਉਂਕ ਕਿਉਂ ਲੱਗ ਜਾਂਦੀ ਹੈ? ਸਮੇਂ ਅਤੇ ਸਿਉਂਕ ਦਾ ਆਪਸ ਵਿਚ ਕੀ ਤਾਅਲੁਕ ਹੈ? ਸਮਾਂ ਸਿਉਂਕ ਹੈ ਜਾਂ ਸਿਉਂਕ ਸਮਾਂ ਹੈ?

"ਜ਼ਾਕਿਰ ਦੀ ਮਾਂ! ਤੈਨੂੰ ਯਾਦ ਨਹੀਂ ਕਿ ਉਸ ਸਮੇਂ ਗੱਡੀਆਂ 'ਚ ਕੀ ਹੋ ਰਿਹਾ ਸੀ। ਮੈਂ ਤਾਂ ਖੁਦ ਚਾਹੁੰਦਾ ਸਾਂ ਕਿ ਤੁਰਨ ਤੋਂ ਪਹਿਲਾਂ ਰੂਪਨਗਰ ਦਾ ਇਕ ਫੇਰਾ ਲਾ ਆਵਾਂ। ਬਜ਼ੁਰਗਾਂ ਦੀਆਂ ਕਬਰਾਂ 'ਤੇ ਆਖਰੀ ਫਾਤਿਆ ਤਾਂ ਪੜ੍ਹ ਲਈ ਹੁੰਦੀ।"

ਅੱਬਾ ਜਾਨ ਰੁਕੇ, ਫਿਰ ਬੋਲੇ, "ਘੱਟੋ ਘੱਟ ਆਪਣਾ ਕਫਨ ਤਾਂ ਲੈ ਆਉਂਦਾ।"

ਰੁਕੇ ਅਤੇ ਫਿਰ ਉਵੇਂ-ਜਿਵੇਂ ਕਹਿਣ ਲੱਗੇ, "ਪੁੱਤਰ, ਉਥੇ ਤਾਂ ਅਸੀਂ ਆਪਣੇ ਕਫਨ-ਦਫਨ ਦਾ ਸਾਰਾ ਇੰਤਜ਼ਾਮ ਕਰ ਰੱਖਿਆ ਸੀ। ਕਫਨ ਲਿਆ ਰੱਖਿਆ ਸੀ, ਕਬਰ ਦੀ ਥਾਂ ਵੀ ਨਿਯਤ ਕਰ ਰੱਖੀ ਸੀ। ਬਸ ਅਜ਼ੀਜ਼ਾਂ ਨੂੰ ਏਨੀ ਜ਼ਹਿਮਤ ਕਰਨੀ ਪੈਂਦੀ ਕਿ ਬੇਰੀ ਦੀਆਂ ਚਾਰ ਟਾਹਣੀਆਂ ਤੋੜ ਕੇ ਸਾਨੂੰ ਇਸ਼ਨਾਨ ਕਰਵਾ ਦੇਣ, ਤੇ ਮੋਢਾ ਦੇ ਕੇ ਕਬਰ ਵਿਚ ਲਾਹ ਦੇਣ। ਪਰ ਐਥੇ ਕੋਈ ਇੰਤਜ਼ਾਮ ਨਹੀਂ ਹੈ। ਸਭ ਇੰਤਜ਼ਾਮ ਤੈਨੂੰ ਹੀ ਕਰਨਾ ਪੈਣਾ ਹੈ।"

ਮੁਸਲਮਾਨਾਂ ਦੀ ਤਹਿਜ਼ੀਬ ਵਿਚ ਕਬਰ ਕਿੰਨੀ ਵੱਡੀ ਤਾਕਤ ਹੈ! ਉਸ ਨੂੰ ਸੁਰਿੰਦਰ ਦੇ ਖਤ ਦਾ ਫਿਕਰਾ ਯਾਦ ਆਇਆ।

"ਹੋਰ! ਮੈਨੂੰ ਤਾਂ ਇਹੀ ਫਿਕਰ ਖਾਈ ਜਾ ਰਿਹਾ ਹੈ ਕਿ ਸਾਡਾ ਮਰਨਾ ਕਿਵੇਂ ਹੋਵੇਗਾ?" ਅੰਮੀ ਚਿੰਤਾ ਦੇ ਲਹਿਜੇ ਵਿਚ ਬੋਲੀ, "ਜ਼ਿੰਦਗੀ ਤਾਂ ਜਿਵੇਂ-ਕਿਵੇਂ ਗੁਜ਼ਰ ਗਈ, ਪਰ ਮਰਨੇ 'ਤੇ ਵੀ ਤਾਂ ਸੌ ਇੰਤਜ਼ਾਮ ਕਰਨੇ ਹੁੰਦੇ ਨੇ।"

"ਤਾਂ ਕੀ ਮੌਤ ਜ਼ਿੰਦਗੀ ਤੋਂ ਜ਼ਿਆਦਾ ਇੰਤਜ਼ਾਮ ਚਾਹੁੰਦੀ ਹੈ!" ਉਹਨੇ ਦਿਲ ਵਿਚ ਸੋਚਿਆ।

# ਭੁੱਲਣ ਦੇ ਮਾਮਲੇ (ਡਿਮੈਂਸ਼ੀਆ) ਦਾ ਕੀ ਕਰੀਏ?

## ਸਿਹਤ ਸੰਭਾਲ

**ਸ਼ਿਕਾਗੋ (ਬਿਊਰੋ):** ਪੰਜਾਬੀ ਗਾਣੇ ਸੁਣਦੇ ਆਏ ਹਾਂ ਜਿਨ੍ਹਾਂ ਵਿਚ ਭੁੱਲਣ ਦੀ ਤ੍ਰਾਸਦੀ ਬਾਰੇ ਵੇਰਵਾ ਦਿੱਤਾ ਜਾਂਦਾ ਹੈ। ਇਹ ਕਹਿੰਦੇ ਵੀ ਬਜ਼ੁਰਗ ਸੁਣੇ ਹਨ ਕਿ ਬੇਸਮੈਂਟ ਵਿਚ ਲੈਣ ਕੁਝ ਜਾਈਦਾ ਪਰ ਲੈ ਕੇ ਕੁਝ ਆ ਜਾਈਦਾ। ਇਸ ਬਾਰੇ ਬਥੇਰੇ ਮਜ਼ਾਕ ਚੱਲਦੇ ਹਨ। ਇਸੇ ਵਿਸ਼ੇ 'ਤੇ ਇਸ ਮਹੀਨੇ ਸਿੱਖ ਸੀਨੀਅਰ ਸਿਟੀਜ਼ਨ ਮੀਟਿੰਗ ਵਿਚ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਚਾਵਲਾ ਨੇ ਭੁੱਲਣ ਦੀ ਬਿਮਾਰੀ (ਡਿਮੈਂਸ਼ੀਆ) ਦੇ ਕਾਰਨ, ਬਚਣ ਦੇ ਉਪਾਅ ਤੇ ਰੋਕਥਾਮ ਬਾਰੇ ਗੱਲਬਾਤ ਕੀਤੀ। ਡਾ. ਚਾਵਲਾ ਇਥੋਂ ਦੇ ਲੋਇਲਾ ਹਸਪਤਾਲ ਵਿਚ ਨਿਊਰੋਲੋਜੀ ਵਿਭਾਗ ਦੇ ਮੁਖੀ ਹਨ।

ਡਾ. ਚਾਵਲਾ ਨੇ ਬਜ਼ੁਰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਆਮ ਸੁਣਿਆ ਹੈ ਕਿ 'ਬਾਬਾ ਸਠਿਆ ਗਿਆ', 'ਸੱਤਰਿਆ ਬਹੱਤਰਿਆ ਗਿਆ' ਹੈ। ਡਿਮੈਂਸ਼ੀਆ ਬੇਸ਼ਕ ਯਾਦਦਾਸ਼ਤ ਕਮਜ਼ੋਰੀ ਦੀ ਨਿਸ਼ਾਨੀ ਹੈ ਪਰ ਇਸ ਵਿਚ ਯਾਦਦਾਸ਼ਤ ਲਗਾਤਾਰ ਘਟਦੀ ਜਾਂਦੀ ਹੈ। ਇਸ ਵਿਚ ਮਰੀਜ਼ ਆਪਣੇ ਰੋਜ਼ਾਨਾ ਦੇ ਕੰਮਕਾਜ ਕਰਨ ਦੇ ਵੀ ਸਮਰੱਥ ਨਹੀਂ ਰਹਿੰਦਾ। ਅਮਰੀਕਾ ਵਿਚ ਦਿਲ ਦੀ ਬਿਮਾਰੀ, ਛਾਤੀ ਦਾ ਕੈਂਸਰ ਘਟ ਗਿਆ ਹੈ ਪਰ ਆਲਜ਼ਾਈਮਰ ਦੀ ਦਰ ਵਧ ਰਹੀ ਹੈ। ਪਿਛਲੇ ਦਸ ਸਾਲਾਂ ਵਿਚ ਇਸ ਬਿਮਾਰੀ ਵਿਚ 90 ਫੀਸਦੀ ਵਾਧਾ ਹੋਇਆ। ਡਿਮੈਂਸ਼ੀਆ 60-65 ਸਾਲਾਂ ਤੋਂ ਬਾਅਦ ਵੱਧ ਹੁੰਦਾ ਹੈ, ਕਾਰਨ ਦਿਮਾਗ ਵਿਚ ਮੈਮਰੀ ਸੈਲ ਘਟਦੇ ਜਾਂਦੇ ਹਨ ਜਿਸ ਕਰ ਕੇ ਨਿਊਰੋਨ ਘਟਦੇ ਜਾਂਦੇ ਹਨ ਤੇ ਇਹ ਮੁੜ ਜਿੰਦਾ ਨਹੀਂ ਕੀਤੇ ਜਾ ਸਕਦੇ।

ਡਿਮੈਂਸ਼ੀਆ ਹੋਣ ਦੇ ਕੁਝ ਕਾਰਨ ਹਨ ਜਿਨ੍ਹਾਂ ਵਿਚੋਂ ਇਕ ਖਾਨਦਾਨੀ ਵੀ ਹੈ। ਵਧਿਆ ਬਲੱਡ ਪ੍ਰੈਸ਼ਰ (ਬੀ.ਪੀ.), ਦਿਲ ਦੀ ਬਿਮਾਰੀ, ਗਲਤ ਖੁਰਾਕ, ਵਾਧੂ ਕੋਲੈਸਟਰੋਲ ਵੀ ਨੁਕਸਾਨਦਾਇਕ ਹਨ। ਕਰੀਬ 10% ਲੋਕਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਦਾ ਬੀ.ਪੀ. ਵਧਿਆ ਹੋਇਆ ਹੈ।



*ਡਾ. ਜਸਵਿੰਦਰ ਸਿੰਘ ਚਾਵਲਾ*

ਡਿਮੈਂਸ਼ੀਆ ਦੋ ਤਰ੍ਹਾਂ ਦਾ ਹੈ- Cognitive ਤੇ Behavioral; ਆਮ ਕਰ ਕੇ Cognitive ਦਾ ਨੋਟਿਸ ਪਰਿਵਾਰ ਵਾਲੇ ਜਾਂ ਜਾਣ-ਪਛਾਣ ਵਾਲੇ ਲੈਂਦੇ ਹਨ। ਇਸ ਦੇ ਲੱਛਣ ਹਨ: ਗੱਲਬਾਤ ਕਰਨ 'ਚ ਰੁਕਾਵਟ, ਮੁਸ਼ਕਿਲਾਂ ਹੱਲ ਕਰਨ ਵਿਚ ਦਿੱਕਤ, ਰੁਝੇਵੇਂ ਨਜਿੱਠਣ ਵਿਚ ਦਿੱਕਤ, ਚੱਲਣ-ਫਿਰਨ ਵਿਚ ਦਿੱਕਤ, ਸੂਝਬੂਝ ਵਿਚ ਘਬਰਾਹਟ, ਡਿਪਰੈਸ਼ਨ, ਖਿਆਲੀ ਕਹਾਣੀਆਂ ਘੜਨੀਆਂ ਆਦਿ। ਕਈ ਵਾਰ ਮਰੀਜ਼ ਨੂੰ ਫਰਜ਼ੀ ਡਿਮੈਂਸ਼ੀਆ (Pseudo Dementia) ਵੀ ਲੱਗਦਾ ਹੈ; ਜਿਵੇਂ ਜੇ ਕਿਸੇ ਨੂੰ ਉਚਾ ਸੁਣਨ ਦੀ ਤਕਲੀਫ ਹੋ ਗਈ ਹੋਵੇ, ਗੱਲ ਸਮਝ ਨਹੀਂ ਆਉਂਦੀ ਜਾਂ ਸੁਣਦੀ ਨਹੀਂ, ਉਹ ਸਹੀ ਉਤਰ ਦੇ ਨਹੀਂ ਸਕਦੇ ਤੇ ਨੇੜੇ-ਤੇੜੇ ਦੇ ਲੋਕ ਸਮਝਦੇ ਹਨ ਕਿ ਮਰੀਜ਼ ਨੂੰ ਡਿਮੈਂਸ਼ੀਆ ਹੋ ਗਿਆ ਹੈ। ਇਸ ਦਾ ਹੱਲ ਮਰੀਜ਼ ਦੇ ਸਾਹਮਣੇ ਬਹਿ ਕੇ ਗੱਲ ਕਰਨ ਨਾਲ ਕੱਢਿਆ ਜਾ ਸਕਦਾ ਹੈ ਤਾਂ ਹੀ ਸਹੀ ਪਛਾਣ ਹੋ ਸਕਦੀ ਹੈ। ਕਈ ਵਾਰ ਮਰੀਜ਼ ਐਵੇਂ ਹੀ ਹਾਂ ਵਿਚ ਹਾਂ ਮਿਲਾ ਦਿੰਦੇ ਹਨ ਭਾਵੇਂ ਗੱਲ ਸਮਝ ਆਈ ਹੀ ਨਾ ਹੋਵੇ।

ਇਕ ਵਾਰ ਡਿਮੈਂਸ਼ੀਆ ਸ਼ੁਰੂ ਹੋ ਜਾਵੇ ਤਾਂ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ। ਖੁਰਾਕ ਤੇ ਕਸਰਤ ਨਾਲ ਥੋੜ੍ਹਾ ਆਰਾਮ ਜ਼ਰੂਰ ਮਿਲਦਾ ਹੈ। ਇਸ ਵਿਚ ਤਨ ਤੇ ਮਨ ਉਪਰ ਕੰਮ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਇਹ ਬਿਮਾਰੀ ਇਕੱਲੇਪਣ ਨਾਲ ਜ਼ਰੂਰ ਵਧਦੀ ਹੈ। ਸੋ, ਸੋਸ਼ਲ ਗਰੁਪ ਬਣਾਉਣੇ ਅਤੇ ਉਨ੍ਹਾਂ ਵਿਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ; ਜਿਵੇਂ ਪੁਰਾਣੇ ਸਮਿਆਂ 'ਚ ਲੋਕ ਸੱਥਾਂ ਵਿਚ ਬਹਿੰਦੇ ਸਨ, ਤ੍ਰਿੰਜਣ ਚਲਦੇ ਸਨ। ਜੇ ਕੋਈ ਸ਼ਾਮਲ ਹੋਣੋਂ ਅਸਮਰਥ ਹੈ, ਉਨ੍ਹਾਂ ਨੂੰ ਘਰਾਂ ਜਾਂ ਨਰਸਿੰਗ ਹਸਪਤਾਲਾਂ 'ਚ ਜਾ ਕੇ ਅਹਿਸਾਸ ਦਿਵਾਉਣਾ ਜ਼ਰੂਰੀ ਹੈ ਕਿ 'ਤੁਸੀਂ ਇਕੱਲੇ ਨਹੀਂ ਹੋ।'

ਡਿਮੈਂਸ਼ੀਆ ਰੋਕਣ ਲਈ ਹਮੇਸ਼ਾ ਸਿੱਖਦੇ ਰਹਿਣਾ ਚਾਹੀਦਾ ਹੈ। ਪੜ੍ਹਨਾ ਲਿਖਣਾ ਵੀ ਮਦਦਗਾਰ ਹੈ। ਸ਼ਰਾਬ ਦੇ ਇਕ ਜਾਂ ਦੋ ਤੋਂ ਵੱਧ ਪੈਗ ਨਹੀਂ ਲਾਉਣੇ ਚਾਹੀਦੇ, ਨਹੀਂ ਤਾਂ ਜਿਗਰ 'ਤੇ ਮਾੜਾ ਅਸਰ ਪੈਂਦਾ ਹੈ। ਚੰਗੀ ਕੋਲੈਸਟਰੋਲ ਐਚ.ਡੀ.ਐਲ. ਨੂੰ ਵੀ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਰੋਜ਼ਾਨਾ ਦੋ ਤੋਂ ਤਿੰਨ ਮੀਲ ਤੇਜ਼ ਰਫਤਾਰ ਨਾਲ ਤੁਰ ਕੇ ਸੈਰ ਕਰਨੀ ਲਾਹੇਵੰਦ ਹੈ। ਇਸ ਤੋਂ ਇਲਾਵਾ ਹਰੀਆਂ ਸਬਜ਼ੀਆਂ, ਬੈਰੀਜ਼ ਤੇ ਮੌਸਮੀ ਫਲ ਬਿਮਾਰੀ ਨੂੰ ਰੋਕਣ ਲਈ ਸਹਾਈ ਹੁੰਦੇ ਹਨ। ਲਾਲ ਮੀਟ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਡਿਮੈਂਸ਼ੀਆ ਨਾੜੀਆਂ ਦੇ ਸੁੰਗੜਨ ਨਾਲ ਵੀ ਹੋ ਸਕਦਾ ਹੈ। ਦੂਜੀਆਂ ਬਿਮਾਰੀਆਂ ਜਿਵੇਂ ਪਾਰਕਿਨਸਨ, ਡਾਊਨ ਸਿੰਡਰੋਮ, ਦਿਮਾਗੀ ਤਣਾਅ ਵੀ ਹਾਨੀਕਾਰਕ ਸਾਬਤ ਸਿੱਧ ਹੁੰਦਾ ਹੈ। ਕੁਝ ਹਾਰਮੋਨ, ਵਿਟਾਮਿਨ, ਥਾਇਰਾਇਡ ਵੀ ਡਿਮੈਂਸ਼ੀਆ ਵਧਣ ਦਾ ਕਾਰਨ ਬਣਦੇ ਹਨ। ਡਿਮੈਂਸ਼ੀਆ ਦੀ ਸਹੀ ਪਛਾਣ ਨਿਊਰੋ ਸਾਈਕੋਲੋਜਿਸਟ ਕੋਲੋਂ ਕਰਵਾਉਣੀ ਚਾਹੀਦੀ ਹੈ ਜੋ ਮਰੀਜ਼ ਨੂੰ ਲਿਖਤੀ ਟੈਸਟ ਦਿੰਦੇ ਹਨ। ਐਮ.ਆਰ.ਆਈ. ਸੀ.ਟੀ. ਐਂਜੀਓ ਵੀ ਕਰਵਾਇਆ ਜਾ ਸਕਦਾ ਹੈ ਜੋ ਦਿਮਾਗ ਅੰਦਰ ਵਧੇ ਵੈਂਟਰੀਕਲ (Ventricles) ਦਾ ਸਾਈਜ਼ ਦੱਸ ਦਿੰਦੇ ਹਨ। ਡਿਮੈਂਸ਼ੀਆ ਨੂੰ ਕਾਬੂ 'ਚ ਰੱਖਣ ਲਈ ਵਿਟਾਮਿਨ ਡੀ, ਵਿਟਾਮਿਨ ਬੀ-12 ਸਾਰਥਕ ਕੰਮ ਕਰਦੇ ਹਨ। Mediterranean Diet (ਪ੍ਰੋਟੀਨ ਵਾਲੀਆਂ ਸਬਜ਼ੀਆਂ) ਲਾਹੇਵੰਦ ਹੈ। ਕੁਝ ਦਵਾਈਆਂ ਵੀ ਦਿੱਤੀਆਂ ਜਾ ਸਕਦੀਆਂ ਪਰ ਇਹ ਮਾਹਿਰ ਡਾਕਟਰ ਦੀ ਨਿਗਰਾਨੀ ਹੇਠ ਹੀ ਲੈਣੀਆਂ ਚਾਹੀਦੀਆਂ ਹਨ।

ਜ਼ਿਕਰਯੋਗ ਹੈ ਕਿ ਸਿੱਖ ਸੀਨੀਅਰ ਸਿਟੀਜਨ ਮਹੀਨੇ ਦੇ ਪਹਿਲੇ ਬੁਧਵਾਰ ਨੂੰ 4 ਤੋਂ 6 ਵਜੇ ਤਕ ਸਥਾਨਕ ਗੁਰਦੁਆਰਾ ਪੈਲਾਟਾਈਨ ਵਿਚ ਮਿਲਦੇ ਹਨ, ਜਿਥੇ ਕੋਈ ਮਾਹਿਰ ਸੱਦਿਆ ਜਾਂਦਾ ਹੈ। ਮਹੀਨੇ ਦੇ ਤੀਜੇ ਬੁਧਵਾਰ ਨੂੰ ਬਜ਼ੁਰਗਾਂ ਦਾ ਜਨਮ ਦਿਨ ਲੰਚ ਕਰ ਕੇ ਮਨਾਇਆ ਜਾਂਦਾ ਹੈ। ਬਜ਼ੁਰਗ ਐਤਵਾਰ ਨੂੰ 10 ਤੋਂ 1 ਵਜੇ ਤਕ ਟਰੇਨ ਸਟੇਸ਼ਨ ਤੋਂ ਗੁਰਦੁਆਰਾ ਸਾਹਿਬ ਤਕ ਮੁਫਤ ਰਾਈਡ ਦਿੰਦੇ ਹਨ।

ਸਿੱਖ ਸੀਨੀਅਰ ਸਿਟੀਜਨ ਦੀਆਂ ਗਤੀਵਿਧੀਆਂ ਬਾਰੇ ਸੁਰਿੰਦਰ ਸਿੰਘ ਕਾਲਰਾ ਨਾਲ ਫੋਨ: 847-305-9119, ਇਕਬਾਲ ਸਿੰਘ ਚੋਪੜਾ ਨਾਲ ਫੋਨ: 224-358-7769 ਜਾਂ ਠਾਕਰ ਸਿੰਘ ਬਸਾਤੀ ਨਾਲ ਫੋਨ: 847-736-6092 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਕਾਂਗਰਸ ਵੱਲੋਂ ਜਯਾਨਗਰ ਫਤਿਹ

**ਬੰਗਲੌਰ:** ਕਾਂਗਰਸ ਨੇ ਸ਼ਹਿਰ ਦੀ ਜਯਾਨਗਰ ਵਿਧਾਨ ਸਭਾ ਸੀਟ 2800 ਵੋਟਾਂ ਦੇ ਫਰਕ ਨਾਲ ਜਿੱਤ ਲਈ ਹੈ। ਪਹਿਲਾਂ ਇਹ ਸੀਟ ਭਾਜਪਾ ਕੋਲ ਸੀ। ਕਾਂਗਰਸ ਦੀ ਸੌਮਿਆ ਰੈੱਡੀ ਨੂੰ 54457 ਵੋਟਾਂ ਮਿਲੀਆਂ ਜਦਕਿ ਭਾਜਪਾ ਦੇ ਮਰਹੂਮ ਵਿਧਾਇਕ ਦੇ ਭਰਾ ਬੀ.ਐਨ. ਪ੍ਰਹਿਲਾਦ ਨੂੰ 51568 ਵੋਟਾਂ ਨਾਲ ਸਬਰ ਕਰਨਾ ਪਿਆ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ


Raj Jamarai
Cell:734-644-1010
Office:734-747-4298

Noblesville Trucks and Trailers Repair Shop
15203 Stony Creek Way, Noblesville, IN 46060
ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ

ਵਧੀਆ ਤੇ ਭਰੋਸੇਯੋਗ ਸਰਵਿਸ
*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ
24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ


ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976
ਫੈਕਸ: 317-774-9665

# ਗੁਰਦੁਆਰਾ ਸੰਤ ਸਾਗਰ ਵਿਖੇ ਪੰਚਮ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਇਆ

**ਨਿਊ ਯਾਰਕ (ਬਿਊਰੋ):** ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਵਿਖੇ ਸੰਗਤਾਂ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼ਹੀਦੀ ਸਮਾਗਮ ਦੇ ਪ੍ਰੋਗਰਾਮ ਬੀਬੀਆਂ ਵਲੋਂ 40 ਰੋਜ਼ਾ ਸੁਖਮਨੀ ਸਾਹਿਬ ਦੇ ਪਾਠ ਨਾਲ ਮਈ ਵਿਚ ਹੀ ਸ਼ੁਰੂ ਹੋ ਗਏ ਸਨ।









ਇਸ ਸਮਾਗਮ ਸਬੰਧੀ 11 ਜੂਨ ਤੋਂ 16 ਜੂਨ ਤੱਕ ਵਿਸ਼ੇਸ਼ ਦੀਵਾਨ ਸਜੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਭਾਈ ਬਲਦੇਵ ਸਿੰਘ ਵਡਾਲਾ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ) ਦੇ ਜਥੇ ਨੇ ਰੋਜ਼ਾਨਾ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। 15 ਜੂਨ, ਸ਼ੁਕਰਵਾਰ ਨੂੰ ਅਖੰਡ ਪਾਠ ਦਾ ਅਰੰਭ ਹੋਇਆ ਜਿਸ ਦੀ ਸੇਵਾ ਬੀਬੀਆਂ ਨੇ ਕੀਤੀ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਬਾਅਦ ਦੁਪਹਿਰ 3 ਵਜੇ ਤਕ ਦੀਵਾਨ ਸਜੇ।








ਦੀਵਾਨ ਦੀ ਸ਼ੁਰੂਆਤ ਆਸਾ ਦੀ ਵਾਰ ਦੇ ਕੀਰਤਨ ਰਾਹੀਂ ਭਾਈ ਹਜਾਰਾ ਸਿੰਘ ਦੇ ਜਥੇ ਨੇ ਕੀਤੀ। ਕਥਾਵਾਚਕ ਭਾਈ ਰਣਜੀਤ ਸਿੰਘ ਚੰਡੀਗੜ੍ਹ ਨੇ ਗੁਰੂ ਸਾਹਿਬ ਦੀ ਸ਼ਹੀਦੀ 'ਤੇ ਚਾਨਣਾ ਪਾਇਆ। ਗੁਰੂ ਘਰ ਦੇ ਸੇਵਾਦਾਰ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ) ਨੇ ਗੁਰੂ ਚਰਨਾਂ ਵਿਚ ਸ਼ਬਦ ਕੀਰਤਨ ਰਾਹੀਂ ਹਾਜਰੀ ਲੁਆਈ। ਉਪਰੰਤ 3 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਦੇ ਜਥੇ ਨੇ ਸੰਗਤ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ।





ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸੰਗਤ ਵਲੋਂ ਬਲੱਡ ਬੈਂਕ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਾਇਆ ਗਿਆ, ਜਿਸ ਵਿਚ ਸੰਗਤ ਨੇ ਖੂਨਦਾਨ ਕਰ ਕੇ ਇਸ ਪਵਿੱਤਰ ਕਾਰਜ ਵਿਚ ਉਤਸ਼ਾਹ ਨਾਲ ਯੋਗਦਾਨ ਪਾਇਆ।

ਗੁਰੂਘਰ ਦੇ ਸੇਵਾਦਾਰਾਂ ਨੇ ਇਸ ਮੌਕੇ ਜੂਸ, ਫਰੂਟ ਤੇ ਚਾਟ ਦੇ ਸਟਾਲ ਵੀ ਲਾਏ। ਗੁਰੂ ਕਾ ਲੰਗਰ ਅਤੁਟ ਵਰਤਿਆ। ਗੁਰੂਘਰ ਦੇ ਸੇਵਾਦਾਰ ਬਾਬਾ ਸੱਜਣ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ ਸਿਕਲੀਗਰ ਸਿੱਖਾਂ ਦੀ ਫੜ੍ਹੇਗੀ ਬਾਂਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਕਲੀਗਰ ਸਿੱਖਾਂ ਦੇ ਬੱਚਿਆਂ ਲਈ ਇੰਦੌਰ ਵਿਚ ਉਦਯੋਗਿਕ ਸਿਖਲਾਈ ਕੇਂਦਰ ਸਥਾਪਤ ਕਰੇਗੀ ਅਤੇ ਭਾਈਚਾਰੇ ਨੂੰ ਰਵਾਇਤੀ ਸ਼ਸਤਰ ਬਣਾਉਣ ਦੀ ਸਿਖਲਾਈ ਦੇਣ ਲਈ ਦਸਤਕਾਰੀ ਸਕੂਲ ਵਿਚ ਕਾਰਖਾਨਾ ਲਾਉਣ ਲਈ ਵੀ ਸਹਾਇਤਾ ਦੇਵੇਗੀ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਨ੍ਹਾਂ ਇੰਦੌਰ ਸਥਿਤ ਗੁਰਦੁਆਰਾ ਪਾਤਸ਼ਾਹੀ ਪਹਿਲੀ ਬੇਟਮਾ ਦਾ ਦੌਰਾ ਕੀਤਾ ਹੈ ਅਤੇ ਉਥੇ ਗੁਰਦੁਆਰੇ ਦੇ ਦਰਬਾਰ ਹਾਲ ਦੀ ਪਹਿਲੀ ਮੰਜ਼ਲ ਦੇ ਲੈਂਟਰ ਦੀ ਕਾਰ ਸੇਵਾ ਚੱਲ ਰਹੀ ਹੈ।



ਇਸ ਮੌਕੇ ਇੰਦੌਰ ਦੀ ਸਿੱਖ ਸੰਗਤ ਅਤੇ ਸਿਕਲੀਗਰ ਭਾਈਚਾਰੇ ਨਾਲ ਰਾਬਤਾ ਕਰਦਿਆਂ ਸ੍ਰੀ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਭਾਈਚਾਰੇ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਂਦੇ ਅੰਮ੍ਰਿਤ ਸੰਚਾਰ ਸਮਾਗਮਾਂ ਲਈ ਸਿਕਲੀਗਰ ਸਿੱਖਾਂ ਕੋਲੋਂ ਕਿਰਪਾਨਾਂ ਅਤੇ ਕੜੇ ਖਰੀਦੇ ਜਾਣਗੇ। ਉਨ੍ਹਾਂ ਸਿਕਲੀਗਰ ਸਿੱਖਾਂ ਦੇ ਇਕ ਹਜ਼ਾਰ ਬੱਚਿਆਂ ਨੂੰ ਵਿਦਿਆ ਅਤੇ ਗੁਰਮਤਿ ਗਿਆਨ ਦੇਣ ਦਾ ਵੀ ਭਰੋਸਾ ਦਿਵਾਇਆ। ਦੱਸਣਯੋਗ ਹੈ ਕਿ ਇਸ ਖੇਤਰ ਵਿਚ ਸਿਕਲੀਗਰ ਭਾਈਚਾਰੇ ਦੇ ਕੁਝ ਸਮੱਸਿਆਵਾਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਨਸ਼ਰ ਹੋਣ ਤੋਂ ਬਾਅਦ ਸਿੱਖ ਭਾਈਚਾਰੇ ਨੇ ਉਨ੍ਹਾਂ ਦੀ ਮਦਦ ਲਈ ਕਵਾਇਦ ਅਰੰਭੀ ਸੀ।

# ਭਾਰਤ ਸਣੇ 90 ਤੋਂ ਵੱਧ ਦੇਸ਼ਾਂ 'ਚ ਨਹੀਂ ਮਿਲਦੀ ਪਿਤਾ ਨੂੰ ਬਾਲ ਸੰਭਾਲ ਛੁੱਟੀ

**ਸੰਯੁਕਤ ਰਾਸ਼ਟਰ:** ਯੂਨੀਸੈਫ ਦੇ ਇਕ ਨਵੇਂ ਅਧਿਐਨ ਵਿਚ ਕਿਹਾ ਗਿਆ ਹੈ ਕਿ ਭਾਰਤ ਦਾ ਨਾਂ ਦੁਨੀਆਂ ਦੇ ਉਨ੍ਹਾਂ 90 ਮੁਲਕਾਂ ਵਿਚ ਆਉਂਦਾ ਹੈ ਜਿਥੇ ਨਵਜੰਮੇ ਬੱਚਿਆਂ ਦੇ ਪਿਤਾ ਨੂੰ ਛੁੱਟੀਆਂ ਦੇਣ ਬਾਰੇ ਕੋਈ ਨੀਤੀ ਨਹੀਂ ਬਣੀ। ਯੂਐਨ ਏਜੰਸੀ ਨੇ ਕਿਹਾ ਕਿ ਦੁਨੀਆਂ ਦੇ ਕਰੀਬ 9 ਕਰੋੜ ਨਵਜੰਮੇ ਬੱਚਿਆਂ ਵਿਚੋਂ ਦੋ ਤਿਹਾਈ ਦਾ ਜਨਮ ਇਨ੍ਹਾਂ 90 ਦੇਸ਼ਾਂ ਵਿਚ ਹੀ ਹੁੰਦਾ ਹੈ ਜਿਥੇ ਪੁਰਸ਼ ਕਾਮਿਆਂ ਨੂੰ ਬੱਚੇ ਦੀ ਦੇਖ ਰੇਖ ਕਰਨ ਲਈ ਕਾਨੂੰਨਨ ਕੋਈ ਛੁੱਟੀ ਨਹੀਂ ਮਿਲਦੀ।

ਯੂਨੀਸੈਫ ਦਾ ਕਹਿਣਾ ਹੈ ਕਿ ਦੁਨੀਆਂ ਭਰ ਵਿਚ ਪਰਿਵਾਰ ਪੱਖੀ ਨੀਤੀਆਂ ਦਾ ਰੁਝਾਨ ਜ਼ੋਰ ਫੜ ਰਿਹਾ ਹੈ। ਏਜੰਸੀ ਨੇ ਭਾਰਤ ਦੀ ਮਿਸਾਲ ਦਿੱਤੀ ਜਿਥੇ ਅਧਿਕਾਰੀ ਪਾਰਲੀਮੈਂਟ ਦੇ ਅਗਲੇ ਸੈਸ਼ਨ ਵਿਚ ਪੈਟਰਨਿਟੀ ਬੈਨੇਫਿਟ ਬਿਲ ਪੇਸ਼ ਕਰਨ ਬਾਰੇ ਸੋਚ ਵਿਚਾਰ ਕਰ ਰਹੇ ਹਨ। ਜੇ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ ਤਾਂ ਪਿਤਾ ਨੂੰ ਤਿੰਨ ਮਹੀਨਿਆਂ ਦੀ ਕਮਾਈ ਪਿੱਤਰੀ ਛੁੱਟੀ ਮਿਲੇਗੀ। ਭਾਰਤ ਤੋਂ ਇਲਾਵਾ ਬ੍ਰਾਜ਼ੀਲ ਤੇ ਕੌਂਗੋ ਵਿਚ ਵੀ ਇਹੋ ਜਿਹੀ ਕੋਈ ਵਿਵਸਥਾ ਨਹੀਂ ਹੈ।

*To Advertise with Punjab Times*
*Call: 847-359-0746*
*www.punjabtimesusa.com*

# ਸਿਰ ਦੀਉ ਧਰ ਮੱਸੇ ਦਾ...

*ਚਿੱਤਰਕਾਰ ਕਿਰਪਾਲ ਸਿੰਘ ਨੇ ਸਿੱਖੀ ਦੀ ਸ਼ਾਨ ਬਾਬਤ ਕਈ ਚਿੱਤਰ ਬਣਾਏ ਹਨ। ਇਨ੍ਹਾਂ ਚਿੱਤਰਾਂ ਲਈ ਉਨ੍ਹਾਂ ਨੂੰ ਲੋਕਾਂ ਅਤੇ ਕਲਾ ਆਲੋਚਕਾਂ ਵੱਲੋਂ ਖੂਬ ਥਾਪੜਾ ਮਿਲਿਆ। ਇਸ ਲੇਖ ਵਿਚ ਦਿੱਲੀ ਵੱਸਦੇ ਸ਼ਾਇਰ ਅਤੇ ਕਲਾ ਆਲੋਚਕ ਜਗਤਾਰਜੀਤ ਸਿੰਘ ਨੇ ਉਨ੍ਹਾਂ ਦੇ ਮੱਸੇ ਦਾ ਸਿਰ ਵੱਢਣ ਵਾਲੀ ਘਟਨਾ ਦੀ ਗਾਥਾ ਪੇਸ਼ ਕੀਤੀ ਹੈ। ਇਸ ਵਿਆਖਿਆ ਨਾਲ ਉਸ ਵੇਲੇ ਦਾ ਮਾਹੌਲ ਜੀਵਤ ਹੋ ਉਠਿਆ ਹੈ ਜਿਨ੍ਹਾਂ ਵਕਤਾਂ ਨਾਲ ਸਬੰਧਤ ਇਹ ਚਿੱਤਰ ਹੈ। ਕਿਰਪਾਲ ਸਿੰਘ ਨੇ ਇਹ ਚਿੱਤਰ 1962 ਵਿਚ ਬਣਾਇਆ ਸੀ। -ਸੰਪਾਦਕ*

ਸਿੱਖ ਇਤਿਹਾਸ ਦੇ ਮੱਦੇਨਜ਼ਰ ਕਿਰਪਾਲ ਸਿੰਘ ਦਾ ਇਹ ਚਿੱਤਰ ਵਧੇਰੇ ਸਾਰਥਕ ਅਤੇ ਮਹੱਤਵਪੂਰਨ ਹੋ ਨਿਬੜਦਾ ਹੈ। ਜਿਸ ਜ਼ਮੀਨੀ ਟੁਕੜੇ ਨੂੰ ਚਿੱਤਰ ਵਿਚ ਥਾਂ ਮਿਲੀ ਹੈ, ਉਹ ਅੰਮ੍ਰਿਤਸਰੋਂ ਬਹੁਤ ਦੂਰ ਰਾਜਸਥਾਨ ਵਿਚ ਹੈ। ਨੀਂਹ ਰੱਖੇ ਜਾਣ ਵੇਲੇ ਤੋਂ ਹੀ ਅੰਮ੍ਰਿਤਸਰ ਸਿੱਖ ਸ਼ਰਧਾ ਦਾ ਕੇਂਦਰ ਬਣਿਆ ਹੋਇਆ ਹੈ। ਜਿਸ ਅਸਥਾਨ ਤੋਂ ਜੀਵਨ ਸੇਧ ਲਈ ਜਾਂਦੀ ਹੈ, ਉਸ ਦੀ ਰੱਖਿਆ ਜੀਵਨ ਦੇ ਕੇ ਕੀਤੀ ਜਾਂਦੀ ਰਹੀ ਹੈ। ਕਿਰਪਾਲ ਸਿੰਘ ਰਚਿਤ ਚਿੱਤਰ ਦੇ ਪਿਛੋਕੜ ਵਿਚ ਅੰਮ੍ਰਿਤਸਰ ਪਵਿਤਰ ਅਸਥਾਨ ਹੈ, ਭਾਵੇਂ ਉਹ ਦਿਸ ਨਹੀਂ ਰਿਹਾ। ਚਿੱਤਰ ਦੇਖਦੇ ਸਾਰ ਇਹਦਾ ਪ੍ਰਸੰਗ ਜਾਗ੍ਰਿਤ ਹੋ ਜਾਂਦਾ ਹੈ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਕਮੁੱਠ ਨਾ ਰਹਿ ਸਕੇ। ਮੁਗਲ ਸ਼ਾਸਕ ਨੇ ਆਪਣੀ ਤਾਕਤ ਬਹਾਲੀ ਵਾਸਤੇ ਸਿੱਖਾਂ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਦਾ ਹੁਕਮ ਆਪਣੇ

**ਜਗਤਾਰਜੀਤ ਸਿੰਘ**
ਫੋਨ: 91-98990-91186

ਸਿਪਾਹੀਆਂ ਨੂੰ ਸੁਣਾਇਆ। ਕਾਰਜ ਸਿਰੇ ਚਾੜ੍ਹਨ ਵਾਸਤੇ ਸਿੱਖਾਂ ਦੇ ਸਿਰਾਂ ਬਦਲੇ ਉਨ੍ਹਾਂ ਦਾ ਮੁੱਲ ਦੇਣਾ ਸ਼ੁਰੂ ਕਰ ਦਿੱਤਾ। ਫਲਸਰੂਪ, ਸਿੱਖਾਂ ਨੇ ਜੰਗਲ-ਬੀਆਬਾਨ ਥਾਂਵਾਂ ਨੂੰ ਆਪਣੀ ਸ਼ਰਨ ਸਥਲੀ ਬਣਾਇਆ। ਕਈ ਰਾਜਸਥਾਨ ਵੱਲ ਕੂਚ ਕਰ ਗਏ।

ਪਵਿਤਰ ਅੰਮ੍ਰਿਤਸਰ ਸਰੋਵਰ ਨੂੰ ਮੱਸਾ ਰੰਘੜ ਨੇ ਪੂਰ ਦਿੱਤਾ। ਉਸ ਨੇ ਕੇਂਦਰੀ ਇਮਾਰਤ ਵਿਚ ਬੈਠ ਕੇ ਸ਼ਰਾਬ ਦੇ ਨਸ਼ੇ ਨਾਲ ਨਾਚੀਆਂ ਦੇ ਨਾਚ ਦਾ ਅਨੰਦ ਲੈਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਸਰੋਵਰ ਦਾ ਇਸ਼ਨਾਨ ਸਿੱਖਾਂ ਵਾਸਤੇ ਮੌਤ ਬਰਾਬਰ ਸੀ।

ਭਾਈ ਬਲਾਕਾ ਸਿੰਘ ਬੇਅਦਬੀ ਸਬੰਧੀ ਹਾਸਲ ਕੀਤੀ ਜਾਣਕਾਰੀ ਸਮੇਤ ਬੀਕਾਨੇਰ ਜਾ ਪਹੁੰਚਿਆ ਜਿਥੇ ਬਾਬਾ ਬੁੱਢਾ ਸਿੰਘ ਆਪਣੇ ਜਥੇ ਸਮੇਤ ਬੁੱਢਾ ਜੌਹੜ ਜਾ ਟਿਕੇ ਹੋਏ ਸਨ। ਉਸ ਤੋਂ



*ਚਿੱਤਰਕਾਰ ਕਿਰਪਾਲ ਸਿੰਘ*

ਵਿਥਿਆ ਸੁਣ ਕੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਨੂੰ ਸੋਧਣ ਦਾ ਪ੍ਰਣ ਲਿਆ। ਉਨ੍ਹਾਂ ਦਾ ਸਾਥ ਦੇਣ ਵਾਸਤੇ ਭਾਈ ਸੁੱਖਾ ਸਿੰਘ ਵੀ ਤਿਆਰ ਹੋ ਗਏ। ਅਰਦਾਸਾ ਸੋਧਣ ਉਪਰੰਤ ਦੋਵੇਂ ਘੋੜਿਆਂ 'ਤੇ ਸਵਾਰ ਹੋ ਅੰਮ੍ਰਿਤਸਰ ਵੱਲ ਤੁਰ ਪਏ। ਦੋਵਾਂ ਨੇ ਬੋਰੀਆਂ ਵਿਚ ਠੀਕਰੀਆਂ ਭਰ ਲਈਆਂ ਅਤੇ ਚੌਧਰੀਆਂ ਦਾ ਭੇਸ ਧਾਰ ਲਿਆ।

ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਆਪਣੇ ਘੋੜੇ ਬੇਰੀ ਨਾਲ ਬੰਨ੍ਹ ਦਿੱਤੇ। ਅੰਦਰ ਪਹੁੰਚ ਕੇ ਮੱਸੇ ਰੰਘੜ ਅੱਗੇ ਬੋਰੀਆਂ ਰੱਖਦਿਆਂ ਉਨ੍ਹਾਂ ਦੱਸਿਆ ਕਿ ਉਹ ਪਿੰਡ ਦਾ ਮਾਮਲਾ ਉਤਾਰਨ ਆਏ ਹਨ। ਜਿਉਂ ਹੀ ਉਹ ਬੋਰੀਆਂ ਵੱਲ ਝੁਕਿਆ, ਭਾਈ ਮਹਿਤਾਬ ਸਿੰਘ ਨੇ ਕਿਰਪਾਨ ਦੇ ਵਾਰ ਨਾਲ ਉਹਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਨੇਜ਼ੇ ਉਪਰ ਉਸ ਦਾ ਸਿਰ ਟੰਗ ਕੇ ਉਹ ਪਹਿਲਾਂ ਦਮਦਮਾ ਸਾਹਿਬ ਪਹੁੰਚੇ। ਅਗਲੇ ਦਿਨ ਉਹ ਬਾਬਾ ਬੁੱਢਾ ਸਿੰਘ ਪਾਸ ਬੁੱਢਾ ਜੌਹੜ ਜਾ ਪਹੁੰਚੇ।

ਕਿਰਪਾਲ ਸਿੰਘ ਚਿੱਤਰ ਵਿਚ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੂੰ ਭਾਈ ਬੁੱਢਾ ਸਿੱਘ ਵੱਲ ਵਧਦਿਆਂ ਦਿਖਾਉਂਦਾ ਹੈ। ਇਸ ਦੀ ਰਚਨਾ 1962 ਵਿਚ ਕੀਤੀ ਗਈ ਅਤੇ ਇਹਦਾ ਆਕਾਰ ਚਾਲੀ ਗੁਣਾ ਬਵੰਜਾ ਇੰਚ ਹੈ।

ਸਮੁੱਚਾ ਦ੍ਰਿਸ਼ ਬਸਤੀ ਦਾ ਪ੍ਰਤੀਤ ਹੁੰਦਾ ਹੈ ਜੋ ਆਰਜ਼ੀ ਹੈ। ਥੋੜ੍ਹੀ ਥੋੜ੍ਹੀ ਵਿਥ ਉਪਰ ਇਕੋ ਕਤਾਰ ਵਿਚ ਤਿੰਨ ਤੰਬੂ ਦਿਖਾਈ ਦਿੰਦੇ ਹਨ, ਪਰ ਹਰ ਇਕ ਦੂਜੇ ਤੋਂ ਭਿੰਨ ਹੈ। ਦ੍ਰਿਸ਼ ਦੀ ਜ਼ਮੀਨ ਰਾਜਸਥਾਨ ਦੀ ਹੈ, ਤਾਹੀਓਂ ਭੂਰੀ ਰੇਤਲੀ ਹੈ। ਸਾਰੀ ਵਸੋਂ ਇਕ ਥਾਂ ਇਕੱਤਰ ਹੋਈ ਹੈ। ਇਸ ਦੇ ਕੁਝ ਕਾਰਨ ਹਨ। ਮੂਲ ਕਾਰਨ ਇਹੋ ਹੈ ਕਿ ਇਹ ਸਾਰੇ ਆਪਣੇ ਮੂਲ ਸਥਾਨ ਤੋਂ ਵਿਛੜੇ ਹੋਏ ਹਨ।

ਦੂਰ ਰਹਿ ਕੇ ਇਨ੍ਹਾਂ ਨੇ ਆਪਣੇ ਆਪ ਨੂੰ ਬਚਾਇਆ ਹੋਇਆ ਹੈ। ਇਸ ਤੋਂ ਇਲਾਵਾ ਇਹ ਲੋਕ ਇਥੋਂ ਜਾ ਕੇ ਆਪਣੇ ਸਕੇ ਸਬੰਧੀਆਂ ਅਤੇ ਸਤਾਏ ਲੋਕਾਂ ਦੀ ਮਦਦ ਕਰ ਆਉਂਦੇ ਹਨ ਜਿਨ੍ਹਾਂ ਨੇ ਆਪਣੇ ਘਰਾਂ ਦਾ ਤਿਆਗ ਨਹੀਂ ਕੀਤਾ। ਇਕੱਠ ਵਿਚ ਤਾਕਤ ਹੈ। ਜੇ ਧਾੜਵੀ ਹਮਲਾ ਕਰੇ ਤਾਂ ਇਹ ਬਣਦਾ ਜਵਾਬ ਦੇਣ ਦੇ ਸਮਰੱਥ ਹਨ।

ਚਿੱਤਰ ਦੱਸਦਾ ਹੈ ਕਿ ਇਥੇ ਟਿਕਣ ਵਾਲੇ ਇਕੱਲੇ-ਦੁਕੱਲੇ ਤੋਂ ਇਲਾਵਾ ਪਰਿਵਾਰ ਵਾਲੇ ਵੀ ਹਨ। ਪਰਿਵਾਰ ਦਾ ਅਰਥ ਮਰਦ ਔਰਤ ਨਹੀਂ, ਉਨ੍ਹਾਂ ਨਾਲ ਭਿੰਨ-ਭਿੰਨ ਉਮਰ ਦੇ ਬੱਚੇ ਵੀ ਹਨ। ਕੋਈ ਖੇਡ ਰਿਹਾ ਹੈ, ਕੋਈ ਆਪਣੀ ਉਮਰ ਤੋਂ ਵਡੇਰਾ ਕੰਮ ਕਰ ਰਿਹਾ ਹੈ। ਸਾਰੇ ਸਮੂਹ ਦਾ ਜੀਵਨ, ਸਾਧਾਰਨ ਜੀਵਨ ਜਿਹਾ ਨਹੀਂ। ਇਹ ਵੱਖਰਾ ਅਤੇ ਦੁਸ਼ਵਾਰੀਆਂ ਭਰਿਆ ਹੈ ਜਿਥੇ ਅਨੁਭਵ ਹੀ ਬੰਦੇ ਨੂੰ ਚੰਡਦਾ ਹੈ। ਤਾਹੀਓਂ ਨੀਲੇ ਬਾਣੇ ਵਿਚ ਸ਼ਸਤਰਧਾਰੀ ਬੀਬੀ ਕੋਲ ਹੱਥ ਵਿਚ ਬਰਛਾ ਸਾਂਭੀ ਭੁਜੰਗੀ ਖੜ੍ਹਾ ਹੈ। ਵੱਡਾ ਹੋ ਕੇ ਜੋ ਹੋਣਾ ਹੈ ਜਾਂ ਕਰਨਾ ਹੈ, ਉਸ ਦਾ ਅਭਿਆਸ ਹੁਣੇ ਸ਼ੁਰੂ ਹੋ ਗਿਆ ਹੈ।

ਅਗਲਾ ਕਾਰਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਸਮੂਹ ਸੰਗਤ ਆਪਣੇ ਗੁਰੂ ਦੇ ਕਰੀਬ ਹੋ, ਆਦਰ ਸਤਿਕਾਰ ਨਾਲ ਬੈਠੀ ਹੈ। ਇਹ ਚਿੱਤਰ ਅਹਿਮ ਜਾਣਕਾਰੀ ਦੇ ਰਿਹਾ ਹੈ ਕਿ ਸਿੱਖਾਂ ਨੇ ਔਖੇ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਨਾਲ ਰੱਖਿਆ। ਆਪਣੇ ਗੁਰੂ ਪ੍ਰਤੀ ਇਹ ਅਗਾਧ ਸ਼ਰਧਾ ਦਾ ਪ੍ਰਤੀਕ ਹੈ। ਜੰਗ ਸਮੇਂ ਵੀ ਬਾਣੀ ਅਤੇ ਗ੍ਰੰਥ ਦਾ ਤਿਆਗ ਨਾ ਕਰਨਾ ਸਿੱਖ ਜੀਵਨ ਜਾਚ ਦਾ ਅਲੌਕਿਕ ਕਾਰਾ ਕਿਹਾ ਜਾ ਸਕਦਾ ਹੈ।

ਜੰਗਜੂ ਸਿੱਖਾਂ ਦਾ ਇਕੱਠ ਜਥੇ ਰੂਪ ਵਿਚ ਹੈ ਜਿਸ ਦਾ ਇਕ ਜਥੇਦਾਰ ਬਾਬਾ ਬੁੱਢਾ ਸਿੰਘ ਹੈ। ਚਿੱਤਰ ਵਿਚ ਜਥੇਦਾਰ, ਗੁਰੂ ਗ੍ਰੰਥ ਸਾਹਿਬ ਦੇ ਕਰੀਬ ਖੜ੍ਹੇ ਹਨ। ਸਰੀਰ ਸੈਨਤ ਤੋਂ ਲੱਗਦਾ ਹੈ ਜਿਵੇਂ ਉਹ ਸਮੂਹ ਨੂੰ ਕੁਝ ਕਹਿ ਰਹੇ ਹਨ। ਰੀਤ ਅਨੁਸਾਰ ਜਥੇਦਾਰ ਸਮੂਹ ਦਾ ਮੁਖੀ ਹੀ ਨਹੀਂ ਸਗੋਂ ਉਨ੍ਹਾਂ ਦੇ ਦੁਖ-ਸੁਖ ਵੀ ਦੇਖਦਾ ਹੈ।

ਬਾਬਾ ਬੁੱਢਾ ਸਿੰਘ ਨੇ ਸਫੈਦ ਚੋਲੇ ਉਪਰ ਭਾਰੀ ਨੀਲੀ ਚਾਦਰ ਆਪਣੇ ਸਰੀਰ ਦੁਆਲੇ ਵਲੇਟੀ ਹੋਈ ਹੈ। ਸਿਰ ਸਜੇ ਦੁਮਾਲੇ ਉਪਰ ਚੱਕਰ ਹਨ। ਚਿੱਤਰ ਵਿਚ ਉਹ ਖਾਸੀ ਦੂਰੀ 'ਤੇ ਹਨ, ਤਾਂ ਵੀ ਆਪਣੀ ਡੀਲ-ਡੌਲ ਅਤੇ ਫੱਬਤ ਸਦਕਾ ਵੱਖਰੇ ਹੀ ਨਹੀਂ ਸਗੋਂ ਖਿੱਚ ਦਾ ਕੇਂਦਰ ਹਨ।

ਇਕ ਹੋਰ ਮੋਟਿਫ ਰੁੱਖ ਪਿੱਛੋਂ ਅਨੰਤ ਸਪੇਸ ਵਿਚ ਝੂਲ ਰਹੇ ਨਿਸ਼ਾਨ ਸਾਹਿਬ ਦਾ ਹੈ। ਇਹ ਛੁਪ ਕੇ ਰਹਿ ਰਹੇ ਸਮੂਹ ਦੀ ਇਕਾਈ ਨੂੰ ਦਰਸਾ ਰਿਹਾ ਹੈ। ਨਿਸ਼ਾਨ ਸਾਹਿਬ ਦੇ ਚਿੱਤਰ ਵਿਚ ਹੋਣ ਕਾਰਨ ਸੋਚ ਇਕ ਨੁਕਤੇ ਉਪਰ ਆ ਟਿਕਦੀ ਹੈ। ਸਿੱਖ ਲੁਕੇ ਹੋਏ ਹਨ, ਪਰ ਉਹ ਡਰ ਕੇ ਲੁਕੇ ਹੋਏ ਨਹੀਂ। ਆਪਣੇ ਹੋਣ ਦੀ ਨਿਸ਼ਾਨੀ ਉਨ੍ਹਾਂ ਜ਼ਾਹਿਰ ਕਰ ਦਿੱਤੀ ਹੈ। ਦੁਸ਼ਮਣ ਅਤੇ ਦੋਸਤ ਵਾਸਤੇ ਇਹ ਨਿਸ਼ਾਨੀ ਸਾਂਝੀ ਹੈ। ਇਹ ਨਿਸ਼ਾਨ ਸੰਕੇਤ ਕਰਦਾ ਹੈ ਕਿ ਗੁਰੂ ਦਾ ਸਿੱਖ, ਭੈਅ ਵਿਚ ਰਹਿਣ ਦਾ ਆਦੀ ਨਹੀਂ। ਕੋਈ ਵੀ ਸਤਾਇਆ ਬੰਦਾ ਇਹ ਨਿਸ਼ਾਨ ਦੇਖ ਕੇ ਇਸ ਸਮੂਹ ਤਕ ਪਹੁੰਚ ਕਰ ਸਕਦਾ ਹੈ।

ਜਿਥੇ ਗੁਰੂ ਗ੍ਰੰਥ ਹੈ, ਉਥੇ ਨਿਸ਼ਾਨ ਸਾਹਿਬ ਹੋਵੇਗਾ। ਜਿਥੇ ਨਿਸ਼ਾਨ ਸਾਹਿਬ ਹੋਵੇਗਾ, ਉਥੇ ਸਿੱਖ ਹੋਵੇਗਾ।

ਚਿੱਤਰ ਦਾ ਮੂਲ ਆਧਾਰ ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ ਵੱਲੋਂ ਅੰਮ੍ਰਿਤਸਰ ਜਾ ਕੇ ਮੱਸੇ ਰੰਘੜ ਦਾ ਸਿਰ ਵੱਢ ਲਿਆਉਣ ਵਾਲੀ ਘਟਨਾ ਹੈ। ਚਿੱਤਰ ਵਿਚ ਮਹਿਤਾਬ ਸਿੰਘ ਦੇ ਖੱਬੇ ਹੱਥ ਫੜ੍ਹੇ ਬਰਛੇ ਦੇ ਸਿਖਰ 'ਤੇ ਗੁਰੂ ਅਸਥਾਨ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਟੰਗਿਆ ਹੋਇਆ ਹੈ। ਸੱਜੇ ਹੱਥ ਘੋੜੇ ਦੀ ਲਗਾਮ ਫੜ੍ਹੀ ਉਹ ਅੱਗੇ ਵਧਦੇ ਹਨ, ਉਨ੍ਹਾਂ ਦੇ ਸਾਥੀ ਭਾਈ ਸੁੱਖਾ ਸਿੰਘ ਨੇ ਆਪਣੇ ਖੱਬੇ ਹੱਥ ਫੜ੍ਹੇ ਬਰਛੇ ਨੂੰ ਮੋਢੇ ਰੱਖਿਆ ਹੋਇਆ ਹੈ ਅਤੇ ਦੂਜੇ ਹੱਥ ਲਗਾਮ ਹੈ।

ਦ੍ਰਿਸ਼ ਵਿਚ ਹਾਜ਼ਰ ਕਿਸੇ ਵੀ ਸਿੰਘ, ਸਿੰਘਣੀ ਜਾਂ ਬੱਚੇ ਵੱਲੋਂ ਕਿਸੇ ਕਿਸਮ ਦੀ ਖੁਸ਼ੀ ਦੇ ਇਜ਼ਹਾਰ ਦੀ ਭਿਣਕ ਨਹੀਂ ਮਿਲਦੀ। ਗਮ ਪ੍ਰਗਟਾਵੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖ ਜਿਹੋ ਜਿਹੇ ਮਾਹੌਲ ਦੇ ਆਦੀ ਹੋ ਚੁੱਕੇ ਸਨ, ਉਥੇ ਦੋਵੇਂ ਪੱਖ ਅਰਥਹੀਣ ਸਨ। ਜ਼ਿੰਦਗੀ ਜਾਂ ਮੌਤ ਖੇਡ ਵਾਂਗ ਸੀ। ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੇ ਹਟਵਾਂ ਕੰਮ ਕੀਤਾ ਜਿਹੜਾ ਜੀਵਨ ਤੋਂ ਵੀ ਉੱਤਮ ਕਿਹਾ ਜਾ ਸਕਦਾ ਹੈ ਭਾਵ ਆਪਣੇ ਗੁਰੂ ਅਤੇ ਗੁਰੂ ਅਸਥਾਨ ਦੀ ਬੇਅਦਬੀ ਦਾ ਬਦਲਾ ਲੈਣਾ। ਵਡੇਰਿਆਂ ਵੱਲੋਂ ਤੋਰੀ ਰੀਤ ਆਉਣ ਵਾਲੇ ਸਮੇਂ ਵਿਚ ਤੁਰਦੀ ਰਹੇਗੀ, ਦਾ ਸੰਕੇਤ ਇਸ ਰਚਨਾ ਵਿਚ ਮੌਜੂਦ ਹੈ।

ਦੋਵੇਂ ਸਿੰਘ ਮੁੜ ਆਪਣੇ ਗੁਰੂ ਅਤੇ ਜਥੇਦਾਰ ਬੁੱਢਾ ਸਿੰਘ ਵੱਲ ਵਧਦੇ ਦਿਖਾਈ ਦੇ ਰਹੇ ਹਨ। ਇਹ ਦ੍ਰਿਸ਼ ਲੁਕਵਾਂ ਬੋਲ ਰਿਹਾ ਹੈ।




ਕਾਰਜ ਨੇਪਰੇ ਚਾੜ੍ਹਨ ਵਾਲੇ ਦੋਵੇਂ ਯੋਧਿਆਂ ਨੇ ਭਾਵੇਂ ਆਪਣੇ ਬਾਹੂਬਲ ਨਾਲ ਜ਼ਾਲਿਮ ਨੂੰ ਮਾਰਿਆ ਹੈ, ਪਰ ਉਸ ਦਾ ਸਿਹਰਾ ਆਪ ਨਹੀਂ ਲੈਣਗੇ ਸਗੋਂ ਆਪਣੇ ਗੁਰੂ ਨੂੰ ਦੇਣਗੇ ਕਿਉਂਕਿ ਉਸ ਦੀ ਮਿਹਰ ਸਦਕਾ ਸਾਰਾ ਕੁਝ ਹੋਇਆ ਹੈ।

ਵਾਪਰੇ ਕਾਰੇ ਨੂੰ ਦੇਖ ਕੇ ਸੰਗਤ ਅਚੰਭਿਤ ਜ਼ਰੂਰ ਹੈ, ਪਰ ਇਹਦੇ ਵਿਚ ਵੀ ਸੰਜਮ ਹੈ। ਕਿਸੇ ਵੱਲੋਂ ਕੋਈ ਨਾਟਕੀ ਸਰੀਰਕ ਹਰਕਤ ਨਹੀਂ ਹੋ ਰਹੀ। ਇਥੋਂ ਤਕ ਕਿ ਬੱਚੇ ਵੀ ਸ਼ਾਂਤ ਚਿੱਤ ਹਨ। ਪੇਂਟਰ ਸਮੇਂ ਦੀ ਗੰਭੀਰਤਾ ਨੂੰ ਬਣਾਈ ਰੱਖ ਰਿਹਾ ਹੈ। ਦੂਜਾ ਵੱਡਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਹੋ ਸਕਦੀ ਹੈ ਜਿਸ ਦੇ ਸਨਮੁਖ ਕਿਸੇ ਦਾ ਉਲਾਰ ਹੋਣਾ ਸੋਭਾ ਨਹੀਂ ਦਿੰਦਾ। ਇਹ ਮਰਯਾਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸਥਾਨ ਉਚਾ ਰੱਖਿਆ ਹੈ। ਇਕ: 'ਗੁਰੂ ਗ੍ਰੰਥ' ਗੁਰੂ ਰੂਪ ਹੈ। ਦੋ: ਚਿੱਤਰ ਰਚਨਾ ਦੀ ਵਿਉਂਤ ਦੀ ਮੰਗ ਹੈ। ਗੁਰੂ ਦੇ ਸਿੱਖ ਆਪਣੇ ਗੁਰੂ ਪਾਸ ਜਿਸ ਸਹਿਜ ਭਾਵ ਨਾਲ ਬੈਠੇ ਹਨ, ਅਦੁੱਤੀ ਹੈ। ਵਿਛੀ ਰੇਤ ਉਨ੍ਹਾਂ ਨੂੰ ਅਸਹਿਜ ਨਹੀਂ ਕਰ ਰਹੀ। ਗੁਰੂ ਗ੍ਰੰਥ ਸਾਹਿਬ ਦੇ ਕਰੀਬ ਜਥੇ ਦੇ ਮੁਖੀ ਬਾਬਾ ਬੁੱਢਾ ਸਿੰਘ ਖੜ੍ਹੇ ਹਨ। ਉਹ ਆ ਰਹੇ ਦੋਵਾਂ ਸੂਰਿਆਂ ਵੱਲ ਦੇਖਦਿਆਂ ਸੰਗਤ ਨੂੰ ਸੰਬੋਧਿਤ ਹਨ। ਸੰਗਤ ਸੁਣਦੀ ਹੋਈ ਵੀ ਦੇਖ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਨੂੰ ਰਹੀ ਹੈ।

ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਨੀਲੇ ਰੰਗ ਦੇ ਚੋਲੇ ਪਹਿਨੇ ਹੋਏ ਹਨ। ਭਾਈ ਮਹਿਤਾਬ ਸਿੰਘ ਦੇ ਸਿਰ ਨੀਲੇ ਰੰਗ ਦਾ ਦੁਮਾਲਾ ਹੈ ਜਦੋਂਕਿ ਭਾਈ ਸੱਖਾ ਸਿੰਘ ਦੇ ਸਿਰ ਕੇਸਰੀ। ਬਰਛਿਆਂ ਤੋਂ ਇਲਾਵਾ ਦੋਵਾਂ ਕੋਲ ਕਿਰਪਾਨਾਂ ਅਤੇ ਪਿੱਠ ਨਾਲ ਬੱਝੀਆਂ ਢਾਲਾਂ ਹਨ। ਹਥਿਆਰਾਂ ਵਜੋਂ ਇਹੋ ਇਨ੍ਹਾਂ ਦਾ ਸਰਮਾਇਆ ਹੈ। ਮੋਢੇ ਰੱਖਿਆ ਭੂਰੇ ਰੰਗ ਦਾ ਕੱਪੜਾ ਅਤੇ ਕਮਰਕੱਸੇ ਵੀ ਵੈਰੀ ਦੇ ਵਾਰ ਤੋਂ ਬਚਾਅ ਦਾ ਸਾਧਨ ਬਣਦੇ ਹੋਣਗੇ।

ਕਿਰਪਾਲ ਸਿੰਘ ਕਿਰਸੀ ਨਹੀਂ ਸਗੋਂ ਤਤਕਾਲੀ ਵਸਤੂ ਸਥਿਤੀ ਨਾਲ ਸਮਰਸ ਹੈ। ਗੱਲ ਘੋੜਿਆਂ ਤੋਂ ਹੀ ਅਰੰਭੀ ਜਾ ਸਕਦੀ ਹੈ। ਸਿੱਖ ਸਮੂਹ ਜ਼ਿਆਦਾ ਹੈ, ਪਰ ਉਸ ਦੇ ਮੁਕਾਬਲੇ ਘੋੜੇ ਸਿਰਫ ਤਿੰਨ, ਇਕ ਊਠ ਅਤੇ ਉਸ ਦਾ ਬੱਚਾ, ਵੱਡੇ ਜਲ ਸਰੋਤ ਦੇ ਕਰੀਬ ਹੀ ਕੈਨਵਸ ਦਾ ਅੰਗ ਬਣੇ ਹੋਏ ਹਨ। ਬਣਾਉਣ ਨੂੰ ਅੱਠ-ਦਸ ਘੋੜੇ ਹੋਰ ਵੀ ਬਣਾਏ ਜਾ ਸਕਦੇ ਸਨ, ਪਰ ਏਦਾਂ ਨਹੀਂ ਕੀਤਾ ਗਿਆ। ਚਿਤੇਰਾ ਵਸਤੂ ਸਥਿਤੀ ਦੇ ਵਿਪਰੀਤ ਜਾ ਕੇ ਝੂਠ ਨਹੀਂ ਪ੍ਰਚਾਰਨਾ ਚਾਹੁੰਦਾ। ਆਪਣੀਆਂ ਜ਼ਰਖੇਜ਼ ਥਾਂਵਾਂ ਤੋਂ ਦੂਰ ਜਾ ਕੇ ਰੇਗਿਸਤਾਨ ਵਿਚ ਰਹਿਣ ਵਾਲੇ ਸਿੱਖਾਂ ਦਾ ਸਰਮਾਇਆ ਧਰਮ ਪ੍ਰਤੀ ਅਡੋਲ ਅਕੀਦਤ ਅਤੇ ਨਿਜੀ ਸਰੀਰਕ ਬਲ ਤੋਂ ਇਲਾਵਾ ਕੁਝ ਨਹੀਂ ਰਿਹਾ। ਸੰਗਤ ਰੂਪ ਵਿਚ ਬੈਠੇ ਕਈ ਸਿੰਘਾਂ ਪਾਸ ਤਨ ਢਕਣ ਵਾਸਤੇ ਕੋਈ ਲੀੜਾ ਤਕ ਨਹੀਂ। ਹਾਂ, ਵਾਰ ਅਤੇ ਰੱਖਿਆ ਹਿੱਤ ਹਥਿਆਰ ਜ਼ਰੂਰ ਹਨ। ਨਿਜੀ ਸਜਾਵਟ ਪ੍ਰਤੀ ਲਗਾਓ ਦੇ ਉਲਟ ਸ਼ਸਤਰ ਪ੍ਰੇਮ ਇਸ ਕਿਰਤ ਵਿਚੋਂ ਨਜ਼ਰ ਆ ਰਿਹਾ ਹੈ। ਘੋੜਿਆਂ ਨੂੰ ਅਗਰਭੂਮੀ ਵਿਚ ਰੱਖ ਉਨ੍ਹਾਂ ਨੂੰ ਪਿਛਲੇ ਪਾਸਿਓਂ ਪੇਂਟ ਕਰਨਾ ਇਨ੍ਹਾਂ ਦੇ ਗੁਣਾਂ ਨੂੰ ਉਭਾਰਦਾ ਹੈ। ਚਿੱਤਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਗੁਰੂ ਵੱਲ ਪਿੱਠ ਨਹੀਂ ਕੀਤੀ ਜਾ ਸਕਦੀ। ਦ੍ਰਿਸ਼ ਨੂੰ ਦੇਖਣ ਵਾਲੀ ਅੱਖ ਫਰੇਮ ਤੋਂ ਬਾਹਰ ਆਮ ਨਾਲੋਂ ਕੁਝ ਉਚੀ ਥਾਂ ਉਪਰ ਸਥਿਤ ਹੈ। ਤਾਹੀਓਂ ਘੋੜੇ ਦੀ ਪਿੱਠ ਦੇ ਉਪਰੋਂ ਹੁੰਦੀ ਹੋਈ ਦੂਜੇ ਪਾਸੇ ਵੱਲ ਜਾ ਰਹੀ ਹੈ। ਪਹਿਲੀ ਨਜ਼ਰੇ ਲੱਗਦਾ ਹੈ, ਜਿਵੇਂ ਸਿਰਫ ਦੋ ਘੋੜਿਆਂ ਨੇ ਪੂਰੇ ਸਮੂਹ ਨੂੰ ਆਪਣੇ ਘੇਰੇ ਵਿਚ ਲਿਆ ਹੋਇਆ ਹੈ।

ਅਜਿਹਾ ਬਿੰਬ ਜੁੜਾਵ ਨੂੰ ਚਿਹਨਤ ਕਰਦਾ ਹੈ ਜੋ ਨਿਜੀ ਲਾਭ-ਹਾਨੀ ਦੀ ਘੇਰਾਬੰਦੀ ਤੋਂ ਬਾਹਰਾ ਹੈ। ਕਿਰਪਾਲ ਸਿੰਘ ਦਾ ਇਹ ਚਿੱਤਰ ਸਿੱਖ ਚਰਿੱਤਰ ਨੂੰ ਵੀ ਉਘਾੜਦਾ ਹੈ। ਸਾਧਨ ਰੂਪ ਵਿਚ ਇਨ੍ਹਾਂ ਪਾਸ ਕੁਝ ਨਹੀਂ। ਇਨ੍ਹਾਂ ਪਾਸ ਹਥਿਆਰ ਬਲ ਹੈ ਜਿਸ ਨੂੰ ਵਰਤਦਿਆਂ ਇਹ ਲੁੱਟ-ਮਾਰ ਕਰ ਲੋੜੀਂਦੀਆਂ ਵਸਤਾਂ ਇਕੱਤਰ ਕਰ ਸਕਦੇ ਸਨ। ਉਹ ਕਾਰਾ ਇਨ੍ਹਾਂ ਵਿਚੋਂ ਕਿਸੇ ਨੇ ਨਹੀਂ ਕੀਤਾ। ਇਹ ਸਿੱਖੀ ਦੀ ਆਦਰਸ਼ ਰੀਤ ਦੇ ਖਿਲਾਫ ਮੰਨਿਆ ਜਾਣਾ ਸੀ। ਆਪਣੇ ਆਦਰਸ਼ ਵਿਚ ਇੰਨੇ ਦ੍ਰਿੜ੍ਹ ਕਿ ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਪੈਰੋਂ ਨੰਗੇ ਹੀ ਆਪਣਾ ਉਦੇਸ਼ ਪੂਰਾ ਕਰ ਆਏ ਹਨ।

ਘਟਨਾ ਵਾਪਰਨ ਦਾ ਮਹੀਨਾ ਮਈ ਹੈ ਜਦੋਂ ਸੂਰਜੀ ਤਪਸ਼ ਸਿਖਰ ਦੀ ਹੁੰਦੀ ਹੈ। ਰੇਤਲੇ ਇਲਾਕੇ ਦੀ ਤਪਸ਼ ਤਾਂ ਆਮ ਨਾਲੋਂ ਕਿਤੇ ਵੱਧ ਹੁੰਦੀ ਹੈ। ਏਦਾਂ ਚਿਤੇਰੇ ਦੀ ਰਚਨਾ ਵਿਚਲੇ ਕਿਰਦਾਰ ਤਪਦੇ ਸੂਰਜ, ਗਰਮ ਰੇਤ ਤੋਂ ਇਲਾਵਾ ਹਾਕਮਾਂ ਦੀਆਂ ਵਧੀਕੀਆਂ ਨੂੰ ਆਪਣੇ ਜਿਸਮਾਂ 'ਤੇ ਹੰਢਾ ਰਹੇ ਹਨ। ਅਸਹਿਣਸ਼ੀਲ ਚੌਗਿਰਦੇ ਵਿਚ ਟਿਕੇ ਇਨ੍ਹਾਂ ਸਿੱਖਾਂ ਦਾ ਵਿਹਾਰ ਅਤਿ ਸਹਿਣਸ਼ੀਲਤਾ ਵਾਲਾ ਹੈ।

ਚਿੱਤਰ ਦਾ ਵਡੇਰਾ ਹਿੱਸਾ ਰੇਤਲੇ ਧਰਾਤਲ ਨੂੰ ਮਿਲਿਆ ਹੈ। ਡੂੰਘੇ ਰੁਖ ਯਾਤਰਾ ਲਈ ਇਹ ਜ਼ਰੂਰੀ ਹੈ। ਧਰਤੀ ਨਾਲ ਜੁੜੇ ਲੋਕਾਂ ਦੇ ਪਰਾਕਰਮ ਦੀ ਕਥਾ ਵਾਸਤੇ ਜ਼ਮੀਨ ਚਾਹੀਦੀ ਹੈ, ਅਸਮਾਨ ਤਾਂ ਆਪੇ ਸ਼ਾਮਲ ਹੋ ਜਾਵੇਗਾ। ਦੂਰ ਸਿਖਰ ਤੋਂ ਉਤਰ ਰਹੀ ਤਿੱਖੜ ਸੂਰਜੀ ਲੋਅ ਦੋਵਾਂ ਦੇ ਮਿਲਣ ਵਾਲੀ ਭਰਮ ਲਕੀਰ ਨੂੰ ਪੂਰੀ ਤਰ੍ਹਾਂ ਧੁੰਦਲਾ ਕਰ ਰਹੀ ਹੈ। ਅਸਮਾਨ ਇਕ ਰੰਗੀ ਨਹੀਂ। ਹਲਕੇ ਬੱਦਲ ਜਾਂ ਆਸਮਾਨ ਚੜ੍ਹੀ ਰੇਤਲੀ ਧੂੜ ਇਹਦੀ ਵਜ੍ਹਾ ਹੋ ਸਕਦੀ ਹੈ। ਸੂਰਜ ਐਨ ਸਿਰਾਂ ਤੋਂ ਉਪਰ ਨਹੀਂ ਹੈ। ਸਮਾਂ ਢਲਾਣ ਵੱਲ ਦਾ ਹੈ। ਪਰਛਾਵੇਂ ਸੱਜੇ ਵੱਲ ਦੇ ਹਨ।

ਇਸ ਕਿਰਤ ਦੀ ਇਕ ਹੋਰ ਖਾਸੀਅਤ ਵੱਲ ਧਿਆਨ ਦੇਣਾ ਲਾਜ਼ਮੀ ਹੈ। ਚਿੱਤਰਕਾਰ ਵੱਲੋਂ ਰਚੇ ਸਾਰੇ ਕਿਰਦਾਰ ਇਕ ਦੂਜੇ ਤੋਂ ਭਿੰਨ ਹਨ। ਇਹ ਵਿਭਿੰਨਤਾ ਰਚਨਾ ਦੀ ਲੋੜ ਹੈ। ਖਾਸ ਗੱਲ ਇਹ ਹੈ ਕਿ ਚਿੱਤਰਕਾਰ ਭਿੰਨਤਾ ਦਾ ਖਿਆਲ ਤਾਂ ਰੱਖਦਾ ਹੈ, ਪਰ ਉਸ ਨੂੰ ਨਿਖਾਰਦਾ ਨਹੀਂ। ਕੋਈ ਵੀ ਛੱਬ ਲੈ ਲਓ, ਉਸ ਦਾ ਚਿਹਰਾ-ਮੋਹਰਾ, ਸਰੀਰ ਰਚਨਾ ਨੂੰ ਬਾਰੀਕਬੀਨੀ ਨਾਲ ਨਹੀਂ ਬਣਾਇਆ ਗਿਆ। ਕਿਰਪਾਲ ਸਿੰਘ ਨੇ ਇਸ ਵਿਧੀ ਨੂੰ ਕੁਝ ਦੂਜੇ ਚਿੱਤਰਾਂ ਲਈ ਵੀ ਵਰਤਿਆ ਹੈ।

*To Advertise with Punjab Times Call: 847-359-0746*
*e-mail:punjabtimes1@gmail.com*
*Visit us on the web:**www.punjabtimesusa.com***
*The only Punjabi Newspaper in the US which has three editions. Matrimonial will reach all over USA.*

# ਅੱਧੀ ਦੁਨੀਆਂ ਦੀ ਦਰਦ ਭਰੀ ਦਾਸਤਾਨ

## 'ਸ਼ੇਮਡ' ਦਾ ਪੰਜਾਬੀ ਅਨੁਵਾਦ 'ਬੇਇੱਜ਼ਤ'


**ਕਲਾ ਪਰਿਕਰਮਾ**

**ਜਸਵਿੰਦਰ ਸੰਧੂ, ਬਰੈਂਪਟਨ**

ਬੇਇੱਜ਼ਤ ਜਾਂ 'ਸ਼ੇਮਡ' ਨਾਂ ਦੀ ਕਿਤਾਬ ਅਜੀਬ ਲੱਗਦੇ ਸਿਰਲੇਖ ਤਹਿਤ ਕਿਤਾਬ ਨਾ ਚੁੱਕੇ ਜਾਣ ਵਾਲ਼ੇ ਵਿਚਾਰ ਪੈਦਾ ਕਰਨ ਵਾਲ਼ੀ ਕਿਤਾਬ ਹੈ। ਇਹ ਕਿਤਾਬ ਇੰਗਲੈਂਡ ਦੇ ਇਕ ਪਰਿਵਾਰ ਦੀ ਜੰਮਪਲ਼ ਪੰਜਾਬੀ ਕੁੜੀ ਦੇ ਕਤਲ ਬਾਰੇ ਗੱਲ ਕਰਦੀ ਹੈ, ਪਰ ਜਿਸ ਤਰ੍ਹਾਂ ਇਸ ਦੀ ਲਿਖਾਰਨ ਸਰਬਜੀਤ ਕੌਰ ਅਠਵਾਲ ਜੋ ਕਤਲ ਕੀਤੇ ਜਾਣ ਵਾਲ਼ੀ ਕੁੜੀ ਸੁਰਜੀਤ ਕੌਰ ਅਠਵਾਲ ਦੀ ਦਰਾਣੀ ਹੈ, ਆਪਣੀ ਜ਼ਿੰਦਗੀ ਤੇ ਇਸ ਕਤਲ ਦਾ ਬਿਆਨ ਕਰਦੀ ਹੈ; ਉਹ ਸਾਡੇ ਪੰਜਾਬੀ ਸਮਾਜ ਦੇ ਖੋਖ਼ਲੇਪਣ ਦੇ ਪਾਜ ਉਧੇੜਦੀ ਹੈ। ਇੰਗਲੈਂਡ 'ਚ ਹੀ ਜੰਮੀ ਪਲ਼ੀ ਸਰਬਜੀਤ ਕਿਸ ਤਰ੍ਹਾਂ ਇਕ ਆਮ ਪੰਜਾਬੀ ਪਰਿਵਾਰ ਦੇ ਤੰਗ ਦਾਇਰੇ ਵਾਲ਼ੇ ਵਿਚਾਰਾਂ ਨਾਲ ਲੱਦੇ ਮਾਹੌਲ 'ਚ ਪੈਦਾ ਹੋ ਕੇ ਪਲ਼ੀ ਜਾਂ ਵੱਡੀ ਹੋਈ? ਕਿਵੇਂ ਉਸ ਦੀ ਨਿੱਤ ਦੀ ਜ਼ਿੰਦਗੀ ਸਖ਼ਤ ਵਲ਼ਗਣਾਂ 'ਚੋਂ ਲੰਘਦੀ ਖੋਪੇ ਲੱਗੀ ਨਜ਼ਰ ਨਾਲ ਅੱਗੇ ਵਧੀ ਅਤੇ ਫੇਰ ਕਿਵੇਂ ਸਹੁਰੇ ਪਰਿਵਾਰ ਦੀਆਂ ਖਿੱਚੀਆਂ ਧਾਰਮਿਕ ਲਕੀਰਾਂ ਦੇ ਜੰਗਲ਼ 'ਚ ਫਸੀ ਫਟਕਦੀ ਰਹੀ? ਇਹ ਬਿਰਤਾਂਤ ਆਮ ਮੱਧ-ਵਰਗੀ ਪੰਜਾਬੀ ਪਰਿਵਾਰ ਦੀ ਕੁੜੀ ਅਤੇ ਆਮ ਇਨਸਾਨਾਂ ਨਾਲ ਹੋਏ ਮੇਲ-ਮਿਲਾਪਾਂ ਅਤੇ ਟਕਰਾਵਾਂ ਦੀ ਵਿਥਿਆ ਹੈ।

ਜੋ ਅਹਿਸਾਸ ਸਰਬਜੀਤ ਨੇ ਬਿਆਨ ਕੀਤੇ ਹਨ, ਉਹ ਕੋਈ ਮਰਦ ਲਿਖਾਰੀ ਨਾ ਤਾਂ ਉਸ ਤਰ੍ਹਾਂ ਮਹਿਸੂਸ ਕਰ ਸਕਦਾ ਹੈ ਅਤੇ ਨਾ ਹੀ ਉਹ ਉਸ ਸੁਰ 'ਚ ਬਿਆਨ ਕਰ ਸਕਦਾ ਹੈ ਕਿਉਂਕਿ ਉਸ ਦਾ ਕਦੇ ਵੀ ਪੰਜਾਬੀ ਕੁੜੀਆਂ ਨੂੰ ਆਉਣ ਵਾਲ਼ੀਆਂ ਮੁਸ਼ਕਿਲਾਂ ਵਾਲ਼ੇ ਹਾਲਾਤ ਨਾਲ ਇਸ ਤਰ੍ਹਾਂ ਸਾਹਮਣਾ ਨਹੀਂ ਹੋਇਆ ਹੋ ਸਕਦਾ। ਸਾਡਾ ਸਮਾਜ ਕਿਸ ਤਰ੍ਹਾਂ ਸਾਡੀਆਂ ਧੀਆਂ-ਭੈਣਾਂ ਨਾਲ ਪੇਸ਼ ਆਉਂਦਾ ਹੈ, ਇਹ ਉਹ ਆਪ ਹੀ ਦੱਸ ਸਕਦੀਆਂ ਹਨ। ਸਰਬਜੀਤ ਦੀ ਦਰਦ ਭਰੀ ਬੰਧਨਾਂ ਬੱਝੀ ਜ਼ਿੰਦਗੀ ਨੇ ਉਸ ਨੂੰ ਢਿੱਡ ਦਾ ਨਾਸੂਰ ਵੀ ਦਿੱਤਾ ਜੋ ਉਸ ਨੂੰ ਖਤਮ ਕਰ ਸਕਦਾ ਸੀ, ਜੇ ਕਿਤੇ ਉਹ ਇੰਗਲੈਂਡ ਦੀ ਸਿਹਤ ਪ੍ਰਣਾਲ਼ੀ ਵਰਗੀ ਥਾਂ 'ਤੇ ਨਾ ਹੁੰਦੀ। ਧਿਆਨਯੋਗ ਗੱਲ ਇਹ ਵੀ ਹੈ ਕਿ ਇਨ੍ਹਾਂ ਵਿਕਸਿਤ ਦੇਸ਼ਾਂ ਦੀ ਕਾਰਗਰ ਪੁਲਿਸ ਦੇ ਹੁੰਦਿਆਂ-ਸੁੰਦਿਆਂ ਸਾਡੇ ਸਭਿਆਚਾਰਕ 'ਇੱਜ਼ਤ' ਦੇ ਖਿਆਲ ਸਾਡਾ ਪਿੱਛਾ ਨਹੀਂ ਛੱਡਦੇ ਜਾਂ ਇਉਂ ਕਹਿ ਲਓ ਕਿ ਅਸੀਂ ਅਜਿਹੇ ਵਿਚਾਰਾਂ ਨੂੰ ਆਪਣੇ ਕਲ਼ਾਵੇ 'ਚ ਲਈ ਬੈਠੇ ਹਾਂ। ਇਸ ਦਾ ਸਿੱਧਾ ਮਤਲਬ ਇਹੀ ਹੈ ਕਿ ਅਸੀਂ ਨਾ ਤਾਂ ਬਦਲਣਾ ਚਾਹੁੰਦੇ ਹਾਂ ਅਤੇ ਨਾ ਹੀ ਆਪਣੇ ਬੱਚਿਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਣਾ ਚਾਹੁੰਦੇ ਹਾਂ। ਬਦਲ ਜਾਣ ਦਾ ਮਤਲਬ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਆਪਣਾ ਸਭਿਆਚਾਰ ਹੀ ਨਕਾਰਨ ਵਾਲ਼ਾ ਹੈ ਪਰ ਇਹ ਵੀ ਸੱਚ ਹੈ ਕਿ ਹਰ ਸਭਿਆਚਾਰ 'ਚ ਚੰਗਿਆਈਆਂ ਬੁਰਾਈਆਂ ਦੋਵੇਂ ਹੀ ਹੁੰਦੀਆਂ ਹਨ। ਅਸੀਂ ਆਪਣੇ ਬੁਰੇ ਤੇ ਪਿਛਾਂਹ-ਖਿੱਚੂ ਵਿਚਾਰ ਛੱਡ ਕੇ ਨਵੇਂ ਰਾਹ ਚੁਣ ਸਕਦੇ ਹਾਂ। ਦੂਜੇ ਸਭਿਆਚਾਰਾਂ 'ਚੋਂ ਵੀ ਚੰਗੇ ਵਿਚਾਰ ਲਏ ਜਾ ਸਕਦੇ ਹਨ। ਅਸਲ ਵਿਚ ਨਵੀਂ ਥਾਂ ਅਤੇ ਨਵੀਆਂ ਤਰੱਕੀਆਂ ਨੂੰ ਕਲ਼ਾਵੇ 'ਚ ਲੈਂਦਿਆਂ ਨਵਾਂ ਸਭਿਆਚਾਰ ਸਿਰਜਣ ਦੀ ਲੋੜ ਹੈ ਜੋ ਸਮੇਂ ਅਤੇ ਸਮਾਜਿਕ ਜ਼ਰੂਰਤਾਂ ਮੁਤਾਬਕ ਬਦਲਦਾ ਰਹੇ ਅਤੇ ਆਪਣੇ ਬੱਚਿਆਂ ਦੀ ਸੁਯੋਗ ਅਗਵਾਈ ਵੀ ਕਰਦਾ ਰਹਿ ਸਕੇ।

ਜਿਥੇ ਸਰਬਜੀਤ ਕੌਰ ਅਠਵਾਲ ਅਤੇ ਜੈਫ ਹਡਸਨ ਨੇ ਇਸ ਨੂੰ ਵਧੀਆ ਕਿਤਾਬ ਦੀ ਸ਼ਕਲ ਦਿੱਤੀ, ਉਥੇ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨੇ ਇਸ ਦਾ ਪੰਜਾਬੀ ਅਨੁਵਾਦ ਵੀ ਬਹੁਤ ਢੁਕਵਾਂ ਕੀਤਾ ਹੈ। ਪੰਜਾਬੀ ਦੇ ਅਨੇਕਾਂ ਲੱਗਭੱਗ ਭੁੱਲੇ ਜਾ ਰਹੇ ਸ਼ਬਦ ਵਰਤ ਕੇ ਇਸ ਉਲਥੇ ਨੂੰ ਹੋਰ ਵੀ ਸਾਰਥਕ ਬਣਾ ਦਿੱਤਾ ਹੈ। ਮੈਂ ਭਾਵੇਂ ਅੰਗਰੇਜ਼ੀ ਵਾਲ਼ੀ ਕਿਤਾਬ ਨਹੀਂ ਪੜ੍ਹੀ, ਪਰ ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਪੰਜਾਬੀ ਮਾਂ-ਬੋਲੀ ਵਾਲ਼ਿਆਂ ਲਈ ਇਸ ਤੋਂ ਢੁਕਵੀਂ ਵਾਰਤਕ 'ਚ ਅਨੁਵਾਦ ਨਹੀਂ ਹੋ ਸਕਣਾ ਸੀ। ਹਾਂ ਕੁਝ ਕੁ ਸ਼ਬਦ-ਜੋੜ ਕੁਝ ਹੱਦ ਤੱਕ ਠੀਕ ਵੀ ਕੀਤੇ ਜਾ ਸਕਦੇ ਸਨ।




ਇਕ ਗੱਲ ਜੋ ਵਾਰ ਵਾਰ ਇਸ ਵਾਰਤਾ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਹੈ ਸਾਡੀਆਂ ਧਾਰਮਿਕ ਜਥੇਬੰਦੀਆਂ ਵੱਲੋਂ ਥੋਪੇ ਜਾਂਦੇ ਬੰਦਸ਼ਾਂ ਵਾਲ਼ੇ ਨਿਯਮ। ਹਾਲਾਂਕਿ ਬਹੁਤੇ ਅਜਿਹੇ ਨਿਯਮਾਂ 'ਤੇ ਵੱਖੋ-ਵੱਖਰੇ ਧਾਰਮਿਕ ਮਾਹਰ ਵੀ ਇਕ ਰਾਏ ਨਹੀਂ ਹੁੰਦੇ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਜਾਂ ਅੱਜ ਦੇ ਸਿੱਖਾਂ ਦੇ ਰੋਲ-ਮਾਡਲ ਗੁਰੂ ਗੋਬਿੰਦ ਸਿੰਘ ਭਾਵੇਂ ਕੁਝ ਵੀ ਕਹਿੰਦੇ ਸਨ, ਪਰ ਉਨ੍ਹਾਂ ਦੇ ਹੀ ਨਾਵਾਂ 'ਤੇ ਚੱਲਦੀਆਂ ਇਹ ਸੰਸਥਾਵਾਂ ਉਹੋ ਜਿਹਾ ਕੋਈ ਕੰਮ ਨਹੀਂ ਕਰ ਰਹੀਆਂ। ਇਹ ਸੰਸਥਾਵਾਂ ਪੈਸਾ ਉਨ੍ਹਾਂ ਗੁਰੂਆਂ ਦੇ ਨਾਵਾਂ ਤੋਂ ਹੀ ਬਣਾ ਰਹੀਆਂ ਹਨ, ਪਰ ਉਨ੍ਹਾਂ ਵਾਲ਼ੇ ਕਰਮਾਂ ਦੇ ਨੇੜੇ ਤੇੜੇ ਵੀ ਨਹੀਂ ਹਨ। ਸਰਬਜੀਤ ਵਰਗੀ ਸਹੀ ਦਿਸ਼ਾ 'ਚ ਕੰਮ ਕਰਨ ਵਾਲ਼ੀ ਨੇਕ ਦਿਲ ਸਿੱਖ ਕੁੜੀ ਨੂੰ ਉਸ ਦੇ ਚਹੇਤੇ ਸਭਿਆਚਾਰ ਵਾਲਿਆਂ ਨੇ ਹਮੇਸ਼ਾ ਨਕਾਰਿਆ ਅਤੇ ਠੀਕ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਰਹੇ। ਉਸ ਦੇ ਆਪਣੇ ਸ਼ਬਦਾਂ 'ਚ ਕਿਤਾਬ ਦੇ ਸਫਾ 288 ਤੇ ਆਹ ਪੜ੍ਹ ਕੇ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਰਬਜੀਤ ਨੂੰ ਕਿਵੇਂ ਝੰਜੋੜਿਆ ਜਾ ਰਿਹਾ ਸੀ, ਉਨ੍ਹਾਂ ਦੇ ਗੁਰਦੁਆਰੇ ਦੀ ਹੀ ਧਾਰਮਿਕ ਸੰਗਤ ਵੱਲੋਂ:

"ਜਦੋਂ ਹੀ ਉਸ ਬੰਦੇ ਨੇ ਮੇਰੇ ਨਾਲ ਗੱਲ ਕੀਤੀ, ਭਾਈਚਾਰੇ ਦੇ ਹੋਰ ਲੋਕਾਂ ਨੂੰ ਵੀ ਅਗਾਂਹ ਆਉਣ ਦੀ ਤਲਬ ਮਹਿਸੂਸ ਹੋਣ ਲੱਗੀ। ਉਨ੍ਹਾਂ ਵਿਚੋਂ ਕਿਸੇ ਨੇ ਵੀ ਮੇਰੀ ਹਮਾਇਤ ਨਹੀਂ ਕੀਤੀ। ਜਿਵੇਂ ਜਿਵੇਂ ਅਪਰੈਲ 2007 ਦੀ ਮੁਕੱਦਮੇ ਦੀ ਤਾਰੀਕ ਨੇੜੇ ਆਉਂਦੀ ਗਈ, ਦੋਸਤਾਂ ਅਤੇ ਅਜਨਬੀਆਂ ਦੀਆਂ ਟਿੱਪਣੀਆਂ ਵੀ ਵਧਦੀਆਂ ਗਈਆਂ। ਗੁਰਦੁਆਰਾ ਤਾਂ ਪਨਾਹਗਾਹ ਹੋਣਾ ਚਾਹੀਦਾ ਹੈ, ਸਿੱਖਾਂ ਨੂੰ ਸ਼ਰਨ ਦੇਣ ਵਾਲਾ ਪਵਿਤਰ ਸਥਾਨ। ਇਨ੍ਹਾਂ ਲੋਕਾਂ ਨੇ ਇਸ ਥਾਂ ਨੂੰ ਅਜਿਹੀ ਥਾਂ ਬਣਾ ਦਿੱਤਾ ਸੀ ਜਿਥੇ ਜਾਣ ਤੋਂ ਮੈਨੂੰ ਡਰ ਲੱਗਣ ਲੱਗਾ। ਮੈਂ ਚੰਗੀ ਸਿੱਖ ਸੀ। ਮੈਂ ਸਹੀ ਰਾਹ ਦਾ ਪਾਲਣ ਕੀਤਾ ਸੀ ਪਰ ਮੇਰਾ ਆਪਣਾ ਭਾਈਚਾਰਾ ਹੀ ਮੈਨੂੰ ਸਮਾਜ ਵਿਚੋਂ ਛੇਕ ਰਿਹਾ ਸੀ। ਕਾਹਦੇ ਲਈ? ਕਿਸੇ ਕਾਤਲ ਦੀ ਇੱਜ਼ਤ ਲਈ।"

ਕੀ ਸਾਡੇ ਧਰਮ 'ਚ ਸਾਡੀ ਦਿੱਖ ਸਾਡੇ ਕਰਮਾਂ ਤੋਂ ਉਪਰ ਹੋ ਗਈ ਹੈ? ਕੀ ਸਾਡਾ ਧਰਮ ਸਾਨੂੰ ਅਖੌਤੀ 'ਇੱਜ਼ਤ' ਲਈ ਕਤਲ ਕਰਨ ਦੀ ਇਜਾਜ਼ਤ ਦਿੰਦਾ ਹੈ? ਕੀ ਸਾਡੀ ਇੱਜ਼ਤ ਸਿਰਫ ਔਰਤਾਂ ਦੇ ਸਾਂਚੇ 'ਚ ਢਲ਼ ਕੇ ਰਹਿਣ ਨਾਲ ਹੀ ਬਣਦੀ ਹੈ? ਕੀ ਕੁੜੀਆਂ ਘਰ ਦੇ ਕੰਮਾਂ ਤੋਂ ਬਗੈਰ ਹੋਰ ਕੰਮ ਕਰ ਕੇ ਸਾਡੀ ਇੱਜ਼ਤ ਨਹੀਂ ਵਧਾ ਰਹੀਆਂ? ਕੀ ਕ੍ਰਿਕਟ ਵਾਲ਼ੀ ਹਰਮਨਪ੍ਰੀਤ ਕੌਰ, ਬੈਡਮਿੰਟਨ ਵਾਲ਼ੀ ਕੰਵਲ ਠਾਕੁਰ ਸਿੰਘ, ਫਿਲਮਾਂ ਵਾਲ਼ੀ ਜੂਹੀ ਚਾਵਲਾ, ਕਵਿਤਰੀ ਅੰਮ੍ਰਿਤਾ ਪ੍ਰੀਤਮ ਜਾਂ ਹੋਰ ਡਾਕਟਰ, ਪ੍ਰੋਫੈਸਰ ਆਦਿ ਅਨੇਕਾਂ ਹੀ ਵਧੀਆ ਕੰਮ ਕਰਦੀਆਂ ਕੁੜੀਆਂ ਸਾਡੇ ਸਭਿਆਚਾਰ ਦੀ ਸ਼ਾਨ ਨਹੀਂ ਹਨ? ਫਿਰ ਕਿਉਂ ਅਸੀਂ ਉਹੀ ਪਛੜੇ ਮਾਪ-ਦੰਡਾਂ ਨਾਲ ਆਪਣੀ ਇੱਜ਼ਤ ਮਿਣਦੇ ਰਹਿੰਦੇ ਹਾਂ? ਸਾਨੂੰ ਆਪਣੀ ਇਸ ਪਿਛਾਂਹ-ਖਿੱਚੂ ਵਿਚਾਰਧਾਰਾ ਤੋਂ ਆਜ਼ਾਦ ਹੋਣ ਦੀ ਲੋੜ ਹੈ। ਮੈਂ ਸਰਬਜੀਤ ਦੇ ਇਸ ਵਿਚਾਰ ਨਾਲ ਵੀ ਸਹਿਮਤ ਹਾਂ ਕਿ ਆਪਣੇ ਬੱਚਿਆਂ ਨੂੰ ਕਿਸੇ ਵੀ ਜ਼ਬਰਦਸਤੀ ਕੀਤੇ ਰਿਸ਼ਤੇ 'ਚ ਨਹੀਂ ਬੰਨ੍ਹਣਾ ਚਾਹੀਦਾ।

ਸੁਰਜੀਤ ਕੌਰ ਅਠਵਾਲ ਦੇ ਸਹੁਰਿਆਂ ਵੱਲੋਂ ਉਸ ਦੇ ਕੀਤੇ ਕਤਲ ਅਤੇ ਉਸ ਦੀ ਘੋਖ-ਪੜਤਾਲ਼ ਨੇ ਜੋ ਵੀ ਸਾਡੇ ਸਾਹਮਣੇ ਚਿਤਰਿਆ ਹੈ, ਉਹ ਦਿਲ ਹਿਲਾਉਣ ਵਾਲ਼ਾ ਵਰਤਾਰਾ ਹੈ। ਸਾਨੂੰ ਬੱਚੇ ਪਾਲਣ ਵੇਲ਼ੇ ਬੰਦਸ਼ਾਂ ਲਾਉਣ ਨਾਲ਼ੋਂ ਜ਼ਿਆਦਾ ਉਨ੍ਹਾਂ ਨੂੰ ਸਹੀ ਤੇ ਗ਼ਲਤ ਬਾਰੇ ਸਮਝਾਉਣ ਉਤੇ ਜ਼ੋਰ ਲਾਉਣਾ ਚਾਹੀਦਾ ਹੈ। ਇਹੀ ਨਹੀਂ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਬਾਰੇ ਕੀਤੇ ਫੈਸਲਿਆਂ 'ਚ ਸ਼ਾਮਲ ਵੀ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ ਜਾ ਸਕਣ ਅਤੇ ਉਹ ਅਜਿਹੇ ਮਸਲਿਆਂ ਨੂੰ ਆਪਣੇ ਮਸਲੇ ਸਮਝਣ। ਇਸ ਤਰ੍ਹਾਂ ਪਰਿਵਾਰ 'ਚ ਤਣਾਅ ਘੱਟ ਰਹੇਗਾ ਤੇ ਪਰਿਵਾਰ ਦੇ ਮੈਂਬਰ ਜ਼ਿਆਦਾ ਖੁਸ਼ ਰਹਿ ਸਕਣਗੇ। ਕਿਸੇ ਹੱਦ ਤੱਕ ਨਿੱਜੀ ਆਜ਼ਾਦੀ ਵੀ ਜ਼ਰੂਰੀ ਹੈ ਜੋ ਬੱਚੇ ਨੂੰ ਖੁਦ-ਮੁਖਤਾਰੀ ਵੱਲ ਅਤੇ ਆਤਮ-ਵਿਸ਼ਵਾਸ ਵਧਾਉਣ ਲਈ ਕਾਰਗਰ ਹੁੰਦੀ ਹੈ। ਅਸਲ ਵਿਚ ਸਾਨੂੰ ਇਸ ਚੀਜ਼ ਨੂੰ ਗੋਰਿਆਂ ਦੇ ਸਭਿਆਚਾਰ ਤੋਂ ਸਿੱਖਣ ਦੀ ਲੋੜ ਹੈ।




ਮੇਰਾ ਸੁਨੇਹਾ ਇਹ ਹੈ ਕਿ ਹਰ ਪੰਜਾਬੀ ਨੂੰ ਇਹ ਕਿਤਾਬ ਪੜ੍ਹ ਕੇ ਆਪਣੇ ਆਪ ਦਾ ਮੂਲੰਕਣ ਕਰਨ ਦੀ ਲੋੜ ਹੈ। ਮੈਂ ਸਰਬਜੀਤ ਕੌਰ ਅਠਵਾਲ ਦਾ ਆਪਣੇ ਦੁੱਖ ਤਕਲੀਫਾਂ 'ਚੋਂ ਨਿਕਲ਼ ਕੇ ਅਜਿਹੇ ਅਹਿਸਾਸਾਂ ਦੀ ਪੰਡ ਨੂੰ ਸਮਝਣਯੋਗ ਲੜੀ 'ਚ ਪਰੋ ਕੇ ਸਾਡੇ ਸਾਹਮਣੇ ਲਿਆਉਣ ਲਈ ਧੰਨਵਾਦ ਕਰਦਾ ਹਾਂ। ਇਸ ਕੰਮ 'ਚ ਉਸ ਦੀ ਜੈਫ ਹਡਸਨ ਵੱਲੋਂ ਕੀਤੀ ਸਹਾਇਤਾ ਅਤੇ ਪੰਜਾਬੀ 'ਚ ਅਨੁਵਾਦ ਕਰਨ ਵਾਲ਼ੇ ਵੀਰਾਂ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਇ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਨ੍ਹਾਂ ਦੀ ਮਿਹਨਤ ਨੇ ਪੰਜਾਬੀ ਔਰਤਾਂ ਦੀ ਜ਼ਿੰਦਗੀ ਦੇ ਇਸ ਦੁਖਦ ਹਿੱਸੇ ਨੂੰ ਸਾਡੇ ਸਾਹਮਣੇ ਰੱਖਿਆ ਹੈ। ਇਸ ਕਿਤਾਬ ਦਾ ਪੰਜਾਬੀ ਐਡੀਸ਼ਨ ਪੀਪਲਜ਼ ਫੋਰਮ, ਬਰਗਾੜੀ (ਪੰਜਾਬ, ਭਾਰਤ) ਨੇ ਛਾਪਿਆ ਹੈ।

# ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਜੂਨ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-331



*ਇਸ ਜੁਗਤੂ ਦੀ ਰੀਸ ਨਾ ਕੋਈ, ਸੱਧਰ ਭਾਵੇਂ ਜਿਉਂਦੀ ਮੋਈ।*
*ਵੱਖਰੇ ਕੱਢਣ ਢੰਗ-ਤਰੀਕੇ, ਚਰਚਾ ਵਿਚ ਸ਼ਰੀਕੇ ਹੈ ਹੋਈ।*

## ਕੈਪਸ਼ਨ ਮੁਕਾਬਲਾ-329



ਵਿਚ ਵਿਦੇਸ਼ਾਂ ਜਾ ਕੇ ਵਸ ਗਏ
ਪੌਂਡ ਤੇ ਡਾਲਰ ਬੜੇ ਕਮਏ।
ਇਧਰੋਂ ਆਏ, ਔਧਰ ਭੱਜੇ
ਬਰਗਰ ਪੀਜ਼ੇ ਖੂਬ ਅਡਾਏ।
ਮੁੜ ਆ ਚੁੱਲ੍ਹੇ ਮੂਹਰੇ ਬਹਿ'ਗੇ
ਅੰਦਰੋਂ ਹਾਸੇ ਤਾਂ ਹੁਣ ਨੇ ਆਏ।
***-ਜਗਮੀਤ ਸਿੰਘ ਪੰਧੇਰ***

---

ਪਿਆਰ ਦੇ ਤੜਕੇ, ਰੀਝਾਂ ਦੇ ਪੇੜੇ।
ਚੁੱਲ੍ਹੇ ਚੌਂਕੇ ਰਹਿਣ, ਹਾਸਿਆਂ ਦੇ ਖੇੜੇ।
ਖਾਣੇ ਦੀ ਖੁਸ਼ਬੂ ਜਿੱਥੇ ਖੁਸ਼ੀਆਂ ਬਿਖੇਰੇ
ਤੰਦਰੁਸਤੀ ਨਾਲ ਭਰੇ ਰਹਿਣ ਵਿਹੜੇ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ।***

---

ਮੀਆਂ ਬੀਵੀ ਬਹਿ ਇਕੱਠੇ
ਜਦੋਂ ਵੰਡਦੇ ਨੇ ਦੁੱਖ ਸੁੱਖ।
ਫਿਰ ਘਰ ਪੱਕੇ ਨਹੀਂ ਲੋੜੀਂਦੇ
ਭਾਵੇਂ ਰੜਾ ਹੋਵੇ ਜਾਂ ਰੁੱਖ।
ਘਰ ਦੇ ਭਾਗ ਡਿਉੜੀ ਤੋਂ ਦਿਸਦੇ
ਐਵੇਂ ਜੱਗ ਹੈ ਆਖੇ।
ਸਵਰਗ ਤੋਂ ਘੱਟ ਨਹੀਂ ਹੈ ਕੱਚਾ
ਜਦੋਂ ਨਿੱਤ ਪੈਂਦੇ ਹਾਸੇ।
***-ਸੇਵਾ ਸਿੰਘ ਨੂਰਪੁਰੀ***

---

ਪਾਕਿਸਤਾਨ ਦਾ ਪਿੰਡ ਬੰਗਾ।
ਸੁੰਦਰ ਚੁੱਲ੍ਹਾ ਬੜਾ ਇਹ ਚੰਗਾ।
ਭਗਤ ਸਿੰਘ ਦੀ ਮਾਂ ਨੇ ਬਣਾਇਆ
ਸ਼ਹੀਦਾਂ ਨੇ ਇੱਥੋਂ ਖਾਣਾ ਖਾਇਆ।
ਸੁਭਾਗ ਜੋੜੀ ਨੇ ਫੇਰੀ ਪਾਈ
ਬੀਬਾ ਜੀ ਨੇ ਚਾਹ ਬਣਾ ਕੇ ਪਿਆਈ।
ਹੱਸਦੇ ਵੱਸਦੇ ਸਦਾ ਰਹਿਣ ਸੁਹੇਲੇ
ਹੁੰਦੇ ਰਹਿਣ ਸਖੀ ਸ਼ਹੀਦਾਂ ਦੇ ਮੇਲੇ।
***-ਚਰਨਜੀਤ ਸਿੰਘ ਪੰਨੂ***

---

ਖੁਸ਼ਖਬਰੀ ਸੁਣ ਲੈ ਪਹਿਲੋਂ
ਪਿੱਛੋਂ ਫੇਰ ਤੂੰ ਬਣਾਈ ਚਾਹ।
ਪਿੰਡ ਆਪਣੇ ਰੁੱਖ ਲਗਾਉਣੇ
ਪੱਕੇ ਕਰਨੇ ਪਿੰਡ ਦੇ ਰਾਹ।
ਨੌਜਵਾਨਾਂ ਮਤਾ ਪਕਾਇਆ
ਬਣਾ ਕੇ ਮਾਡਲ ਗ੍ਰਾਮ ਪਿੰਡ ਨੂੰ
ਫੇਰ ਹੀ ਅਸੀਂ ਲਵਾਂਗੇ ਸਾਹ।
***-ਦਵਿੰਦਰ ਕੌਰ***

---

ਉਸ ਪਰਿਵਾਰ ਹੋਵੇ ਖੁਸ਼ੀਆਂ ਦਾ ਵਾਸਾ
ਜਿਥੇ ਇਕ ਦੂਜੇ ਦਾ ਸਤਿਕਾਰ ਹੋਵੇ।
ਮਣਾਂਮੂੰਹੀਂ ਦੌਲਤ ਜੋੜਨ ਦਾ ਭੂਤ
ਸਿਰ 'ਤੇ ਨਾ ਅਸਵਾਰ ਹੋਵੇ।
ਨਾਲ ਨਹੀਂ ਕੁਝ ਵੀ ਲੈ ਕੇ ਜਾਣਾ
ਸਹਿਜ ਨਾਲ ਚਲਦਾ ਪਰਿਵਾਰ ਹੋਵੇ।
***-ਅਮਰਜੀਤ ਸਿੰਘ ਤੂਰ***

---


ਸਦੀਵੀ ਖੁਸ਼ੀ ਮਿਲੇ ਗੱਲਾਂ ਚੰਗੀਆਂ 'ਚੋਂ
ਚੰਗੀ ਨੀਅਤ ਨਾਲ ਹੋਵੇ ਸੱਚਾ ਪਿਆਰ।
ਕੰਮ ਕਰਦਿਆਂ ਪਤਾ ਹੀ ਨਾ ਲੱਗੇ
ਖਤਮ ਹੁੰਦੇ ਕਦੋਂ ਕੰਮ ਕਾਰ।
ਪੰਡਾਂ ਬੰਨ੍ਹ ਕੇ ਨਾਲ ਨਹੀਂ ਜਾਣੀਆਂ
ਚੰਗਾ ਚੰਗਾ ਲੱਗਦਾ ਸਾਰਾ ਸੰਸਾਰ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਹੱਸਦਿਆਂ ਦੇ ਘਰ ਵੱਸਦੇ
ਸੁੱਕੀ ਮਿੱਸੀ ਖਾ ਕੇ ਵੀ
ਮੂੰਹ 'ਤੇ ਰਹਿੰਦਾ ਖੇੜਾ।
ਹਾਸਿਆਂ, ਮਜ਼ਾਕਾਂ 'ਚ ਖਾਧਾ
ਲੱਗਦਾ ਦੇਸੀ ਘੀ ਵਾਂਗ।
ਮਨ ਅਮੀਰ, ਸਿਹਤ ਸੁਢੋਲ
ਹਸੂੰ ਹਸੂੰ ਕਰਦੇ ਦੋ ਚਿਹਰੇ
ਹੋਵਣ ਜੇ ਅੰਗ-ਸੰਗ
ਨਹੀਂ ਖੜ ਸਕਦਾ ਕੋਈ ਸਾਹਵੇਂ।
***-ਦਰਸ਼ਨਪਾਲ ਦੋਸਾਂਝ***

# ਨਿਊਜ਼ੀਲੈਂਡ ’ਚ ਪੰਜਾਬੀ ਪਾੜ੍ਹਿਆਂ ਨੂੰ ਝਟਕਾ

**ਆਕਲੈਂਡ:** ਨਿਊਜ਼ੀਲੈਂਡ ਨੇ ਪਿਛਲੇ 9 ਮਹੀਨਿਆਂ ਦੌਰਾਨ 109 ਭਾਰਤੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਹੈ। ਅਜਿਹੇ ਵਿਅਕਤੀਆਂ ਵਿਚੋਂ ਚੌਥਾ ਹਿੱਸਾ ਭਾਰਤੀਆਂ ਦਾ ਹੈ। ਇਸੇ ਤਰ੍ਹਾਂ ਭਾਰਤੀਆਂ ਦੇ ਰੱਦ ਕੀਤੇ ਵਰਕ ਵੀਜ਼ੇ ਅਤੇ ਸਟੂਡੈਂਟ ਵੀਜ਼ਿਆਂ ਦੀ ਦਰ ਵੀ ਸਭ ਤੋਂ ਉਚੀ ਹੈ। ਲਗਭਗ ਅਜਿਹਾ ਹੀ ਪੀਆਰ (ਪੱਕੀ ਰਿਹਾਇਸ਼) ਲਈ ਲਾਈਆਂ ਦਰਖਾਸਤਾਂ ਨਾਲ ਹੋਇਆ ਹੈ।



ਆਫਿਸ਼ੀਅਲ ਇਨਫਰਮੇਸ਼ਨ ਐਕਟ 1982 ਤਹਿਤ ਮੰਗੀ ਜਾਣਕਾਰੀ ਦੇ ਜਵਾਬ ’ਚ ਵੀਜ਼ਾ ਸੇਵਾਵਾਂ ਸਬੰਧੀ ਅਸਿਸਟੈਂਟ ਜਨਰਲ ਮੈਨੇਜਰ ਕੈਰਨ ਬਿਸ਼ਪ ਨੇ ਖੁਲਾਸਾ ਕੀਤਾ ਹੈ ਕਿ ਪਿਛਲੇ ਸਾਲ ਪਹਿਲੀ ਸਤੰਬਰ ਜਦੋਂ ਤੋਂ ਸਰਕਾਰ ਬਦਲੀ ਹੈ, ਤੋਂ ਲੈ ਕੇ ਹੁਣ ਤਕ ਨਿਊਜ਼ੀਲੈਂਡ ‘ਚੋਂ ਕੁੱਲ 428 ਵਿਅਕਤੀ ਡਿਪੋਰਟ ਕੀਤੇ ਜਾ ਚੁੱਕੇ ਹਨ।

ਇਨ੍ਹਾਂ ਵਿਚ ਭਾਰਤੀਆਂ ਦੀ ਗਿਣਤੀ 109 ਹੈ, ਜੋ 25 ਫੀਸਦੀ ਤੋਂ ਵੱਧ ਬਣਦੀ ਹੈ। ਇਸ ਸਮੇਂ ਦੌਰਾਨ ਇਮੀਗ੍ਰੇਸ਼ਨ ਵਿਭਾਗ ਕੋਲ ਭਾਰਤੀ ਵਿਦਿਆਰਥੀਆਂ ਦੀਆਂ 10 ਹਜ਼ਾਰ 350 ਦਰਖਾਸਤਾਂ ਲੱਗੀਆਂ ਸਨ, ਜਿਨ੍ਹਾਂ ਵਿਚੋਂ 1681 ਰੱਦ ਹੋ ਗਈਆਂ ਸਨ ਅਤੇ ਇਹ ਦਰ 16 ਫੀਸਦੀ ਬਣਦੀ ਹੈ, ਜਦੋਂਕਿ ਹੋਰ ਦੇਸ਼ਾਂ ਦੀਆਂ 57 ਹਜ਼ਾਰ 865 ਵਿਚੋਂ 3532 ਹੀ ਰੱਦ ਹੋਈਆਂ ਸਨ, ਜਿਨ੍ਹਾਂ ਦੀ ਦਰ ਸਿਰਫ 6 ਫੀਸਦੀ ਬਣਦੀ ਹੈ, ਪਰ ਕੁੱਲ ਦਰਖਾਸਤਾਂ 68 ਹਜ਼ਾਰ 215 ਲੱਗੀਆਂ ਸਨ ਅਤੇ 5213 ਰੱਦ ਹੋਈਆਂ ਸਨ। ਇਹ ਗਿਣਤੀ 7 ਫੀਸਦੀ ਬਣਦੀ ਹੈ। ਭਾਵ, ਔਸਤ ਨਾਲੋਂ ਭਾਰਤੀਆਂ ਦੀਆਂ 9 ਫੀਸਦੀ ਵੱਧ ਦਰਖਾਸਤਾਂ ਰੱਦ ਹੋਈਆਂ। ਇਸ ਤੋਂ ਸਪੱਸ਼ਟ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਮਾਰ ਪਈ ਹੈ।

ਇਸੇ ਤਰ੍ਹਾਂ ਭਾਰਤੀਆਂ ਦੀਆਂ ਵਰਕ ਵੀਜ਼ਿਆਂ ਲਈ 4 ਹਜ਼ਾਰ 52 ਦਰਖਾਸਤਾਂ ਲੱਗੀਆਂ ਸਨ, ਜਿਨ੍ਹਾਂ ਵਿਚੋਂ 760 ਰੱਦ ਹੋ ਗਈਆਂ ਸਨ। ਇਸ ਦੀ ਦਰ 18 ਫੀਸਦੀ ਤੋਂ ਵੱਧ ਬਣਦੀ ਹੈ। ਅਜਿਹੇ ਵੀਜ਼ੇ ਰੱਦ ਹੋਣ ਦੀ ਕੁੱਲ ਔਸਤ ਦਰ 15 ਫੀਸਦੀ ਬਣਦੀ ਹੈ। ਪੀਆਰ ਸਬੰਧੀ ਅਪਲਾਈ ਕੇਸਾਂ ਵਿਚ ਵੀ ਅਜਿਹਾ ਹੀ ਹੋਇਆ ਹੈ। ਭਾਰਤੀਆਂ ਦੀਆਂ ਕੁੱਲ 2993 ਵਿਚੋਂ 511 ਦਰਖਾਸਤਾਂ ਰੱਦ ਹੋਈਆਂ ਹਨ ਅਤੇ ਇਹ ਦਰ 17 ਫੀਸਦੀ ਬਣਦੀ ਹੈ, ਜਦੋਂਕਿ ਹੋਰਾਂ ਦੀਆਂ ਕੁੱਲ 12 ਹਜ਼ਾਰ 769 ਦਰਖਾਸਤਾਂ ‘ਚੋਂ 1450 ਹੀ ਰੱਦ ਹੋਈਆਂ ਅਤੇ ਇਹ ਦਰ ਸਿਰਫ 11 ਫੀਸਦੀ ਬਣਦੀ ਹੈ। ਇਸ ਤਰ੍ਹਾਂ ਕੁੱਲ 15 ਹਜ਼ਾਰ 762 ਵਿਚੋਂ 1961 ਰੱਦ ਹੋਈਆਂ ਸਨ ਅਤੇ ਇਹ ਦਰ ਸਿਰਫ 12 ਫੀਸਦੀ ਬਣਦੀ ਹੈ।

## ਆਸਟਰੇਲੀਆ ਤੇ ਬ੍ਰਿਟੇਨ ਸਰਕਾਰਾਂ ਵੱਲੋਂ ਵੀ ਸਖਤੀ

**ਮੈਲਬਰਨ:** ਬ੍ਰਿਟੇਨ ਸਰਕਾਰ ਨੇ ਮੁਲਕ ਦੀਆਂ ਯੂਨੀਵਰਸਿਟੀਆਂ ‘ਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਬਣਾਈ ਨਵੀਂ ਸੂਚੀ ‘ਚੋਂ ਭਾਰਤੀ ਵਿਦਿਆਰਥੀਆਂ ਨੂੰ ਵੱਖ ਕਰ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਦੀ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਕਰੀਬੀ 25 ਮੁਲਕਾਂ ਦੇ ਵਿਦਿਆਰਥੀਆਂ ਲਈ ਟਿਅਰ-4 ਵੀਜ਼ਾ ਵਰਗ ‘ਚ ਢਿੱਲ ਦਾ ਐਲਾਨ ਕੀਤਾ ਹੈ। ਇਸ ਸੂਚੀ ‘ਚ ਅਮਰੀਕਾ, ਕੈਨੇਡਾ ਅਤੇ ਨਿਊਜ਼ੀਲੈਂਡ ਵਰਗੇ ਮੁਲਕ ਪਹਿਲਾਂ ਤੋਂ ਹੀ ਸ਼ਾਮਲ ਸਨ। ਹੁਣ ਚੀਨ, ਬਹਿਰੀਨ ਅਤੇ ਸਰਬੀਆ ਨੂੰ ਇਸ ‘ਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਮੁਲਕਾਂ ਦੇ ਵਿਦਿਆਰਥੀਆਂ ਨੂੰ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ‘ਚ ਦਾਖਲੇ ਲਈ ਸਿੱਖਿਆ, ਵਿੱਤ ਅਤੇ ਅੰਗਰੇਜ਼ੀ ਭਾਸ਼ਾ ਜਿਹੇ ਮਾਪਦੰਡਾਂ ‘ਚੋਂ ਗੁਜ਼ਰਨਾ ਪਏਗਾ। ਇਹ ਬਦਲਾਅ 6 ਜੁਲਾਈ ਤੋਂ ਲਾਗੂ ਹੋਣਗੇ।

ਉਧਰ, ਆਸਟਰੇਲੀਆ ਸਰਕਾਰ ਇਥੇ ਪੀ.ਆਰ ਹੋਣ ਵਾਲੇ ਹਰ ਵਿਅਕਤੀ ਉਤੇ ਅੰਗਰੇਜ਼ੀ ਦਾ ਇਮਤਿਹਾਨ ਪਾਸ ਕਰਨ ਦੀ ਸ਼ਰਤ ਲਾਉਣ ‘ਤੇ ਵਿਚਾਰ ਕਰ ਰਹੀ ਹੈ। ਇਹ ਐਲਾਨ ਮੁਲਕ ਦੇ ਬਹੁ ਸਭਿਆਚਾਰਕ ਅਤੇ ਨਾਗਰਿਕਤਾ ਮੰਤਰੀ ਵੱਲੋਂ ਕੀਤਾ ਗਿਆ ਹੈ।

# ਅਮਰੀਕੀ ਗ੍ਰੀਨ ਕਾਰਡ ਲਈ ਕਰਨੀ ਪੈ ਸਕਦੀ ਹੈ ਡੇਢ ਸਦੀ ਦੀ ਉਡੀਕ

**ਵਾਸ਼ਿੰਗਟਨ:** ਜਿਹੜੇ ਭਾਰਤੀਆਂ ਕੋਲ ਐਡਵਾਂਸਡ ਡਿਗਰੀਆਂ ਹਨ, ਉਨ੍ਹਾਂ ਨੂੰ ਗ੍ਰੀਨ ਕਾਰਡ ਲਈ 150 ਸਾਲ ਤੋਂ ਵੱਧ ਸਮੇਂ ਲਈ




ਉਡੀਕ ਕਰਨੀ ਪੈ ਸਕਦੀ ਹੈ। ਵਾਸ਼ਿੰਗਟਨ ਆਧਾਰਿਤ ਕੈਟੋ ਇੰਸਟੀਚਿਊਟ ਨੇ ਗ੍ਰੀਨ ਕਾਰਡ ਦੀ ਉਡੀਕ ਵਕਫੇ ਬਾਰੇ ਨਵੀਆਂ ਗਿਣਤੀਆਂ-ਮਿਣਤੀਆਂ ਕੀਤੀਆਂ ਹਨ। ਇਹ ਗਿਣਤੀ-ਮਿਣਤੀ 2017 ‘ਚ ਜਾਰੀ ਕੀਤੇ ਗਏ ਗ੍ਰੀਨ ਕਾਰਡਾਂ ਦੀ ਗਿਣਤੀ ‘ਤੇ ਆਧਾਰਤ ਹੈ। ਮੌਜੂਦਾ ਸਾਲ ‘ਚ 20 ਅਪਰੈਲ ਤੱਕ 632219 ਭਾਰਤੀ ਪਰਵਾਸੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਛੋਟੇ ਬੱਚੇ ਗ੍ਰੀਨ ਕਾਰਡ ਦੀ ਉਡੀਕ ‘ਚ ਸਨ।


ਰੁਜ਼ਗਾਰ ਆਧਾਰਤ ਈਬੀ-1 ਪਰਵਾਸੀਆਂ ਨੂੰ ਸਭ ਤੋਂ ਘੱਟ ਸਮੇਂ ਸਿਰਫ ਛੇ ਸਾਲਾਂ ਲਈ ਗ੍ਰੀਨ ਕਾਰਡ ਦੀ ਉਡੀਕ ਕਰਨੀ ਪੈਂਦੀ ਹੈ। ਈਬੀ-1 ਵਰਗ ‘ਚ 34824 ਭਾਰਤੀ ਅਰਜ਼ੀਕਾਰ ਹਨ। ਈਬੀ-2 ਵਰਕਰਾਂ ਦਾ ਸਭ ਤੋਂ ਜ਼ਿਆਦਾ ਬੈਕਲਾਗ ਹੈ ਅਤੇ ਕੈਟੋ ਇੰਸਟੀਚਿਊਟ ਮੁਤਾਬਕ ਵੀਜ਼ੇ ਜਾਰੀ ਕਰਨ ਦੀ ਮੌਜੂਦਾ ਦਰ ਨੂੰ ਦੇਖਦਿਆਂ ਉਨ੍ਹਾਂ ਨੂੰ ਗ੍ਰੀਨ ਕਾਰਡ ਲਈ 151 ਸਾਲਾਂ ਦੀ ਉਡੀਕ ਕਰਨੀ ਪੈ ਸਕਦੀ ਹੈ। ਇੰਸਟੀਚਿਊਟ ਮੁਤਾਬਕ ਜੇਕਰ ਕਾਨੂੰਨ ਨਾ ਬਦਲਿਆ ਤਾਂ ਉਸ ਸਮੇਂ ਤੱਕ ਪਰਵਾਸੀਆਂ ਦੀ ਮੌਤ ਹੋ ਚੁੱਕੀ ਹੋਵੇਗੀ ਜਾਂ ਉਹ ਮੁਲਕ ਛੱਡ ਜਾਣਗੇ। ਈਬੀ-2 ਵਰਗ ‘ਚ 216684 ਭਾਰਤੀ ਅਰਜ਼ੀਕਾਰ ਹਨ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੇ ਬੱਚਿਆਂ ਨੂੰ ਜੇਕਰ ਜੋੜ ਲਿਆ ਜਾਵੇ ਤਾਂ ਇਹ ਗਿਣਤੀ 433368 ਹੋ ਜਾਂਦੀ ਹੈ।

## ਭਾਰਤੀ ਅਮਰੀਕੀ ਦੀ ਵੱਕਾਰੀ ਸੰਸਥਾ ਵਿਚ ਚੋਣ

**ਹਿਊਸਟਨ:** ਭਾਰਤੀ ਅਮਰੀਕੀ ਪ੍ਰੋਫੈਸਰ ਸਲੇਹਾ ਖੁਮਾਵਾਲਾ ਨੂੰ ਟੈਕਸਾਸ ਦੇ ਇਕ ਗੈਰ ਲਾਭਕਾਰੀ ਸੰਗਠਨ ਨੇ ‘ਪਾਈਪਰ ਪ੍ਰੋਫੈਸਰ’ ਚੁਣਿਆ ਹੈ। ਖੁਮਾਵਾਲਾ ਹਿਊਸਟਨ ਯੂਨੀਵਰਸਿਟੀ ਦੇ ਸੀਟੀ ਬੁਅਰ ਕਾਲਜ ਆਫ ਬਿਜ਼ਨਸ ਵਿਚ ਪ੍ਰੋਫੈਸਰ ਹੈ। ਉਹ ’ਵਰਸਿਟੀ ਦੀ 12ਵੀਂ ਮੈਂਬਰ ਹੈ ਜਿਸ ਨੂੰ ਇਹ ਸਨਮਾਨ ਮਿਲਿਆ ਹੈ। ਇਹ ਸਨਮਾਨ ਇਕ ਵਕਾਰੀ ਸੰਸਥਾ ਮਿਨੀ ਸਟੀਵੈਂਸ ਪਾਈਪਰ ਫਾਊਂਡੇਸ਼ਨ ਵੱਲੋਂ ਕਾਲਜ ਦੇ ਬਿਹਤਰੀਨ ਅਧਿਆਪਕਾਂ ਨੂੰ ਦਿੱਤਾ ਜਾਂਦਾ ਹੈ।

# ਬੁਸ਼ ਲੈ ਰਹੇ ਨੇ ਭਾਰਤੀ ਪ੍ਰੋਫੈਸਰ ਤੋਂ ਪੇਂਟਿੰਗ ਦੀ ਸਿਖਲਾਈ

**ਕੋਟਕਪੂਰਾ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਇਨ੍ਹੀਂ ਦਿਨੀਂ ਭਾਰਤੀ ਮੂਲ ਦੇ ਇਕ ਪ੍ਰੋਫੈਸਰ ਤੋਂ ਪੋਰਟਰੇਟ ਪੇਂਟਿੰਗ ਸਿੱਖ ਰਹੇ ਹਨ। ਸ੍ਰੀ ਬੁਸ਼ ਵੱਲੋਂ ਪੇਂਟਿੰਗ ਦੀ ਸਿਖਲਾਈ ਭਾਰਤੀ ਮੂਲ ਦੇ ਪ੍ਰੋਫੈਸਰ ਵਿਲਾਸ ਟੋਪੇਨ ਤੋਂ ਲਈ ਜਾ ਰਹੀ ਹੈ।



ਪ੍ਰੋਫੈਸਰ ਵਿਲਾਸ ਇਸ ਸਮੇਂ ਮੈਥਾਡਿਸਟ ਯੂਨੀਵਰਸਿਟੀ (ਅਮਰੀਕਾ) ਵਿਚ ਆਰਟ ਵਿਭਾਗ ਵਿਚ ਸਹਾਇਕ ਪ੍ਰੋਫੈਸਰ ਵਜੋਂ ਤਾਇਨਾਤ ਹਨ। ਮੁੰਬਈ ਵਿਚ ਜੰਮੇ ਪ੍ਰੋਫੈਸਰ ਵਿਲਾਸ ਪਿਛਲੇ 24 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਉਹ ਪਿਛਲੇ 30 ਸਾਲਾਂ ਤੋਂ ਕਲਾ ਦੇ ਖੇਤਰ ਵਿਚ ਹਨ। ਉਨ੍ਹਾਂ ਜੇ.ਜੇ. ਕਲਾਸ ਆਫ ਫਾਈਨ ਆਰਟਸ, ਮੁੰਬਈ ਤੋਂ ਡਰਾਇੰਗ ਅਤੇ ਪੇਂਟਿੰਗ ਦੀ ਕਲਾ ਦੀ ਬੈਚੁਲਰ ਡਿਗਰੀ ਹਾਸਲ ਕੀਤੀ ਅਤੇ ਮਾਸਟਰ ਡਿਗਰੀ ਅਮਰੀਕਾ ਤੋਂ ਪ੍ਰਾਪਤ ਕੀਤੀ। ਮੁੰਬਈ ਪੁਲਿਸ ਨੇ ਵੀ ਫੋਰੈਂਸਿਕ ਆਰਟਿਸਟ ਵਜੋਂ ਉਨ੍ਹਾਂ ਦੀ ਮਦਦ ਲਈ ਹੈ। ਇਸ ਸਮੇਂ ਉਹ ਭਾਰਤ ਵਿਚ ਆਏ ਹੋਏ ਹਨ ਅਤੇ ਚਿੱਤਰਕਾਰੀ ਬਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰ ਰਹੇ ਹਨ।

# ਟਰੰਪ ਪ੍ਰਸ਼ਾਸਨ ਐਚ-4 ਨਿਯਮ ਖਤਮ ਕਰਨ ਲਈ ਦ੍ਰਿੜ੍ਹ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਚ-1 ਬੀ ਵੀਜ਼ਾ ਧਾਰਕਾਂ ਦੀਆਂ ਪਤਨੀਆਂ ਨੂੰ ਰੁਜ਼ਗਾਰ ਦਾ ਅਧਿਕਾਰ ਦੇਣ ਵਾਲੇ ਨਿਯਮ ਐਚ-4 ਨੂੰ ਖਤਮ ਦੀ ਇੱਛਾ ਦੁਹਰਾਈ ਹੈ। ਇਸ ਕਾਰਵਾਈ ਦਾ ਭਾਰਤੀ ਅਮਰੀਕੀ ਔਰਤਾਂ ਉਤੇ ਭਾਰੀ ਅਸਰ ਪਵੇਗਾ ਕਿਉਂਕਿ ਉਹ ਓਬਾਮਾ ਸਰਕਾਰ ਸਮੇਂ ਤੋਂ ਇਸ ਦੀਆਂ ਮੁੱਖ ਲਾਭਪਾਤਰੀ ਰਹੀਆਂ ਹਨ। ਅੰਦਰੂਨੀ ਸੁਰੱਖਿਆ ਵਿਭਾਗ ਵੱਲੋਂ ਤਿਆਰ ਕੀਤੇ ਏਜੰਡੇ ਵਿਚ ਐਚ-4 ਨਿਯਮ ਪ੍ਰਣਾਲੀ ਨੂੰ ਖਤਮ ਕਰਨ ਲਈ ਕਿਹਾ ਗਿਆ ਹੈ। ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿਚ ਵਿਭਾਗ ਨੇ ਐਚ-4 ਪ੍ਰਣਾਲੀ ਖਤਮ ਕਰਨ ਦੀ ਤਜਵੀਜ਼ ਦਿੱਤੀ ਹੈ।




ਜ਼ਿਕਰਯੋਗ ਹੈ ਕਿ ਫਰਵਰੀ 2015 ਵਿਚ ਵਿਭਾਗ ਨੇ ਕੁਝ ਐਚ1 ਬੀ ਵੀਜ਼ਾ ਧਾਰਕ ਗੈਰ ਪਰਵਾਸੀਆਂ ਦੀਆਂ ਪਤਨੀਆਂ ਜੋ ਐਚ-4 ਪ੍ਰਣਾਲੀ ਤਹਿਤ ਆਸ਼ਰਿਤ ਹਨ, ਦੀ ਨੌਕਰੀ ਯੋਗਤਾ ਵਿਚ ਵਾਧਾ ਕਰਨ ਦਾ ਅੰਤਿਮ ਨਿਯਮ ਜਾਰੀ ਕੀਤਾ ਸੀ। ਜਦੋਂ ਕਿ ਅਮਰੀਕੀ ਨਾਗਰਿਕਤਾ ਅਤੇ ਇਮੀਗਰੇਸ਼ਨ ਸੇਵਾਵਾਂ ਵਿਭਾਗ (ਯੂ. ਐਸ. ਸੀ. ਆਈ. ਐਸ.) ਨੇ ਜ਼ੋਰ ਦਿੱਤਾ ਸੀ ਕਿ ਜਦੋਂ ਤੱਕ ਨਿਯਮ ਬਣਾਉਣ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਐਚ 4 ਵੀਜ਼ਾ ਸਬੰਧੀ ਕੋਈ ਵੀ ਫੈਸਲਾ ਅੰਤਿਮ ਨਹੀਂ ਹੈ। ਤਜਵੀਜ਼ਤ ਨਿਯਮ ਜਦੋਂ ਲੋਕਾਂ ਦੀ ਰਾਇ ਲਈ ਜਾਰੀ ਕੀਤਾ ਜਾਵੇਗਾ, ਉਦੋਂ ਯੂ.ਐਸ.ਸੀ.ਆਈ.ਐਸ. ਲੋਕਾਂ ਨੂੰ ਚੌਕਸ ਕਰੇਗੀ। ਲੋਕਾਂ ਦੀ ਰਾਇ ਲੈਣ ਬਾਅਦ ਯੂ.ਐਸ.ਸੀ.ਆਈ.ਐਸ. ਅੰਤਿਮ ਨਿਯਮ ਜਾਰੀ ਕਰੇਗੀ।

ਯੂ.ਐਸ.ਸੀ.ਆਈ.ਐਸ. ਦੇ ਬੁਲਾਰੇ ਨੇ ਦੱਸਿਆ ਕਿ ਰਾਸ਼ਟਰਪਤੀ ਦੀ ਅਮਰੀਕੀ ਸਾਮਾਨ ਖਰੀਦੋ ਤੇ ਅਮਰੀਕੀਆਂ ਨੂੰ ਰੁਜ਼ਗਾਰ ਦਿਓ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਕਈ ਨੀਤੀਆਂ ਅਤੇ ਪ੍ਰਬੰਧਕੀ ਨੇਮਾਂ ਵਿਚ ਬਦਲਾਅ ਲਿਆਉਣ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

# ਲੰਗਰ ਵਾਲੀਆਂ ਕੜਾਹੀਆਂ ਰਾਹੀਂ ਕੈਨੇਡਾ ‘ਚ ਨਸ਼ਾ ਤਸਕਰੀ

**ਜਲੰਧਰ:** ਪੁਲਿਸ ਨੇ ਅਜਿਹੇ ਕੌਮਾਂਤਰੀ ਨਸ਼ਾ ਤਸਕਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜਿਹੜਾ ਲੰਗਰ ਬਣਾਉਣ ਵਾਲੀ ਕੜਾਹੀ ਰਾਹੀਂ ਕੈਨੇਡਾ ਮਹਿੰਗਾ ਨਸ਼ਾ ਭੇਜਦਾ ਸੀ। ਗ੍ਰਿਫਤਾਰ ਚਾਰ ਮੁਲਜ਼ਮਾਂ ਵਿਚੋਂ ਇਕ ਐਨ.ਆਰ.ਆਈ. ਹੈ। ਭੇਜੀ ਜਾਣੀ ਸੀ ਪਰ ਪੁਲਿਸ ਅੜਿੱਕੇ ਆ ਗਈ।

ਪੁਲਿਸ ਨੇ ਮੁਲਜ਼ਮਾਂ ਨੂੰ ਜਲੰਧਰ ਅਦਾਲਤ ਵਿਚ ਪੇਸ਼ ਕੀਤਾ, ਜਿਥੇ ਇਨ੍ਹਾਂ ਨੂੰ ਰਿਮਾਂਡ ‘ਤੇ ਭੇਜ ਦਿੱਤਾ ਗਿਆ। ਡਰਗੱਜ਼ ਦੀ ਦੁਨੀਆਂ ਦੇ ਬਾਦਸ਼ਾਹ ਵਜੋਂ ਮਸ਼ਹੂਰ ਐਨ.ਆਰ.ਆਈ.



ਇਨ੍ਹਾਂ ਨੇ ਦੋ ਕੜਾਹੀਆਂ ਵਿਚ ਨਸ਼ਾ ਫਿੱਟ ਕਰ ਕੇ ਉਨ੍ਹਾਂ ਨੂੰ ਵੈਲਡਿੰਗ ਕਰ ਦਿੱਤਾ ਸੀ। ਪੁਲਿਸ ਨੇ ਇਨ੍ਹਾਂ ਤੋਂ ਕੈਟਾਮਾਇਨ ਡਰੱਗਜ਼ ਤੇ ਅਫੀਮ ਬਰਾਮਦ ਕੀਤੀ ਹੈ।

ਪੁਲਿਸ ਨੇ ਇਨ੍ਹਾਂ ਕੜਾਹੀਆਂ ਨੂੰ ਵੈਲਡਿੰਗ ਮਸ਼ੀਨ ਰਾਹੀਂ ਕੱਟ ਕੇ ਨਸ਼ਾ ਕੱਢਿਆ। ਇਸ ਬਾਰੇ ਸੋਚਣਾ ਵੀ ਮੁਸ਼ਕਲ ਹੈ ਕਿ ਕਰੋੜਾਂ ਰੁਪਏ ਦੀ ਕੈਟਾਮਾਇਨ ਡਰੱਗਜ਼ ਇਸ ਤਰ੍ਹਾਂ ਲੁਕਾਈ ਗਈ ਹੈ। ਕੈਮੀਕਲ ਤੋਂ ਤਿਆਰ ਇਹ ਡਰੱਗਜ਼ ਕੈਨੇਡਾ ਦਵਿੰਦਰ ਸਿੰਘ ਪਹਿਲਾਂ ਵੀ ਕਈ ਕੇਸਾਂ ਵਿਚ ਭਗੌੜਾ ਸੀ। ਪੁਲਿਸ ਤੇ ਹੋਰ ਏਜੰਸੀਆਂ ਦੇ ਇਹ ਰਾਡਾਰ ‘ਤੇ ਸੀ ਤੇ ਇਸ ਵਾਰ ਗ੍ਰਿਫਤਾਰ ਹੋ ਗਿਆ। ਪੁਲਿਸ ਨੂੰ ਇਨ੍ਹਾਂ ਤੋਂ ਪੰਜ ਕਿੱਲੋ ਕੈਟਾਮਾਈਨ ਡਰੱਗਜ਼, 6 ਕਿੱਲੋ ਅਫੀਮ ਬਰਾਮਦ ਹੋਈ ਹੈ। ਇਹ ਸਾਰਾ ਕੁਝ ਇਨ੍ਹਾਂ ਨੇ ਕੜਾਹੀਆਂ ਵਿਚ ਲੁਕਾ ਕੇ ਰੱਖਿਆ ਹੋਇਆ ਸੀ। ਕੈਟਮਾਈਨ ਵਾਸਤੇ ਇਨ੍ਹਾਂ ਨੇ ਕੈਮੀਕਲ ਯੂਪੀ ਦੇ ਰਾਮਪੁਰ ਤੋਂ ਖਰੀਦਿਆ ਸੀ।

# ਲਹਿਰਾਗਾਗਾ ਦੀ ਐਲੀਜ਼ਾ ਨੇ ਵਧਾਇਆ ਪੰਜਾਬ ਦਾ ਮਾਣ

**ਚੰਡੀਗੜ੍ਹ:** ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏ. ਆਈ. ਆਈ. ਐਮ. ਐਸ.) ਦੀ ਦਾਖਲਾ ਪ੍ਰੀਖਿਆ ਵਿਚੋਂ ਪੰਜਾਬ ਦੇ ਪੱਛੜੇ ਇਲਾਕਿਆਂ ‘ਚ ਗਿਣੇ ਜਾਂਦੇ ਲਹਿਰਾਗਾਗਾ ਦੀ ਐਲੀਜ਼ਾ, ਪੁੱਤਰੀ ਵਿਜੇ ਕੁਮਾਰ ਨੇ ਸਭ ਨੂੰ ਪਛਾੜਦਿਆਂ ਦੇਸ਼ ਭਰ ਵਿਚੋਂ ਪਹਿਲਾ ਰੈਂਕ ਪ੍ਰਾਪਤ ਕੀਤਾ ਹੈ, ਜਦਕਿ ਟਰਾਈਸਿਟੀ (ਚੰਡੀਗੜ੍ਹ, ਪੰਚਕੂਲਾ ਤੇ ਮੁਹਾਲੀ) ਦੇ ਤਿੰਨ ਵਿਦਿਆਰਥੀਆਂ ਮਹਿਕ ਅਰੋੜਾ (ਆਲ ਇੰਡੀਆ ਰੈਂਕ 3), ਮਨਰਾਜ ਸਿੰਘ ਸਰਾ (ਰੈਂਕ 4) ਅਤੇ ਇਸ਼ਵਾਕ ਅਗਰਵਾਲ (10ਵਾਂ ਰੈਂਕ) ਨੇ ਪਹਿਲੇ ਦਸ ਵਿਦਿਆਰਥੀਆਂ ‘ਚ ਥਾਂ ਬਣਾਈ ਹੈ।

ਇਸ ਮੌਕੇ ਐਲੀਜ਼ਾ ਨੇ ਕਿਹਾ ਕਿ ਲਕਸ਼ੈ ਇੰਸਟੀਚਿਊਟ ਦੇ ਅਧਿਆਪਕਾਂ ਨੇ ਉਸ ਦਾ ਮਾਰਗ ਦਰਸ਼ਨ ਕੀਤਾ ਹੈ। ਉਸ ਨੇ ਦੱਸਿਆ ਕਿ ਉਹ ਦਿਲ ਦੇ ਰੋਗਾਂ ਦੀ ਡਾਕਟਰ ਬਣਨਾ ਚਾਹੁੰਦੀ ਹੈ ਤੇ ਏਮਜ਼ ਦਿੱਲੀ ਵਿਚ ਦਾਖਲਾ ਲੈ ਕੇ ਡਾਕਟਰੀ ਦੀ ਪੜ੍ਹਾਈ ਸ਼ੁਰੂ ਕਰੇਗੀ।

ਨੀਟ ਦੀ ਪ੍ਰੀਖਿਆ ਵਿਚੋਂ ਉਸ ਦਾ 196ਵਾਂ ਰੈਂਕ ਆਇਆ ਸੀ। ਲਕਸ਼ੈ ਇੰਸਟੀਚਿਊਟ ਦੇ ਕਾਰਜਕਾਰੀ ਡਾਇਰੈਕਟਰ ਸਾਹਿਲ ਹਰਜਾਈ ਤੇ ਪਟਿਆਲਾ ਸੈਂਟਰ ਦੇ ਡਾਇਰੈਕਟਰ ਰਿਸ਼ੀ ਸਿੰਗਲਾ ਨੇ ਦੱਸਿਆ ਕਿ ਐਲੀਜ਼ਾ ਨੇ ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ, ਲਹਿਰਾਗਾਗਾ ਤੋਂ 12ਵੀਂ ਕੀਤੀ ਹੈ। ਇਸ ਸੰਸਥਾ ਦੀ ਹੀ ਇਸ਼ਵਾਕ ਅਗਰਵਾਲ ਪੁੱਤਰੀ ਰਾਜੇਸ਼ ਅਗਰਵਾਲ ਨੇ 10ਵਾਂ, ਅਭਿਨਵ ਗੁਪਤਾ ਪੁੱਤਰ ਵਰਿੰਦਰ ਗੁਪਤਾ ਨੇ 14ਵਾਂ ਅਤੇ ਈਸ਼ਾਨ ਗਰਗ ਪੁੱਤਰ ਸੰਜੀਵ ਗਰਗ ਨੇ 60ਵਾਂ ਸਥਾਨ ਹਾਸਲ ਕੀਤਾ।

## ਅਮਰੀਕਾ ਵੇਚੇਗਾ ਭਾਰਤ ਨੂੰ ਛੇ ਅਪਾਚੀ ਹੈਲੀਕਾਪਟਰ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਭਾਰਤ ਨੂੰ 93 ਕਰੋੜ ਡਾਲਰ (ਲਗਭਗ 6300 ਕਰੋੜ ਰੁਪਏ) ਦੇ ਛੇ ਏਐਚ-64ਈ ਅਪਾਚੇ ਹਮਲਾਵਰ ਹੈਲੀਕਾਪਟਰ ਵੇਚਣ ਦੇ ਸੌਦੇ ਨੂੰ ਹਰੀ ਝੰਡੀ ਦਿਖਾ ਦਿੱਤੀ ਹੈ।

ਅਮਰੀਕੀ ਰੱਖਿਆ ਵਿਭਾਗ ਅਨੁਸਾਰ ਇਨ੍ਹਾਂ ਹੈਲੀਕਾਪਟਰਾਂ ਨਾਲ ਭਾਰਤ ਦੀ ਰੱਖਿਆ ਪ੍ਰਣਾਲੀ ਕਾਫੀ ਮਜ਼ਬੂਤ ਹੋ ਜਾਵੇਗੀ। ਹਮਲਾਵਰ ਹੈਲੀਕਾਪਟਰਾਂ ਤੋਂ ਬਿਨਾ ਸੌਦੇ ’ਚ ਫਾਇਰ ਕੰਟਰੋਲ ਰਾਡਾਰ, ਹੈਲਫਾਇਰ ਲੌਂਗਬੋਅ ਮਿਜ਼ਾਈਲ, ਸਟਿੰਗਰ ਬਲਾਕ 1-92ਐਚ ਮਿਜ਼ਾਈਲਾਂ, ਨਾਈਟ ਵਿਜ਼ਨ ਸੈਂਸਰ ਤੇ ਇਨਸ਼ੀਅਲ ਨੇਵੀਗੇਸ਼ਨ ਸਿਸਟਮ ਵੀ ਸ਼ਾਮਲ ਹਨ।

## ਸੁਪਰੀਮ ਕੋਰਟ ਨੇ ਮੁਸ਼ੱਰਫ ਦੀ ਚੋਣ ਲੜਨ ਦੀ ਮਨਜ਼ੂਰੀ ਵਾਪਸ ਲਈ

**ਇਸਲਾਮਾਬਾਦ:** ਪਾਕਿਸਤਾਨ ਸੁਪਰੀਮ ਕੋਰਟ ਨੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ਼ ਦੇ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਉਨ੍ਹਾਂ ਨੂੰ ਸ਼ਰਤਾਂ ਤਹਿਤ ਚੋਣ ਲੜਨ ਦੀ ਦਿੱਤੀ ਇਜਾਜ਼ਤ ਵਾਪਸ ਲੈ ਲਈ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਅਦਾਲਤ ਵੱਲੋਂ ਮੁਸ਼ੱਰਫ ਨੂੰ ਸ਼ਰਤਾਂ ਤਹਿਤ ਚੋਣ ਲੜਨ ਦੀ ਮਨਜ਼ੂਰੀ ਦਿੱਤੇ ਜਾਣ ਬਾਅਦ ਉਸ ਨੇ ਚਿਤਰਾਲ ਦੇ ਉਤਰੀ ਜ਼ਿਲ੍ਹੇ ਤੋਂ ਨਾਮਜ਼ਦਗੀ ਕਾਗਜ਼ ਦਾਖਲ ਕਰਵਾਏ ਸੀ। ਅਦਾਲਤ ਨੇ ਉਸ ਨੂੰ 2013 ਵਿਚ ਪਿਸ਼ਾਵਰ ਹਾਈ ਕੋਰਟ ਵੱਲੋਂ ਅਯੋਗ ਠਹਿਰਾਏ ਜਾਣ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ ਉਤੇ ਸੁਣਵਾਈ ਦੌਰਾਨ 13 ਜੂਨ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਸੀ। ਚੀਫ ਜਸਟਿਸ ਸਾਕਿਬ ਨਿਸਾਰ ਨੇ ਸਾਬਕਾ ਫੌਜ ਮੁਖੀ ਦੇ ਅਦਾਲਤ ਵਿਚ ਪੇਸ਼ ਨਾ ਹੋਣ ਉਤੇ ਉਨ੍ਹਾਂ ਨੂੰ ਝਾੜ ਲਾਈ ਸੀ।

# ਆਰ. ਐਸ. ਐਸ., ਕੱਟੜਪੰਥੀ ਸਿਆਸਤ ਅਤੇ ਜਮਹੂਰੀਅਤ

ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਜੇ ਕਿਸੇ ਭਾਰਤੀ ਸੰਸਥਾ ਬਾਰੇ ਕੁਝ ਕਹਿੰਦੀ ਹੈ ਤਾਂ ਉਸ ਨਾਲ ਸਾਡੀ ਰਾਜਨੀਤੀ 'ਤੇ ਕੋਈ ਖਾਸ ਅਸਰ ਨਹੀਂ ਪੈਂਦਾ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਜਿਸ ਅਮਰੀਕੀ ਏਜੰਸੀ ਦੀ ਭਾਰਤ ਵਿਚ ਸਾਖ ਚੰਗੀ ਨਹੀਂ ਹੈ, ਇਸ ਕਾਰਨ ਸੀ.ਆਈ.ਏ. ਦੇ ਨਾਂ ਨੂੰ ਹੀ ਇਥੇ ਚੰਗਾ ਨਹੀਂ ਮੰਨਿਆ ਜਾਂਦਾ। ਜੇ ਕਿਸੇ 'ਤੇ ਸਖ਼ਤਾਈ ਕਰਨੀ ਹੋਵੇ ਤਾਂ ਉਸ ਨੂੰ ਸੀ.ਆਈ.ਏ.ਦਾ ਏਜੰਟ ਕਹਿ ਦੇਣਾ ਕਾਫੀ ਹੈ। ਇਸ ਦੇ ਬਾਵਜੂਦ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਸੈਂਟਰਲ ਇੰਟੈਲੀਜੈਂਸ ਏਜੰਸੀ ਦੀ ਤਾਜ਼ਾ

**ਅਭੈ ਕੁਮਾਰ ਦੂਬੇ**

'ਫੈਕਟ ਸ਼ੀਟ' ਨੇ ਭਾਰਤੀ ਰਾਜਨੀਤੀ ਵਿਚ ਉਬਾਲ ਲਿਆ ਦਿੱਤਾ ਹੈ, ਖਾਸ ਤੌਰ 'ਤੇ ਇਸ ਦੇ ਤਿੰਨ ਤੱਥ ਇਸ ਤਿੱਖੀ ਬਹਿਸ ਦਾ ਕਾਰਨ ਬਣ ਗਏ ਹਨ। ਇਕ ਵਿਚ ਇਸ ਏਜੰਸੀ ਨੇ ਰਾਸ਼ਟਰੀ ਸੋਇਮਸੇਵਕ ਸੰਘ ਨੂੰ ਰਾਸ਼ਟਰਵਾਦੀ ਸੰਗਠਨ ਕਰਾਰ ਦਿੱਤਾ ਹੈ। ਹੋਰ ਦੋ ਤੱਥਾਂ ਵਿਚ ਇਸ ਨੇ ਕਿਹਾ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ 'ਮਿਲੀਟੈਂਟ' ਭਾਵ ਅਤਿਵਾਦੀ ਸੰਗਠਨ ਹਨ। ਟੀ.ਵੀ. ਅਤੇ ਹੋਰ ਮੀਡੀਆ ਮੰਚਾਂ 'ਤੇ ਇਸ ਸਬੰਧੀ ਜਿਹੜਾ ਵਿਵਾਦ ਚੱਲ ਰਿਹਾ ਹੈ, ਉਸ ਵਿਚ ਕਾਫੀ ਸਰਲੀਕਰਨ ਹੈ ਅਤੇ ਤੱਥਾਂ ਨੂੰ ਕਾਫੀ ਰਲਗੱਡ ਕਰ ਦਿੱਤਾ ਗਿਆ ਹੈ। ਇਸ ਲਈ ਉਸ ਨੂੰ ਇਕ ਪਾਸੇ ਰੱਖ ਕੇ ਸੀ.ਆਈ.ਏ. ਦੇ ਇਨ੍ਹਾਂ ਤੱਥਾਂ ਤੋਂ ਉਪਜਣ ਵਾਲੇ ਸਵਾਲਾਂ ਬਾਰੇ ਗੰਭੀਰਤਾ ਨਾਲ ਵਿਚਾਰ ਹੋਣਾ ਚਾਹੀਦਾ ਹੈ।

ਪਹਿਲਾ ਸਵਾਲ ਇਹ ਹੈ ਕਿ ਅਮਰੀਕੀ ਵਿਦੇਸ਼ ਨੀਤੀ ਦੀ ਮੁੱਖ ਸ਼ਾਖਾ ਹੋਣ ਦੇ ਬਾਵਜੂਦ ਇਸ ਏਜੰਸੀ ਨੇ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੂੰ ਵੱਖ-ਵੱਖ ਕਿਉਂ ਪੇਸ਼ ਕੀਤਾ? ਅਸੀਂ ਸਭ ਜਾਣਦੇ ਹਾਂ ਅਤੇ ਨਿਸ਼ਚਿਤ ਤੌਰ 'ਤੇ ਅਮਰੀਕੀ ਮਾਹਿਰ ਵੀ ਇਹ ਜਾਣਦੇ ਹੋਣਗੇ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ, ਸੰਘ ਦੇ ਗਰਭ ਤੋਂ ਹੀ ਜਨਮੇ ਸੰਗਠਨ ਹਨ ਅਤੇ ਉਨ੍ਹਾਂ ਨੇ ਅਜੇ ਤੱਕ ਖੁਦ ਨੂੰ ਸੰਘ ਪਰਿਵਾਰ ਤੋਂ ਆਜ਼ਾਦ ਐਲਾਨ ਨਹੀਂ ਕੀਤਾ। ਜੇ ਸੰਘ ਰਾਸ਼ਟਰਵਾਦੀ ਹੈ ਤਾਂ ਉਸ ਨਾਲ ਲਗਾਤਾਰ ਜੁੜ ਕੇ ਕੰਮ ਕਰ ਰਹੇ ਦੋ ਸੰਗਠਨ ਅਤਿਵਾਦੀ ਕਿਵੇਂ ਹੋ ਸਕਦੇ ਹਨ? ਜਾਂ ਤਾਂ ਸੰਘ ਬਾਰੇ ਸੀ.ਆਈ.ਏ. ਦਾ ਨਜ਼ਰੀਆ ਦੋਸ਼ਪੂਰਨ ਹੈ ਜਾਂ ਇਨ੍ਹਾਂ ਦੋਵਾਂ ਸੰਗਠਨਾਂ ਬਾਰੇ ਮੈਨੂੰ ਲਗਦਾ ਹੈ ਕਿ ਇਹ ਉਲਝਣ ਆਸਾਨੀ ਨਾਲ ਸੁਲਝ ਜਾਏਗੀ, ਕਿਉਂਕਿ ਸੀ.ਆਈ.ਏ. ਨੇ ਤਿੰਨਾਂ ਵਿਚਕਾਰ ਇਹ ਪੱਖ ਜਾਣਬੁਝ ਕੇ ਨਹੀਂ, ਸਗੋਂ ਅਣਜਾਣੇ ਵਿਚ ਕੀਤਾ ਹੈ। ਕੀ ਡੋਨਲਡ ਟਰੰਪ ਦੀ ਅਗਵਾਈ ਵਿਚ ਧੁਰ ਸੱਜੇ ਪੱਖੀ ਹੋ ਰਹੇ ਅਮਰੀਕਾ ਵਲੋਂ ਸੰਘ ਨੂੰ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਉਹ ਇਨ੍ਹਾਂ ਸੰਗਠਨਾਂ ਦੀਆਂ ਘੱਟ-ਗਿਣਤੀਆਂ ਵਿਰੋਧੀ ਸਰਗਰਮੀਆਂ 'ਤੇ ਰੋਕ ਲਗਾਏ? ਹੁਣ ਇਹ ਸਮਾਂ ਆ ਗਿਆ ਹੈ, ਕਿਉਂਕਿ ਇਨ੍ਹਾਂ ਦੋਵਾਂ ਵਾਂਗ ਹੀ ਸੰਘ ਦੇ ਗਰਭ ਵਿਚੋਂ ਨਿਕਲੀ ਭਾਰਤੀ ਜਨਤਾ ਪਾਰਟੀ ਪਿਛਲੇ 4 ਸਾਲ ਤੋਂ ਦੇਸ਼ 'ਤੇ ਹਕੂਮਤ ਕਰ ਰਹੀ ਹੈ ਅਤੇ ਇਸ ਸਮੇਂ ਦੇਸ਼ ਦੀ ਸਭ ਤੋਂ ਵੱਡੀ ਅਤੇ ਤਾਕਤਵਰ ਰਾਜਨੀਤਕ ਪਾਰਟੀ ਹੈ। ਆਖਰ ਹੁਣ ਸੰਘ ਨੂੰ ਅਜਿਹੇ ਸੰਗਠਨਾਂ ਦੀ ਕੀ ਜ਼ਰੂਰਤ ਹੈ, ਜਿਨ੍ਹਾਂ ਦਾ ਮੁੱਖ ਕੰਮ ਮੁਸਲਮਾਨਾਂ ਅਤੇ ਇਸਾਈਆਂ ਵਿਰੁਧ ਮੁਹਿੰਮ ਚਲਾਉਣਾ ਹੀ ਹੈ। ਜ਼ਾਹਰ ਹੈ ਕਿ ਇਨ੍ਹਾਂ ਸਵਾਲਾਂ ਦਾ ਠੀਕ-ਠਾਕ ਜਵਾਬ ਭਵਿਖ ਵਿਚ ਹੀ ਮਿਲ ਸਕਦਾ ਹੈ।

ਦੂਸਰਾ ਸਵਾਲ ਇਹ ਹੈ ਕਿ ਕੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੂੰ ਅਤਿਵਾਦੀ ਸੰਗਠਨਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਣਾ ਚਾਹੀਦਾ ਹੈ? ਆਖਰਕਾਰ ਕਾਂਗਰਸ ਸਮੇਤ ਵਿਰੋਧੀ ਧਿਰ ਦੇ ਕੁਝ ਸੰਗਠਨਾਂ ਨੇ ਸੀ.ਆਈ.ਏ. ਦੀ ਰਿਪੋਰਟ ਪ੍ਰਤੀ ਆਪਣਾ ਸਮਰਥਨ ਪ੍ਰਗਟ ਕੀਤਾ ਹੈ। ਅਸੀਂ ਜਾਣਦੇ ਹਾਂ ਕਿ ਬਜਰੰਗ ਦਲ ਹਰ ਸਾਲ ਸਾਰੇ ਦੇਸ਼ ਵਿਚ ਆਪਣੇ ਸਿਖਲਾਈ ਸਮਾਗਮ ਲਗਾਉਂਦਾ ਹੈ ਜਿਸ ਵਿਚ ਤਲਵਾਰਾਂ, ਲਾਠੀਆਂ, ਤ੍ਰਿਸ਼ੂਲਾਂ ਅਤੇ ਏਅਰਗੰਨਾਂ (ਬਜਰੰਗ ਦਲ ਦੇ ਬੁਲਾਰੇ ਆਪਣੇ ਸਿਖਿਆਰਥੀਆਂ ਨੂੰ ਹੱਥਾਂ ਵਿਚ ਫੜੀਆਂ ਬੰਦੂਕਾਂ ਬਾਰੇ ਇਹੀ ਸਫ਼ਾਈ ਦਿੰਦੇ ਹਨ) ਨੂੰ ਚਲਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਹਥਿਆਰ ਲੈ ਕੇ ਕੂਹਣੀਆਂ ਦੇ ਭਾਰ ਚੱਲਣਾ ਸਿਖਾਇਆ ਜਾਂਦਾ ਹੈ ਜੋ ਮੁੱਖ ਤੌਰ 'ਤੇ ਫ਼ੌਜੀ ਡਰਿਲ ਹੈ। ਇਸ ਦੇ ਨਾਲ-ਨਾਲ ਬਜਰੰਗ ਦਲ ਵੈਲੇਨਟਾਈਨ ਡੇਅ ਜਿਹੇ ਹਾਲ ਹੀ ਵਿਚ ਸ਼ੁਰੂ ਹੋਏ ਤਿਉਹਾਰਾਂ ਸਬੰਧੀ ਚਿੱਤਰ ਪ੍ਰਦਰਸ਼ਨੀਆਂ ਅਤੇ ਨਾਟਕ ਪ੍ਰਦਰਸ਼ਨੀਆਂ ਵਿਚ ਗੜਬੜੀਆਂ ਵੀ ਕਰਦਾ ਹੈ। ਇਹ ਸੰਗਠਨ ਸ਼ਾਂਤੀਪੂਰਨ ਪ੍ਰਦਰਸ਼ਨ ਲਈ ਨਹੀਂ ਜਾਣਿਆ ਜਾਂਦਾ। ਦੂਜੇ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਮੁੱਖ ਤੌਰ 'ਤੇ ਇਸਾਈ ਮਿਸ਼ਨਰੀਆਂ ਵਲੋਂ ਕੀਤੇ ਜਾਣ ਵਾਲੇ ਧਰਮ ਪਰਿਵਰਤਨਾਂ ਦਾ ਵਿਰੋਧ ਕਰਨ ਲਈ ਜਾਣੀ



ਜਾਂਦੀ ਹੈ ਤੇ ਰੁਖ਼ ਵੀ ਹਮਲਾਵਰ ਰਹਿੰਦਾ ਹੈ।

ਬਜਰੰਗ ਦਲ ਵਲੋਂ ਹਥਿਆਰਾਂ ਦੀ ਸਿਖਲਾਈ ਜਾਂ ਸੰਘ ਵਲੋਂ ਆਪਣੀਆਂ ਸ਼ਾਖਾਵਾਂ ਵਿਚ ਲਾਠੀ ਅਤੇ ਤਲਵਾਰ ਚਲਾਉਣ ਦੀ ਸਿਖਲਾਈ ਪਿੱਛੇ ਭਾਵਨਾ ਇਹ ਹੈ ਕਿ ਹਿੰਦੂਆਂ ਨੂੰ ਕਮਜ਼ੋਰ, ਅਹਿੰਸਕ, ਸ਼ਾਂਤੀ ਪਸੰਦ ਮੰਨਿਆ ਜਾਂਦਾ ਹੈ ਅਤੇ ਸੰਘ ਕਰਤਵ ਵਾਂਗ ਹਿੰਦੂਆਂ ਨੂੰ ਨਵਾਂ ਹਮਲਾਵਰ ਅਤੇ ਯੁੱਧ ਪਸੰਦ ਅਕਸ ਦੇਣਾ ਚਾਹੁੰਦਾ ਹੈ। ਸਾਵਰਕਰ ਨੇ ਹਿੰਦੂਆਂ ਦੇ ਫ਼ੌਜੀਕਰਨ ਦਾ ਨਾਅਰਾ ਵੀ ਦਿੱਤਾ ਸੀ। ਇਸ ਲਿਹਾਜ਼ ਨਾਲ ਸਮਝਿਆ ਜਾ ਸਕਦਾ ਹੈ ਕਿ ਹਿੰਦੂਆਂ ਨੂੰ ਜਨਤਕ ਫ਼ੌਜੀ ਸੰਗਠਨ ਦੀ ਰਚਨਾ ਵਿਚ ਸੰਗਠਿਤ ਕਰਨਾ ਇਨ੍ਹਾਂ ਸੰਗਠਨਾਂ ਦਾ ਉਦੇਸ਼ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਤਰ੍ਹਾਂ ਦੇ ਸੰਗਠਨ, ਇਸ ਤਰ੍ਹਾਂ ਦੀ ਸਿਖਲਾਈ ਫ਼ਿਰਕੂ ਧਰੁਵੀਕਰਨ ਦੀ ਸਥਿਤੀ ਵਿਚ ਹਿੰਸਕ ਕਾਰਵਾਈਆਂ ਦਾ ਕਾਰਨ ਬਣ ਸਕਦੀ ਹੈ ਅਤੇ ਬਣਦੀ ਰਹੀ ਹੈ।

ਦੂਜੇ ਪਾਸੇ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸਿਰਫ ਇਨ੍ਹਾਂ ਸਰਗਰਮੀਆਂ ਕਾਰਨ ਕਿਸੇ ਸੰਗਠਨ ਨੂੰ ਅਤਿਵਾਦੀ ਅਤੇ ਅਤਿਵਾਦੀਆਂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਇਸ ਲਈ ਜ਼ਰੂਰੀ ਹੈ ਕਿ ਉਹ ਰਾਜ ਦੇ ਖਿਲਾਫ ਹਥਿਆਰਬੰਦ ਬਗ਼ਾਵਤ ਕਰਦੇ ਨਜ਼ਰ ਆਉਣ। ਜੇ ਕਿਸੇ ਸੰਗਠਨ 'ਤੇ ਸਮਾਜ ਦੇ ਕਿਸੇ ਹਿੱਸੇ ਦੇ ਵਿਰੁਧ ਕਿਸੇ ਖਾਸ ਪ੍ਰਸੰਗ ਵਿਚ ਨਫ਼ਰਤ ਫੈਲਾਉਣ ਦਾ ਦੋਸ਼ ਹੈ ਜਾਂ ਉਸ ਦੇ ਵਿਰੁਧ ਹਿੰਸਕ ਕਾਰਵਾਈ ਨੂੰ ਯੋਜਨਾਬੱਧ ਕਰਨ ਦਾ ਦੋਸ਼ ਹੈ ਤਾਂ ਉਸ ਨਾਲ ਨਜਿੱਠਣ ਲਈ ਸਾਡੇ ਕੋਲ ਹੋਰ ਕਾਨੂੰਨ ਹਨ। ਇਨ੍ਹਾਂ ਸੰਗਠਨਾਂ ਨੂੰ ਸਿੱਧੇ ਤਰੀਕੇ ਨਾਲ ਨਾ ਤਾਂ ਅਤਿਵਾਦੀ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ 'ਤੇ ਰੋਕ ਲਗਾਈ ਜਾ ਸਕਦੀ ਹੈ। ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਇਸੇ ਰਣਨੀਤਕ ਹਾਜ਼ਰੀ ਨੇ ਉਨ੍ਹਾਂ ਨੂੰ ਇਕ ਖਾਸ ਸ਼੍ਰੇਣੀ ਵਿਚ ਪਾਏ ਜਾਣ ਦੇ ਲਾਇਕ ਬਣਾ ਦਿੱਤਾ ਹੈ। ਇਹ ਸ਼੍ਰੇਣੀ ਹੈ ਜਮਹੂਰੀ ਵਿਵਸਥਾ ਵਿਚ ਸਰਗਰਮ ਗੈਰ-ਜਮਹੂਰੀ ਸੰਗਠਨਾਂ ਦੀ।

ਜਦੋਂ ਮੈਂ ਭਾਜਪਾ ਦੇ ਅੰਦਰ ਆਪਣੇ ਮਿੱਤਰਾਂ ਨਾਲ ਕਦੇ ਰਸਮੀ ਚਰਚਾ ਕਰਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਬਜਰੰਗ ਦਲ ਨੂੰ ਸੰਗਠਨ ਦੇ ਅੰਦਰ ਵੀ ਕੁਝ ਖਾਸ ਪਸੰਦ ਨਹੀਂ ਕੀਤਾ ਜਾਂਦਾ। ਉਸ ਸਬੰਧੀ ਦੱਬੀ ਜ਼ਬਾਨ ਨਾਲ ਕਿਹਾ ਜਾਂਦਾ ਹੈ ਕਿ ਇਹ ਲੋਕ ਤਾਂ ਲੋੜ ਮੁਤਾਬਿਕ ਵਰਤੇ ਜਾਣ ਲਈ ਤਿਆਰ ਕੀਤੇ ਗਏ ਹਨ। ਬਜਰੰਗ ਦਲ ਦੀ ਇਕ ਦੂਜੀ ਖੂਬੀ ਇਹ ਹੈ ਕਿ ਇਸ ਦੇ ਰਾਹੀਂ ਹਿੰਦੂਤਵਵਾਦੀ ਅੰਦੋਲਨ ਦਾ ਪਿਛਲੇ 40 ਸਾਲਾਂ ਵਿਚ ਪਿਛੜਾਕਰਨ ਵੀ ਹੋਇਆ ਹੈ। ਹਮਲਾਵਰ ਅਤੇ ਹਿੰਦੂਤਵਵਾਦੀ ਰੁਝਾਨ ਰੱਖਣ ਵਾਲੇ ਪਛੜੀ ਜਾਤੀਆਂ ਦੇ ਨੌਜਵਾਨਾਂ ਦੀ ਹਿੰਸਕ ਊਰਜਾ ਇਸ ਸੰਗਠਨ ਦੇ ਕੇਂਦਰ ਵਿਚ ਰਹੀ ਹੈ। ਇਸ ਲਈ ਉਹ ਤੱਤ ਜਿਹੜੇ ਅੱਜ ਵੀ ਹਿੰਦੂਤਵਵਾਦੀ ਅੰਦੋਲਨ ਦੇ ਸਿਖਰ 'ਤੇ ਖਾਸ ਤੌਰ 'ਤੇ ਬ੍ਰਾਹਮਣਾਂ ਨੂੰ ਅਤੇ ਹੋਰ ਉੱਚੀਆਂ ਜਾਤੀਆਂ ਨੂੰ ਦੇਖਣਾ ਚਾਹੁੰਦੇ ਹਨ, ਉਹ ਵੀ ਇਸ ਸੰਗਠਨ ਨੂੰ ਕੁਝ ਟੇਢੀ ਨਜ਼ਰ ਨਾਲ ਦੇਖਦੇ ਹਨ।

ਜਦੋਂ ਦੇਸ਼ ਵਿਚ ਕਾਂਗਰਸ ਸਰਕਾਰ ਜਾਂ ਗ਼ੈਰ-ਭਾਜਪਾ ਸਰਕਾਰ ਆਉਂਦੀ ਹੈ (ਭਵਿਖ ਵਿਚ ਵੀ ਆ ਸਕਦੀ ਹੈ) ਤਾਂ ਇਹ ਕਦੇ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਰਗੇ ਸੰਗਠਨਾਂ ਨੂੰ ਕੰਟਰੋਲ ਵਿਚ ਕਰਨ ਲਈ ਕੁਝ ਨਹੀਂ ਕਰਦੀ। ਜਿਸ ਗਰਮਜੋਸ਼ੀ ਨਾਲ ਉਹ ਅੱਜ ਕੰਮ ਕਰ ਰਹੇ ਹਨ, ਉਸੇ ਤਰੀਕੇ ਨਾਲ ਉਹ ਉਸ ਸਮੇਂ ਵੀ ਕੰਮ ਕਰਦੇ ਰਹਿੰਦੇ ਹਨ, ਭਾਵ ਖੁਦ ਨੂੰ ਸੰਘ ਵਿਰੋਧੀ ਜਾਂ ਧਰਮ ਨਿਰਪੱਖ ਮੰਨਣ ਵਾਲੇ ਸੰਗਠਨਾਂ ਅਤੇ ਸਰਕਾਰਾਂ ਦੇ ਕੋਲ ਇਸ ਤਰ੍ਹਾਂ ਦੀਆਂ ਹਮਲਾਵਰ ਸ਼ਕਤੀਆਂ ਜਾਂ ਜਮਾਵੜੇ ਨੂੰ ਹਾਸ਼ੀਏ 'ਤੇ ਲਿਜਾਣ ਦੀ ਕੋਈ ਰਣਨੀਤੀ ਨਹੀਂ ਹੈ। ਜ਼ਾਹਰ ਹੈ ਕਿ ਸੀ.ਆਈ.ਏ. ਦੀ ਰਿਪੋਰਟ ਵਿਚ ਕਈ ਕਮੀਆਂ ਹਨ। ਇਸ ਕਰ ਕੇ ਉਹ ਆਪਣੀ ਗੰਭੀਰਤਾ ਖੋਹ ਦਿੰਦੀ ਹੈ ਪਰ ਉਸ ਦੀ ਫੈਕਟ ਸ਼ੀਟ ਨੇ ਘੱਟੋ-ਘੱਟ ਅਲੋਕਤੰਤਰੀ ਸੰਗਠਨਾਂ ਦੀ ਕਾਰਜ ਨੀਤੀ 'ਤੇ ਇਕ ਵਾਰ ਫਿਰ ਤੋਂ ਧਿਆਨ ਦੇਣ ਦਾ ਮੌਕਾ ਤਾਂ ਸਾਨੂੰ ਦਿੱਤਾ ਹੀ ਹੈ। ਇਸ ਸਮੱਸਿਆ ਦਾ ਇਕ ਪਹਿਲੂ ਇਹ ਵੀ ਹੈ ਕਿ ਸੰਘ ਪਰਿਵਾਰ ਦੀ ਸਾਂਝੀ ਕਮਾਨ ਹੇਠ ਕੰਮ ਕਰਨ ਵਾਲਾ ਇਕ ਬਜਰੰਗ ਦਲੀਆ ਕਿਸੇ ਵੀ ਸਮੇਂ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਕਾਰਕੁਨ ਨਜ਼ਰ ਆ ਸਕਦਾ ਹੈ ਅਤੇ ਕਦੇ ਵੀ ਉਹ ਬਨਵਾਸ, ਕਲਿਆਣ ਆਸ਼ਰਮ ਜਾਂ ਸਵਦੇਸ਼ੀ ਜਾਗਰਣ ਮੰਚ ਦੇ ਸਮਾਗਮ ਵਿਚ ਸਰਗਰਮ ਨਜ਼ਰ ਆ ਸਕਦਾ ਹੈ। ਇਥੋਂ ਤੱਕ ਕਿ ਕੋਈ ਬਜਰੰਗ ਦਲੀਆ ਭਾਜਪਾ ਦੀ ਟਿਕਟ 'ਤੇ ਸੰਸਦ ਮੈਂਬਰ ਜਾਂ ਵਿਧਾਇਕ ਵੀ ਬਣ ਸਕਦਾ ਹੈ ਅਤੇ ਬਣਦਾ ਹੈ। ਭਾਵ ਹਮਲਾਵਰ ਅਤੇ ਗ਼ੈਰ-ਜਮਹੂਰੀ ਰਾਜਨੀਤੀ ਕਰਨ ਵਾਲੇ ਇਹ ਤੱਤ ਜਮਹੂਰੀ ਰਾਜਨੀਤੀ ਦਾ ਸਥਾਈ ਵਿਗਾੜ ਬਣ ਸਕਦੇ ਹਨ। ਇਨ੍ਹਾਂ ਹੀ ਸਾਰੇ ਵਿਚਾਰਾਂ ਤਹਿਤ ਲੋਕਤੰਤਰ ਦੇ ਅਹਿਲਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਤਰ੍ਹਾਂ ਦੀਆਂ ਸ਼ਕਤੀਆਂ ਸਬੰਧੀ ਇਕ ਅਜਿਹੀ ਕਾਰਗਰ ਰਣਨੀਤੀ ਬਣਾਉਣ, ਜਿਸ ਰਾਹੀਂ ਇਸ ਖ਼ਤਰੇ ਤੋਂ ਜਮਹੂਰੀ ਪ੍ਰਣਾਲੀ ਨੂੰ ਬਚਾਇਆ ਜਾ ਸਕੇ।

# ਫੀਫਾ ਸੰਸਾਰ ਫੁੱਟਬਾਲ ਕੱਪ ਦਾ ਦੂਜਾ ਪਾਸਾ

ਦੁਨੀਆਂ ਦੀ ਸਭ ਤੋਂ ਵੱਡੀ ਤੇ ਮਕਬੂਲ ਖੇਡ ਫੁੱਟਬਾਲ ਦਾ 21ਵਾਂ ਮਹਾਂ-ਮੁਕਾਬਲਾ 'ਫੀਫਾ ਸੰਸਾਰ ਕੱਪ 2018' ਮੇਜ਼ਬਾਨ ਰੂਸ ਵਿਚ ਪੂਰੀ ਧੂਮਧਾਮ ਨਾਲ ਸ਼ੁਰੂ ਹੋ ਚੁੱਕਾ ਹੈ। ਇਸ ਦਾ ਬਜਟ 678 ਅਰਬ ਰੂਬਲ ਹੈ। ਸੰਸਾਰ ਕੱਪ ਦੀ ਇਨਾਮੀ ਰਕਮ 400 ਮਿਲੀਅਨ ਅਮਰੀਕੀ ਡਾਲਰ ਹੈ ਤੇ ਇਕ ਅੰਦਾਜ਼ੇ ਮੁਤਾਬਕ ਦੁਨੀਆਂ ਭਰ 'ਚੋਂ ਸੱਤ ਲੱਖ ਦੇ ਕਰੀਬ ਲੋਕ ਇਹ ਮੈਚ ਦੇਖਣ ਲਈ ਰੂਸ ਦੀ ਧਰਤੀ ਵੱਲ ਉਡਾਣ ਭਰਨਗੇ। ਦੁਨੀਆਂ ਦੇ 210 ਦੇਸ਼ਾਂ ਦੀਆਂ ਫੁੱਟਬਾਲ ਟੀਮਾਂ ਨੇ 872 ਮੈਚਾਂ ਦੇ ਕੁਆਲੀਫਾਈ ਗੇੜ ਦੀ ਪਾਰੀ ਖੇਡ ਕੇ ਇਸ ਮਹਾਂ-ਮੁਕਾਬਲੇ 'ਚ ਦਾਖਲ ਹੋਣ ਲਈ ਜ਼ੋਰ

**ਮਨਦੀਪ**

ਅਜ਼ਮਾਈ ਕੀਤੀ, ਜਿਸ ਵਿਚੋਂ 32 ਟੀਮਾਂ ਨੇ ਸੰਸਾਰ ਕੱਪ ਖੇਡਣ ਲਈ ਕੁਆਲੀਫਾਈ ਕੀਤਾ। ਦੁਨੀਆਂ ਭਰ ਵਿਚ ਸ਼ੋਸ਼ਲ ਮੀਡੀਆ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਅਤੇ ਲੋਕਾਂ ਦੀ ਜ਼ੁਬਾਨ ਉਤੇ ਫੁੱਟਬਾਲ ਦੇ ਇਸ ਮਹਾਂ-ਮੁਕਾਬਲੇ ਦੇ ਖੂਬ ਚਰਚੇ ਹਨ। ਫੀਫਾ ਕਲੱਬ, ਕੌਮੀ ਤੇ ਕੌਮਾਂਤਰੀ ਕੰਪਨੀਆਂ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਇਸ ਮਹਾਂ-ਮੁਕਬਲੇ ਦੀ ਲੋਕਪ੍ਰਿਯਤਾ ਵਧਾਉਣ ਲਈ ਯਤਨ ਕਰ ਰਹੀਆਂ ਹਨ।

ਇਸ ਮਹਾਂ-ਕੁੰਭ ਦੌਰਾਨ ਕੌਮੀ ਤੇ ਬਹੁਕੌਮੀ ਕੰਪਨੀਆਂ ਸੰਸਾਰ ਮੰਡੀ 'ਚ ਆਪਣਾ ਮਾਲ ਵੇਚਣ ਲਈ ਫੀਫਾ ਕੱਪ ਦੇ ਲੋਗੋ ਅਤੇ ਇਸ ਦੇ ਸੁਪਰ ਸਟਾਰ ਖਿਡਾਰੀਆਂ ਦੀਆਂ ਤਸਵੀਰਾਂ ਦੀ ਵਰਤੋਂ ਕਰ ਰਹੀਆਂ ਹਨ। ਨਾਇਕੀ, ਐਡੀਡਾਸ, ਕੋਕਾਕੋਲਾ ਆਦਿ ਵਰਗੀਆਂ ਬਹੁਕੌਮੀ ਕੰਪਨੀਆਂ ਤੋਂ ਇਲਾਵਾ ਸੰਸਾਰ ਭਰ 'ਚ ਖਾਸ ਕਰ ਉਤਰੀ, ਦੱਖਣੀ ਤੇ ਕੇਂਦਰੀ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਅੰਦਰ ਜਿਥੇ ਫੁੱਟਬਾਲ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲਦਾ ਹੈ, ਦੀਆਂ ਸੈਂਕੜੇ ਕੌਮੀ ਕੰਪਨੀਆਂ ਵੀ ਫੀਫਾ ਕੱਪ ਦੇ ਲੋਗੋ ਤੇ ਖਿਡਾਰੀਆਂ ਦੀਆਂ ਤਸਵੀਰਾਂ ਦੀ ਵਰਤੋਂ ਰਾਹੀਂ ਆਪਣੇ ਮਾਲ ਦੀ ਇਸ਼ਤਿਹਾਰਬਾਜ਼ੀ ਤੇ ਵਿਕਰੀ ਕਰ ਰਹੀਆਂ ਹਨ। ਸਪੋਰਟਸ ਕੱਪੜੇ, ਬੂਟ, ਬੱਚਿਆਂ ਦੇ ਖਿਡਾਉਣੇ, ਫੀਫਾ ਕੱਪ ਦੇ ਸਟਿੱਕਰ, ਇਲੈਕਟ੍ਰਾਨਿਕ ਸਮਾਨ, ਸਜਾਵਟ ਤੇ ਔਰਤਾਂ ਦੇ ਹਾਰ-ਸ਼ਿੰਗਾਰ ਦਾ ਸਮਾਨ, ਕਾਪੀਆਂ ਦੀਆਂ ਜਿਲਦਾਂ, ਖਾਣ-ਪੀਣ ਦੀਆਂ ਵਸਤਾਂ ਆਦਿ ਬਾਜ਼ਾਰ ਦੀ ਲਗਭਗ ਹਰ ਸ਼ੈਅ ਉਤੇ ਫੀਫਾ ਕੱਪ ਤੇ ਫੀਫਾ ਟੀਮਾਂ ਦੇ ਖਿਡਾਰੀਆਂ ਦੇ ਚਿਹਰੇ ਵੇਖਣ ਨੂੰ ਮਿਲ ਰਹੇ ਹਨ।

ਜਿਥੇ ਕੌਮੀ ਤੇ ਬਹੁਕੌਮੀ ਕੰਪਨੀਆਂ ਆਪਣੇ ਮਾਲ ਲਈ ਫੀਫਾ ਕੱਪ ਦੇ ਲੋਗੋ ਤੇ ਖਿਡਾਰੀਆਂ ਨੂੰ ਇਸ਼ਤਿਹਾਰਬਾਜ਼ੀ ਲਈ ਵਰਤ ਕੇ ਸਿੱਧੇ-ਅਸਿੱਧੇ ਤੌਰ 'ਤੇ ਫੀਫਾ ਕਲੱਬ ਨੂੰ ਮੋਟੀ ਰਕਮ ਦਾ ਭੁਗਤਾਨ ਕਰ ਰਹੀਆਂ ਹਨ, ਉਥੇ ਖੁਦ ਫੀਫਾ ਕਲੱਬ ਵੀ ਸਿੱਧੇ ਤੌਰ ਤੇ ਇਸ ਧੰਦੇ ਵਿਚ ਲੱਗੀ ਹੋਈ ਹੈ। ਉਸ ਨੇ ਆਪਣਾ ਆਨਲਾਈਨ ਸਟੋਰ ਵੀ ਖੋਲ੍ਹਿਆ ਹੋਇਆ ਹੈ ਜਿਥੇ ਉਹ ਸਪੋਰਟਸ ਬੂਟਾਂ ਤੋਂ ਲੈ ਕੇ ਬੱਚਿਆਂ ਦੇ ਖਿਡਾਉਣੇ ਤੱਕ ਵੇਚ ਰਹੀ ਹੈ। ਫੀਫਾ ਕਲੱਬ ਦੁਨੀਆਂ ਭਰ ਦੇ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਏ ਤੋਂ ਇਲਾਵਾ ਸ਼ੋਸ਼ਲ ਮੀਡੀਆ ਰਾਹੀਂ (ਯੂਟਿਊਬ, ਇੰਸਟਾਗ੍ਰਾਮ, ਟਵਿਟਰ, ਫੇਸਬੁੱਕ ਆਦਿ) ਵੀ ਇਸ ਦਾ ਖੂਬ ਪ੍ਰਚਾਰ ਕਰ ਰਹੀ ਹੈ। ਆਪਣੇ ਪ੍ਰਚਾਰ ਸਾਧਨਾਂ ਤੇ ਇਸ਼ਤਿਹਾਰਬਾਜ਼ੀ ਰਾਹੀਂ ਦੁਨੀਆਂ ਭਰ ਦੇ ਲੋਕਾਂ ਨੂੰ ਇਸ ਸੰਸਾਰ ਫੁੱਟਬਾਲ ਕੱਪ ਵੱਲ ਖਿਚਿਆ ਜਾ ਰਿਹਾ ਹੈ। ਮਨੋਰੰਜਨ ਦੇ ਨਾਂ ਹੇਠ ਖੇਡਾਂ ਦਾ ਵਪਾਰ ਕਰ ਰਹੀ ਫੀਫਾ ਕਲੱਬ ਤੇ ਉਸ ਦੀਆਂ ਭਾਈਵਾਲ ਕੌਮੀ-ਬਹੁਕੌਮੀ ਕੰਪਨੀਆਂ ਦੁਆਰਾ ਇਸ ਕਦਰ ਚੌਪਾਸੀ ਸੰਸਾਰ ਕੱਪ ਦਾ ਸ਼ੋਰਗੁੱਲ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਦੁਨੀਆਂ ਭਰ 'ਚ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਖਿਲਾਫ, ਸੀਰੀਆ ਤੇ ਮੱਧ ਪੂਰਬ ਦੇ ਹੋਰ ਦੇਸ਼ਾਂ ਉਪਰ ਹੋ ਰਹੇ ਸਾਮਰਾਜੀ ਹਮਲਿਆਂ ਅਤੇ ਫਲਸਤੀਨੀ ਲੋਕਾਂ ਉਤੇ ਥੋਪੀ ਜਾ ਰਹੀ ਨਿਹੱਕੀ ਜੰਗ ਖਿਲਾਫ ਦੁਨੀਆਂ ਭਰ 'ਚ ਉਠ ਰਹੀ ਵਿਰੋਧ ਦੀ ਆਵਾਜ਼ ਨੂੰ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ। ਮੰਦੀ ਦੀ ਮਾਰ ਹੇਠ ਆਈਆਂ ਅਤੇ ਜੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਲਈ ਚਾਲੂ ਸੰਸਾਰ ਕੱਪ ਫੌਰੀ ਦਰਦ-ਨਿਵਾਰਕ ਦਵਾ ਦਾ ਕੰਮ ਕਰ ਰਿਹਾ ਹੈ। ਸਥਾਨਕ ਸਰਕਾਰਾਂ ਵੀ ਫੀਫਾ ਕੱਪ ਦਾ ਗੁਣਗਾਣ ਕਰ ਕੇ ਕੌਮੀ ਤੇ ਬਹੁਕੌਮੀ ਕੰਪਨੀਆਂ ਦੇ ਮੁਨਾਫਿਆਂ 'ਚ ਇਜ਼ਾਫਾ ਕਰਨ ਦਾ ਵਾਹਕ ਬਣ ਰਹੀਆਂ ਹਨ। ਇਸ ਸਰਕਾਰੀ ਇਮਦਾਦ ਦੇ ਵਿਸ਼ੇਸ਼ ਸਿਆਸੀ



ਮਾਇਨੇ ਹਨ।

ਇਸ ਦੀ ਉਘੀ ਮਿਸਾਲ ਦੱਖਣੀ ਅਮਰੀਕੀ ਦੇਸ਼ਾਂ ਦੀ ਪੂਰੀ ਬੈਲਟ, ਖਾਸ ਕਰ ਇਸ ਖਿੱਤੇ ਦੇ ਚਿੱਲੀ, ਬੋਲੀਵੀਆ, ਅਰਜਨਟੀਨਾ ਆਦਿ ਦੇਸ਼ ਹਨ। ਇਹ ਦੇਸ਼ ਮੌਜੂਦਾ ਦੌਰ ਅੰਦਰ ਵੱਡੀ ਤੇ ਇਤਿਹਾਸਕ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। ਇਹ ਉਹੀ ਖਿੱਤਾ ਹੈ ਜਿਥੇ ਅਬਾਦੀ ਦਾ ਵੱਡਾ ਹਿੱਸਾ ਲੋਕ ਫੁੱਟਬਾਲ ਦੇ ਦੀਵਾਨੇ ਹਨ। ਉਦਾਹਰਣ ਵਜੋਂ ਮਈ ਮਹੀਨੇ ਵਿਚ ਅਰਜਨਟੀਨਾ ਦਾ ਸਾਲਾਨਾ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਆਪਣੇ ਸਾਰੇ ਇਤਿਹਾਸਕ ਰਿਕਾਰਡ ਤੋੜਦਿਆਂ ਬੁਰੇ ਦੌਰ 'ਚ ਦਾਖਲ ਹੋ ਗਿਆ। ਅਰਜਨਟੀਨਾ ਦੀ ਸਥਾਨਕ ਕਰੰਸੀ ਤੀਹ ਦਿਨਾਂ 'ਚ ਡਾਲਰ ਦੇ ਮੁਕਾਬਲੇ 20 ਫੀਸਦ ਲੁੜਕ ਗਈ ਅਤੇ ਰਾਤੋ-ਰਾਤ ਮਹਿੰਗਾਈ ਅਸਮਾਨ ਛੂਹ ਗਈ। ਉਦਯੋਗਕ ਖੇਤਰਾਂ 'ਚੋਂ ਲੱਖਾਂ ਹੱਥ ਵਿਹਲੇ ਹੋ ਗਏ ਤੇ ਰਾਤੋ-ਰਾਤ ਅਨੇਕਾਂ ਕਾਰੋਬਾਰ ਠੱਪ ਹੋ ਗਏ। ਰੀਅਲ ਅਸਟੇਟ ਅਤੇ ਸ਼ੇਅਰ ਮਾਰਕਿਟ ਦਾ ਬਾਜ਼ਾਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਸਰਕਾਰ ਦੁਆਰਾ ਵਾਰ-ਵਾਰ ਆਈ.ਐਮ.ਐਫ. ਤੋਂ ਮਦਦ ਦੀ ਅਪੀਲ ਕਰਨ ਦੇ ਇਕ ਮਹੀਨੇ ਬਾਅਦ ਆਈ.ਐਮ.ਐਫ. ਨੇ ਅਰਜਨਟੀਨਾ ਸਰਕਾਰ ਨੂੰ ਪਹਿਲਾਂ ਹੀ ਅੱਠ ਵਾਰ ਡਿਫਾਲਟਰ ਹੋਣ ਦੀ ਫਿਟਕਾਰ ਪਾਉਂਦਿਆਂ ਅਰਜਨਟੀਨਾ ਦੀਆਂ ਆਰਥਿਕ ਨੀਤੀਆਂ ਵਿਚ ਆਪਣੀ ਸਿੱਧੀ ਦਖਲਅੰਦਾਜ਼ੀ ਦੀਆਂ ਸ਼ਰਤਾਂ ਤਹਿਤ ਆਰਥਿਕ ਮੱਦਦ ਕੀਤੀ। ਇਸ ਸੂਰਤ ਵਿਚ ਲੋਕਾਂ ਦਾ ਸਰਕਾਰ ਖਿਲਾਫ ਰੋਹ ਲਗਾਤਾਰ ਲਾਮਬੰਦ ਹੋਣਾ ਸੁਭਾਵਕ ਹੀ ਸੀ।

ਇਹੀ ਸੂਰਤ-ਏ-ਹਾਲ ਬਾਕੀ ਲਾਤੀਨੀ ਅਮਰੀਕੀ ਮੁਲਕਾਂ ਦੀ ਹੈ। ਸੰਸਾਰ ਕੱਪ ਹੁਣ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਰਿਹਾ ਹੈ ਅਤੇ ਉਹ ਸਰਕਾਰੀ ਨੀਤੀਆਂ ਖਿਲਾਫ ਲਾਮਬੰਦ ਹੋ ਰਹੇ ਲੋਕ ਰੋਹ ਨੂੰ ਸੰਸਾਰ ਕੱਪ ਦੇ ਸ਼ੋਰਗੁੱਲ ਹੇਠ ਰੋਲਣ ਲਈ ਫੀਫਾ ਕਲੱਬ ਦਾ ਸਹਿਯੋਗ ਕਰ ਰਹੀਆਂ ਹਨ। ਲੋਕਾਂ ਦੀ ਕਵਾਇਦ ਸੰਸਾਰ ਕੱਪ ਮੈਚਾਂ ਦੀ ਟਿਕਟ ਲਈ ਲੱਕੀ ਡਰਾਅ ਅਤੇ ਕੂਪਨਾਂ ਦੇ ਡੱਬੇ ਦੁਆਲੇ ਕਰਵਾਈ ਜਾ ਰਹੀ ਹੈ। ਮੈਚ ਦਾ ਸਿੱਧਾ ਆਨੰਦ ਨਾ ਮਾਣ ਸਕਣ ਵਾਲੇ ਲੋਕਾਂ ਦੇ ਮਨੋਰੰਜਨ ਦਾ ਪ੍ਰਬੰਧ ਕਰਨ ਲਈ ਘਰਾਂ ਦੀ ਚਾਰਦੀਵਾਰੀ ਅੰਦਰ ਹੀ ਟੀ.ਵੀ., ਇੰਟਰਨੈਟ, ਮੋਬਾਇਲ ਫੋਨ ਅਦਿ ਦੀਆਂ ਕੀਮਤਾਂ 'ਚ ਭਾਰੀ ਛੋਟ ਦੇਣ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

ਰੂਸ 'ਚ ਕਈ ਨਿਰਪੱਖ ਪੱਤਰਕਾਰਾਂ ਤੇ ਲੇਖਕਾਂ ਨੂੰ ਸੰਸਾਰ ਕੱਪ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ। ਕਈ ਖੱਬੇਪੱਖੀ ਗਰੁੱਪਾਂ ਨੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਨਾਕਾਮ ਰਹੀ ਪੁਤਿਨ ਸਰਕਾਰ ਦੇ ਵਿਰੋਧ ਵਜੋਂ ਇਸ ਕੱਪ ਦਾ ਸੰਪੂਰਨ ਬਾਈਕਾਟ ਕੀਤਾ। ਉਧਰ ਫਲਸਤੀਨ ਉਪਰ ਹੋ ਰਹੇ ਲਗਾਤਾਰ ਤੇ ਤਾਜ਼ਾ ਹਮਲੇ ਸਬੰਧੀ ਇਜ਼ਰਾਈਲ ਦੀ ਜੰਗੀ ਨੀਤੀ ਦੇ ਵਿਰੋਧ ਵਜੋਂ ਫਲਸਤੀਨੀ ਲੋਕਾਂ ਅਤੇ ਖਾਸਕਰ ਫਲਸਤੀਨ ਦੀ ਫੁੱਟਬਾਲ ਟੀਮ ਦੁਆਰਾ ਅਰਜਨਟੀਨਾ ਦੇ ਪ੍ਰਸਿਧ ਖਿਡਾਰੀ ਲਿਓਨਲ ਮੈਸੀ ਨੂੰ ਇਜ਼ਰਾਈਲ ਨਾਲ ਦੋਸਤਾਨਾ ਮੈਚ ਨਾ ਖੇਡਣ ਦੀ ਅਪੀਲ ਕੀਤੀ ਗਈ। ਫਲਸਤੀਨੀ ਗਰਮਦਲੀਆਂ ਵੱਲੋਂ ਮੈਸੀ ਨੂੰ ਮੈਚ ਰੱਦ ਨਾ ਕਰਨ ਦੀ ਸੂਰਤ 'ਚ (ਧਮਕੀ ਬਾਅਦ ਇਹ ਮੈਚ ਰੱਦ ਕਰ ਦਿੱਤਾ ਗਿਆ ਸੀ) ਮਾਰਨ ਦੀ ਧਮਕੀ ਦੇਣਾ ਅਤੇ ਰੂਸ ਅੰਦਰ ਹੋ ਰਹੇ ਸੰਸਾਰ ਕੱਪ ਦਾ ਵਿਰੋਧ ਹੋਣ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਬੰਬਾਂ ਦੇ ਛਾਏ ਹੇਠ ਮਨੋਰੰਜਨ ਦੇ ਨਾਂ ਹੇਠ ਖੇਡਾਂ ਦਾ ਵਪਾਰ ਕਰਨ ਅਤੇ ਉਸ ਵਪਾਰ ਤੇ ਮਨੋਰੰਜਨ ਦੀ ਆੜ ਹੇਠ ਸਾਮਰਾਜੀ ਤੇ ਵੱਡੇ ਸਰਮਾਏਦਾਰ ਦੇਸ਼ਾਂ ਦੁਆਰਾ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਬਜਾਏ ਅਰਬਾਂ ਡਾਲਰ ਜੰਗ ਵਿਰੋਧੀ ਨੀਤੀਆਂ ਦੀ ਬਜਾਏ ਨਿਜੀ ਕਾਰਪੋਰੇਸ਼ਨਾਂ ਦੇ ਮੁਨਾਫੇ ਵਧਾਉਣ ਲਈ ਜੁਟਾਉਣੇ, ਜੰਗ ਦੀ ਮਾਰ ਹੇਠ ਆਏ ਲੋਕਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਬਰਾਬਰ ਹਨ।

ਕੁੱਲ ਮਿਲਾ ਕੇ ਦੇਖਣਾ ਹੋਵੇ ਤਾਂ ਆਰਥਿਕ ਤੇ ਇਸ ਦੇ ਸਿਆਸੀ ਆਧਾਰ ਵਜੋਂ ਫੀਫਾ ਕਲੱਬ ਦੀ ਹੈਸੀਅਤ ਕਿਸੇ ਸੰਸਾਰਵਿਆਪੀ ਕਾਰਪੋਰੇਸ਼ਨ ਤੋਂ ਘੱਟ ਨਹੀਂ ਜਿਸ ਦਾ ਸੰਸਾਰਵਿਆਪੀ ਢਾਂਚਾ ਅਤੇ ਕੁੱਲ ਬਜਟ ਅਰਬਾਂ ਡਾਲਰ ਦਾ ਹੈ। ਇਸ ਵਾਰ ਇਸ ਦੀ ਕਮਾਈ ਦਾ ਅੰਕੜਾ 53 ਅਰਬ 49 ਕਰੋੜ ਰੁਪਏ ਦਾ ਹੈ। ਇਸ ਦੀਆਂ ਜੜ੍ਹਾਂ ਸਾਮਰਾਜੀ ਮੁਲਕਾਂ ਦੀਆਂ ਸਰਕਾਰਾਂ ਨੂੰ ਹੁੰਦੀ ਮੋਟੀ ਫੰਡਿੰਗ ਤੋਂ ਲੈ ਕੇ ਗਰੀਬ ਮੁਲਕਾਂ ਦੀਆਂ ਸਰਕਾਰਾਂ ਦੀ ਮਦਦ ਅਤੇ ਇਸ ਦੇ ਇਵਜ਼ 'ਚ ਉਹਨਾਂ ਨਾਲ ਹੁੰਦੇ ਸਮਝੌਤਿਆਂ ਤੱਕ ਫੈਲੀਆਂ ਹੋਈਆਂ ਹਨ।

# ਕਿਰਤੀ ਵੀਰਾਂਗਣਾਂ

ਇਹ ਪੰਜਾਬ ਦੀ ਸਮਾਜਕ ਅਤੇ ਸੱਭਿਆਚਾਰਕ ਵਿਰਾਸਤ ਦੀਆਂ ਮਾਲਕਣਾਂ ਕਿਰਤੀ ਵੀਰਾਂਗਣਾਂ ਹਨ। ਇਨ੍ਹਾਂ ਦੇ ਦੀਦਾਰ ਕਰਨ ਤੋਂ ਸਾਡੀ ਸਮਾਜਕਤਾ ਦਾ ਸ਼ੀਸ਼ਾ ਹਮੇਸ਼ਾ ਨਾਬਰ ਰਿਹਾ ਹੈ, ਰਾਜਨੀਤੀ ਨਾਕਾਮ, ਇਤਿਹਾਸ ਅਲਗਰਜ਼ ਅਤੇ ਦਰਸ਼ਨ ਬੇਦਰਦ ਰਿਹਾ ਹੈ। ਇਹ ਖੇਤਾਂ ਦੀਆਂ ਨਹੀਂ, ਖੇਤਾਂ ਦੇ ਵੱਟ ਬੰਨਿਆਂ ਦੀਆਂ ਅਸਲ ਧੀਆਂ, ਪੰਜਾਬ ਦੀਆਂ ਰਾਣੀਆਂ, ਪਟਰਾਣੀਆਂ ਜਾਂ ਮਹਾਰਾਣੀਆਂ ਹਨ। ਇਨ੍ਹਾਂ ਦੇ ਸਿਰਾਂ 'ਤੇ ਕਿਰਤ ਦੀ ਹਰਿਆਵਲ ਦਾ ਭਾਰ ਹੈ, ਜਿਸ ਵਿਚ ਪੰਜਾਬ ਦੀ ਪੋਢ਼ ਕਿਰਤ ਅਤੇ ਕਰਤੱਵ ਦਾ ਵਰਤਮਾਨ ਤੇ ਭਵਿੱਖ ਹੈ।

ਇਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਪਿੰਡ ਦਾ ਸਰਪੰਚ ਕੌਣ ਹੈ, ਗੁਰਦੁਆਰਾ ਕਮੇਟੀ ਦਾ ਪ੍ਰਧਾਨ ਕੌਣ ਹੈ, ਪੰਜਾਬ ਵਿਚ ਬਾਦਲ ਤੇ ਉਸ ਦੇ ਮੁੰਡੇ ਦਾ ਰਾਜ ਹੈ ਜਾਂ ਕੈਪਟਨ ਦਾ; ਦਿੱਲੀ ਦੀ ਹਕੂਮਤ ਮੋਦੀ ਕੋਲ ਹੈ ਜਾਂ ਮਨਮੋਹਨ ਸਿੰਘ ਕੋਲ? ਇਨ੍ਹਾਂ ਦੇ ਫਰਿਸ਼ਤਿਆਂ ਨੂੰ ਵੀ ਨਹੀਂ ਪਤਾ ਹੋਣਾ ਕਿ ਅਮਰੀਕਾ ਦਾ ਰਾਸ਼ਟਰਪਤੀ ਓਬਾਮਾ ਹੈ ਜਾਂ ਟਰੰਪ; ਇਹ ਟਰੂਡੋ ਨੂੰ ਵੀ ਨਹੀਂ ਜਾਣਦੀਆਂ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਇਨ੍ਹਾਂ ਨੂੰ ਇਲਮ ਨਹੀਂ ਕਿ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਵੀ, ਇਨ੍ਹਾਂ ਦੇ ਦੁੱਖ ਦਾ ਕਦੀ ਕਿਸੇ ਨੇ ਕੋਈ ਪਰਚਾ ਨਹੀਂ ਪੜ੍ਹਿਆ ਹੈ ਤੇ ਨਾ ਕਦੀ ਚਰਚਾ ਹੋਇਆ ਹੈ। ਇਹ ਕੀ ਜਾਣਨ ਕਿ ਪੰਜਾਬ ਵਿਚ ਕਿਰਤੀ ਦਾ ਅਰਥ ਹੁਣ ਜਿਮੀਂਦਾਰ ਹੋ ਗਿਆ ਹੈ ਤੇ ਜਿਮੀਂਦਾਰ ਦਾ ਕਿਰਤ ਨਾਲ ਕੋਈ ਤਾਅਲੁਕ ਨਹੀਂ।

ਇਹ ਨਹੀਂ ਜਾਣਦੀਆਂ ਕਿ ਅੰਨਾ ਹਜਾਰੇ ਕੌਣ ਹੈ, ਰਾਹੁਲ, ਸੋਨੀਆ ਜਾਂ ਵਾਡਰਾ ਕੌਣ ਹੈ, ਅਮਿਤ, ਜੇਤਲੀ, ਸੁਸ਼ਮਾ ਤੇ ਅਡਵਾਨੀ ਕੌਣ ਅਤੇ ਕਿੱਥੇ ਰਹਿੰਦੇ ਹਨ? ਨਾ ਇਹ ਪਾਤੰਜਲੀ ਜਾਨਣ, ਨਾ ਯੋਗਾ ਤੇ ਨਾ ਰਾਮਦੇਵ। ਇਹ ਕੀ ਜਾਣਨ ਕਿ ਹੁਣ ਆਟਾ ਕਣਕ ਦਾ ਨਹੀਂ, ਸ਼ਕਤੀ ਭੋਗ ਦਾ ਹੁੰਦਾ ਹੈ। ਇਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਸਿਰ 'ਤੇ ਚੁੱਕੀ ਘਾਹ ਦੀ ਪੰਡ ਤੇ ਘਰੇ ਖੁਰਲੀ 'ਤੇ ਖੜ੍ਹੀ ਲਵੇਰੀ ਦਾ ਮੋਦੀ ਨਾਲ ਕੀ ਰਿਸ਼ਤਾ ਹੈ? ਨਹੀਂ ਪਤਾ ਇਨ੍ਹਾਂ ਨੂੰ ਕਿ ਘਰ ਦਾ ਚੁਆਵਾਂ ਦੁੱਧ ਇਨ੍ਹਾਂ ਦੇ ਬੱਚੇ ਜਾਗਣ ਤੋਂ ਪਹਿਲਾਂ ਹੀ ਚੰਡੀਗੜ੍ਹ ਕਦੋਂ, ਕਿਵੇਂ ਤੇ ਕਿਉਂ ਪਹੁੰਚ ਜਾਂਦਾ ਹੈ?

ਕਿੱਥੇ ਪਤਾ ਹੋਣਾ ਵਿਚਾਰੀਆਂ ਨੂੰ ਕਿ ਦਿਨ ਬਦਿਨ ਕਿੰਨੇ ਕਾਂ ਤੇ ਕਿੰਨੀਆਂ ਗਿਰਝਾਂ ਇਕੱਠੀਆਂ ਹੋ ਰਹੀਆਂ ਹਨ, ਚੁਕਣ ਲਈ ਇਨ੍ਹਾਂ ਦੇ ਛਿੰਦਿਆਂ ਦੇ ਛੰਨਿਆਂ 'ਚ ਸੁੱਟੀ ਹੋਈ ਰਾਖਵੇਂਕਰਨ ਦੀ ਕੁਸੈਲੀ ਬੁਰਕੀ। ਉਨ੍ਹਾਂ ਨੂੰ ਤਾਂ ਆਪਣੀ ਕਿਸਮਤ ਦੇ ਚੋਰ, ਡਾਕੂ ਜਾਂ ਠੱਗ ਅੰਬਾਨੀ ਅਤੇ ਅਡਾਨੀ ਦਾ ਵੀ ਨਹੀਂ ਪਤਾ ਹੋਣਾ।

ਹੋਰ ਤਾਂ ਹੋਰ, ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਆਮ ਆਦਮੀ ਪਾਰਟੀ ਜਾਂ 'ਆਪ' ਕਿਸ ਬਲਾ ਦਾ ਨਾਂ ਹੈ। ਇਨ੍ਹਾਂ ਦੇ ਅੰਬਾਨੀ-ਅਡਾਨੀ ਤਾਂ ਪਿੰਡ ਵਿਚ ਹੀ ਰਹਿੰਦੇ ਹਨ, ਜਿਨ੍ਹਾਂ ਦੇ ਮੱਥੇ ਲੱਗਣਾ, ਇਨ੍ਹਾਂ ਲਈ ਵੱਡੀ ਬਦਸ਼ਗਨੀ ਜਾਂ ਅਧਰਮ ਹੈ।

ਇਨ੍ਹਾਂ ਦਾ ਸਾਡੀਆਂ ਅਖਬਾਰੀ ਸੁਰਖੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਕਿ ਪੈਟਰੋਲ ਦੀ ਕੀਮਤ ਕੀ ਹੈ, ਡਾਲਰ ਕਿੰਨਾ ਚੜ੍ਹ ਗਿਆ ਤੇ ਰੁਪਈਆ ਕਿੰਨਾ ਡਿਗ ਪਿਆ ਹੈ, ਜੀ. ਐਸ. ਟੀ. ਕਿੰਨੀ ਹੈ, ਸੋਨੇ-ਚਾਂਦੀ ਦਾ ਕੀ ਭਾ ਹੈ, ਕਿਥੇ ਕਦੋਂ ਚੋਣਾਂ ਹੋਈਆਂ, ਕਿਥੇ ਕਦੋਂ ਕੌਣ ਜਿੱਤਿਆ ਜਾਂ ਹਾਰਿਆ ਹੈ, ਵਰਲਡ ਕੱਪ, ਵਿੰਬਲਡਨ ਜਾਂ ਓਲੰਪਿਕ ਕਿਥੇ ਹੋਈ ਸੀ ਤੇ ਕਿੱਥੇ ਹੋਣੀ ਹੈ?

ਇਨ੍ਹਾਂ ਨੂੰ ਨਹੀਂ ਪਤਾ ਕਿ ਅੱਜ ਕਲ ਵਿਸ਼ਵ ਸੁੰਦਰੀ ਕੌਣ ਹੈ, ਨੰਬਰ ਵੰਨ ਐਕਟਰੈਸ ਕੌਣ ਹੈ ਤੇ ਕਿਸ ਦਾ ਕਿਸ ਨਾਲ ਕਦੋਂ ਦਾ ਚੱਕਰ ਚੱਲ ਰਿਹਾ ਹੈ? ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਇੰਡੀਅਨ ਆਈਡੋਲ, ਵਾਇਸ ਆਫ ਇੰਡੀਆ, ਸਾਰੇ ਗਾ ਮਾ ਪਾ ਦਾ ਵਿਜੇਤਾ ਕੌਣ ਹੈ? ਇਹ ਨਹੀਂ ਜਾਣਦੀਆਂ ਕਿ 'ਭਾਬੀ ਜੀ ਘਰ ਪੇ ਹੈਂ' ਕਿ ਨਹੀਂ, 'ਸਹੀ ਪਕੜੇ ਹੈਂ' ਕਿ ਗਲਤ। ਸ਼ੈਂਪੂ, ਬਾਥ, ਸਪਾ, ਸਕਿੰਨ ਕੇਅਰ, ਮੈਨੀਕੇਅਰ ਤੇ ਪੈਡੀਕੇਅਰ ਕਿਸ ਕੁੱਤੀ ਸ਼ੈਅ ਦਾ ਨਾਂ ਹੈ, ਸ਼ਾਇਦ ਇਨ੍ਹਾਂ ਨੂੰ ਸੱਤ ਜਨਮ ਹੋਰ, ਪਤਾ ਨਾ ਲੱਗੇ।

ਇਨ੍ਹਾਂ ਪਨੇਹਾਰਾਂ ਨੇ ਕਿੱਥੇ ਪੜ੍ਹੀ ਹੋਣੀ ਹੈ, 'ਵੀਰਾ ਜਿਉਂਨਾ ਰਹੇਂ' ਕਹਿਣ ਵਾਲੀ ਪ੍ਰੋ. ਮੋਹਨ ਸਿੰਘ ਦੀ 'ਕੁੜੀ ਪੋਠੋਹਾਰ ਦੀ।' ਇਨ੍ਹਾਂ ਨੂੰ ਸਿਰਫ ਇਹੀ ਪਤਾ ਹੈ ਕਿ ਇਨ੍ਹਾਂ ਦੇ ਸਿਰ ਦਾ ਭਾਰ ਅਤੇ ਦਰਦ ਕਦੀ ਘੱਟ ਨਹੀਂ ਹੋਵੇਗਾ ਤੇ ਨਾ ਇਸ ਭਾਰ ਦੀਆਂ ਕੀਮਤਾਂ ਕਦੀ ਵਧਣਗੀਆਂ ਜਾਂ ਘਟਣਗੀਆਂ ਤੇ ਇਨ੍ਹਾਂ ਦੀ ਮੁਸਕਾਨ ਵਿਚ ਛਿਪੀ ਥਕਾਨ ਕਦੀ ਘੱਟ ਨਹੀਂ ਹੋਵੇਗੀ ਤੇ ਨਾ ਕਦੀ ਕਿਸੇ ਨੂੰ ਨਜ਼ਰ ਆਵੇਗੀ। ਇਹ ਧਰਤੀ ਹੇਠਲੇ ਬੌਲਦ ਨਹੀਂ ਹਨ, ਇਹ ਤਾਂ ਧਰਤੀ 'ਤੇ ਰੇਂਗਦੀਆਂ ਉਹ ਕੂੰਜਾਂ ਹਨ, ਜੋ ਆਪਣੇ ਨਿਕੜੇ ਅਤੇ ਵਿਲਕਦੇ ਲਾਡਲਿਆਂ ਦੇ ਅਹਾਰ ਲਈ ਆਹਰ ਕਰਨ ਕਈ ਕਈ ਮੀਲ ਹਰ ਰੋਜ ਪੈਂਡਾ ਤੈਅ ਕਰਦੀਆਂ ਹਨ।

ਸਿਹਤ ਠੀਕ ਅਤੇ ਦੇਹ ਸੁਡੌਲ ਰੱਖਣ ਲਈ ਮਹਿੰਗੇ ਜਿਮ ਖਾਨਿਆਂ 'ਚ ਲੁੱਟ ਹੁੰਦੀਆਂ ਲੋਥਾਂ ਦੇ ਸਾਹਮਣੇ ਇਹ ਪੰਜਾਬ ਦੇ ਪਿੰਡਾਂ ਦੇ ਖੇਤਾਂ, ਬੰਨਿਆਂ, ਡੰਡੀਆਂ, ਫਿਰਨੀਆਂ ਤੇ ਸੜਕਾਂ 'ਤੇ ਕਿਰਤ ਅਤੇ ਮੁਸ਼ੱਕਤ ਕਰਦੀਆਂ ਉਹ ਦੇਵੀਆਂ ਹਨ, ਜਿਨ੍ਹਾਂ ਨੂੰ ਪ੍ਰੋ. ਪੂਰਨ ਸਿੰਘ ਨੇ 'ਸਪਿਰਟ ਬੌਰਨ ਪੀਪਲ' ਵਿਚ 'ਟੈਂਪਲ ਆਫ ਫਲੈਸ਼' ਲਿਖਿਆ ਹੈ।

ਇਨ੍ਹਾਂ ਦੇ ਜ਼ਿਹਨ ਮੁਕਤ ਹਨ ਫੇਸਬੁੱਕ, ਵੱਟਸਐਪ, ਜੀਓ ਜਾਂ ਫੋਰ ਜੀ ਦੀ ਬਿਮਾਰੀ ਤੋਂ। ਇਹ ਹਾਲੇ ਵੀ ਬਨੇਰੇ 'ਤੇ ਬੋਲਦੇ ਕਾਂ ਤੋਂ ਆਪਣੇ ਭੈਣ ਭਾਈ ਦੀ ਸੁੱਖ-ਸਾਂਦ ਪੁੱਛ ਅਤੇ ਦੱਸ ਲੈਂਦੀਆਂ



ਹਨ। ਇਨ੍ਹਾਂ ਲਈ ਬਾਜ਼ਾਰ ਦਾ ਅਰਥ ਕਿਸੇ ਦੀਪ, ਸੋਹਣ ਜਾਂ ਸਾਰੋ ਦੀ ਹੱਟੀ ਹੈ। ਇਨ੍ਹਾਂ ਲਈ ਮਹਿੰਗਾਈ ਦਾ ਸੂਚਕ ਅੰਕ ਸਿਰਫ ਲੂਣ, ਤੇਲ ਤੇ ਮਸਰਾਂ ਦੀ ਦਾਲ ਨਾਲ ਜੁੜਿਆ ਹੋਇਆ ਹੈ।

ਇਹ ਸਾਡੀ ਸੱਭਿਆਚਾਰਕ ਨਿਰੰਤਰਤਾ ਦੀ ਮੂੰਹ ਬੋਲਦੀ ਤਸਵੀਰ, ਉਹ ਦ੍ਰਿਸ਼ ਜਾਂ ਫਿਲਮ ਹੈ, ਜਿਸ ਵਿਚ ਹਜ਼ਾਰਾਂ ਸਾਲਾਂ ਤੋਂ ਕੋਈ ਵਕਫਾ, ਅੰਤਰਾਲ ਜਾਂ ਬਰੇਕ ਨਹੀਂ ਆਉਂਦੀ। ਇਨ੍ਹਾਂ ਨੂੰ ਰਾਤ ਨੂੰ ਸੁਪਨੇ ਵੀ ਸਿਰ 'ਤੇ ਚੁੱਕੀ ਪੰਡ ਸਮੇਤ ਹੀ ਆਉਂਦੇ ਹਨ। ਇਨ੍ਹਾਂ ਨੇ ਫੋਟੋ ਖਿਚਵਾਉਣ ਸਮੇਂ ਵੀ ਸਿਰੋਂ ਪੰਡ ਉਤਾਰਨੀ ਜਰੂਰੀ ਨਹੀਂ ਸਮਝੀ। ਨੰਗੇ ਪੈਰ ਜਾਂ ਪੈਰਾਂ ਦੀਆਂ ਚਪਲਾਂ ਇਨ੍ਹਾਂ ਦੇ ਯੁੱਗਾਂ ਦਾ ਇਤਿਹਾਸ ਲਿਖਦੀਆਂ ਹਨ। ਇਨ੍ਹਾਂ ਦੇ ਸਿੱਧੇ-ਸਾਦੇ ਸੂਟ ਅਤੇ ਮੈਲੇ-ਕੁਚੈਲੇ ਦੁਪੱਟੇ ਸਿੰਧੂ ਘਾਟੀ ਦੀ ਸੱਭਿਅਤਾ ਦੇ ਫੈਸ਼ਨ ਦੀ ਦੱਸ ਪਾਉਂਦੇ ਹਨ। ਇਨ੍ਹਾਂ ਲਈ ਫੈਸ਼ਨ ਵੀ ਰੱਬ ਜਿਹਾ ਸੱਚ ਹੈ, ਜੋ ਕਦੇ ਨਹੀਂ ਬਦਲਦਾ।

ਰਾਜਨੀਤਕ ਦਲ, ਸਰਕਾਰੀ ਹਜੂਮ ਅਤੇ ਗੈਰ ਸਰਕਾਰੀ ਭੀੜ ਵਿਚ ਗੱਜਦੇ, ਵੱਜਦੇ ਅਤੇ ਸਜਦੇ, ਜੈ ਹਿੰਦ, ਜੈ ਭਾਰਤ, ਜੈ ਭੀਮ, ਬੋਲੇ ਸੋ ਨਿਰਭੈ ਜਾਂ ਨਿਹਾਲ ਜਿਹੇ, ਦੰਮ ਤੋੜ ਚੁਕੇ ਨਾਅਰੇ ਇਨ੍ਹਾਂ ਦੀ ਕਿਸਮਤ ਦੇ ਦੁਆਰ ਖੁੱਲ੍ਹਣ ਅਤੇ ਕੰਨਾਂ ਦੀ ਸੁਣਨ ਸ਼ਕਤੀ ਤੋਂ ਉਰੇ ਉਰੇ ਹੀ ਆਪਣਾ ਮਾਣ ਤੇ ਤਾਣ ਗੁਆ ਲੈਂਦੇ ਹਨ।

ਜਿਸ ਨੂੰ ਅਸੀਂ ਹਿੰਦੁਸਤਾਨ ਜਾਂ ਭਾਰਤ ਕਹਿੰਦੇ ਹਾਂ, ਉਸ ਦਾ ਅਸਲ ਮਾਣ ਵੀ ਇਹ ਹਨ ਅਤੇ ਤਾਣ ਵੀ ਇਹੀ ਹਨ। ਹਿੰਦੁਸਤਾਨ ਦਾ ਅਸਲ ਇਤਿਹਾਸ ਇਨ੍ਹਾਂ ਤੋਂ ਅਰੰਭ ਹੋ ਕੇ ਇਨ੍ਹਾਂ 'ਤੇ ਹੀ ਸਮਾਪਤ ਹੁੰਦਾ ਹੈ। ਤੁਸੀਂ ਪੁੱਛੋਗੇ, ਕਿਵੇਂ? ਕਿਉਂਕਿ ਅੱਜ ਕਲ ਭਰਤੀ ਹੋਣ ਲਈ ਨਾ ਕਿਸਾਨ ਦਾ ਬੱਚਾ ਜਾਂਦਾ ਹੈ, ਨਾ ਵਿਦਵਾਨ ਦਾ, ਨਾ ਕਿਸੇ ਨੇਤਾ ਦਾ ਅਤੇ ਨਾ ਅਭਿਨੇਤਾ ਦਾ। ਇਸੇ ਲਈ ਹਿੰਦੁਸਤਾਨ ਦੀ ਸਮਾਜਕਤਾ ਦਾ ਅਸਲ ਗੌਰਵ ਅਤੇ ਮਾਣ ਉਨ੍ਹਾਂ ਦੇ ਸਿਰ 'ਤੇ ਚੁੱਕੀਆਂ ਭਾਰੀਆਂ ਪੰਡਾਂ ਤੋਂ ਅਰੰਭ ਹੋ ਕੇ ਸਾਡੇ ਰਾਜਸੀ ਮੁਗਾਲਤੇ ਲਈ ਸਰਹੱਦਾਂ 'ਤੇ ਨਿੱਤ ਮਰਨ ਵਾਲੇ ਇਨ੍ਹਾਂ ਦੇ ਲਾਡਲਿਆਂ 'ਤੇ ਮੁੱਕ ਜਾਂਦਾ ਹੈ।

ਜਿੱਥੇ ਇਹ ਵਿਆਹੀਆਂ ਹਨ, ਉਹ ਇਨ੍ਹਾਂ ਦਾ ਹਿੰਦੁਸਤਾਨ ਹੈ ਤੇ ਇਨ੍ਹਾਂ ਦਾ ਪੇਕਾ ਇਨ੍ਹਾਂ ਲਈ ਕੈਲੀਫੋਰਨੀਆ, ਟੋਰਾਂਟੋ, ਸਰੀ, ਨਿਊਜ਼ੀਲੈਂਡ ਜਾਂ ਦੁਬਈ ਹੈ, ਜਿਥੇ ਇਹ ਕਦੀ ਕਦਾਈਂ ਜਾਂਦੀਆਂ ਹਨ ਅਤੇ ਜਿਥੇ ਇਨ੍ਹਾਂ ਦੇ ਮਾਪੇ ਨਹੀਂ, ਬਲਕਿ ਚਿਰੋਕਣੇ ਪਏ ਕੰਮ ਉਡੀਕ ਰਹੇ ਹੁੰਦੇ ਹਨ ਕਿ 'ਕੁੜੀ ਆਈ ਤਾਂ ਕਰੂਗੀ।' ਸੱਠ ਸੱਠ ਸਾਲ ਪੁਰਾਣੇ ਸਾਈਕਲ ਦਾ ਕੈਰੀਅਰ ਇਨ੍ਹਾਂ ਲਈ ਏਅਰਵੇਜ਼ ਹੈ, ਜਿਸ ਦਾ ਝੂਟਾ ਇਨ੍ਹਾਂ ਲਈ ਸਵਰਗ ਦੇ ਝੂਟੇ ਤੋਂ ਘੱਟ ਨਹੀਂ ਹੁੰਦਾ, ਜਿਸ ਦਾ ਪਾਇਲਟ, ਇਨ੍ਹਾਂ ਨੂੰ ਸਦਾ ਘੂਰਦਾ ਅਤੇ ਝੂਰਦਾ ਕੋਈ ਹੋਰ ਨਹੀਂ, ਇਨ੍ਹਾਂ ਦਾ ਉਦਾਸ ਪਤੀ ਹੁੰਦਾ ਹੈ।

ਕਿਸੇ ਸੰਤ ਮਹਾਤਮਾ ਦੀ ਕਥਾ, ਵਿਦਵਾਨ ਦੀ ਵਿਦਵਤਾ ਇਨ੍ਹਾਂ ਦੇ ਦੁੱਖ ਤੋਂ ਹਮੇਸ਼ਾ ਅਭਿੱਜ ਰਹਿੰਦੀ ਹੈ। ਛੱਬੀ ਜਨਵਰੀ ਤੇ ਪੰਦਰਾਂ ਅਗਸਤ ਨੂੰ ਲਾਲ ਕਿਲੇ ਦੀ ਫਸੀਲ 'ਤੇ ਲਿਖਿਆ, ਪੜ੍ਹਿਆ ਜਾਂ ਬੋਲਿਆ ਜਾਂਦਾ 'ਚੁਟਕਲਾ' ਇਨ੍ਹਾਂ ਦੇ ਮੁੱਖੜੇ ਦੀ ਮੁਸਕਾਨ ਵਿਚ ਰੱਤੀ ਭਰ ਵੀ ਵਾਧਾ ਨਹੀਂ ਕਰਦਾ।

ਇਨ੍ਹਾਂ ਨੇ ਸ਼ਾਇਦ ਹੀ ਕਦੀ ਤਿਰੰਗੇ ਦੇ ਦਰਸ਼ਨ ਕੀਤੇ ਹੋਣ। ਇਨ੍ਹਾਂ ਦਾ ਵਾਹ ਸਿਰਫ ਇੱਕ ਰੰਗ ਨਾਲ ਹੀ ਪੈਂਦਾ ਹੈ, ਉਹ ਹੈ, ਹਰਾ ਰੰਗ। ਲੇਕਿਨ ਉਹ ਹਰਾ ਰੰਗ ਕਿਸੇ ਦੁਪੱਟੇ, ਸੂਟ, ਸਬਜ਼ੀ ਜਾਂ ਫਰੂਟ ਦਾ ਨਹੀਂ, ਸਗੋਂ ਪਿੰਡ ਦੇ ਵੱਟ-ਬੰਨਿਆਂ 'ਤੇ ਉਗੇ ਘਾਹ ਦਾ ਰੰਗ ਹੈ। ਇਨ੍ਹਾਂ ਦੀ ਮੁਸਕਾਨ ਲਵੇਰੇ ਜੋਗੀ ਉਸੇ ਹਰੀ ਹਰੀ ਘਾਹ ਦੀ ਮੁਥਾਜ ਹੈ, ਜਿਸ ਨਾਲ ਇਨ੍ਹਾਂ ਵੀਰਾਂਗਣਾਂ ਨੂੰ ਘਰ ਵਿਚ ਨਸੀਬ ਹੁੰਦੀ ਹੈ, ਮਾੜੀ ਮੋਟੀ ਇੱਜਤ।

ਇੱਜਤ ਤੋਂ ਯਾਦ ਆਇਆ, ਇਨ੍ਹਾਂ ਅਭਾਗਣਾਂ ਦੀ ਜ਼ਿੰਦਗੀ ਵਿਚ ਕਦੀ ਕਦੀ ਜਪਾਨੀ ਹਾਰਾਕੀਰੀ ਵਰਗੇ ਮਹਾਂ ਦੁਖਦਾਈ ਉਹ ਪਲ ਵੀ ਆ ਜਾਂਦੇ ਹਨ, ਜਦ ਇਨ੍ਹਾਂ ਲਈ ਆਪਣੀ ਇੱਜਤ ਆਬਰੂ ਦੇ ਅਰਥ ਅਤੇ ਕੀਮਤ, ਪੱਠਿਆਂ ਦੀ ਇਕ ਪੰਡ ਤੱਕ ਸਿਮਟ ਕੇ ਰਹਿ ਜਾਂਦੀ ਹੈ। ਪਾਪੀ ਪੇਟ ਦਾ ਸਵਾਲ ਹੀ ਕੁਝ ਐਸਾ ਹੈ।

ਇਨ੍ਹਾਂ ਦੇ ਬੱਚਿਆਂ ਦਾ ਹਮੇਸ਼ਾ ਪੁੱਛਿਆ ਜਾਂਦਾ ਸਿਰਫ ਇਕ ਹੀ ਸਵਾਲ ਹੁੰਦਾ ਹੈ, 'ਅੱਜ ਕੀ ਬਣਿਆ?' ਮੈਂ ਇਕ ਅਜਿਹੇ ਅਭਾਗੇ ਨੂੰ ਜਾਣਦਾ ਹਾਂ, ਜੋ ਆਪਣੀ ਮਾਂ ਨੂੰ ਇੱਕ ਵਾਰ ਇਸ ਤੋਂ ਅਗਲਾ ਸਵਾਲ ਪੁੱਛ ਬੈਠਾ ਕਿ ਰੋਟੀ ਕਾਹਦੇ ਨਾਲ ਖਾਣੀ ਹੈ ਤਾਂ ਮਾਂ ਨੇ ਅੱਤ ਦੀ ਲਾਚਾਰੀ, ਹਾਸੇ ਅਤੇ ਗੁੱਸੇ ਵਿਚ ਆਖ ਦਿੱਤਾ ਸੀ ਕਿ 'ਮੂੰਹ ਨਾਲ।' ਮੈਂ ਇੱਕ ਹੋਰ ਅਜਿਹੇ ਚੰਦਰੇ ਦਾ ਵੀ ਵਾਕਿਫ ਹਾਂ, ਜਿਸ ਦੀ ਮਾਂ ਜਦ ਕਿਤੇ ਉਸ ਨੂੰ ਕਿਸੇ ਨਿੱਕੇ ਮੋਟੇ ਕੰਮ ਲਈ ਆਵਾਜ਼ ਮਾਰਦੀ ਤਾਂ ਉਹ ਅੱਗਿਓਂ 'ਖਾਣਾ' ਕਹਿ ਕੇ ਆਪਣੀ ਮਾਂ ਦਾ ਮੂੰਹ ਚਿੜਾਉਂਦਾ ਸੀ; ਜਿਸ ਨੂੰ ਸੁਣ ਕੇ ਸਬਰ ਸੰਤੋਖ ਦੀ ਮੂਰਤ ਅਭਾਗੀ ਮਾਂ ਉਹ ਨਿੱਕਾ ਮੋਟਾ ਕੰਮ ਆਪ ਹੀ ਕਰ ਲੈਂਦੀ ਸੀ।

ਇਹ ਦੁਖਾਂਤ ਮੇਰੇ ਘਰ ਦਾ, ਮੇਰੇ ਪਿੰਡ ਦਾ, ਮੇਰੇ ਪੰਜਾਬ ਦਾ, ਮੇਰੇ ਹਿੰਦੁਸਤਾਨ ਦਾ ਹੈ। ਇਹ ਦੁਖਾਂਤ ਸਾਡੀ ਕਮਜ਼ੋਰੀ ਹੈ, ਜੋ ਸਾਡੀ ਅਸਲ ਤਾਕਤ ਹੈ। ਦੇਖੋ, ਅਸੀਂ ਕਿਤਨੇ ਤਕੜੇ, ਸਟਰੌਂਗ ਜਾਂ ਪਾਵਰਫੁੱਲ ਹਾਂ। ਕੌਣ ਮੁਕਾਬਲਾ ਕਰ ਸਕਦਾ ਹੈ, ਸਾਡਾ! ਇੰਨੀ ਕਮਜ਼ੋਰੀ, ਲਾਚਾਰੀ ਅਤੇ ਗੁਰਬਤ ਦੇ ਮੁਕਾਬਲੇ ਵਿਚ! ਸ਼ਾਇਦ ਆਉਣ ਵਾਲੇ ਸਾਲਾਂ ਵਿਚ ਭਾਰਤ ਨੂੰ ਕੰਗਾਲੀ ਦਾ ਬਾਪ ਐਲਾਨ ਦਿੱਤਾ ਜਾਵੇ।

ਚਲੋ ਛੱਡੋ, ਆਉ, ਇਨ੍ਹਾਂ ਧੁੰਦਲੇ ਚਿਹਰਿਆਂ ਵਿਚੋਂ ਆਪਣਿਆਂ ਬੇਪਛਾਣ ਮਾਂਵਾਂ, ਭੈਣਾਂ, ਚਾਚੀਆਂ, ਤਾਈਆਂ, ਭੂਆ, ਮਾਸੀਆਂ ਦੇ ਦੀਦਾਰ ਕਰੀਏ ਅਤੇ ਇਨ੍ਹਾਂ ਦੇ ਪੈਰ ਛੂਹੀਏ, ਪ੍ਰਣਾਮ ਕਰੀਏ ਤੇ ਸਤਿਕਾਰ ਦੇਈਏ। ਸਦਾ ਸਦਾ ਮੁਬਾਇਲ, ਕਿਰਤ ਮੰਦਿਰ ਦੀਆਂ ਵੀਰਾਂਗਣਾਂ ਨੂੰ ਸਦ ਸਦ ਪ੍ਰਣਾਮ।

# ਬਾਲੜੀਆਂ ਦੇ ਬਲਾਤਕਾਰੀਆਂ ਨੂੰ ਕਿਹੋ ਜਿਹੀ ਸਜ਼ਾ ਹੋਵੇ?

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਬਾਹਰਲੇ ਦੇਸ਼ਾਂ ਦੀਆਂ ਖਬਰਾਂ ਸਾਡੇ ਕੋਲ ਛਣ ਕੇ ਪਹੁੰਚਦੀਆਂ ਹਨ ਪਰ ਆਪਣੇ ਦੇਸ਼ ਵਿਚ ਬਲਾਤਕਾਰ, ਰਿਸ਼ਵਤ ਤੇ ਕਤਲਾਂ ਦੇ ਸਮਾਚਾਰ ਏਨੇ ਵਧ ਗਏ ਹਨ ਕਿ ਪੜ੍ਹ-ਸੁਣ ਕੇ ਹੈਰਾਨ ਹੋ ਜਾਈਦਾ ਹੈ। ਖਾਸ ਕਰਕੇ ਬਲਾਤਕਾਰ ਦੇ, ਜਿੱਥੇ ਅੱਠ-ਦੱਸ ਵਰ੍ਹੇ ਦੀਆਂ ਬਾਲੜੀਆਂ ਵੀ ਨਹੀਂ ਬਖਸ਼ੀਆਂ ਜਾਂਦੀਆਂ। ਪਿਛਲੇ ਦਿਨਾਂ ਵਿਚ ਅਜਿਹੇ ਦੋਸ਼ੀਆਂ ਨੂੰ ਉਮਰ ਕੈਦ ਜਾਂ ਮੌਤ ਦੀ ਸਜ਼ਾ ਦੇਣ ਦਾ ਕਾਨੂੰਨ ਪਾਸ ਹੋਇਆ ਹੈ। ਜਾਪਦਾ ਹੈ, ਇਹ ਸਜ਼ਾ ਵੀ ਕਾਫੀ ਨਹੀਂ। ਇੱਕ ਦੋਸ਼ੀ ਨੇ ਅੱਠ ਸਾਲ ਦੀ ਬੱਚੀ ਨੂੰ ਕਤਲ ਕਰਨ ਤੋਂ ਪਹਿਲਾਂ ਉਸ ਨਾਲ ਘੰਟੇ-ਦੋ ਘੰਟੇ ਦੇ ਅੰਤਰ ਨਾਲ ਤਿੰਨ ਵਾਰੀ ਬਲਾਤਕਾਰ ਕੀਤਾ ਤੇ ਇੱਕ ਹੋਰ ਦੋਸ਼ੀ ਨੇ ਉਨੀ ਹੀ ਉਮਰ ਦੀ ਹੋਰ ਬਾਲੜੀ ਨਾਲ ਬਲਾਤਕਾਰ ਕਰਕੇ ਉਸ ਦੀ ਲਾਸ਼ ਦੇ ਟੁਕੜੇ ਕਰਕੇ ਅਲਮਾਰੀ ਵਿਚ ਸੁੱਟ ਦਿੱਤੇ। ਇਨ੍ਹਾਂ ਦੋਸ਼ੀਆਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਫਾਂਸੀ ਨਾ ਲੱਗੀ ਤਾਂ ਉਮਰ ਕੈਦ ਤਾਂ ਹੋ ਹੀ ਸਕਦੀ ਹੈ। ਉਹ ਸ਼ਾਇਦ ਇਹੀਓ ਚਾਹੁੰਦੇ ਹਨ। ਫਾਂਸੀ ਉਨ੍ਹਾਂ ਲਈ ਮੁਕਤੀ ਹੈ ਤੇ ਉਮਰ ਕੈਦ ਜ਼ਿੰਦਗੀ ਭਰ ਦੀ ਰੋਟੀ।



ਕਾਨੂੰਨਦਾਨਾਂ ਦਾ ਫਰਜ਼ ਹੈ ਕਿ ਉਹ ਅਜਿਹੇ ਦੋਸ਼ੀਆਂ ਲਈ ਅਜਿਹੀ ਸਜ਼ਾ ਸੋਚਣ, ਜੋ ਸੁਣ-ਦੇਖ ਕੇ ਭਵਿੱਖ ਦੇ ਦੋਸ਼ੀਆਂ ਨੂੰ ਕੰਨ ਹੋਣ। ਜਨਤਕ ਤਸੀਹੇ ਦੇਣ ਦੀ ਨੌਬਤ ਆ ਗਈ ਜਾਪਦੀ ਹੈ। ਇਸ ਤਰ੍ਹਾਂ ਦੇ ਤਸੀਹੇ ਨਹੀਂ, ਜਿਨ੍ਹਾਂ ਨਾਲ ਇੱਕ ਅੱਧ ਦਿਨ ਵਿਚ ਹੀ ਦੋਸ਼ੀ ਬੇਹੋਸ਼ ਹੋ ਜਾਵੇ, ਸਗੋਂ ਇਸ ਤਰ੍ਹਾਂ ਦੇ, ਜਿਨ੍ਹਾਂ ਵਿਚ ਉਸ ਨੂੰ ਹੋਸ਼ ਹਵਾਸ ਵਿਚ ਤੜਪਦੇ ਦਿਖਾਇਆ ਜਾਵੇ ਤੇ ਉਹ ਵੀ ਕੇਵਲ ਇੱਕ-ਦੋ ਦਿਨ ਨਹੀਂ, ਇੱਕ-ਦੋ ਮਹੀਨੇ। ਇਹ ਦ੍ਰਿਸ਼ ਦੂਰਦਰਸ਼ਨ ਅਤੇ ਹੋਰ ਚੈਨਲਾਂ ਉਤੇ ਸਾਕਾਰ ਪੇਸ਼ ਹੋਵੇ ਤਾਂ ਕਿ ਭਵਿਖ ਦੇ ਬਲਾਤਕਾਰੀ ਨੂੰ ਉਸ ਦੀ ਤੜਪ ਤੇ ਚੀਕ ਚਿਹਾੜਾ ਅੱਖੀਂ ਨਜ਼ਰ ਆਵੇ।

ਮੈਂ ਮੰਨਦਾ ਹਾਂ ਕਿ ਇਸ ਤਰ੍ਹਾਂ ਦੀ ਸਜ਼ਾ ਅੱਜ ਕਲ ਪੁਰਾਤਨ ਮੰਨੀ ਜਾਂਦੀ ਹੈ, ਫੇਰ ਵੀ ਅਜ਼ਮਾਉਣ ਦਾ ਕੋਈ ਹਰਜ ਨਹੀਂ। ਕਾਰਗਰ ਹੋ ਸਕਦੀ ਹੈ।

**ਪ੍ਰਣਬ ਮੁਖਰਜੀ ਦੀ ਭਗਵੀਂ ਫੇਰੀ:** ਦੇਸ਼ ਦੇ ਸਾਬਕਾ ਰਾਸ਼ਟਰਪਤੀ ਤੇ ਕਾਂਗਰਸ ਪਾਰਟੀ ਦੇ ਉਘੇ ਨੇਤਾ ਪ੍ਰਣਬ ਮੁਖਰਜੀ ਦਾ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਦੇ ਵਿਹੜੇ ਜਾਣਾ ਮੀਡੀਆ ਦਾ ਭਖਵਾਂ ਵਿਸ਼ਾ ਬਣਿਆ ਹੈ। ਰੇਡੀਓ, ਟੀ. ਵੀ. ਜਿਹੇ ਸਰਕਾਰੀ ਮੀਡੀਆ ਦਾ ਇਸ ਫੇਰੀ ਨੂੰ ਚਮਕਾਉਣਾ ਤਾਂ ਸਮਝ ਆਉਂਦਾ ਹੈ ਪਰ ਸੁਤੰਤਰ ਮੀਡੀਆ ਦਾ ਉਕਾ ਹੀ ਨਹੀਂ। ਪਹਿਲੀ ਗੱਲ ਤਾਂ ਇਹ ਕਿ ਮੁਖਰਜੀ ਕੋਲ ਅੱਜ ਕਲ ਕੋਈ ਪਦਵੀ ਨਹੀਂ, ਉਹ ਵੱਡੇ ਦੇਸ਼ ਦਾ ਨਾਗਰਿਕ ਹੈ। ਜੇ ਉਸ ਨੇ ਭਗਵੀਂ ਪਾਰਟੀ ਦੀ ਪ੍ਰਾਹੁਣਚਾਰੀ ਪ੍ਰਵਾਨ ਕੀਤੀ ਸੀ ਤਾਂ ਮਾੜਾ ਮੋਟਾ ਸਰੂਪ ਬਦਲਨਾ ਵੀ ਕੋਈ ਅਲੋਕਾਰ ਗੱਲ ਨਹੀਂ। ਸੰਘੀਆਂ ਵਲੋਂ ਇਸ ਸਭ ਕਾਸੇ ਦਾ ਦਿਖਾਵਾ ਕਰਨਾ ਹੋਛਾ ਤਾਂ ਹੈ ਪਰ ਇਸ ਤਰ੍ਹਾਂ ਦਾ ਹੋਛਾਪਨ ਰਾਜਨੀਤੀ ਵਿਚ ਚਲਦਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਮੁਖਰਜੀ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਜਾਂ ਸੰਵਿਧਾਨ ਦੀ ਕਿਸੇ ਧਾਰਾ ਨੂੰ ਅਣਦੇਖਿਆਂ ਕੀਤਾ ਹੈ ਜਾਂ ਨਹੀਂ। ਉਸ ਦਾ ਸਾਰਾ ਭਾਸ਼ਣ ਹਰ ਪੱਖ ਤੋਂ ਦਿਸ਼ਾਵਾਨ ਸੀ। ਭਾਸ਼ਣ ਵਿਚ ਦਿੱਤੇ ਗਏ ਅੰਕੜੇ ਇਸ ਦੇ ਗਵਾਹ ਹਨ। ਜਿਹੜੇ ਕਾਂਗਰਸੀ ਇਸ ਫੇਰੀ ਦਾ ਬੁਰਾ ਮਨਾ ਰਹੇ ਹਨ, ਹੋਛੇ ਨਹੀਂ ਤਾਂ ਹੌਲੇ ਤੇ ਅਗਿਆਨੀ ਜ਼ਰੂਰ ਹਨ।

ਮੈਂ ਦੋ ਅਖਬਾਰਾਂ ਦਾ ਸੰਪਾਦਕ ਰਿਹਾ ਹਾਂ। ਇੱਕ ਅਖਬਾਰ ਮਾਰਕਸਵਾਦੀ ਪਾਰਟੀ ਦਾ ਸੀ। ਦੀਵਾਲੀ ਵਾਲੇ ਦਿਨ ਸੁਰਜੀਤ ਸਿੰਘ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਕ੍ਰਮਵਾਰ ਮੇਰੇ ਲਈ ਤੁਹਫੇ ਲੈ ਕੇ ਮੇਰੇ ਘਰ ਫੇਰੀ ਪਾਉਣ ਆਏ, ਅਣ ਸੱਦੇ। ਮੇਰੇ ਘਰ ਦੇ ਬਜ਼ੁਰਗਾਂ ਨੂੰ ਗੋਡੀਂ ਹੱਥ ਲਾ ਕੇ ਮਿਲੇ। ਦੁਨੀਆਂ ਜਾਣਦੀ ਹੈ ਕਿ ਉਨ੍ਹਾਂ ਨੇ ਆਪਣਾ ਮੱਤ ਨਹੀਂ ਬਦਲਿਆ। ਸਾਬਕਾ ਰਾਸ਼ਟਰਪਤੀ ਤਾਂ ਸੱਦੇ ਉਤੇ ਗਿਆ ਸੀ, ਤੇ ਉਸ ਨੇ ਇਸ ਫੇਰੀ ਦਾ ਲਾਭ ਉਠਾ ਕੇ, ਆਪਣੀ ਧਾਰਨਾ ਉਤੇ ਰੱਜ ਕੇ ਪਹਿਰਾ ਦਿੱਤਾ। ਉਹਦੇ ਕੋਲੋਂ ਇਹ ਮੰਗ ਕਰਨੀ ਜਾਂ ਆਸ ਰੱਖਣੀ ਕਿ ਨਿਸ਼ੰਘੀਆਂ ਦੇ ਇਕੱਲੇ-ਇਕੱਲੇ ਨੁਕਤੇ ਦਾ ਜਵਾਬ ਦਿੰਦਾ, ਹੋਰ ਵੀ ਬੇਤੁਕਾ ਹੈ।

**ਮਾਲਦੀਵ ਦਾ ਭਾਰਤ, ਚੀਨ ਤੇ ਪਾਕਿਸਤਾਨ:** ਪਿਛਲੇ ਹਫਤੇ ਮੈਂ ਆਪਣੀ ਸਵੈਜੀਵਨੀ ਦਾ 1976 ਦੀ ਮਾਲਦੀਵ ਫੇਰੀ ਵਾਲਾ ਕਾਂਡ ਲਿਖ ਰਿਹਾ ਸਾਂ ਕਿ ਸਵੇਰ ਦੀਆਂ ਅਖਬਾਰਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੀਨ ਦੇ ਰਾਸ਼ਟਰਪਤੀ ਜ਼ਿਨਪਿੰਗ ਦੀ ਮਿਲਣੀ ਦੇ ਦ੍ਰਿਸ਼ ਵੇਖੇ। ਇਹ ਤਾਂ ਸਾਰੇ ਜਾਣਦੇ ਹਨ ਕਿ ਭਾਰਤੀ ਪ੍ਰਧਾਨ ਮੰਤਰੀ ਨੂੰ ਦੁਨੀਆਂ ਦੇਖਣ ਦਾ ਸ਼ੌਕ ਹੈ ਪਰ ਇਹ ਪਤਾ ਨਹੀਂ ਲਗ ਰਿਹਾ ਕਿ ਉਸ ਨੂੰ ਆਪਣੇ ਦੇਸ਼ ਨਾਲ ਕਿੰਨਾ ਕੁ ਹਿੱਤ ਹੈ। ਆਪਾਂ ਮਾਲਦੀਵ ਦਾ ਪ੍ਰਮਾਣ ਲਈਏ ਜੋ ਭਾਰਤ ਦੇ ਪੈਰਾਂ ਵਿਚ ਅਤਿਅੰਤ ਨੇੜੇ ਦਾ ਦੇਸ਼ ਹੈ। ਸਮੁੰਦਰ ਵਿਚ ਡੁਬਕੀਆਂ ਖਾਂਦਾ ਇਹ ਨਿਕਚੂ ਜਿਹਾ ਦੇਸ਼ ਏਨਾ ਲੋੜਵੰਦ ਹੈ ਕਿ ਹਰ ਵੱਡੀ ਤਾਕਤ ਨਾਲ ਬਣਾ ਕੇ ਰਖਦਾ ਹੈ। 1976 ਵਿਚ ਇਸ ਦੇਸ਼ ਲਈ ਕਣਕ ਪੂਰਬੀ ਯੂਰਪ ਤੋਂ ਆਉਂਦੀ ਸੀ। ਚੌਲ ਬਰਮਾ ਤੋਂ, ਮੁਰਗੇ ਅਮਰੀਕਾ ਤੋਂ, ਸਬਜ਼ੀਆਂ ਪਛਮੀ ਜਰਮਨੀ ਤੋਂ ਅਤੇ ਲੂਣ, ਖੰਡ, ਦਵਾਈਆਂ ਭਾਰਤ ਤੋਂ। ਸਾਰੇ ਦੇ ਸਾਰੇ ਦੇਸ਼ ਮਾਲਦੀਵ ਨਾਲ ਸਾਂਝ ਪਾਉਣ ਦੇ ਇੱਛਕ ਸਨ। ਅੱਜ ਚੀਨ ਅਤੇ ਪਾਕਿਸਤਾਨ ਵੀ ਇਥੇ ਪੈਰ ਪਸਾਰ ਰਹੇ ਹਨ। ਪਾਕਿਸਤਾਨ ਇਥੋਂ ਦੀ ਮੁਸਲਮਾਨ ਵਸੋਂ ਨੂੰ ਆਪਣੇ ਨਾਲ ਗੰਢਣਾ ਚਾਹੁੰਦਾ ਹੈ ਕਿਉਂਕਿ ਇਥੇ ਸਾਰੇ ਵਸਨੀਕ ਮੁਸਲਮਾਨ ਹਨ। ਸੌ ਪ੍ਰਤੀਸ਼ਤ। ਚੀਨ ਇਸ ਲਈ ਇਥੇ ਪੈਰ ਟਿਕਾ ਰਿਹਾ ਹੈ ਕਿ ਭਾਰਤ ਉਤੇ ਭਾਰੂ ਹੋਣ ਦੀ ਸਥਿਤੀ ਵਿਚ ਇਸ ਨੂੰ ਪਟੜੇ ਵਜੋਂ ਵਰਤ ਸਕੇ। ਭਾਰਤ ਦੀ ਵਰਤਮਾਨ ਸਰਕਾਰ ਨੂੰ ਇਹ ਕੁਝ ਨਹੀਂ ਦਿਖਾਈ ਦੇ ਰਿਹਾ।

4 ਜੂਨ 2018 ਨੂੰ ਮਾਲਦੀਵ ਸਰਕਾਰ ਦੇ ਉਘੇ ਨੇਤਾ ਅਹਿਮਦ ਨਿਹਾਨ ਨੂੰ ਕੋਲੰਬੋ ਜਾਣ ਲਈ ਚੇਨੱਈ ਦਾ ਰੂਟ ਲੈਣ ਤੋਂ ਰੋਕਣਾ, ਇਸ ਦਾ ਪ੍ਰਮਾਣ ਹੈ। ਕੱਲ ਤੱਕ ਭਾਰਤ ਮਾਲਦੀਵ ਦੀ ਫੌਜੀ ਮਹੱਤਤਾ ਤੋਂ ਜਾਣੂ ਰਿਹਾ ਹੈ ਤੇ ਮੌਜੂਦਾ ਪ੍ਰਧਾਨ ਮੰਤਰੀ ਦਾ ਮਾਲਦੀਵ ਤੋਂ ਬਿਨਾ ਸੰਸਾਰ ਦੇ ਸਾਰੇ ਦੇਸ਼ਾਂ ਦਾ ਗਮਨ ਕਰਨਾ ਇਸ ਮਹੱਤਤਾ ਨੂੰ ਨਜ਼ਰ ਅੰਦਾਜ਼ ਕਰਨਾ ਨਹੀਂ ਤਾਂ ਹੋਰ ਕੀ ਹੈ? ਕੀ ਮੋਦੀ ਦੀ ਤਾਜ਼ਾ ਚੀਨ ਫੇਰੀ ਚੀਨ ਨੂੰ ਮਾਲਦੀਵ 'ਚ ਪੈਰ ਪਸਾਰਨ ਤੋਂ ਰੋਕ ਸਕੇਗੀ, ਸੋਚਣ ਵਾਲੀ ਗੱਲ ਹੈ!

**ਅੰਤਿਕਾ: ਮਿਰਜ਼ਾ ਗਾਲਿਬ**

ਨਾ ਪੂਛ ਕਿ ਕਿਆ ਹਾਲ ਹੈ
ਮੇਰਾ ਤੇਰੇ ਪੀਛੇ,
ਤੂ ਦੇਖ ਕਿ ਕਿਆ ਰੰਗ ਹੈ
ਤੇਰਾ ਮੇਰੇ ਆਗੇ।

# ਸਾਕਾ ਨੀਲਾ ਤਾਰਾ

***ਬਰਤਾਨੀਆ (ਇੰਗਲੈਂਡ) ਦੀ ਅਦਾਲਤ ਵੱਲੋਂ 34 ਵਰ੍ਹੇ ਪਹਿਲਾਂ ਹੋਏ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਸਰਕਾਰ ਦੀ ਸ਼ਮੂਲੀਅਤ ਤੋਂ ਪਰਦੇ ਚੁੱਕਣ ਵਾਲੀਆਂ ਫਾਈਲਾਂ ਜਨਤਕ ਕਰਨ ਦੇ ਫੈਸਲੇ ਨੇ ਇਹ ਮਾਮਲਾ ਕੌਮਾਂਤਰੀ ਪੱਧਰ 'ਤੇ ਮੁੜ ਭਖਾ ਦਿੱਤਾ ਹੈ। ਸਾਢੇ ਤਿੰਨ ਦਹਾਕਿਆਂ ਬਾਅਦ ਵੀ ਹਰ ਸੰਜੀਦਾ ਸ਼ਖਸ ਅਤੇ ਸਿੱਖ ਦੇ ਮਨ ਵਿਚ ਅਚੇਤ ਜਾਂ ਸੁਚੇਤ ਇਹ ਘੱਲੂਘਾਰਾ ਅੱਜ ਵੀ ਜਾਗ ਰਿਹਾ ਹੈ। ਵਿਚਾਰਨ ਵਾਲਾ ਮਸਲਾ ਇਹ ਹੈ ਕਿ ਉਸ ਵਕਤ ਆਮ ਸਿੱਖ ਮਨ ਉਤੇ ਕੀ ਕੀ ਬੀਤੀ? ਜਿਨ੍ਹਾਂ ਜਿਉੜਿਆਂ ਦਾ ਚਲੰਤ ਸਿੱਖ ਸਿਆਸਤ ਨਾਲ ਬਹੁਤਾ ਵਾਹ-ਵਾਸਤਾ ਵੀ ਨਹੀਂ ਸੀ, ਉਹ ਸਭ ਵੀ ਉਸ ਪਾਸੇ ਉਲਰ ਪਏ। ਪੰਜਾਬੀ ਦੇ ਪ੍ਰਸਿਧ ਕਵੀ (ਮਰਹੂਮ) ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦੀ ਇਹ ਰਚਨਾ ਸਾਕੇ ਤੋਂ ਨੌਂ ਵਰ੍ਹਿਆਂ ਬਾਅਦ ਦੀ ਹੈ ਪਰ ਇਸ ਵਿਚ ਪਰੋਈ ਚੀਸ ਅੱਜ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਰਚਨਾ ਵਿਚ ਕਵੀ-ਮਨ ਅਤੇ ਬਾਲ-ਮਨ ਵਾਲੀ ਤੜਫਾਹਟ ਸੱਚਮੁੱਚ ਰੁਦਨ ਪੈਦਾ ਕਰਦੀ ਹੈ। ਇਹ ਸਿਆਸਤ ਤੋਂ ਪਾਰ ਜਾ ਕੇ ਕੀਤੀ ਗਈ ਗੱਲ ਹੈ। ਇਸੇ ਕਰ ਕੇ ਇਹ ਜਦੋਂ ਉਨ੍ਹਾਂ ਮਾਰੂ ਵਕਤਾਂ ਦਾ ਚੇਤਾ ਕਰਵਾਉਂਦੀ ਹੈ ਤਾਂ ਦੋਹਾਂ ਪਾਸਿਆਂ ਦੀਆਂ ਖੁਨਾਮੀਆਂ ਵੱਲ ਇਸ਼ਾਰਾ ਕਰਦੀ ਹੈ। -ਸੰਪਾਦਕ***

5 ਜੂਨ 1984 ਨੂੰ ਮੈਂ ਹਵਾਈ ਜਹਾਜ਼ ਵਿਚ ਸਾਂ, ਜਦੋਂ ਭਾਰਤੀ ਫੌਜਾਂ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਬੋਲਿਆ। ਮੈਂ ਮਹੀਨੇ ਕੁ ਭਰ ਲਈ ਇੰਗਲੈਂਡ ਗਿਆ ਹੋਇਆ ਸਾਂ। ਇਸ ਯਾਤਰਾ ਵੇਲੇ ਮੈਂ ਨਾਮਧਾਰੀ ਹੋਲੇ ਮਹੱਲੇ ਦਾ ਅਨੰਦ ਮਾਣਿਆ ਸੀ। ਨਾਮਧਾਰੀਆਂ ਦੇ ਕੀਰਤਨ ਅਤੇ ਸਿਮਰਨ ਤੋਂ ਮੈਂ ਸਦਾ ਮੁਤਾਸਰ ਰਿਹਾ ਹਾਂ। ਕੀਰਤਨ ਵਿਚ ਭਾਰਤੀ ਰਾਗਾਂ ਦਾ ਨਿਭਾਉ ਹੈ ਅਤੇ ਸਿਮਰਨ ਵਿਚ ਮੁਕੰਮਲ ਖਾਮੋਸ਼ੀ ਦਾ, ਮਨ ਦੇ ਰੌਲੇ ਨੂੰ ਬੁਹਾਰਨ ਦਾ ਯਤਨ। ਕਮਾਲ ਹਨ ਇਹ ਲੋਕ, ਬੋਲਦੇ ਹਨ ਤਾਂ ਸੰਗੀਤ ਦੀ ਅਦਾ ਵਿਚ, ਚੁਪ ਰਹਿੰਦੇ ਹਨ ਤਾਂ ਬਰਖਾ ਬਾਅਦ ਨਿੱਤਰੇ ਹੋਏ ਅਸਮਾਨ ਵਾਂਗ। ਮਹੀਨੇ ਭਰ ਵਿਚ ਇਕ ਵਾਰ ਮੈਂ ਗਲਾਸਗੋ (ਸਕਾਟਲੈਂਡ) ਵਿਚ ਕਿਸੇ ਥਾਂ ਕੁਝ ਕਵਿਤਾਵਾਂ ਵੀ ਸੁਣਾਈਆਂ ਸਨ। ਉਨ੍ਹਾਂ ਵਿਚ ਇਕ ਕਵਿਤਾ 'ਮਾਏ ਮੈਨੂੰ ਅੰਬਰਸਰ ਲਗਦਾ ਪਿਆਰਾ' ਵੀ ਸੀ।

ਹਵਾਈ ਜਹਾਜ਼ੇ, ਅਧ-ਅਸਮਾਨੇ ਮੈਨੂੰ ਇਕ ਜਣੇ ਨੇ ਪਛਾਣਿਆ। ਕਿਹਾ ਕਿ ਮੈਂ ਗਲਾਸਗੋ 'ਚ ਤੁਹਾਡੀਆਂ ਕਵਿਤਾਵਾਂ ਸੁਣੀਆਂ ਸਨ। 'ਹਿੰਦੂ ਪੇਕੇ, ਸਿੱਖ ਸਹੁਰੇ' ਵਰਗੀਆਂ ਕਵਿਤਾਵਾਂ ਨਾ ਪੜ੍ਹਿਆ ਕਰੋ, ਐਵੇਂ ਕਿਸੇ ਮੁਸੀਬਤ ਦੇ ਮੂੰਹ ਆ ਜਾਉਗੇ। ਮੈਨੂੰ ਆਪਣੇ ਉਮੀਪੁਣੇ ਦਾ, ਸਾਧਾਰਨ ਬੁਧ-ਬਿਬੇਕ ਦੀ ਘਾਟ ਦਾ



**ਡਾ. ਹਰਿਭਜਨ ਸਿੰਘ**

ਅਹਿਸਾਸ ਹੋਇਆ।

ਪਿਆਰ ਵੀ ਖਾਸੀ ਖਤਰਨਾਕ ਸ਼ੈਅ ਹੈ। ਪਿਆਰ ਕਾਰਨ ਜਾਂ ਵਿਚਾਰਾਂ ਦੀ ਸਵੱਛਤਾ ਕਾਰਨ ਜ਼ਹਿਰ ਸਿਰਫ ਹੀਰ ਜਾਂ ਕਿਸੇ ਸੁਕਰਾਤ ਨੂੰ ਹੀ ਨਹੀਂ ਪੀਣਾ ਪੈਂਦਾ, ਜ਼ਹਿਰ ਬਹੁਤ ਹੈ ਇਸ ਦੁਨੀਆਂ ਵਿਚ, ਪਤਾ ਨਹੀਂ ਕੌਣ ਕਿਸੇ ਨੂੰ, ਕਦੋਂ ਆਪਣੇ ਜ਼ਹਿਰ ਸੌਂਪ ਦੇਵੇ। ਜਹਾਜ਼ ਵਿਚਲੇ ਭਾਈ ਨਾਲ ਮੈਂ ਕਿਸੇ ਵਿਵਾਦ ਵਿਚ ਨਾ ਪਿਆ। ਉਹਨੇ ਜੋ ਕੁਝ ਕਿਹਾ ਸੀ, ਅਕਾਰਨ ਨਹੀਂ ਸੀ ਕਿਹਾ। ਜਿਸ ਵੇਲੇ ਉਹ ਮੈਨੂੰ ਆਪਣਾ ਨੇਕ ਮਸ਼ਵਰਾ ਦੇ ਰਿਹਾ ਸੀ, ਉਸ ਵੇਲੇ ਅੰਮ੍ਰਿਤਸਰ ਉਪਰ ਹਮਲਾ ਬੋਲਿਆ ਜਾ ਚੁਕਿਆ ਸੀ। ਸੋਨੇ ਦੀਆਂ ਇੱਟਾਂ ਤੇ ਚਾਂਦੀ ਦੇ ਗਾਰੇ ਵਾਲੇ ਸਮਤਾ ਦੇ ਭੰਡਾਰ ਹਰਿਮੰਦਰ ਸਾਹਿਬ ਉਪਰ ਤੋਪਾਂ ਦੀ ਬੋਛਾੜ ਹੋ ਰਹੀ ਸੀ।

ਸਾਡਾ ਜਹਾਜ਼ ਸਵੇਰ ਸਾਰ ਹੀ ਦਿੱਲੀ ਪਹੁੰਚ ਗਿਆ। ਮੇਰੀ ਅਗਵਾਨੀ ਲਈ ਮੇਰਾ ਛੋਟਾ ਪੁੱਤਰ ਹਵਾਈ ਅੱਡੇ 'ਤੇ ਪਹੁੰਚ ਚੁਕਾ ਸੀ। ਉਹਨੇ ਅਜੇ ਅਖਬਾਰ ਨਹੀਂ ਸੀ ਪੜ੍ਹਿਆ। ਰਾਤੋ-ਰਾਤ ਹਰਿਮੰਦਰ ਸਾਹਿਬ 'ਤੇ ਜੋ ਬਿਜ ਪਈ ਸੀ, ਉਹਦਾ ਉਹਨੂੰ ਨਹੀਂ ਸੀ ਪਤਾ। ਘਰ ਪਹੁੰਚਣ ਤਕ ਹਰਿਮੰਦਰ ਸਾਹਿਬ ਉਪਰ ਫੌਜਾਂ ਦੀ ਚੜ੍ਹਾਈ ਦੀ ਖਬਰ ਆਮ ਹੋ ਚੁਕੀ ਸੀ।

ਮੇਰੇ ਘਰ ਵਾਲੇ ਪਰਮਾਤਮਾ ਦੇ ਸ਼ੁਕਰਗੁਜ਼ਾਰ ਸਨ ਕਿ ਮੈਂ ਸੁਖੀ-ਸਾਂਦੀ ਘਰ ਮੁੜ ਆਇਆ ਸਾਂ, ਜਿਵੇਂ ਮੈਂ ਅਮਨ-ਅਮਾਨ ਵਾਲੇ ਦੇਸ਼ ਇੰਗਲੈਂਡ ਵਿਚੋਂ ਨਹੀਂ, ਫੌਜੀ ਘੇਰੇ ਵਿਚ ਆਏ ਅੰਮ੍ਰਿਤਸਰੋਂ ਆ ਰਿਹਾ ਹੋਵਾਂ। ਸਾਨੂੰ ਆਪਣੇ ਸਿਰ 'ਤੇ ਕਿਸੇ ਵੱਡੀ ਬਿਪਤਾ ਪੈਣ ਦਾ ਅਹਿਸਾਸ ਹੋ ਰਿਹਾ ਸੀ। ਬਿਪਤਾ ਨੂੰ ਮੈਂ ਤਾਂ ਜਿਵੇਂ 'ਵਾਜਾਂ ਮਾਰ ਰਿਹਾ ਸਾਂ। ਉਨ੍ਹੀਂ ਦਿਨੀਂ ਮੈਂ 'ਅਕਸ' (ਦਿੱਲੀ ਤੋਂ ਛਪਦਾ ਰਿਹਾ ਮਾਸਿਕ ਪਰਚਾ) ਵਿਚ ਕੁਝ ਇਹੋ ਜਿਹੇ ਲੇਖ ਲਿਖ ਰਿਹਾ ਸਾਂ ਕਿ ਮੈਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਤਾਂ ਕਿਸੇ ਨੂੰ ਹੈਰਾਨੀ ਨਹੀਂ ਸੀ ਹੋਣੀ। 'ਇਸ ਸਾਦਗੀ ਪੇ ਕੌਨ ਨਾ ਮਰ ਜਾਏ ਐ ਖੁਦਾ।' ਮੈਂ ਅਸਲੋਂ ਸਾਦਾਲੋਹ ਉਮੀ ਵਾਂਗ ਲਿਖ ਰਿਹਾ ਸਾਂ। ਮੈਨੂੰ ਆਪਣੇ ਬੁਰੇ ਭਲੇ ਦੀ ਚੇਤਨਾ ਨਹੀਂ ਸੀ। ਮੈਂ ਅਸਲੋਂ ਉਖੜਿਆ ਪਿਆ ਸਾਂ। ਕੁਝ ਦਿਨ ਬੀਤੇ ਤਾਂ ਭਾਪਾ ਪ੍ਰੀਤਮ ਸਿੰਘ ਵੱਲੋਂ ਕਵਿਤਾ ਦੀ ਫਰਮਾਇਸ਼ ਹੋਈ। ਫਰਮਾਇਸ਼ੀ ਕਵਿਤਾਵਾਂ ਲਿਖਣੋਂ ਮੈਂ ਆਮ ਤੌਰ 'ਤੇ ਸੰਕੋਚ ਕਰਦਾ ਹਾਂ, ਪਰ ਇਹ ਕਵਿਤਾ ਤਾਂ ਜਿਵੇਂ ਫਰਮਾਇਸ਼ ਦੀ ਉਡੀਕ ਵਿਚ ਸੀ। ਆਵੇਸ਼ ਦੀ ਹਾਲਤ ਵਿਚ ਹੀ ਲਿਖਿਆ ਗਿਆ:

ਫੌਜਾਂ ਕੌਣ ਦੇਸ ਤੋਂ ਆਈਆਂ  
ਕਿਹੜੇ ਦੇਸ ਤੋਂ ਜ਼ਹਿਰ ਲਿਆਈਆਂ  
ਕਿਸ ਤੋਂ ਕਹਿਰ ਲਿਆਈਆਂ  
ਕਿਸ ਫਨੀਅਰ ਦੀ ਫੂਕ ਕਿ ਜਿਸ ਨੇ  
ਪੱਕੀਆਂ ਕੰਧਾਂ ਢਾਹੀਆਂ  
ਸਿਫਤ ਸਰੋਵਰ ਡਸਿਆ  
ਅੱਗਾਂ ਪੱਥਰ ਦੇ ਵਿਚ ਲਾਈਆਂ  
ਹਰਿ ਕੇ ਮੰਦਿਰ ਵਿਹੁ ਦੀਆਂ ਨਦੀਆਂ  
ਬੁੱਕਾਂ ਭਰ ਵਰਤਾਈਆਂ।

ਇਸ ਨਜ਼ਮ ਬਾਰੇ ਚੰਗੀ ਤੇ ਮੰਦੀ-ਦੋਹਾਂ ਤਰ੍ਹਾਂ ਦੀ ਪ੍ਰਤੀਕ੍ਰਿਆ ਹੋਈ। ਮੈਨੂੰ ਜਾਪਿਆ ਪੰਜਾਬੀਅਤ ਦੇ ਮੁੱਦਈਆਂ ਵਿਚ ਕੁਝ ਜਣੇ ਐਸੇ ਵੀ ਸਨ, ਜੋ ਹਰਿਮੰਦਰ ਸਾਹਿਬ ਉਪਰ ਫੌਜਾਂ ਦੇ ਹਮਲੇ ਦੇ ਖੰਡਨ ਨੂੰ ਵੀ ਖੰਡਨਯੋਗ ਸਮਝਦੇ ਸਨ। ਇਸ ਕਤਾਰ ਵਿਚ ਪੰਜਾਬੀ ਦੇ ਕੁਝ ਸ਼ਾਇਰ ਖਲੋਤੇ ਵੀ ਨਜ਼ਰ ਆਏ। ਉਹ ਵੀ ਜੋ ਜਨਮ ਤੋਂ ਸਿੱਖੀ ਨਾਲ ਸਬੰਧਿਤ ਸਨ। ਲੋਕਤੰਤਰੀ ਸਮਾਜ ਵਿਚ ਕਿਸੇ ਦੇ ਵਿਚਾਰਾਂ ਨਾਲ ਵਿਰੋਧ ਹੋ ਸਕਦਾ ਹੈ, ਪਰ ਉਨ੍ਹਾਂ ਨੂੰ ਰੱਖਣ ਦੇ ਹੱਕ ਉਪਰ ਕਿੰਤੂ ਨਹੀਂ ਕੀਤਾ ਜਾ ਸਕਦਾ। ਖੈਰ ਜ਼ਿਆਦਾਤਰ ਲੋਕ ਮੇਰੇ ਹੀ ਵਾਂਗ ਭਾਰਤ ਦੀਆਂ ਫੌਜਾਂ ਦੀ ਹਰਿਮੰਦਰ ਸਾਹਿਬ ਉਪਰ ਚੜ੍ਹਾਈ ਨੂੰ ਬਹੁਤ ਨਿੰਦਣਯੋਗ ਕਾਰਵਾਈ ਸਮਝਦੇ ਸਨ।

ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੇਰੇ ਜਿਹੇ ਵਰ੍ਹੇ ਛਮਾਹੀ ਗੁਰਦੁਆਰੇ ਜਾਣ ਵਾਲੇ ਲੋਕਾਂ ਲਈ ਵੀ ਧਰਮ ਸਿਰਮੌਰ ਮਹੱਤਵ ਵਾਲੀ ਵਸਤ ਬਣੀ ਪਈ ਸੀ। ਬਾਕੀ ਸਭ ਮੁੱਲ ਮਾਨਤਾਵਾਂ ਪਿੱਛੇ ਪੈ ਗਈਆਂ ਸਨ। ਉਸ ਕਾਰੇ ਨੂੰ ਨੌਂ ਸਾਲ ਬੀਤ ਚੁਕੇ ਹਨ, ਪਰ ਅੱਜ ਵੀ ਇਉਂ ਜਾਪਦਾ ਹੈ ਕਿ ਹਰਿਮੰਦਰ ਸਾਹਿਬ ਉਪਰ ਬੀਤੇ ਉਸ ਉਪੱਦਰ ਨੇ ਮੇਰੀ ਪਹਿਲ-ਦੂਜ ਸਦਾ ਸਦਾ ਲਈ ਬਦਲ ਦਿੱਤੀ ਹੈ। ਪਹਿਲਾਂ ਮੇਰਾ ਅਚੇਤਨ ਸਿੱਖ ਸੀ, ਹੁਣ ਅਚੇਤਨ ਸਚੇਤਨ-ਦੋਹਾਂ ਨੇ ਸਿੱਖੀ ਨੂੰ ਆਪਣੇ ਲਈ ਪ੍ਰਥਮ ਮੁੱਲ ਨਿਸ਼ਚਿਤ ਕੀਤਾ ਹੋਇਆ ਹੈ।

ਭਾਪਾ ਪ੍ਰੀਤਮ ਸਿੰਘ ਨੇ ਨਜ਼ਮ ਪਸੰਦ ਕੀਤੀ। ਆਰਸੀ ਦੇ ਅਗਲੇ ਸੰਸਕਰਨ ਲਈ ਇਕ ਹੋਰ ਨਜ਼ਮ ਦੀ ਉਸੇ ਤਰ੍ਹਾਂ ਮੰਗ ਕੀਤੀ। ਨਜ਼ਮਾਂ ਦਾ ਤਾਂ ਹੜ੍ਹ ਆਇਆ ਪਿਆ ਸੀ। ਮੈਂ ਨਜ਼ਮ ਭੇਜੀ:

ਜੈ ਜੈ ਮਾਤਾ ਜੈ ਮਤਰੇਈ  
ਜਗ 'ਤੇ ਹੋਰ ਨ ਤੇਰੇ ਜੇਹੀ  
ਤੂੰ ਸੰਤਾਂ ਤੋਂ ਦੈਂਤ ਬਣਾਵੇਂ  
ਦੈਂਤ ਸ਼ਹੀਦੀ ਤਕ ਪਹੁੰਚਾਵੇਂ  
ਸੰਤ ਮਰੇ ਜਾਂ ਦੈਂਤ ਬਿਨਾਸੇ?  
ਹੰਝੂਆਂ ਤੋਂ ਪੁਛਦੇ ਨੇ ਹਾਸੇ  
ਕਰਾਮਾਤ ਕੀਤੀ ਇਹ ਕੇਹੀ।

ਹਰਿਮੰਦਰ ਦੀ ਕਰਨ ਜੁਹਾਰੀ  
ਤੂੰ ਆਈ ਕਰ ਟੈਂਕ ਸਵਾਰੀ  
ਸਤਿ ਸਿੰਘਾਸਣ ਹੱਥੀਂ ਢਾਹਿਆ  
ਤੇ ਮੁੜ ਹੱਥੀਂ ਆਪ ਬਣਾਇਆ  
ਵਾਹ ਰਚਨਾ ਵਾਹ ਖੇਹੋ ਖੇਹੀ  
ਸੋਨ ਕਲਸ ਤੂੰ ਚੀਰ ਲੰਗਾਰੇ  
ਤੇ ਮੁੜ ਮਲ੍ਹਮਾਂ ਨਾਲ ਸਵਾਰੇ  
ਆਪੇ ਤੂੰ ਸੰਕਟ ਉਪਜਾਵੇਂ  
ਨਿਕਟੀ ਹੋ ਕੇ ਆਪ ਬਚਾਵੇਂ  
ਨਿਤ ਨਿਰਮੋਹੀ ਸਦਾ ਸਨੇਹੀ।

ਅਸਾਂ ਤਾਂ ਤਖਤ ਹਜ਼ਾਰੇ ਰਹਿਣਾ  
ਭਾਵੇਂ ਭਠ ਖੇੜਿਆਂ ਦਾ ਸਹਿਣਾ  
ਤੁਮਰੀ ਗਣਤ ਗਣੇ ਨਾ ਕੋਈ  
ਹਰ ਅਨਹੋਣੀ ਤੁਮ ਤੇ ਹੋਈ  
ਹਰ ਥਾਂ ਤੇਰੀ ਪਿਓ ਪੇਈ।

ਜਦੋਂ ਭਾਪਾ ਜੀ ਨੇ ਆਰਸੀ ਦੇ ਅਗਲੇ ਸੰਸਕਰਨ ਵਿਚ ਨਜ਼ਮ ਨਾ ਛਾਪੀ, ਤਾਂ ਮੈਂ ਉਹਨੂੰ ਇਸ ਬਾਰੇ ਕੁਝ ਪੁੱਛਿਆ ਨਾ। ਉਂਜ ਜਾਪਦਾ ਸੀ, ਅੰਦਰਖਾਨੇ ਉਹ ਪ੍ਰੇਸ਼ਾਨ ਸੀ। ਮੈਂ ਆਰਸੀ ਦੇ ਦਫਤਰ ਗਿਆ, ਤਾਂ ਉਹਨੇ ਕਿਹਾ, ਉਹ ਨਜ਼ਮ ਮੈਂ ਨਹੀਂ ਛਾਪੀ। ਮੈਂ ਸਮਝਦਾ ਹਾਂ, ਕਾਫੀ ਹੋ ਚੁੱਕੈ। ਹੋਰ ਨਹੀਂ ਲੋੜ ਹੁਣ। ਭਾਵੇਂ ਭਾਪਾ 'ਲਹੂ ਦੇ ਚੁਬੱਚੇ' ਛਾਪਣ ਦੀ ਲੋੜ ਅਜੇ ਵੀ ਸਮਝਦਾ ਸੀ, ਪਰ ਮੇਰੀਆਂ ਨਜ਼ਮਾਂ ਲਈ ਉਹ ਦਰਵਾਜਾ ਬੰਦ ਹੋ ਚੁਕਾ ਸੀ। ਹਰਿਮੰਦਰ ਸਾਹਿਬ ਉਪਰ ਹੀ ਹਮਲਾ ਨਹੀਂ ਸੀ ਹੋਇਆ, ਉਹਦੇ ਸ਼ਰਧਾਲੂਆਂ ਦਾ ਮਨੋਬਲ ਤੋੜਨ ਦੀ ਅਚੇਤ ਜਾਂ ਸਚੇਤ ਪ੍ਰਕ੍ਰਿਆ ਵੀ ਸ਼ੁਰੂ ਹੋ ਚੁਕੀ ਸੀ।

ਮੇਰਾ ਸੁਭਾਅ ਸ਼ਿਕਾਇਤੀ ਨਹੀਂ। ਨਜ਼ਮ ਉਚੇਚੀ ਮੰਗਵਾ ਕੇ ਨਾ ਛਾਪਣ ਦੇ ਇਸ ਇਕਪਾਸੜ ਫੈਸਲੇ ਵਿਰੁਧ ਸ਼ਿਕਾਇਤ ਮੈਂ ਕਿਥੇ ਕਰਨੀ ਸੀ? ਹਰ ਕਿਸੇ ਨੂੰ ਨਿਜੀ ਸੁਰੱਖਿਆ ਦਾ ਫਿਕਰ ਸੀ। ਕਿਸੇ ਨੂੰ ਸੰਕਟ ਵਿਚ ਪਾਉਣਾ ਮੇਰੀ ਮਨਸ਼ਾ ਨਹੀਂ ਸੀ। ਨਾਲੇ, ਭਾਪੇ ਜਿਹੇ ਭਲੇ ਬੰਦੇ ਨਾਲ ਤਾਂ ਗਿਲਾ ਹੋ ਹੀ ਨਹੀਂ ਸਕਦਾ। 'ਆਰਸੀ' ਲਈ ਜਿਸ ਤਰ੍ਹਾਂ ਦਾ ਸਹਿਜ ਲੇਖਕ ਮੈਂ ਹਾਂ, ਉਸ ਤਰ੍ਹਾਂ ਦਾ ਸਹਿਜ ਪ੍ਰਕਾਸ਼ਕ 'ਆਰਸੀ' ਮੇਰੇ ਲਈ ਨਹੀਂ। ਇਸ ਤੱਥ ਬਾਰੇ ਦੋਹੀਂ ਪਾਸੀਂ ਚਿਰਾਂ ਤੋਂ ਚਾਨਣਾ ਸੀ। ਸੰਕਟ ਦੀ ਏਸ ਘੜੀ ਪੈਰ ਦੇ ਅੰਗੂਠੇ 'ਤੇ ਅਚਾਨਕ ਹੀ ਹਥੌੜਾ ਵੱਜਾ ਤੇ ਮੈਂ ਕਸੀਸ ਵੱਟ ਚੁੱਪ ਕਰ ਰਿਹਾ।

ਫੇਰ ਮੈਂ 'ਅਕਸ' ਵੱਲ ਰੁਖ ਕੀਤਾ। ਉਸ ਵਿਚ ਮੈਂ ਜ਼ਿਆਦਾਤਰ ਵਾਰਤਕ ਲੇਖ ਹੀ ਲਿਖਦਾ ਸਾਂ। ਕੁਝ ਲੇਖਾਂ 'ਤੇ ਮੇਰਾ ਨਾਂ ਹੁੰਦਾ ਤੇ ਕੁਝ 'ਤੇ ਨਾ ਵੀ ਹੁੰਦਾ। ਤਨ-ਬਦਨ ਵਿਚ ਹਰਾਰਤ ਜਿਹੀ ਮਘੀ ਰਹਿੰਦੀ। ਕਦੀ-ਕਦੀ ਤਾਂ ਉਸ ਪਰਚੇ ਦਾ ਬੇਸ਼ਤਰ ਹਿੱਸਾ ਮੇਰਾ ਲਿਖਿਆ ਹੁੰਦਾ। ਅੱਜ ਇਹ ਤਾਂ ਪਤਾ ਹੈ ਕਿ ਕੁਝ ਕਵਿਤਾਵਾਂ ਇਸ ਪਰਚੇ ਵਿਚ ਛਪੀਆਂ ਸਨ, ਪਰ ਕਿਹੜੀਆਂ? ਕੁਝ ਯਾਦ ਨਹੀਂ। ਹੁਣ ਤਾਂ ਇਹ ਵੀ ਯਾਦ ਨਹੀਂ ਰਿਹਾ ਕਿ ਕਿਹੜੀਆਂ ਨਜ਼ਮਾਂ ਕਦੋਂ ਲਿਖੀਆਂ; ਸਾਕਾ ਨੀਲਾ ਤਾਰਾ ਦੇ ਕਿਸ ਮਰਹਲੇ 'ਤੇ। 'ਕੌਣ ਤਰਾਜੂ ਕੌਣ ਤੁਲਾ', 'ਚੱਲ ਬੁੱਲ੍ਹਿਆ ਤੈਨੂੰ ਪਿੰਡੋਂ ਬਾਹਰ ਛੱਡ ਆਵਾਂ', 'ਚੱਲ ਬੁੱਲ੍ਹਿਆ ਚਲ ਗਲ ਕਟਿਅਨ ਸੰਗ ਰਹੀਏ', 'ਰਾਤ ਪਈ ਤਾਂ ਸਤਿਗੁਰ ਬੈਠੇ ਇੱਕੋ ਦੀਵਾ ਬਾਲ ਕੇ' ਆਦਿ ਕੁਝ ਕਵਿਤਾਵਾਂ ਦੀਆਂ ਕੁਝ ਸਤਰਾਂ ਹੁਣ ਵੀ ਕਿਸੇ ਗੁੰਮ-ਗੁਆਚੇ ਜ਼ਖਮ ਵਾਂਗ ਟਸ-ਟਸ ਕਰਦੀਆਂ ਹਨ। ਉਹ ਵੇਲਾ ਮੇਰੇ ਅਚੇਤਨ 'ਤੇ ਪੱਕੇ ਨਿਸ਼ਾਨ ਛੱਡ ਗਿਆ ਹੈ। ਅੰਗਿਆਰਾਂ ਦੀ ਸੇਜ 'ਤੇ ਨੰਗੇ ਪੈਰੀਂ ਚੱਲਣ ਜਿਹਾ ਅਨੁਭਵ ਸੀ। ਕਿਸੇ ਬੀਬੀ ਗੁਰਦੀਪ ਕੌਰ ਦੇ ਦੋ ਪੁੱਤਰ ਤੇ ਉਨ੍ਹਾਂ ਦੇ ਬਾਪੂ ਨੂੰ ਉਹਦੀ ਨਜ਼ਰ ਸਾਹਵੇਂ ਕਤਲ ਕੀਤਾ ਗਿਆ। ਬਾਰਾਂ ਜਾਂ ਚੌਦਾਂ ਦੰਗਈਆਂ ਨੇ ਉਹਦੀ ਪੱਤ ਲੁੱਟੀ, ਆਪਣੇ ਤੀਜੇ ਪੁੱਤਰ ਨੂੰ ਬਚਾਉਣ ਲਈ ਉਹ ਗਲੀ ਵਿਚ ਨੰਗ-ਮੁਨੰਗੀ ਦੌੜੀ। ਉਸ ਉਪਰ ਖਾਸਾ ਵਿਸਤ੍ਰਿਤ ਲੇਖ 'ਮਾਨੁਸ਼ੀ' ਨਾਂ ਦੇ ਪਰਚੇ 'ਚ ਛਪਿਆ। ਇਸ ਲੇਖ ਨੇ ਮੇਰੀ ਮਾਨਸਿਕਤਾ ਤ੍ਰੇੜ ਕੇ ਰੱਖ ਦਿੱਤੀ। ਇਸ ਔਰਤ ਦੀ ਬੇਪਤੀ ਉਹਦੇ ਜਵਾਨ ਪੁੱਤ ਦੇ ਸਾਹਵੇਂ ਹੋਈ।

ਸਿੱਖ ਮਰਦਾਂ ਅਤੇ ਔਰਤਾਂ ਨਾਲ ਹੋਈਆਂ ਬਹੁਤ ਸਾਰੀਆਂ ਵਹਿਸ਼ੀ ਘਟਨਾਵਾਂ ਸੁਣੀਆਂ-ਪੜ੍ਹੀਆਂ ਸਨ, ਪਰ ਗੁਰਦੀਪ ਕੌਰ ਵਾਲੀ ਕਹਾਣੀ ਤਾਂ ਅਖੀਰ ਸੀ। ਇਸ ਉਤੇ ਕੁਝ ਸਤਰਾਂ ਲਿਖੀਆਂ ਵੀ, ਪਰ ਕਈ ਵਾਰ ਜਤਨ ਕੀਤਾ, ਨਜ਼ਮ ਪੂਰੀ ਨਾ ਹੋ ਸਕੀ। ਹਕੀਕਤ ਆਪ ਭੋਗੇ ਬਿਨਾ ਕਲਪਨਾ ਨਹੀਂ ਹੋ ਸਕਦੀ। ਲਿਖਣ ਲਈ ਇਕਮਿਕਤਾ ਥਾਪਣੀ ਪੈਂਦੀ ਹੈ। ਖੁਦ ਆਪਣੇ ਆਪ ਨੂੰ ਬਲਾਤਕਾਰ ਵਿਚ ਇਕ ਧਿਰ ਵਾਂਗ ਸ਼ਰੀਕ ਮਹਿਸੂਸ ਕਰਦਾ ਹਾਂ। ਮੈਨੂੰ ਆਪਣੇ ਕਵੀ-ਕਾਰਜ 'ਤੇ ਸ਼ਰਮ ਆਉਂਦੀ। ਮੈਨੂੰ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਜੋ ਕੁਝ ਮੈਂ ਲਿਖ ਰਿਹਾ ਹਾਂ, ਉਸ ਦਾ ਬਹੁਤ ਸਾਰਾ ਹਿੱਸਾ ਲਿਖਣਯੋਗ ਨਹੀਂ। ਲਿਖਣ ਲੱਗਿਆਂ ਉਹਨੂੰ ਆਪਣੇ ਮਨ ਵਿਚ ਹੰਢਾਉਣਾ ਪੈਂਦਾ ਹੈ। ਇਸ ਨਜ਼ਮ ਨੂੰ ਕਈ ਵਾਰ ਅੱਧ ਵਿਚਕਾਰ ਹੀ ਦਮ ਤੋੜਨਾ ਪਿਆ। ਕੁਝ ਸਤਰਾਂ ਅਪਰਾਧੀ ਦੇ ਪਸ਼ਚਾਤਾਪ ਵਾਂਗ ਜ਼ਿਹਨ ਵਿਚ ਜ਼ਰੂਰ ਅਟਕੀਆਂ ਹੋਈਆਂ ਹਨ:

ਮੈਂ ਸ਼ਰਮ ਨਾਲ ਮਰ ਜਾਂ  
ਜਵਾਨ ਪੁੱਤ ਸਾਹਵੇਂ  
ਕਈ ਨੰਗੇਜਾਂ ਮੇਰੇ  
ਇਕ ਨੰਗੇਜ ਨੂੰ ਕੱਜਿਆ।  
ਨਜ਼ਰ ਬਚਾ ਕੇ ਹਨੇਰੇ 'ਚ  
ਮਲ੍ਹਮ ਲਾਉਂਦੀ ਹਾਂ  
ਹਯਾ ਦਾ ਜ਼ਖਮ ਹੈ ਐਲਾ  
ਅਜੇ ਨਹੀਂ ਪੱਕਿਆ।

ਘਾਇਲ ਹਰਿਮੰਦਰ ਸਾਹਿਬ ਦਾ ਸੱਦਾ ਮੇਰੇ ਤਕ ਹਰ ਘੜੀ ਪਹੁੰਚ ਰਿਹਾ ਸੀ। ਕੋਈ ਬਹੁਤ ਨੇੜੇ ਬਜ਼ੁਰਗ ਬਿਮਾਰ ਮੈਨੂੰ ਆਪਣੀ ਬਿਮਾਰਪੁਰਸੀ ਲਈ ਉਡੀਕਦਾ ਜਾਪਦਾ ਸੀ। ਮੈਂ ਦੋ ਵਾਰ ਹਰਿਮੰਦਰ ਸਾਹਿਬ ਗਿਆ। ਦੋਵੇਂ ਵਾਰ ਸ਼ਾਮ ਉਤਰ ਰਹੀ ਸੀ। ਸੁੰਨਮਸਾਨ ਵਰਤੀ ਹੋਈ ਸੀ। ਬਾਬਾ ਸੰਤ ਸਿੰਘ ਦਾ ਕੋਈ ਕੋਈ ਨਿਹੰਗ ਹੀ ਕਾਰੇ ਲੱਗਾ ਹੋਇਆ ਸੀ। ਮੇਰੇ ਸਿਵਾ ਕੋਈ ਹੋਰ ਯਾਤਰੂ ਪੂਰੀ ਪਰਿਕਰਮਾ ਵਿਚ ਨਾ ਦਿਸਿਆ। ਹਰਿਮੰਦਰ ਸਾਹਿਬ ਨੂੰ ਥਾਂ-ਥਾਂ ਮੁਘੋਰੇ ਪਏ ਸਨ। ਦਰਸ਼ਨੀ ਡਿਓੜੀ ਦੇ ਤਨ 'ਤੇ ਵੀ ਤੋਪ ਦੀਆਂ ਜ਼ਰਬਾਂ ਦੇ ਨਿਸ਼ਾਨ ਸਨ। ਸਾਰੇ ਵਾਤਾਵਰਣ ਵਿਚ ਸਹਿਮ ਦਾ ਵਾਤਾਵਰਣ ਸੀ। ਹੈ ਤਾਂ ਅਤਿਕਥਨੀ, ਪਰ ਮੈਨੂੰ ਸਚਮੁਚ ਹੀ ਹਵਾ ਵਿਚ ਕਿਸੇ ਜ਼ਖਮੀ ਦੇ ਕਰਾਹੁਣ ਦੀ ਆਵਾਜ਼ ਆਉਂਦੀ ਸੀ। ਡੌਰ ਭੌਰ ਹੋਇਆ ਮੈਂ ਦਰਸ਼ਨੀ ਡਿਓੜੀ ਦੇ ਲਾਗੇ ਹੀ ਖਲੋਤਾ ਸਾਂ ਕਿ ਹਰਿਮੰਦਰ ਸਾਹਿਬ ਵੱਲੋਂ ਮੇਰਾ ਜਾਣੂ-ਪਛਾਣੂ ਉਪਲ (ਜਿਸ ਨੂੰ ਯਾਰ ਲੋਕ ਪਿਆਰ ਨਾਲ 'ਬੇਬੀ ਐਲੀਫੈਂਟ' ਕਹਿੰਦੇ ਸਨ) ਆਉਂਦਾ ਦਿਸਿਆ। ਉਹਨੇ ਸਹਿਜ ਭਾਅ ਪੁੱਛਿਆ, "ਸੁਣਾਓ, ਡਾਕਟਰ ਸਾਹਿਬ, ਕਿਵੇਂ ਮਹਿਸੂਸ ਕਰ ਰਹੇ ਹੋ?"

ਮੇਰੇ ਮੂੰਹੋਂ ਕੋਈ ਬੋਲ ਨਾ ਨਿਕਲਿਆ। ਅੱਖਾਂ ਛਲਕ ਪਈਆਂ। ਸ਼ਾਮ ਗਹਿਰਾ ਗਈ। ਮੈਨੂੰ ਇਸ ਸੁੰਨ-ਇਕਾਂਤ ਵਿਚ ਪਰਿਕਰਮਾ ਵਿਚ ਲੇਟੇ ਸਿੰਘ ਵਿਖਾਈ ਦੇਂਦੇ ਸਨ ਜਾਂ ਪ੍ਰੇਸ਼ਾਨ ਹਾਲ ਮਾਂਵਾਂ ਆਪਣੇ ਡਿੰਗੇ-ਢੱਠੇ ਪੁੱਤਰਾਂ ਦੇ ਚਿਹਰੇ ਪਛਾਣਨ ਦਾ ਯਤਨ ਕਰਦੀਆਂ ਨਜ਼ਰ ਆਉਂਦੀਆਂ ਸਨ। ਹਨੇਰਾ ਪਲੋ-ਪਲੀ ਗੂੜ੍ਹਾ ਹੁੰਦਾ ਗਿਆ, ਹਰਿਮੰਦਰ ਦੇ ਪ੍ਰਕਾਸ਼ ਅਸਥਾਨ ਵਿਚ ਜੋਤ ਬਦਲੀ ਪ੍ਰਤੀਤ ਹੁੰਦੀ ਸੀ। ਕੋਲ ਸਤਿਗੁਰੂ ਆਪ ਬੈਠੇ ਚਾਰ-ਪੰਜ ਸਿੱਖਾਂ ਨੂੰ ਕੋਈ ਉਪਦੇਸ਼ ਦੇ ਰਹੇ ਸਨ। ਹਕੀਕਤ ਵਰਗਾ ਇਹ ਝਾਂਵਲਾ ਮੇਰੇ ਮਨ ਵਿਚ ਵਸ ਗਿਆ। ਦੋ ਕਵਿਤਾਵਾਂ ਲਿਖੀਆਂ, ਜਿਨ੍ਹਾਂ 'ਚੋਂ ਇਕ ਮੈਨੂੰ ਪੂਰੀ ਯਾਦ ਹੈ ਤੇ ਇਕ ਦੀਆਂ ਸਤਰਾਂ ਜੰਗਲ 'ਚ ਗੁਆਚੀਆਂ ਕੋਈ ਪੈੜ ਲਭਦੀਆਂ ਜਾਪਦੀਆਂ ਹਨ:

1. ਪਰਿਕਰਮਾ ਤਕ ਆ ਪੁੱਜੀਆਂ ਨੇ  
ਅੰਦਰ ਅੰਦਰ ਮਾਂਵਾਂ  
ਪੱਥਰ ਪੱਥਰ ਪਾਸੋਂ ਪੁੱਛਣ  
ਪੁੱਤਰਾਂ ਦਾ ਸਿਰਨਾਂਵਾਂ  
ਉਹ ਜਿਹੜੇ ਵਿਚ ਪਰਦਖਣਾ ਡੁੱਲ੍ਹ ਗਏ  
ਲੈ ਕੇ ਤੇਰਾ ਨਾਂਵਾਂ।

2. ਸ਼ਾਮ ਪਈ ਤਾਂ ਸਤਿਗੁਰੂ ਬੈਠੇ  
ਇਕੋ ਦੀਵਾ ਬਾਲ ਕੇ  
ਪਰਿਕਰਮਾ 'ਚੋਂ ਜ਼ਖਮ ਬੁਲਾ ਲਏ  
ਸੁੱਤੇ ਹੋਏ ਉਠਾਲ ਕੇ  
ਜ਼ਹਿਰੀ ਰਾਤ ਗਜ਼ਬ ਦੀ ਕਾਲੀ  
ਕਿਤੇ ਕਿਤੇ ਕੋਈ ਤਾਰਾ ਸੀ  
ਭਿੰਨੜੇ ਬੋਲ ਗੁਰੂ ਜੀ ਬੋਲੇ  
ਚਾਨਣ ਵਿਚ ਨੁਹਾਲ ਕੇ  
ਅਜ ਦੀ ਰਾਤ ਕਿਸੇ ਨਹੀਂ ਸੌਣਾ

ਹਾਲੇ ਦੂਰ ਸ਼ਹੀਦੀ ਹੈ  
ਅਜੇ ਤਾਂ ਸੂਰਜ ਰੋਸ਼ਨ ਕਰਨਾ  
ਆਪਣੇ ਹੱਥੀਂ ਬਾਲ ਕੇ  
ਨਾ ਕੋ ਬੈਰੀ ਨਾਹਿ ਬਿਗਾਨਾ  
ਸਤਿਗੁਰ ਕਾ ਸਭ ਸਦਕਾ ਹੈ  
(ਪਰ) ਵੇਖੋ ਜਾਬਰ ਲੈ ਨਾ ਜਾਏ  
ਪਤ-ਪਰਤੀਤ ਉਧਾਲ ਕੇ।

ਇਹ ਪ੍ਰੇਸ਼ਾਨ ਹਾਲ ਮਾਂਵਾਂ ਸਨ ਜਾਂ ਚਾਨਣ ਸਰੂਪ ਸਤਿਗੁਰਾਂ ਦਾ ਅਨੁਭਵ ਸੀ, ਉਨ੍ਹਾਂ ਦੇ ਪ੍ਰਤੀਕ ਦਰਸ਼ਨਾਂ ਲਈ ਮੈਂ ਇਕ ਵਾਰ ਫੇਰ ਅੰਮ੍ਰਿਤਸਰ ਗਿਆ। ਅਕਾਲ ਤਖਤ ਦੀ ਮੁਰੰਮਤ ਹੋ ਚੁਕੀ ਸੀ, ਪਰ ਮੇਰੇ ਮਨ ਵਿਚ ਜ਼ਖਮੀ ਅਕਾਲ ਤਖਤ ਦਾ ਚਿਤਰ ਉਵੇਂ ਦਾ ਉਵੇਂ ਟਿਕਿਆ ਹੋਇਆ ਸੀ। ਸੁਭਾਅ ਵਜੋਂ ਮੈਂ 'ਹਊ ਪਰ੍ਹੇ' ਕਹਿਣ ਵਾਲਿਆਂ ਵਿਚੋਂ ਹਾਂ, ਪਰ ਇਹ ਚਿਤਰ ਤਾਂ ਸੂਲੀ 'ਤੇ ਲਟਕੇ ਸ਼ਹੀਦ ਦਾ ਚਿਤਰ ਸੀ, ਮਨ ਤੋਂ ਪਰ੍ਹਾਂ ਹੁੰਦਾ ਹੀ ਨਹੀਂ ਸੀ। ਐਤਕੀਂ ਮੈਂ ਕੁਝ ਜ਼ਿਆਦਾ ਪ੍ਰਸ਼ਾਨ ਹੋਇਆ। ਅਕਾਲ ਤਖਤ ਢਾਹੁਣ ਵਾਲੇ ਹੀ ਉਹਦੀ ਮੁਰੰਮਤ ਕਰ ਰਹੇ ਸਨ। ਮੈਨੂੰ ਜਾਪਦਾ ਸੀ ਕਿ ਦੁਸ਼ਾਸਨ ਦਰੋਪਦੀ ਉਪਰ ਇਕ ਨਹੀਂ, ਦੋ ਦੋ ਜ਼ਿਆਦਤੀਆਂ ਕਰ ਰਿਹਾ ਹੈ। ਇਕ ਵਾਰ ਉਹਦਾ ਚੀਰ-ਹਰਨ ਕਰ ਕੇ ਅਤੇ ਦੂਜੀ ਵਾਰ ਉਹਨੂੰ ਆਪ ਹੀ ਕੱਜ ਕੇ। ਕ੍ਰਿਸ਼ਨ ਦੀ ਭੂਮਿਕਾ ਅਦਾ ਕਰਨ ਵਾਲਾ ਦੁਸ਼ਾਸਨ ਮੈਨੂੰ ਲੀੜੇ ਲਾਹੁਣ ਵਾਲੇ ਦੁਸ਼ਾਸਨ ਤੋਂ ਕਿਤੇ ਵਧੀਕ ਘਿਨਾਉਣਾ ਲਗਦਾ ਸੀ। ਦਿੱਲੀ ਮੁੜਨ ਤਕ ਮੈਂ ਚਾਰ ਨਜ਼ਮਾਂ ਲਿਖ ਚੁਕਾ ਸਾਂ। ਉਨ੍ਹਾਂ ਵਿਚੋਂ ਇਕ ਵਾਰ-ਵਾਰ ਪੜ੍ਹਨ ਨੂੰ ਜੀ ਕਰਦਾ ਰਿਹਾ ਅਤੇ ਦੂਜੀ ਬਾਰੇ ਡਰਦਾ ਰਿਹਾਂ, ਕਿਤੇ ਮੇਰੇ ਮੂੰਹੋਂ ਨਿਕਲ ਕੇ ਕਿਸੇ ਹੋਰ ਦੇ ਕੰਨੀਂ ਨਾ ਪੈ ਜਾਵੇ। ਪਹਿਲੀ ਕਵਿਤਾ ਇਉਂ ਹੈ:

ਸਿਮਰਨ ਬਾਝੋਂ ਜਾਪ ਰਿਹਾ ਸੀ  
ਅਹਿਲਾ ਜਨਮ ਗੁਆਇਆ।  
ਕਰਾਮਾਤ ਹੈ ਆਖਰ ਉਮਰੇ  
ਕਾਫਰ ਰੱਬ ਨੂੰ ਧਿਆਇਆ।  
ਦਿੱਲੀ ਨੇ ਜਦ ਅੰਬਰਸਰ 'ਤੇ  
ਜਮ ਕਰ ਮੁਗ਼ਲ ਚੜ੍ਹਾਇਆ।  
ਹੈਵਰ ਗੈਵਰ ਤੋਂ ਵੀ ਤਗੜਾ  
ਜਦੋਂ ਲੋਹੇਯਾਨ ਦੁੜਾਇਆ।  
ਮੈਂ ਰਬ ਨੂੰ ਬਹੁਤ ਧਿਆਇਆ।  
ਫੌਜਾਂ ਨੇ ਜਦ ਸੋਨਕਲਸ 'ਤੇ  
ਤੁੱਪਕ ਤਾਨ ਚਲਾਇਆ।  
ਖਖੜੀ ਖਖੜੀ ਹੋ ਕੇ ਡਿੱਗਾ  
ਜਦੋਂ ਮੇਰੇ ਸਿਰ ਦਾ ਸਾਇਆ।  
ਮੈਂ ਰੱਬ ਨੂੰ ਬਹੁਤ ਧਿਆਇਆ।  
ਸੱਚਾ ਤਖਤ ਜਿਨ੍ਹੇ ਢਾਹਿਆ ਸੀ  
ਓਸੇ ਜਦੋਂ ਬਣਾਇਆ।  
ਤਾਂ ਅਪਰਾਧੀ ਦੂਨਾ ਨਿਉਂਦਾ  
ਮੈਨੂੰ ਨਜ਼ਰੀਂ ਆਇਆ।  
ਮੈਂ ਰੱਬ ਨੂੰ ਬਹੁਤ ਧਿਆਇਆ।  
ਸਤਿਗੁਰੂ ਇਹ ਕੀ ਕਲਾ ਵਿਖਾਈ  
ਤੂੰ ਕੀ ਭਾਣਾ ਵਰਤਾਇਆ।  
ਮੈਂ ਪਾਪੀ ਦੀ ਸੋਧ ਲਈ  
ਤੂੰ ਆਪਣਾ ਘਰ ਢਠਵਾਇਆ।  
ਮੈਂ ਰੱਬ ਨੂੰ ਬਹੁਤ ਧਿਆਇਆ।

ਦੂਜੀ ਨਜ਼ਮ ਵਿਚ ਦੁਸ਼ਾਸਨ ਦਾ ਚਿਤਰ ਹੈ। ਉਹਨੂੰ ਏਥੇ ਨਾ ਹੀ ਸ਼ਾਮਿਲ ਕਰਾਂ, ਤਾਂ ਚੰਗਾ। ਇਹ ਨਜ਼ਮ ਬਚਪਨ ਵਿਚ ਸੁਣੀ 'ਚਿੜੀ, ਕਾਂ, ਗੁਲੇਲਾ, ਕਿੱਕਰ' ਵਾਲੀ ਬਾਤ ਉਪਰ ਆਧਾਰਿਤ ਸੀ। ਨਾ ਮੈਨੂੰ ਬੀਬੀ ਇੰਦਰਾ ਦਾ ਕਤਲ ਚੰਗਾ ਲਗਦਾ ਹੈ, ਨਾ ਜਰਨੈਲ ਵੈਦਿਆ ਦਾ। ਪਰ ਬਚਪਨ ਦੀ ਬਾਤ ਨੇ ਜਿਸ ਤਰ੍ਹਾਂ ਦੀ ਅਚੇਤਨ ਦੀ ਰਚਨਾ ਕਰ ਰੱਖੀ ਸੀ, ਉਸ ਨੂੰ ਕੁਝ ਇਹੋ-ਜਿਹੀ ਹੋਣੀ ਦੇ ਵਾਪਰਨ ਦਾ ਤੌਖਲਾ ਵਿਆਪ ਰਿਹਾ ਸੀ:

ਰਾਣੀਏ ਰਾਣੀਏ ਕਿੱਕਰ ਨੂੰ ਕਹੁ ਕਾਂ ਉਡਾਵੇ  
ਨਹੀਂ ਤਾਂ ਕਿੱਕਰ ਵੱਢਣ ਖਾਤਰ  
ਵਾਢੀ ਤੁਰਿਆ ਆਵੇ।

ਮੈਨੂੰ ਜਾਪਦਾ ਹੈ ਕਿ ਸਾਕਾ ਨੀਲਾ ਤਾਰਾ ਨੇ ਹਰਿਮੰਦਰ ਤੇ ਅਕਾਲ ਤਖਤ ਉਪਰ ਵਾਰ ਕਰ ਕੇ ਪੰਜਾਬੀ ਅਚੇਤਨ ਨੂੰ ਉਕਸਾਇਆ ਸੀ। ਭਾਰਤ ਦੀਆਂ ਦੋ ਨਾਮਵਰ ਹਸਤੀਆਂ ਨੂੰ ਮਾਰਨ ਵਾਲੇ ਤਾਂ ਨਮਿੱਤ ਕਾਰਨ ਸਨ, ਉਨ੍ਹਾਂ ਦਾ ਅਸਲ ਕਾਤਲ ਤਾਂ ਪੰਜਾਬ ਦਾ ਜਾਤੀ ਅਚੇਤਨ ਸੀ। ਤੇ ਜਾਤੀ ਅਚੇਤਨ ਉਪਰ ਕਿਸ ਦਾ ਵੱਸ ਚਲਦਾ ਹੈ? ਇਨ੍ਹਾਂ ਦੋਹਾਂ ਹਸਤੀਆਂ ਦੇ ਕਾਲਵਸ ਹੋ ਜਾਣ ਦਾ ਧਿਆਨ ਕਰਦਿਆਂ ਗੀਤਾ ਦਾ ਸ਼ਲੋਕ ਯਾਦ ਆ ਜਾਂਦਾ ਹੈ, ਜਿਸ 'ਚ ਭਗਵਾਨ ਕ੍ਰਿਸ਼ਨ ਅਰਜਨ ਨੂੰ ਸਮਝਾਉਂਦੇ ਹਨ ਕਿ ਉਠ ਅਤੇ ਤੂੰ ਮੇਰੇ ਪਹਿਲੋਂ ਹੀ ਮਾਰੇ ਹੋਇਆਂ ਨੂੰ ਮਾਰਨ ਲਈ ਨਿਮਿਤ ਮਾਤਰ ਹੋ ਜਾ:

ਤਮਮਾਤਵਮੁਤਿਸ਼ਠ ਯਸ਼ੋ  
ਲਭਸ੍ਵ ਜਿਤ੍ਵਾ ਸ਼ਤਰੂਨ੍  
ਭੁੰਕਸ੍ਵ ਰਾਜੇਯਮ ਸਮ੍ਰਿਧਮ।  
ਮਯੈਵੈਤੇ ਨਿਹਤਾ: ਪੂਰਵਮੇਵ  
ਨਿਮਿਤਮਾਤ੍ਰਮ  
ਭਵ ਸਵਯਸਾਚਿਨ॥੧੧॥੩੩॥

ਸਾਡਾ ਵਿਰਸਾ ਸਾਡਾ ਮਾਣ

# ਸਿੱਖ ਬੱਚਿਆਂ ਨੂੰ ਧੱਕੇ

**ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਕੀਤਾ ਮਿਲਦਾ ਹੈ। ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਦਾ ਰਿਹਾ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰ ਹੋ ਸਕਨ। -ਸੰਪਾਦਕ**

2 ਅਕਤੂਬਰ ਨੂੰ ਵੈਨਕੂਵਰ ਸੈਂਟਰਲ ਸਕੂਲ ਦੇ ਪ੍ਰਿੰਸੀਪਲ ਨੇ 3 ਸਿੱਖ ਬਾਲਕਾਂ, ਜੋ ਕਿ ਉਥੇ ਦਾਖਲ ਹੋਣ ਲਈ ਗਏ ਸਨ, ਲਈ ਹੁਕਮ ਦਿਤਾ ਹੈ ਕਿ ਜੇ ਉਹ ਪੜ੍ਹਨਾ ਚਾਹੁੰਦੇ ਹਨ ਤਾਂ ਸਕੂਲ ਵਿਚ ਦਸਤਾਰਾਂ ਉਤਾਰ ਕੇ ਆਉਣ। ਸਾਹਿਬ ਬਹਾਦਰ ਦੇ ਹੁਕਮ ਦੀ ਨਕਲ ਅੰਗਰੇਜ਼ੀ ਵਿਚ ਇਸੇ ਪਰਚੇ ਦੇ ਦੂਜੇ ਸਫੇ ਪਰ ਦਰਜ ਹੈ। ਉਮੀਦ ਹੈ, ਖਾਲਸਾ ਜੀ ਉਸ ਨੂੰ ਪੜ੍ਹ ਕੇ ਅੱਖਾਂ ਖੋਲ੍ਹਨਗੇ। ਇਸ ਸੂਰਤ ਵਿਚ ਸਿੱਖ ਬਾਲਕਾਂ ਦਾ ਇਥੇ ਵਿਦਿਆ ਪਾਉਣਾ ਕਠਿਨ ਹੋ ਗਿਆ ਹੈ। ਅਮਰੀਕਾ ਵਿਚ ਕੁਲ ਕੌਮਾਂ ਦੇ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ। ਕਦੇ ਕਿਸੇ ਨੂੰ ਕੋਈ ਰੋਕ ਨਹੀਂ ਸੁਣੀ ਗਈ, ਪਰ ਅੰਗਰੇਜ਼ੀ ਰਾਜ ਦੀ ਹੱਦ ਵਿਚ ਉਨ੍ਹਾਂ ਸਿੱਖਾਂ ਦੇ ਬੱਚਿਆਂ, ਜਿਹੜੇ ਇਸ ਰਾਜ ਦੇ ਪਿਛਲੇ ਕੁਲ ਦੁਨੀਆਂ ਪਰ ਲਹੂ ਬਹਾ ਚੁੱਕੇ ਹਨ ਤੇ ਅੱਜ ਤਕ ਹਰ ਜਗ੍ਹਾ ਚੀਨ ਤੇ ਹੋਰ ਟਾਪੂਆਂ ਵਿਚ ਅੰਗਰੇਜ਼ੀ ਕੌਮ ਦਾ ਸੱਜਾ ਹੱਥ ਹਨ, ਲਈ ਇਹ ਧਰਮ ਤੋਂ ਪਤਤ ਕਰਨ ਵਾਲਾ ਹੁਕਮ ਸਿੱਖ ਪੰਥ ਤੇ ਧਰਮ ਦੀ ਸਖਤ ਨਰਾਦਰੀ ਹੈ। ਇਹ ਕੈਨੇਡਾ ਵਾਲਿਆਂ ਦੇ ਸਿੱਖਾਂ ਨਾਲ ਵਰਤਾਓ ਦੀ ਇਕ ਹੋਰ ਵੰਨਗੀ ਹੈ। ਸਿੱਖ ਬੱਚੇ ਕਦੇ ਦਸਤਾਰ ਨਹੀਂ ਉਤਾਰ ਸਕਦੇ। ਅਸੀਂ ਬੜੇ ਜ਼ੋਰ ਨਾਲ ਖਾਲਸਾ ਜੀ ਦੀਆਂ ਕੁਲ ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ ਦੇ ਪੰਥ ਦੇ ਆਗੂਆਂ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਝਟਪਟ ਇਸ ਹੁਕਮ ਦੇ ਬਰਖਿਲਾਫ ਗੁਰਮਤੇ ਪਾਸ ਕਰਕੇ ਮਨਿਸਟਰ ਆਫ ਐਜੂਕੇਸ਼ਨ ਬੀ.ਸੀ. ਦੇ ਨਾਮ ਪਰ ਘਲਣ। ਸਿੱਖ ਬੱਚੇ ਜਿਨ੍ਹਾਂ ਦੀਆਂ ਤਸਵੀਰਾਂ 5 ਸਤੰਬਰ ਦੇ 'ਸੰਸਾਰ' ਵਿਚ ਛਪ ਚੁੱਕੀਆਂ ਹਨ, ਸਕੂਲ ਜਾਣ ਤੋਂ ਰੁਕੇ ਬੈਠੇ ਹਨ। ਪਤਾ ਨਹੀਂ ਸਿੱਖਾਂ ਨੇ ਕੀ ਗੁਨਾਹ ਕੀਤਾ ਹੈ ਜਿਸ ਲਈ ਉਨ੍ਹਾਂ ਪੁਰ



*ਵੈਨਕੂਵਰ (ਕੈਨੇਡਾ) ਦਾ ਸੈਂਟਰਲ ਸਕੂਲ, ਜਿਸ ਵਿਚ ਸਿੱਖ ਬਾਲਕਾਂ ਨੂੰ ਦਾਖਲੇ ਤੋਂ ਨਾਂਹ ਕਰ ਦਿੱਤੀ ਗਈ ਸੀ*

ਇਤਨੀਆਂ ਸਖਤੀਆਂ ਤੇ ਬੇਇਨਸਾਫੀਆਂ ਹੋ ਰਹੀਆਂ ਹਨ। ਉਮੀਦ ਹੈ ਕਿ ਸਿੱਖ ਕੌਮ ਜੇ ਜੀਉਂਦੀ ਹੈ ਤਾਂ ਇਸ ਕੌਮੀ ਬੇਇੱਜ਼ਤੀ ਨੂੰ ਸੁਣ ਕੇ ਵਿਆਕੁਲ ਹੋਵੇਗੀ ਤੇ ਇਸ ਹੁਕਮ ਦੇ ਵਿਰੁਧ ਰੌਲਾ ਪਾਉਣ ਲਈ ਦੇਰ ਨਹੀਂ ਲਾਏਗੀ।

### ਉਲਾਦ 'ਤੇ ਤਰਸ ਕਰੋ

ਯੂਨਾਇਟਡ ਸਟੇਟਸ ਤੇ ਕੈਨੇਡਾ ਦੇ ਕਿਸੇ ਹਿੱਸੇ ਵਿਚ ਚਲੇ ਜਾਵੋ, ਆਪ ਚੀਨਿਆਂ ਨੂੰ ਹਰ ਜਗ੍ਹਾ ਹੀ ਤਕੋਗੇ। ਕਿਸੇ ਯੂਨੀਵਰਸਿਟੀ ਵਿਚ ਚਲੇ ਜਾਓ, ਇਨ੍ਹਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਆਪਣੀ ਕੌਮ ਦੀ ਸੇਵਾ ਵਾਸਤੇ ਰਾਤ ਦਿਨ ਵਿਦਿਆ ਵਿਚ ਮਿਹਨਤ ਕਰ ਰਹੇ ਪਾਉਗੇ। ਕੀ ਸਬੱਬ ਹੈ ਕਿ ਵੈਨਕੂਵਰ ਜਾਂ ਫਰਿਸਕੋ ਵਿਚ ਜਹਾਜ਼ਾਂ ਉਤਰ ਕੇ ਚੀਨੇ ਸਿਰਫ ਉਸ (ਵੈਨਕੂਵਰ ਜਾਂ ਫਰਿਸਕੋ) ਦੇ ਵਿਚ ਨਹੀਂ ਠਹਿਰ ਗਏ। ਉਨ੍ਹਾਂ ਨੂੰ ਪਤਾ ਸੀ ਕਿ ਇਸ ਜਗ੍ਹਾ ਹੀ ਠਹਿਰ ਕੇ ਅਸੀਂ ਸਾਰੇ ਮੁਲਕ ਦੇ ਗੁਣ ਨਹੀਂ ਲੈ ਸਕਦੇ। ਇਹ ਮਿਹਨਤੀ ਕੌਮ ਅਮਰੀਕਾ ਤੇ ਕੈਨੇਡਾ ਦੇ ਇਕ ਇਕ ਖੂੰਜੇ ਵਿਚ ਪਸਰ ਗਈ। ਆਪਣੇ ਪੁੱਤਰਾਂ ਨੂੰ ਬੜੀਆਂ-ਬੜੀਆਂ ਯੂਨੀਵਰਸਿਟੀਆਂ ਵਿਚ ਦਾਖਲ ਕਰਾ ਦਿੱਤਾ ਜਿਸ ਦਾ ਸਿੱਟਾ ਇਹ ਹੋਇਆ ਕਿ ਮਾਮੂਲੀ ਮਿਹਨਤੀਆਂ ਦੇ ਪੁੱਤਰ ਅੱਜ ਵਜ਼ੀਰੀਆਂ ਕਰ ਰਹੇ ਹਨ। ਵਿਕਟੋਰੀਏ ਦੇ ਇਕ ਤਬੇਲੇ ਵਿਚ ਕੰਮ ਕਰ ਰਹੇ ਇਕ ਚੀਨੇ ਨੇ ਮੈਨੂੰ ਬੜੇ ਪ੍ਰੇਮ ਨਾਲ ਦੱਸਿਆ ਕਿ ਮੇਰਾ ਪੁੱਤਰ ਸ਼ਿਕਾਗੋ ਯੂਨੀਵਰਸਿਟੀ ਵਿਚ ਐਮ.ਏ. ਵਿਚ ਪੜ੍ਹ ਰਿਹਾ ਹੈ ਤੇ ਮੇਰੀ ਕਈ ਸਾਲਾਂ ਦੀ ਮਿਹਨਤ ਉਸ ਨੌਨਿਹਾਲ ਦੀ ਵਿਦਿਆ ਪੁਰ ਲੱਗੀ ਹੈ। ਕੀ ਕੌਮ ਦੇ ਚੰਗੇ ਭਾਗਾਂ ਵਿਚ ਕੁਝ ਸ਼ੌਕ ਹੋ ਸਕਦੀ ਹੈ। ਪਿਆਰੇ ਭਰਾਵੋ! ਆਪ ਦੱਸੋ, ਆਪ ਦੇ ਪੁੱਤਰਾਂ ਜਿਨ੍ਹਾਂ ਨੇ ਆਉਣ ਵਾਲੀ ਕੌਮ ਬਣਨਾ ਹੈ ਤੇ ਜਿਨ੍ਹਾਂ ਦੇ ਸਿਰ ਪੁਰ ਸਾਡੇ ਪਿਆਰੇ ਦੇਸ਼ ਦੀਆਂ ਬੇਅੰਤ ਜ਼ਿੰਮੇਵਾਰੀਆਂ ਹਨ, ਦੀ ਹਾਲਤ ਕੀ ਹੈ? ਕੀ ਆਪ ਨੂੰ ਆਸ ਹੈ ਕਿ ਉਨ੍ਹਾਂ ਦੀ ਹੁਣ ਦੀ ਹੀ ਹਾਲਤ ਵਿਚ ਸਾਡੀ ਕੌਮ ਉਠ ਸਕੇਗੀ। ਕੀ ਜੋ ਥੋੜ੍ਹੀ ਬਹੁਤ ਹੁਣ ਸਿੱਖ ਰਹੇ ਹਨ, ਉਹ ਸਾਡੀ ਉਨਤੀ ਵਾਸਤੇ ਕਾਫੀ ਹੈ, ਕਦਾਚਿਤ ਨਹੀਂ। ਜਿਸ ਤਰ੍ਹਾਂ ਕੋਈ ਬਦਕਿਸਮਤ ਆਦਮੀ ਇਕ ਪਵਿਤਰ ਜਲ ਵਾਲੇ ਸਰ ਦੇ ਪਾਸੋਂ ਪਿਆਸਾ ਹੀ ਉਠ ਜਾਵੇ, ਉਹ ਹਾਲਤ ਸਾਡੀ ਹੈ। ਪੰਜ ਛੇ ਸਾਲ ਖੁਮਾਰੀ ਵਿਚ ਹੀ ਲੰਘ ਗਏ ਹਨ ਤੇ ਜੋ ਭਰਾ ਦੇਸ਼ ਨੂੰ ਮੁੜ ਗਏ ਹਨ, ਉਹ ਇਸ ਵਿਦਿਆ ਤੇ ਹੁਨਰ ਦੀ ਖਾਣ, ਅਮਰੀਕਾ ਤੋਂ ਕੀ ਲੈ ਗਏ? ਜਿਸ ਤਰ੍ਹਾਂ ਕੋਰੇ ਆਏ ਸਨ, ਉਸੇ ਤਰ੍ਹਾਂ ਬੋਤਲਾਂ ਵਾਲੀਆਂ ਹੁਕੀਆਂ ਝਗੜੇ ਫਸਾਦ ਤੇ ਚਾਰ ਛਿਲੜ ਸ਼ਰਾਬ ਵਿਚ ਉਡਾਉਣ ਨੂੰ ਲੈ ਕੇ ਕੋਰੇ ਹੀ ਉਠ ਗਏ। ਕੀ ਪੈਸਿਆਂ ਨਾਲ ਕੌਮਾਂ ਉਠ ਸਕਦੀਆਂ ਹਨ? ਕੀ ਡਾਲਰਾਂ ਨਾਲ ਇਨਸਾਨ ਬਣ ਸਕਦਾ ਹੈ? ਕੀ ਹਜ਼ਾਰਾਂ ਡਾਲਰ ਕਮਾ ਕੇ ਲੈ ਜਾ ਕੇ ਦੇਸ਼ ਵਿਚ ਸੁਖੀ ਬਸ ਸਕੋਗੇ? ਜਦਕਿ ਤੁਹਾਡੀ ਕੌਮ ਗਰਕ ਰਹੀ ਹੈ ਤੇ ਤੁਹਾਡੇ ਪੈਸੇ ਦੇ ਮਾਣ ਪੁਰ ਤੁਹਾਡੇ ਜੀਉਂਦਿਆਂ ਹੀ ਜਾਂ ਮੋਇਆ ਤੋਂ ਸ਼ਿਕਾਰੀ ਜੁਆਰੀ, ਸ਼ਰਾਬੀ ਤੇ ਬਦਮਾਸ਼ ਬਣਨਗੇ। ਜੇ ਤੁਸੀਂ ਜੀਉਂਦਿਆਂ ਕੌਮਾਂ ਤੇ ਕੋਈ ਗੁਣ ਨਹੀਂ ਲੈ ਸਕੇ ਤਾਂ ਇਹ ਤੁਹਾਡੇ ਕਮਾਏ ਹੋਏ ਡਾਲਰ ਫਾਇਦੇ ਦੀ ਥਾਂ ਸਗੋਂ ਜ਼ਹਿਰ ਬਣ ਕੇ ਡੋਬਣਗੇ। ਆਪ ਨੂੰ ਪਤਾ ਹੈ, ਇਥੋਂ ਜਾ ਕੇ ਲਹੂ ਮਾਰਵੀਂ ਕਮਾਈ ਨੂੰ ਕਿਸ ਤਰ੍ਹਾਂ ਕਲਾਲਖਾਨਿਆਂ 'ਚ ਉਡਾਇਆ ਗਿਆ ਹੈ।

ਐ ਅਮਰੀਕਾ ਤੇ ਕੈਨੇਡਾ ਵਿਚ ਹੁਣ ਰਹਿ ਗਏ ਭਰਾਵੋ! ਸੰਭਲੋ, ਕੰਨ ਖੋਲ੍ਹੋ, ਹੋਸ਼ ਕਰੋ। ਆਪਣੇ ਪੁੱਤਰਾਂ ਪੁਰ ਤਰਸ ਕਰੋ। ਉਨ੍ਹਾਂ ਨੂੰ ਅੰਮ੍ਰਿਤ ਦਿਓ, ਜ਼ਹਿਰ ਦੀਆਂ ਨਾਲਾਂ ਉਨ੍ਹਾਂ ਦੇ ਸੰਘ ਵਿਚ ਨਾ ਘੁਸੇੜੋ। ਅਮਰੀਕਾ ਵਿਚ ਠਹਿਰ ਕੇ ਉਨ੍ਹਾਂ ਨੂੰ ਵਿਦਵਾਨ ਬਣਾਵੋ, ਕੈਨੇਡਾ ਨਿਵਾਸੀ ਭਰਾਵੋ! ਬ੍ਰਿਟਿਸ਼ ਕੋਲੰਬੀਆ ਵਿਚ ਕੋਈ ਤੁਹਾਡੀਆਂ ਮੋਹਰਾਂ ਨਹੀਂ ਲੱਗੀਆਂ ਹੋਈਆਂ। ਮੋਂਟਰੀਆਲ ਵਿਚ ਮਰਿਲ ਯੂਨੀਵਰਸਿਟੀ ਕੁਲ ਦੁਨੀਆਂ ਵਿਚ ਵੱਡੀ ਹੈ। ਦੇਸ਼ ਨੂੰ ਮੁੜਨ ਦੀ ਸੋਹ ਪਾ ਦਿਓ। ਆਪਣੇ ਪੁੱਤਰਾਂ ਤੇ ਸਿੰਘਣੀਆਂ ਨੂੰ ਇਥੇ ਮੰਗਵਾਉਣ ਦੇ ਯਤਨ ਲਈ ਹੀ ਆਪਣੇ ਜੀਵਨ ਲਾ ਦਿਓ। ਕੁਲ ਕੈਨੇਡਾ ਵਿਚ ਪਸਰ ਜਾਓ। ਆਪਣੇ ਬੱਚਿਆਂ ਨੂੰ ਲਟ-ਲਟ ਕਰ ਰਹੇ ਇਲਮ ਦੀ ਖਾਣ ਬੜੇ-ਬੜੇ ਕਾਲਜਾਂ ਤੇ ਸਕੂਲਾਂ ਵਿਚ ਦਾਖਲ ਕਰਾ ਦਿਓ। ਠਹਿਰ ਜਾਓ, ਮਿਹਨਤ ਕਰੋ, ਇਹ ਬੂਟੇ ਥੋੜ੍ਹੇ ਚਿਰ ਵਿਚ ਹੀ ਉਹ ਫਲ ਦੇਣਗੇ ਜਿਸ ਦੀ ਮਹਿਕ ਨਾਲ ਆਪ ਦੀ ਕੌਮ ਵਧ ਨਿਕਲੇਗੀ। ਜੇ ਆਪ ਇਸ ਪ੍ਰਣ ਪੁਰ ਪੱਕੇ ਹੋ ਤਾਂ ਕੋਈ ਦੁਨੀਆਂ ਦੀ ਤਾਕਤ ਤੁਹਾਡੇ ਪੁਰ ਸਖਤੀ ਨਹੀਂ ਕਰ ਸਕਦੀ। ਕੋਈ ਵਜ੍ਹਾ ਨਹੀਂ ਕਿ ਆਪ ਦੇ ਬੱਚਿਆਂ ਤੇ ਇਸਤਰੀਆਂ ਨੂੰ ਇਥੇ ਆਉਣ ਦੀ ਖੁਲ੍ਹ ਨਾ ਹੋਵੇ। ਅੱਜ ਤੋਂ ਹੀ ਮਨਸੂਬੇ ਧਾਰ ਲਵੋ ਕਿ ਮੈਂ ਆਪਣੇ ਪੁੱਤਰ ਨੂੰ ਇੰਜੀਨੀਅਰੀ ਪੜ੍ਹਾਉਣੀ ਹੈ। ਮੈਂ ਆਪਣੇ ਬੱਚੇ ਨੂੰ ਬਿਜਲੀ ਦਾ ਕੰਮ ਸਿਖਾਉਣਾ ਹੈ। ਮੈਂ ਆਪਣੇ ਅੱਖਾਂ ਦੇ ਤਾਰੇ ਨੂੰ ਦੁਨੀਆਂ ਦੀ ਵੱਡੀ ਤੋਂ ਵੱਡੀ ਵਿਦਿਆ ਦੀ ਪੋਸ਼ਾਕ ਪੁਆਉਣੀ ਹੈ। ਆਪਣੀ ਬੱਚੀ ਨੂੰ ਇਸ ਲਾਇਕ ਬਣਾਉਣਾ ਹੈ ਕਿ ਉਹ ਜਾ ਕੇ ਹੋਰ ਭਰਾਵਾਂ ਤੇ ਭੈਣਾਂ ਨੂੰ ਅੰਧਕਾਰ ਵਿਚੋਂ ਕੱਢ ਸਕੇ। ਐ ਮੇਰੇ ਪਿਆਰੇ ਵੀਰੋ! ਇਹੋ ਹੀ ਪੱਕੀ ਹੈ, ਇਹੋ ਹੀ ਵਾਧਾ ਹੈ। ਆਪਣੀਆਂ ਇਸਤਰੀਆਂ ਤੇ ਬੱਚਿਆਂ ਨੂੰ ਇਥੇ ਮੰਗਵਾਉਣ ਦੇ ਬੀੜੇ ਨੂੰ ਸਿਰ ਚਾਹੜਨ ਲਈ ਸਾਰੀ ਵਾਹ ਲਾਵੋ ਤੇ ਕੁਲ ਕੈਨੇਡਾ ਤੇ ਅਮਰੀਕਾ ਵਿਚ ਖਿਲਰ ਜਾਓ। ਆਪਣੀਆਂ ਜ਼ਿੰਦਗੀਆਂ ਨੂੰ ਇਸ ਤਰ੍ਹਾਂ ਬਤੀਤ ਕਰੋ ਕਿ ਹਰ ਕੋਈ ਸਾਡੀ ਕੌਮ ਦੀ ਨੇਕੀ ਨੂੰ ਯਾਦ ਕਰੇ। ਆਓ, ਪਲਟ ਆਓ, ਸਮਝ ਜਾਓ, ਹੁਣ ਸਮਾਂ ਜਾਗਣ ਦਾ ਹੈ। 'ਸੰਸਾਰ' ਦਾ ਇਹੀ ਸੁਨੇਹਾ ਹੈ ਤੇ ਇਹੀ ਧਰਮ ਹੈ। ਇਸ ਧਰਮ ਦੇ ਪੂਰੇ ਹੋਇਆਂ ਹੀ ਸਾਡਾ ਨਿਸਤਾਰਾ ਹੈ।

### ਹੁਣ ਕੀ ਕਰਨ ਦੀ ਲੋੜ ਹੈ

ਕੈਨੇਡਾ ਵਿਚ ਵੱਸਣ ਵਾਲੇ ਹਿੰਦੁਸਤਾਨੀਆਂ ਦੀ ਗਿਣਤੀ ਦਬਾ ਦਬ ਘਟ ਰਹੀ ਹੈ। ਗਵਰਨਮੈਂਟ ਵੱਲੋਂ ਦਿਨ-ਪਰ-ਦਿਨ ਸਾਡੇ ਲਈ ਰਾਹ ਬੰਦ ਕੀਤੇ ਜਾ ਰਹੇ ਹਨ। ਸਾਰੇ ਉਹ ਭਰਾ, ਜੋ ਕਈ ਕਈ ਸਾਲ ਇਥੇ ਰਹਿ ਕੇ ਗਏ ਹਨ, ਜ਼ਮੀਨ ਜਾਇਦਾਦਾਂ ਦੇ ਇਥੇ ਮਾਲਕ ਹਨ। ਹਾਂਗਕਾਂਗ ਵਿਚ ਰੁਕੇ ਬੈਠੇ ਹਨ। ਕੰਪਨੀਆਂ ਟਿਕਟ ਦੇਣ ਤੋਂ ਨਾਂਹ ਕਰਦੀਆਂ ਹਨ। ਜਿਥੇ ਇਕ ਪਾਸੇ ਹੁਣ ਰੋਕੇ ਜਾ ਰਹੇ ਪੁਰਾਣੇ ਭਰਾਵਾਂ ਦੀਆਂ ਇਥੇ ਜਾਇਦਾਦਾਂ ਤੇ ਜ਼ਮੀਨਾਂ ਉਜੜ ਜਾਣਗੀਆਂ, ਉਥੇ ਦੂਜੇ ਪਾਸੇ ਉਨ੍ਹਾਂ ਦੇ ਰੁਕਣ ਨਾਲ ਸਾਡੇ ਅਸਥਾਨ ਦੀਵਾਨ ਸਭਾ ਤੇ ਜਥੇ ਉਡ ਜਾਣਗੇ ਕਿਉਂਕਿ ਆਦਮੀਆਂ ਨਾਲ ਹੀ ਜਥੇਬੰਦੀਆਂ ਹੁੰਦੀਆਂ ਹਨ। ਇਸ ਕਾਨੂੰਨ ਦੇ ਪਾਸ ਕਰਾਉਣ ਲਈ ਰੌਲਾ ਸ਼ੁਰੂ ਹੋ ਗਿਆ ਹੈ ਕਿ ਕੋਈ ਹਿੰਦੂ ਬ੍ਰਿਟਿਸ਼ ਕੋਲੰਬੀਆ ਵਿਚ ਜ਼ਮੀਨ ਦਾ ਮਾਲਕ ਨਾ ਬਣ ਸਕੇ। ਦਬਾ ਦਬ ਇਸ ਦੇ ਹੱਕ ਵਿਚ ਗੋਰਿਆਂ ਵੱਲੋਂ ਰੈਜ਼ੋਲਿਊਸ਼ਨ ਪਾਸ ਕੀਤੇ ਜਾ ਰਹੇ ਹਨ ਤੇ ਇਸ ਰੌਲੇ ਦਾ ਅੰਗਾ ਸਾਡਾ ਰਹਿੰਦਾ ਖੂੰਹਦਾ ਨਾਸ ਕਰਨ ਲਈ ਕੋਈ ਘੱਟ ਨਹੀਂ ਕਰੇਗਾ ਜਦਕਿ ਜੇ ਇਸ ਤਰ੍ਹਾਂ ਕਾਨੂੰਨ ਪਾਸ ਹੋ ਗਿਆ ਤਾਂ ਕਿਸੇ ਹਿੰਦੁਸਤਾਨੀ ਨੂੰ ਜ਼ਮੀਨ ਦਾ ਡੀਡ ਨਾ ਮਿਲੇਗਾ। ਸਾਨੂੰ ਉਕੇ ਹੀ ਇਸ ਦੇਸ਼ ਵਿਚੋਂ ਕੱਢ ਦੇਣ ਲਈ ਕੁਲ ਗੋਰਿਆਂ ਦੀਆਂ ਅਖ਼ਬਾਰਾਂ ਜ਼ੋਰ ਲਾ ਰਹੀਆਂ ਹਨ। ਸਾਡੇ ਬਰਖਿਲਾਫ ਹੋਰ ਭੀ ਕਰੜੇ ਕਾਨੂੰਨ ਬਣਾਉਣ ਲਈ ਐਵੇਂ ਝੂਠੀਆਂ ਗੱਪਾਂ ਉਡਾ ਕੇ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ ਕਿ ਲੱਖਾਂ ਹਿੰਦੁਸਤਾਨੀ ਕੈਨੇਡਾ ਆ ਰਹੇ ਹਨ। ਸਾਨੂੰ ਟਿਕਟ ਨਾ ਵੇਚਣ ਲਈ ਜਹਾਜ਼ਾਂ ਦੀਆਂ ਕੰਪਨੀਆਂ ਨੂੰ ਕਸਿਆ ਜਾ ਰਿਹਾ ਹੈ। ਹਰ ਇਕ ਸਿੱਧੇ ਜਾਂ ਪੁਠੇ ਤਰੀਕੇ ਨਾਲ ਸਾਨੂੰ ਕਮਜ਼ੋਰ ਕਰਨ ਦੇ ਸਾਧਨ ਹੋ ਰਹੇ ਹਨ। ਇਕ ਰਾਜ ਇਕ ਬਾਦਸ਼ਾਹ ਦੇ ਤਅਲਕਾਂ ਨੂੰ ਬਿਲਕੁਲ ਭੁਲਾ ਕੇ ਸਾਨੂੰ ਕਮਜ਼ੋਰ ਸਮਝ ਕੇ ਸਾਡੀਆਂ ਔਰਤਾਂ ਤੇ ਬੱਚਿਆਂ ਨੂੰ ਜਬਰਨ ਨਖੇੜਨ ਦੇ ਕਾਨੂੰਨ ਨੂੰ ਹੋਰ ਵੀ ਪੱਕਾ ਕਰਨ ਦੀਆਂ ਤਿਆਰੀਆਂ ਦੇ ਨਿਸ਼ਾਨ ਪ੍ਰਗਟ ਹੋ ਰਹੇ ਹਨ। ਇਸ ਮੁਲਕ ਦੇ ਗੋਰੇ ਤਾਂ ਇਕ ਪਾਸੇ ਰਹੇ, ਇੰਡੀਆ ਵਿਚ ਕਈ ਕਈ ਸਾਲ ਰਹੇ ਗੋਰੇ ਸਾਨੂੰ ਇਸ ਦੇਸ਼ ਵਿਚੋਂ ਕੱਢਣ ਲਈ ਪੁੱਜ ਕੇ ਜ਼ੋਰ ਲਾ ਰਹੇ ਹਨ। ਅਖ਼ਬਾਰਾਂ ਵਿਚ ਲਿਖਦੇ ਹਨ, ਬੋਲ ਕੇ ਦੁਹਾਈ ਪਾਉਂਦੇ ਹਨ, ਅੱਗੇ ਨੂੰ ਆ ਰਿਹਾ ਇਕ-ਇਕ ਦਮ ਸਾਨੂੰ ਕਈ-ਕਈ ਕੋਹ ਪਿੱਛੇ ਲਿਜਾ ਰਿਹਾ ਹੈ। ਸਾਡੀ ਤਾਕਤ ਘਟਾਉਂਦਾ ਤੇ ਦੱਸਦਾ ਹੈ ਕਿ ਜੇ ਅਸੀਂ ਐਨੀਆਂ ਭਾਵੀਆਂ ਵਿਚ ਘਿਰੇ ਇਸ ਚੁੱਪਚਾਪ ਦੀ ਹਾਲਤ 'ਚ ਰਹੇ ਤਾਂ ਥੋੜ੍ਹਿਆਂ ਮਹੀਨਿਆਂ ਨਹੀਂ ਤਾਂ ਇਕ ਸਾਲ ਵਿਚ ਸਾਡੀ ਉਹ ਦੁਰਦਸ਼ਾ ਹੋ ਜਾਵੇਗੀ, ਜਿਸ ਨੂੰ ਸੰਭਾਲਣਾ ਕਠਿਨ ਹੋਵੇਗਾ।

ਜੋ ਕੰਮ ਪਰ ਸਾਲ ਹੋ ਸਕਦਾ ਸੀ, ਉਹ ਅੱਜ ਨਹੀਂ ਹੋ ਸਕਦਾ। ਜੋ ਅੱਜ ਹੋ ਸਕਦਾ ਹੈ, ਉਹ ਹੋਰ ਚਾਰ ਮਹੀਨਿਆਂ ਨੂੰ ਨਹੀਂ ਹੋ ਸਕੇਗਾ। ਹੁਣ ਇਕ ਇਕ ਮਿੰਟ ਦੀ ਖਤਰਨਾਕ ਲਹਿਰਾਂ ਵਿਚ ਸਾਡੀ ਬੇੜੀ ਡਕੋ ਡੋਲੇ ਖਾ ਰਹੀ ਹੈ। ਸਾਡਾ ਕੈਨੇਡਾ ਵਿਚ ਰਹਿਣ ਦਾ ਦੀਵਾ ਵੈਰੀਆਂ ਦੇ ਜਤਨਾਂ ਦੀਆਂ ਜ਼ੋਰਦਾਰ ਹਨੇਰੀਆਂ ਦੇ ਬੁੱਲਿਆਂ ਦੇ ਟਾਕਰੇ ਪੁਰ ਤੇਜ਼ ਕਿਸ ਤਰ੍ਹਾਂ ਹੁਣ ਤਾਂਈਂ ਬਲਦਾ ਰਿਹਾ ਹੈ। ਬੜੀਆਂ ਤੋਂ ਬੜੀਆਂ ਉਦਾਸੀਆਂ ਤੇ ਨਾਉਮੀਦੀਆਂ ਸਾਨੂੰ ਘੇਰ ਰਹੀਆਂ ਹਨ। ਜਿਨ੍ਹਾਂ ਦੀਆਂ ਬਾਹਾਂ ਕਟ ਜਾਣ, ਆਪ ਦਸੋ ਉਹ ਆਦਮੀ ਕਿਸ ਕੰਮ ਦੇ ਰਹਿ ਸਕਦੇ ਹਨ? ਕੀ ਇਸ ਵਕਤ ਜੋ ਭਰਾ ਹਾਂਗਕਾਂਗ ਵਿਚ ਰੋਕੇ ਗਏ ਹਨ, ਆਪ ਦੀਆਂ ਬਾਹਾਂ ਨਹੀਂ ਕਟੀਆਂ ਗਈਆਂ? ਰਾਜਨੀਤੀ ਦੇ ਮਾਹਰ ਦੱਸਦੇ ਹਨ ਕਿ ਅਗਲੇ ਛੇ ਮਹੀਨੇ ਜੇ ਅਸੀਂ ਜਥੇਬੰਦ ਹੋ ਕੇ ਜੁਗਤ ਨਾਲ ਅਕਲ ਨਾਲ ਆਪਣੇ ਪੁਰ ਹੋ ਰਹੇ ਜ਼ੁਲਮ ਦਾ ਰੌਲਾ ਮਚਾਈਏ ਤਾਂ ਸਾਡਾ ਕੁਝ ਬਣ ਸਕਦਾ ਹੈ, ਨਹੀਂ ਤਾਂ ਉਸ ਤੋਂ ਪਿੱਛੋਂ ਪਤਾ ਨਹੀਂ ਸਾਡੇ ਨਾਲ ਕੀ ਕੁਝ ਹੋਵੇ।

ਪਿਆਰੇ ਭਰਾਵੋ! ਤੂਫਾਨ ਆਉਣ ਵਾਲਾ



*ਸਾਲ 1912 ਵਿਚ ਵੈਨਕੂਵਰ 'ਚ ਇਕ ਕਮਰੇ ਅੰਦਰ ਰਹਿ ਰਹੇ ਚੀਨੀ ਕਾਮੇ*

ਹੈ। ਸਾਡੇ ਬੜੇ ਚਾਵਾਂ ਤੇ ਖੁਸ਼ੀਆਂ ਪਰ ਨਾਸ ਕਰਨ ਵਾਲੀ ਬਿਜਲੀ ਡਿੱਗਣ ਵਾਲੀ ਹੈ। ਆਪਣਾ ਆਪ ਸੰਭਾਲਣ ਲਈ ਜੇ ਕੁਝ ਹੋ ਸਕਦਾ ਹੈ ਤਾਂ ਕਰ ਲਓ, ਕਨਸੋਆਂ ਆ ਰਹੀਆਂ ਹਨ ਕਿ ਇਸ ਵਾਰੀ ਓਟਾਵੇ ਵਿਚ ਸਾਡੇ ਉਲਟ ਬਹੁਤ ਸਖਤ ਕਾਨੂੰਨ ਬਣਨਗੇ। ਸਾਨੂੰ ਜ਼ਮੀਨਾਂ ਦੀ ਮਾਲਕੀ ਤੋਂ ਬੇਦਖਲ ਕਰਨ ਦਾ ਰੌਲਾ ਇਸੇ ਲਈ ਸ਼ੁਰੂ ਹੋਇਆ ਹੈ। ਹਾਂਗਕਾਂਗ ਵਿਚ ਭਰਾਵਾਂ ਦਾ ਰੁਕਨਾ ਆਉਣ ਵਾਲੇ ਖਤਰਿਆਂ ਦਾ ਹੀ ਨਿਸ਼ਾਨ ਹੈ। ਇਸ ਵਕਤ ਜ਼ਰੂਰੀ ਹੈ ਕਿ ਅਸੀਂ ਜਿਥੇ ਤਕ ਸਾਡਾ ਜ਼ੋਰ ਲੱਗ ਸਕਦਾ ਹੈ, ਆਪਣੇ ਉਤੇ ਹੋ ਰਹੇ ਜ਼ੁਲਮ ਦਾ ਰੌਲਾ ਮਚਾਈਏ। ਦੁਨੀਆਂ ਨੂੰ ਇਕ ਵਾਰੀ ਚੰਗੀ ਤਰ੍ਹਾਂ ਜਤਾ ਦੇਈਏ ਕਿ ਸਾਡੇ ਨਾਲ ਜ਼ੁਲਮ ਦੀ ਹੱਦ ਪਹੁੰਚ ਚੁੱਕੀ ਹੈ। ਬੜੇ ਬੜੇ ਸਿਆਣੇ ਸਲਾਹ ਦਿੰਦੇ ਹਨ ਕਿ ਇਸ ਮੌਕੇ ਸਾਡੀ ਹਾਲ ਦੁਹਾਈ ਹੀ ਕੁਝ ਕਰ ਸਕਦੀ ਹੈ। ਜ਼ਰੂਰਤ ਹੈ ਕਿ ਛੇ ਮਹੀਨੇ ਜਿਥੋਂ ਤਕ ਹੋ ਸਕੇ, ਅਸੀਂ ਆਪਣੇ ਦੁੱਖਾਂ ਦੀ ਕੂਕ ਕੈਨੇਡਾ ਵਿਚ ਹਰ ਥਾਂ ਇਕ ਇਕ ਆਦਮੀ ਦੇ ਕੰਨ ਪਾ ਦੇਈਏ। ਇਸ ਵਾਰੀ ਕੈਨੇਡਾ ਦੀ ਪਾਰਲੀਮੈਂਟ ਦੇ ਲੱਗਣ ਤੋਂ ਪਹਿਲਾਂ ਪਹਿਲਾਂ ਕੁਲ ਕੈਨੇਡਾ ਵਿਚ ਬੜੀ ਜ਼ੋਰਦਾਰ ਹਾਲ ਦੁਹਾਈ ਦੀ ਲੋੜ ਹੈ। ਪਾਰਲੀਮੈਂਟ ਲੱਗਣ ਤੋਂ ਪਹਿਲਾਂ ਜਿਸ ਵਿਚ ਕਿ ਪੂਰੀ ਉਮੀਦ ਕੀਤੀ ਜਾਂਦੀ ਹੈ, ਸਾਡਾ ਸਵਾਲ ਜ਼ਰੂਰ ਛਿੜੇਗਾ। ਅਸੀਂ ਕੈਨੇਡਾ ਵਿਚ ਹਿੰਦੁਸਤਾਨੀਆਂ ਦਾ ਸਵਾਲ ਇਕ ਇਕ ਬੰਦੇ ਦੇ ਮੂੰਹ ਪਰ ਹੋਵੇ। ਸਾਡੇ ਦਰਦੀ ਭੀ ਮੌਜੂਦ ਹਨ। ਸਾਡੇ ਰੌਲਾ ਪਾਉਣ ਉਤੇ ਉਹ ਸਾਡੇ ਨਾਲ ਰਲ ਕੇ ਇਸ ਸਵਾਲ ਨੂੰ ਚੁੱਕ ਲੈਣਗੇ। ਹੁਣ ਇਹ ਹੀ ਇਕ ਜੁਗਤ ਹੈ ਜਿਸ ਦੇ ਬਿਨਾਂ ਹਫਤਿਆਂ ਦੇ ਅੰਦਰ ਹੋਣ ਉਤੇ ਹੀ ਸਾਨੂੰ ਕੁਝ ਉਮੀਦ ਹੋ ਸਕਦੀ ਹੈ। ਹਾਂਗਕਾਂਗ ਵਿਚ ਹੋਈ ਰੋਕ ਦਾ ਇਸੇ ਤਰ੍ਹਾਂ ਫੈਸਲਾ ਹੋ ਸਕਦਾ ਹੈ। ਸਿੰਘਣੀਆਂ, ਬੱਚਿਆਂ ਦੇ ਆਉਣ ਦਾ ਸਵਾਲ ਇਸੇ ਗੱਲ ਦੇ ਨਾਲ ਹੈ। ਕੁਲ ਕੈਨੇਡਾ ਵਿਚ ਆਉਣ ਵਾਲੇ ਛੇ ਮਹੀਨੇ ਲਗਾਤਾਰ ਪ੍ਰਚਾਰ ਕਰਨ ਲਈ ਡਾਕਟਰ ਸੁੰਦਰ ਸਿੰਘ ਜੀ ਸਤੰਬਰ ਦੇ ਅਖੀਰ ਤਾਂਈਂ ਛਿੜ ਜਾਣ ਲਈ ਤਿਆਰ ਹਨ। ਇਹ ਤਾਂ ਫੈਸਲਾ ਹੋ ਚੁੱਕਾ ਹੈ ਕਿ ਜੇ ਹੁਣ ਸਾਡੇ ਇਸ ਮਾਮਲੇ ਦਾ ਰੌਲਾ ਨਾ ਪਿਆ ਤਾਂ ਅਸੀਂ ਜ਼ਰੂਰ ਪੀਹੇ ਜਾਵਾਂਗੇ। ਇਸ ਤੋਂ ਬਿਨਾਂ ਅਸੀਂ ਬਚ ਨਹੀਂ ਸਕਦੇ। ਹੁਣ ਹੀ ਵਕਤ ਹੈ ਜੇ ਖੁੰਝ ਗਏ ਤਾਂ ਫੇਰ ਕੁਝ ਭੀ ਨਹੀਂ ਹੋ ਸਕੇਗਾ। ਜੇ ਕੋਈ ਹੱਥ ਭਰਾ ਡਾਕਟਰਾਂ ਹੋਰਾਂ ਦੇ ਨਾਲ ਤਿਆਰ ਹੋਵੇ ਤਾਂ ਧਨਭਾਗ, ਨਹੀਂ ਤਾਂ ਇਕੱਲੇ ਹੀ ਆਪਣੇ ਮੁਲਕ ਤੇ ਭਰਾਵਾਂ ਦੇ ਹੱਕਾਂ ਦੇ ਬਚਾਉਣ ਦਾ ਸੁਨੇਹਾ ਲੈ ਕੇ ਛਿੜ ਜਾਣਗੇ ਤੇ ਪਿੰਡ ਪਿੰਡ ਸ਼ਹਿਰ ਘੁੰਮਣਗੇ। ਇਸ ਦੌਰੇ ਦੇ ਖਰਚ ਤੇ ਕਿਰਾਏ ਦਾ ਬੰਦੋਬਸਤ ਕਰਨਾ ਹਰ ਕੈਨੇਡਾ ਵਾਸੀ ਦਾ ਫਰਜ਼ ਹੈ ਕਿਉਂਕਿ ਇਸ ਕੰਮ ਲਈ ਪੈਰ ਪੈਰ ਪੁਰ ਪੈਸੇ ਦੀ ਲੋੜ ਹੈ। ਇਹ ਅੰਤਲੀ ਕੋਸ਼ਿਸ਼ ਹੈ ਜੋ ਇਸ ਮੌਕੇ ਅਸੀਂ ਗਾਫਲ ਰਹੇ ਤਾਂ ਇਸ ਦਾ ਨਤੀਜਾ ਸਾਨੂੰ ਆਪ ਹੀ ਪਤਾ ਲੱਗ ਜਾਵੇਗਾ। ਜੋ ਕੌਮਾਂ ਵੇਲੇ ਸਿਰ ਹੋਸ਼ ਨਹੀਂ ਸੰਭਾਲਦੀਆਂ, ਉਹ ਮਗਰੋਂ ਹੱਥ ਮਲਦੀਆਂ ਰਹਿ ਜਾਂਦੀਆਂ ਹਨ। ਮਰਦ ਉਹੀ ਹਨ, ਜੋ ਵੇਲੇ ਸਿਰ ਉਠਦੇ ਹਨ।

ਹੁਣ ਇਹ ਵੇਲਾ ਹੈ ਜਿਸ ਨੂੰ ਗੁਆਇਆ ਤਾਂ ਸਾਡਾ ਨਾਸ ਹੈ ਤੇ ਜਿਸ ਨੂੰ ਸੰਭਾਲਿਆ ਤਾਂ ਸਾਡੇ ਬਚਣ ਦੀ ਆਸ ਹੈ। ਹਜ਼ਾਰਾਂ ਪਾਦਰੀ ਚੀਨ ਆਦਿਕ ਪ੍ਰਦੇਸ਼ਾਂ ਵਿਚ ਜਾ ਕੇ ਪ੍ਰਚਾਰ ਕਰਦੇ ਹਨ। ਜਦ ਸਾਡੇ ਉਤੇ ਇਤਨਾ ਜ਼ੁਲਮ ਹੋ ਰਿਹਾ ਹੈ ਤੇ ਹੋਣ ਵਾਲਾ ਹੈ ਤਾਂ ਉਸ ਲਈ ਹੁਣ ਪ੍ਰਚਾਰ ਹੀ ਠਲ੍ਹ ਪਾ ਸਕਦਾ ਹੈ। ਜ਼ਰੂਰੀ ਹੈ ਕਿ ਇਸ ਦੇ ਲਈ ਸਭ ਜਗ੍ਹਾ ਦੇ ਭਰਾ ਰਲ ਕੇ ਕੇ ਇਕ ਨੈਸ਼ਨਲ ਜਾਂ ਕੌਮੀ ਫੰਡ ਕਾਇਮ ਕਰਨ। ਹੁਣ ਦੇ ਪ੍ਰਚਾਰ ਲਈ ਇਕ ਹਜ਼ਾਰ ਡਾਲਰ ਦੀ ਲੋੜ ਹੈ ਤੇ ਉਹ ਵੀਹਾਂ ਦਿਨਾਂ ਦੇ ਅੰਦਰ ਹੋਣਾ ਚਾਹੀਦਾ ਹੈ ਕਿਉਂਕਿ ਫੇਰ ਵਕਤ ਗੁਜ਼ਰਦਾ ਜਾਂਦਾ ਹੈ। ਝਟ ਪਟ ਸੇਵਕ ਤੁਰ ਜਾਣ ਤਾਂ ਇਸ ਵਿਚ ਹੀ ਭਲਾ ਹੈ। ਡਾਕਟਰ ਸੁੰਦਰ ਸਿੰਘ ਹੋਰਾਂ ਦੇ ਇਸ ਦੌਰੇ ਦੇ ਲਈ ਹੇਠ ਲਿਖੇ ਭਰਾਵਾਂ ਨੇ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਆਤਮਾ ਸਿੰਘ ਵੀਹ ਡਾਲਰ, ਮਾਸਟਰ ਹਰਨਾਮ ਸਿੰਘ ਡਲੇਹਾਲ ਦਸ ਡਾਲਰ, ਘਨਈਆ ਸਿੰਘ ਦਸ ਡਾਲਰ, ਉਜਾਗਰ ਸਿੰਘ ਦਸ ਡਾਲਰ। ਵਕਤ ਬਹੁਤ ਥੋੜ੍ਹਾ ਹੈ। ਕੁਲ ਭਰਾ ਹੁਣ ਵੀ ਆਪਣੀ ਖਤਰਨਾਕ ਹਾਲਤ ਨੂੰ ਵਿਚਾਰ ਕੇ ਇਸ ਉਦਮ ਲਈ ਜ਼ੋਰ ਲਾ ਦਿਓ, ਫੇਰ ਦੇਖੋ ਕਿਸ ਤਰ੍ਹਾਂ ਕੈਨੇਡਾ ਵਿਚ ਸਾਡੇ ਪੁਰ ਹੋ ਰਹੇ ਜ਼ੁਲਮ ਦੀ ਦੁਹਾਈ ਪੈਂਦੀ ਹੈ। ਇਹ ਸਾਡੇ ਬਚਾਓ ਦੇ ਅੰਤਲੇ ਯਤਨ ਲਈ ਜੋ ਕੁਝ ਵੀ ਆਪ ਮਦਦ ਕਰ ਸਕਦੇ ਹੋ, ਤਿੰਨਾਂ ਹਫਤਿਆਂ ਦੇ ਅੰਦਰ-ਅੰਦਰ ਭਾਈ ਪਿਆਰਾ ਸਿੰਘ ਦੇ ਨਾਮ ਪੁਰ 630 ਦੇ ਪਤੇ ਪੁਰ ਘਲ ਦਿਓ, ਉਸ ਦਾ ਸਾਰਾ ਹਿਸਾਬ ਤੇ ਜੋੜ 'ਸੰਸਾਰ' ਵਿਚ ਛਪਦਾ ਰਹੇਗਾ।

###

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 2)

## ਕਿਸਾਨੀ ਦਰਦ

***ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ ਤਾਂ ਇਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਆਪਣੀ ਜੀਵਨ ਲੀਲ੍ਹਾ ਆਪ ਖਤਮ ਕਰਨ ਦੇ ਰਾਹ ਪੈ ਚੁਕਾ ਹੈ। ਫਿਰ ਵੀ ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਭਿਆਨਕ ਹਾਲਾਤ ਦੇ ਪਿਛੋਕੜ ਵਿਚ ਲਿਖਿਆ ਲੰਮਾ ਲੇਖ ਡਾ. ਗੋਬਿੰਦਰ ਸਿੰਘ ਸਮਰਾਓ ਨੇ 'ਪੰਜਾਬ ਟਾਈਮਜ਼' ਲਈ ਉਚੇਚਾ ਭੇਜਿਆ ਹੈ, ਜਿਸ ਦੀ ਦੂਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸ਼ੇਰਾ ਅਗਲੇ ਸਾਲ ਆਪਣੇ ਭਰਾ ਨਾਲ ਸ਼ਹਿਰ ਦੀ ਇਕ ਇੰਜਣ ਕਲ-ਪੁਰਜੇ ਬਣਾਉਣ ਵਾਲੀ ਫੈਕਟਰੀ ਵਿਚ ਮਜ਼ਦੂਰ ਭਰਤੀ ਹੋ ਗਿਆ ਤੇ ਖੇਤੀ ਕਰਨੀ ਛੱਡ ਗਿਆ। ਮੇਰੀ ਜਮੀਨ ਫਿਰ ਖਾਲੀ ਹੋ ਗਈ। ਉਸੇ ਸਾਲ ਮੇਰੀ ਪੰਜਾਬ ਯੂਨੀਵਰਸਿਟੀ ਦੀ ਫੈਲੋਸ਼ਿਪ ਖਤਮ ਹੋ ਗਈ ਤੇ ਮੈਨੂੰ ਬਦਲ ਕੇ ਗੌਰਮਿੰਟ ਕਾਲਜ, ਰੋਪੜ ਭੇਜ ਦਿੱਤਾ ਗਿਆ। ਮੈਂ ਕਈ ਹੋਰ ਅਧਿਆਪਕਾਂ ਵਾਂਗ ਚੰਡੀਗੜ੍ਹ ਤੋਂ ਹੀ ਹਰ ਰੋਜ਼ ਰੋਪੜ ਜਾਣਾ ਸ਼ੁਰੂ ਕਰ ਦਿੱਤਾ। ਉਥੇ ਮੇਰੀ ਮੁਲਾਕਾਤ ਕੈਮਿਸਟਰੀ ਦੇ ਪ੍ਰੋਫੈਸਰ ਜੋਗਿੰਦਰ ਸਿੰਘ ਨਾਲ ਹੋਈ ਜੋ ਚੰਡੀਗੜ੍ਹ ਨੇੜੇ ਆਪਣੇ ਛੋਟੇ ਫਾਰਮ ਤੇ ਖੇਤੀ ਵੀ ਕਰਵਾਉਂਦਾ ਸੀ। ਉਸ ਨੇ ਮੈਨੂੰ ਸਲਾਹ ਦਿੱਤੀ ਕਿ ਜਮੀਨ 'ਤੇ ਇਕ ਨੌਕਰ ਰੱਖ ਦੇਵਾਂ ਜੋ ਖੇਤੀ ਦਾ ਕੰਮ ਕਰੇ ਤੇ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਮੈਂ ਹਫਤੇ ਬਾਅਦ ਜਾ ਕੇ ਦੇਖ-ਰੇਖ ਕਰ ਆਇਆ ਕਰਾਂ। ਮੈਨੂੰ ਪੇਂਡੂ ਅਰਥਚਾਰੇ ਉਤੇ ਸਰਮਾਏਦਾਰੀ ਦੀ ਵਧਦੀ ਜਕੜ ਸਪਸ਼ਟ ਨਜ਼ਰ ਆਈ। ਇਕ ਪਾਸੇ ਇਕ ਖੁਦ-ਕਾਸ਼ਤਕਾਰ ਛੋਟਾ ਕਿਸਾਨ ਪਹਿਲਾਂ ਬਟਾਈਦਾਰ ਮੁਜ਼ਾਰਾ ਬਣਦਾ ਦੇਖਿਆ ਤੇ ਫਿਰ ਉਹ ਮਜ਼ਦੂਰੀ ਦੀ ਢਲਾਣ ਵਲ ਰੁੜ੍ਹਦਾ ਤੱਕਿਆ ਅਤੇ ਦੂਜੇ ਪਾਸੇ ਇਕ ਸੀਰੀ ਭਾਵ ਵਾਹੀ ਹਿੱਸੇਦਾਰ ਨੂੰ ਮਜ਼ਦੂਰ ਬਣਦੇ ਦੇਖਿਆ।

ਖੈਰ! ਮੈਨੂੰ ਉਸ ਦੀ ਸਾਰੀ ਗੱਲ ਅੱਛੀ ਲੱਗੀ। ਉਸ ਦੀ ਸਲਾਹ 'ਤੇ ਅਮਲ ਕਰਦਿਆਂ ਮੈਂ ਆਪਣੇ ਹੀ ਪਿੰਡੋਂ ਅਮਰੇ ਨਾਂ ਦੇ ਇਕ ਆਦਮੀ ਨੂੰ ਖੇਤੀ ਲਈ ਨੌਕਰ ਰੱਖ ਲਿਆ। ਜੀਰੀ ਦੀ ਫਸਲ ਲੁਆ ਕੇ ਮੈਂ ਉਸ ਨੂੰ ਸਮੇਂ ਸਿਰ ਖਾਦ ਪਾਣੀ ਦੇਣ ਲਈ ਕਹਿ ਕੇ ਚੰਡੀਗੜ੍ਹ ਚਲਾ ਗਿਆ।

ਦੋ ਹਫਤੇ ਬਾਅਦ ਆਇਆ ਤਾਂ ਗਲੀ ਦੇ ਇਕ ਛੋਟੇ ਕਿਸਾਨ ਨੇ ਮੁਖਬਰੀਆਂ ਵਾਂਗ ਦੱਸਿਆ, "ਬਾਈ ਤੇਰੇ ਪਿੱਛੇ ਤੇ ਅਮਰਾ ਤੇਰਾ ਕੰਮ ਨੀਂ ਕਰਦਾ, ਹੋਰਾਂ ਗਾ ਈ ਗੋਹਾ-ਕੂੜਾ ਕਰਦਾ ਫਿਰੀ ਜਾਹਾ।" ਮੇਰੇ ਅੰਦਰ ਗੁੱਸੇ ਦੀ ਤਾਰ ਜਿਹੀ ਫਿਰ ਗਈ। ਹੈਰਾਨੀ ਹੋਈ ਕਿ ਮੈਂ ਉਸ ਨੂੰ ਜਿਮੀਂਦਾਰਾਂ ਦੀ ਗੁਲਾਮੀ 'ਚੋਂ ਕੱਢ ਕੇ ਖੁਦਮੁਖਤਿਆਰੀ ਦੀ ਜ਼ਿੰਦਗੀ ਦਿਤੀ ਸੀ ਪਰ ਉਹ ਫਿਰ ਉਨ੍ਹਾਂ ਦੀ ਹੀ ਕਮਾਨ ਹੇਠ ਜਾ ਲੱਗਾ। ਕ੍ਰੋਧਿਤ ਹੋਇਆਂ ਮੈਂ ਉਸ ਨੂੰ ਬੁਲਾਇਆ ਤੇ ਕੜਕਿਆ, "ਤੂੰ ਆਪਣੇ ਖੇਤਾਂ 'ਚ ਕਿਉਂ ਨਹੀਂ ਰਹਿੰਦਾ, ਇੱਧਰ ਉਧਰ ਕਿਉਂ ਭੱਜਿਆ ਫਿਰੀ ਜਾਨਾਂ?"

ਉਹ ਤਣ ਕੇ ਬੋਲਿਆ, "ਇੱਧਰ ਉਧਰ ਤੋ ਕਿਤੇ ਨੀ ਜਾਂਦਾ, ਤੇਰਿਓ ਭਾਈ ਲੇ ਜਾਹਾਂ ਕਦੇ ਕਦੇ ਡੰਗਰਾਂ ਕੇ ਕੱਖ ਕੰਡੇ ਵਾਸਤੈ।"

ਜਵਾਬ ਸੁਣ ਕੇ ਮੈਂ ਆਪੇ ਤੋ ਬਾਹਰ ਹੋ ਗਿਆ ਤੇ ਉਸ ਨੂੰ ਘੁਰਕੀ ਦਿੱਤੀ, "ਤੂੰ ਮੇਰਾ ਨੌਕਰ ਐਂ ਕਿ ਉਨ੍ਹਾਂ ਦਾ?"

ਉਹ ਅੱਖਾਂ ਨੀਵੀਆਂ ਕਰ ਕੇ ਸਹਿਜ ਸੁਭਾਈ ਹਲੀਮੀ ਨਾਲ ਬੋਲਿਆ, "ਚਲ ਕੋਈ ਨਾ ਲਾਣੇਦਾਰ, ਤੌਂਹ ਉਰੈ ਨੀਂ ਹੁੰਦਾ, ਔਂਹ ਮੰਨੂੰ ਤੇਰੇ ਪਿੱਛੇ ਤੇ ਚਾਹ ਪਾਣੀ ਬੀ ਤੋ ਪਲਾ ਦੇਹਾਂ।"

ਉਸ ਦੀ ਇਸ ਗੱਲ ਨੇ ਮੈਨੂੰ ਸੋਚਣ 'ਤੇ ਮਜ਼ਬੂਰ ਕਰ ਦਿੱਤਾ, "ਉਹ ਨੌਕਰ ਹੈ ਪਰ ਬੰਦਾ ਵੀ ਤਾਂ ਐ। ਜ਼ਰਦਾ ਖਾਂਦਾ ਹੈ ਤੇ ਬੀੜੀ ਪੀਂਦਾ ਹੈ। ਚਾਹ ਪਾਣੀ ਦੀ ਵੀ ਤਾਂ ਇਸ ਨੂੰ ਹਰ ਵੇਲੇ ਲੋੜ ਰਹਿੰਦੀ ਹੋਵੇਗੀ। ਲੋਕਾਂ ਦੇ ਨੌਕਰ ਨੌਕਰੀ ਦੇ ਨਾਲ ਹਾਜਰੀ ਦੀ ਰੋਟੀ ਤੇ ਦੋ ਸਮੇਂ ਦੀ ਚਾਹ ਵੀ ਪੀਂਦੇ ਹਨ। ਪਰ ਮੇਰਾ ਤਾਂ ਇੱਥੇ ਕੋਈ ਘਰ ਬਾਰ ਹੀ ਨਹੀਂ। ਭਾਵੇਂ ਮੈਂ ਉਸ ਦੇ ਖਾਣ ਪੀਣ ਦੇ ਵਾਧੂ ਪੈਸੈ ਨੌਕਰੀ ਵਿਚ ਜੋੜੇ ਹੋਏ ਸਨ ਪਰ ਪੈਸਾ ਐਨਾ ਵੀ ਜਾਦੂਗਰ ਤਾਂ ਨਹੀਂ ਹੁੰਦਾ ਕਿ ਲੋੜ ਪੈਣ 'ਤੇ ਚੀਜ਼ ਤੁਰੰਤ ਹਾਜਰ ਕਰ ਦੇਵੇ।"

ਇਹ ਸੋਚ ਕੇ ਮੈਂ ਨਰਮੀ ਧਾਰ ਗਿਆ। ਮੈਨੂੰ ਪਤਾ ਸੀ, ਨਰਮੀ ਦਿਖਾਈ ਤਾਂ ਇਹ ਬਾਫਰ ਜਾਵੇਗਾ। ਇਸ ਲਈ ਬਿਨਾ ਲਿਫੇ ਤੇ ਬਿਨਾ ਤਲਖੀ ਦਾ ਮਖੌਟਾ ਉਤਾਰੇ ਮੈਂ ਉਸ ਨੂੰ ਉਸੇ ਦੀ ਬੋਲੀ ਵਿਚ ਤਾੜਿਆ, "ਇਸ ਔਂਹ ਤੌਂਹ, ਉਰੈ ਇਰੈ ਕਰਨੇ ਗੈਲ ਕੰਮ ਨੀ ਚਲਣਾ ਕਾਕਾ! ਚਾਹ ਪਾਣੀ ਗੇ ਪੈਸੇ ਨੌਕਰੀ ਗੈਲ ਦਏ ਬੇ ਐਂ ਤੰਨੂੰ। ਸਾਰੀ ਚੀਜ਼ ਤੇਰੀ ਗੈਲ ਪਹਿਲਾਂ ਕਾਰਮੀ ਬੀ ਐਂ। ਜੇਹੜੀ ਚੀਜ਼ ਘੱਟ ਐਂ ਹੋਰ ਲੇ ਲੈ। ਬਿਰ ਬਿਰ ਕਰਨੇ ਗੀ ਕੋਈ ਲੋੜ ਨੀ। ਕੰਮ 'ਤੇ ਉਰ੍ਹਾਂ ਪਰ੍ਹਾਂ ਹੋਇਆਂ ਤਾਂ ਮੇਰੇ ਤੇ ਬੁਰਾ ਕੋਈ ਨੀ ਹੋਣਾ।"

ਮੈਂ ਇਹ ਵੀ ਇੱਥੇ ਦੱਸ ਹੀ ਦਿਆਂ ਕਿ ਸਾਡੇ ਪਿੰਡਾਂ ਵਲ ਦੀ ਬੋਲੀ ਵੀ ਬੜੀ ਅਜ਼ੀਬ ਚੀਜ਼ ਹੈ। ਇਹ ਨਾ ਤਾਂ ਹਿੰਦੀ ਹੈ, ਨਾ ਪੰਜਾਬੀ ਤੇ ਨਾ ਹੀ ਹਰਿਆਣਵੀ। ਮਾਸਟਰਾਂ ਤੋਂ ਪੁੱਛਿਆ, ਉਨ੍ਹਾਂ ਨੇ ਇਸ ਨੂੰ ਪੁਆਧੀ ਦੱਸਿਆ ਤੇ ਕਿਹਾ ਕਿ ਇਹ ਪੰਜਾਬੀ ਦੀ ਉਪ-ਬੋਲੀ ਹੈ। ਪਰ ਫਿਰ ਪਤਾ ਲੱਗਾ, ਇਹ ਪੁਆਧੀ ਵੀ ਨਹੀਂ ਸਗੋਂ ਇਸ ਦੀ ਵੀ ਅੱਗੇ ਉਪ ਬੋਲੀ ਹੈ। ਸਾਡੇ ਪਾਸੇ ਦੇ ਲੋਕ ਇਸ ਨੂੰ ਸਨੌਰੀ ਬੋਲੀ ਕਹਿੰਦੇ ਹਨ ਪਰ ਮੈਂ ਦੇਖਿਆ ਸਨੌਰੀ ਵੀ ਇਸ ਤੋਂ ਕਾਫੀ ਵੱਖ ਹੈ। ਦਰਅਸਲ ਘੱਗਰ ਦੇ ਨਾਲ ਨਾਲ ਪੱਛਮੀ ਪਾਸੇ ਬੋਲੀ ਜਾਣ ਵਾਲੀ ਇਹ ਬੋਲੀ ਪਿੰਡ-ਪਿੰਡ 'ਤੇ ਬਦਲਦੀ ਹੈ ਪਰ ਮੋਟੇ ਤੌਰ 'ਤੇ ਹੈ ਇਕੋ ਜਿਹੀ। ਇਹ ਠੇਠ ਪੰਜਾਬੀ ਤੋਂ ਇੰਨੀ ਭਿੰਨ ਹੈ ਕਿ ਅਸੀਂ ਵਾਹ ਲਗਦੇ ਇਸ ਨੂੰ ਦੂਜਿਆਂ ਦੇ ਸਾਹਮਣੇ ਬੋਲਦੇ ਵੀ ਨਹੀਂ। ਡਰਦੇ ਹਾਂ ਕਿ ਅੱਵਲ ਤਾਂ ਇਹ ਕਿਸੇ ਨੂੰ ਸਮਝ ਈ ਨੀ ਪੈਣੀ ਪਰ ਜੇ ਅੱਧ-ਪੱਚਧ ਪੈ ਵੀ ਗਈ ਤਾਂ ਉਹ ਸਾਨੂੰ ਗੰਵਾਰ ਤੇ ਡੰਗਰ ਜਰੂਰ ਸਮਝੇਗਾ। ਇਹ ਬੋਲੀ ਸੁਣ ਕੇ ਕਈਆਂ ਨੂੰ ਮੈਂ ਹਾਸਾ-ਠੱਠਾ ਕਰਦਿਆਂ ਦੇਖਿਆ ਵੀ ਹੈ। ਸੋਚਦਾ ਹਾਂ ਅਸੀਂ ਕਿੰਨੇ ਅਭਾਗੇ ਹਾਂ ਕਿ ਸਾਡੀ ਕੋਈ ਚੱਜ ਦੀ ਜੁਬਾਨ ਹੀ ਨਹੀਂ। ਜੋ ਹੈ, ਉਸ ਨੂੰ ਕਿਤੇ ਛਪਿਆ ਨਹੀਂ ਦੇਖਿਆ, ਕਿਤੇ ਪੜ੍ਹਿਆ ਨਹੀਂ। ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਕਿਸੇ ਅੱਗੇ ਮੂੰਹ ਖੋਲ੍ਹ ਕੇ ਗੱਲ ਕਰਨ ਦੇ ਕਾਬਲ ਹੀ ਨਹੀਂ ਤੇ ਆਪਣੇ ਆਪ ਨੂੰ ਵਿਅਕਤ ਕਰਨ ਦਾ ਅਧਿਕਾਰ ਵੀ ਸਾਡੇ ਕੋਲ ਨਹੀਂ। ਕਈ ਵਾਰ ਤਾਂ ਸਾਨੂੰ ਠੇਠ ਪੰਜਾਬੀ ਵੀ ਉਨੀ ਹੀ ਪਰਾਈ ਲਗਦੀ ਹੈ, ਜਿੰਨੀ ਹਿੰਦੀ ਜਾਂ ਅੰਗਰੇਜ਼ੀ।

ਪਤਾ ਨਹੀਂ ਭਰਮ ਹੈ ਜਾਂ ਅਸਲੀਅਤ, ਪਰ ਲਗਦਾ ਹੈ ਜਿਵੇਂ ਆਪਣੀ ਇਸ 'ਮਾਂ ਬੋਲੀ' ਵਿਚ ਗੱਲ ਕਰਨ ਲਈ ਜੀਭ 'ਤੇ ਇਕ ਨਵੀਂ ਗਰਾਰੀ ਚੜ੍ਹਾਉਣੀ ਪੈਂਦੀ ਹੋਵੇ। ਇੰਨਾ ਹੋਣ ਦੇ ਬਾਵਜੂਦ ਆਪਣੇ ਪਿੰਡ ਦੇ ਲੋਕਾਂ ਨਾਲ ਗੱਲਬਾਤ ਕਰਦਿਆਂ ਬਹੁਤੀ ਇਹੋ ਬੋਲੀ ਬੋਲਣੀ ਪੈਂਦੀ ਸੀ। ਇਸ ਲਈ ਇਸ ਸੱਚੀ ਗਾਥਾ ਵਿਚ ਵੀ ਲੋੜ ਅਨੁਸਾਰ ਇਹੋ 'ਭਾਸ਼ਾ' ਵਰਤ ਰਿਹਾ ਹਾਂ।



***ਬਾਪੂ ਬੋਲਿਆ, "ਬਾਈ ਤੋ ਉਂਈਂਓਂ ਬੌਲਾ ਹੋਇਆ ਫਿਰਾ। ਇਕ ਸੀਰੀ ਰਖੈ, ਦੋਏ ਭਾਈ ਸਾਂਝਾ ਟਰੈਕਟਰ ਲੇ ਕੈ ਖੇਤੀ ਕਰੈਂ। ਛੋਕਰਾ (ਮੇਰਾ ਛੋਟਾ ਭਰਾ) ਝੋਟੇ ਵਰਗਾ ਗਭਰੂ ਐ, ਸਾਰੀ ਜਮੀਨ ਨੂੰ ਦੋ ਦਿਨਾਂ ਮਾਂ ਪਲੱਥ ਕੈ ਮਾਰੇ ਕਰੇਗਾ। ਉਰੈ ਇਸ ਗੀ ਖੇਤੀ ਹੋਈ ਜਾਹੇਗੀ, ਉਥੈ ਯੋਹ ਰਾਮ ਮਾਂ ਆਪਣਾ ਨੌਕਰੀ-ਪੱਤਾ ਕਰੀ ਜਾਹੇਗਾ। ਗੈਲੇ ਇਸ ਗੇ ਨਿਆਣੇ ਪੜ੍ਹ ਲੇਂ ਗੇ, ਗੈਲੇ ਜੋਹ ਸੁਖ ਗੀ ਨੀਂਦ ਸੋਏਗਾ।"***

ਖੈਰ! ਅਮਰੇ ਦੀ ਗੱਲ ਸੁਣ ਕੇ ਮੇਰਾ ਇਹ ਵਿਸ਼ਵਾਸ ਪੱਕਾ ਹੋਣ ਲੱਗਾ ਕਿ ਅੱਡ ਹੋਣ ਤੋਂ ਬਾਅਦ ਮੇਰੇ ਪਿਤਾ ਜੀ ਤੇ ਮੇਰੇ ਭਰਾ ਮੇਰੇ ਖੈਰ-ਖਵਾਹ ਨਹੀਂ ਸਨ ਰਹੇ। ਹੁਣ ਉਹ ਮੈਨੂੰ ਕੈਰੀ ਅੱਖ ਨਾਲ ਦੇਖਦੇ ਸਨ। ਉਨ੍ਹਾਂ ਦੇ ਘਰ ਵਿਚ ਹੁਣ ਮੇਰੇ ਲਈ ਕੋਈ ਥਾਂ ਨਹੀਂ ਸੀ। ਰਾਤ ਤਾਂ ਇਕ ਪਾਸੇ, ਦੁਪਹਿਰਾ ਕੱਟਣ ਲਈ ਵੀ ਮੈਂ ਉਥੇ ਨਹੀਂ ਸੀ ਜਾ ਸਕਦਾ। ਬਾਹਰ ਦਰਖਤ ਹੇਠ ਬੈਠ ਕੇ ਆ ਜਾਂਦਾ। ਪਿੰਡ ਵਿਚ ਮੇਰਾ ਕੋਈ ਘਰ ਨਹੀਂ ਸੀ। ਘਰ ਬਦਲੇ ਪਿੰਡੋਂ ਬਾਹਰ ਖਾਲੀ ਜਮੀਨ ਹੀ ਮਿਲੀ ਸੀ। ਜੇ ਪਿੰਡ ਰਾਤ ਕੱਟਣੀ ਪੈਂਦੀ ਤਾਂ ਖੇਤ ਵਿਚ ਹੀ ਤੰਬੂ ਲਾ ਕੇ ਰਹਿੰਦਾ ਸਾਂ। ਹੌਲੀ ਹੌਲੀ ਇਕ ਕਮਰਾ ਪਾਉਣਾ ਅਰੰਭਿਆ। ਕਮਰਾ ਪਾਉਣ ਵੇਲੇ ਵੀ ਮਹੀਨਾ ਭਰ ਇਕ ਤੰਬੂ ਵਿਚ ਟਿਕਿਆ। ਉਸ ਵੇਲੇ ਵੀ ਮੇਰੇ ਮਾਂ-ਪਿਓ ਤੇ ਭਰਾ ਮੇਰੇ ਕੋਲ ਨਾ ਆਏ। ਜਮੀਨ ਦੀ ਵੰਡ ਪਿਛੋਂ ਉਨ੍ਹਾਂ ਨੂੰ ਮੇਰੇ ਤਾਈਂ ਕੋਈ ਮਤਲਬ ਨਹੀਂ ਸੀ ਰਿਹਾ। ਮਤਲਬ ਨਹੀਂ ਤਾਂ ਰਿਸ਼ਤਾ ਕਾਹਦਾ? ਵੰਡ ਤੋਂ ਪਹਿਲਾਂ ਕਿਆ ਨਿੱਘਾ ਪਿਆਰ ਤੇ ਵੰਡ ਪਿਛੋਂ ਕਿਆ ਸਿਰ ਵੱਢਵਾਂ ਵੈਰ। ਵੰਡ ਤੋਂ ਪਹਿਲਾਂ ਘਰ ਆਏ ਨੂੰ ਮਿਲਦੀ ਸੀ ਖੀਰ ਤੇ ਜਾਂਦੇ ਨੂੰ ਟਰੈਕਟਰ 'ਤੇ ਆਉਂਦੇ ਸਨ ਛੱਡ ਕੇ ਬੱਸ ਅੱਡੇ। ਹੁਣ ਦੇਖਦੇ ਵੀ ਨਹੀਂ ਕਿ ਕੌਣ ਆਇਆ ਤੇ ਕੌਣ ਗਿਆ। ਹੁਣ ਉਹ ਮੇਰੀ ਹੋਂਦ ਤੋਂ ਦੁਖੀ ਸਨ ਤੇ ਮੇਰਾ ਕੰਮ ਫੇਲ੍ਹ ਕਰ ਕੇ ਪਿੰਡੋਂ ਭਜਾਉਣਾ ਚਾਹੁੰਦੇ ਸਨ। ਮਨੁੱਖੀ ਸਮਾਜ ਦੀਆਂ ਖੁਲ੍ਹਦੀਆਂ ਪਰਤਾਂ ਦਾ ਇਹ ਨੰਗਾ ਨਾਚ ਮੈਂ ਪਹਿਲੀ ਵਾਰ ਆਪਣੇ ਸਾਹਮਣੇ ਹੁੰਦਾ ਦੇਖਿਆ।

ਕਲਾਸ ਵਿਚ ਪੁਲੀਟੀਕਲ ਫਿਲਾਸਫੀ ਪੜ੍ਹਾਉਂਦਿਆਂ ਜਦੋਂ ਕਾਰਲ ਮਾਰਕਸ ਦੇ ਇਕਨਾਮਿਕਸ ਡਿਟਰਮੀਨਿਜ਼ਮ ਦੇ ਸਿਧਾਂਤ ਬਾਰੇ ਦੱਸਦਾ ਕਿ ਸਭ ਸਮਾਜਕ ਸਬੰਧਾਂ ਦੀ ਬੁਨਿਆਦ ਆਰਥਕਤਾ 'ਤੇ ਟਿਕੀ ਹੁੰਦੀ ਹੈ ਤਾਂ ਵਿਦਿਆਰਥੀ ਪੁੱਛਦੇ, ਇਹ ਕਿਵੇਂ ਹੋ ਸਕਦਾ ਹੈ? ਮੈਂ ਕਈ ਤਰੀਕਿਆਂ ਨਾਲ ਸਮਝਾਉਂਦਾ ਪਰ ਉਨ੍ਹਾਂ ਦੀ ਸਮਝ ਵਿਚ ਨਾ ਆਉਂਦਾ। ਹੁਣ ਮੇਰਾ ਮਨ ਕਰਦਾ ਕਿ ਉਨ੍ਹਾਂ ਨੂੰ ਸੱਦ ਕੇ ਲਿਆਵਾਂ ਤੇ ਸਮਾਜਕ ਸਬੰਧਾਂ ਨੂੰ ਲਤਾੜਦਾ ਆਰਥਕਤਾ ਦਾ ਤਾਂਡਵ ਨਾਚ ਦਿਖਾਵਾਂ ਤਾਂ ਜੋ ਉਨ੍ਹਾਂ ਨੂੰ ਪਤਾ ਲੱਗੇ ਕਿ ਖੂਨ ਦੇ ਰਿਸ਼ਤੇ ਵੀ ਇਸ ਸਾਹਮਣੇ ਕਿਵੇਂ ਤੀਰ ਹੋ ਜਾਂਦੇ ਹਨ। ਇਸ ਨੇ ਸਲਤਨਤਾਂ ਖਾਕ ਕਰ ਦਿੱਤੀਆਂ, ਫਿਰ ਕਿਸਾਨੀ ਕਿਸ ਬਾਗ ਦੀ ਮੂਲੀ ਹੈ!

ਅੰਦਰੂਨੀ ਵਾਰਤਾਲਾਪ ਖਤਮ ਹੋਣ ਪਿਛੋਂ ਮੈਂ ਅਮਰੇ ਵਲ ਦੇਖਿਆ। ਉਹ ਆਪਣੀ ਛਿੱਦੀ-ਪਤਲੀ ਕਰਵਾਉਣ ਪਿਛੋਂ ਸਾਹਮਣੇ ਵੱਟ 'ਤੇ ਬੈਠਾ ਮੇਰੀ ਅਗਲੀ ਝਾੜ ਦੀ ਉਡੀਕ ਰਿਹਾ ਸੀ। ਮੈਂ ਉਸ ਨੂੰ ਸਮਝਾਉਂਦਿਆਂ ਕਿਹਾ, "ਤੈਨੂੰ ਉਹ ਚਾਹ ਪਿਲਾਉਂਦੇ ਹਨ, ਮੈਨੂੰ ਤਾਂ ਕਦੇ ਪਾਣੀ ਵੀ ਨ੍ਹੀਂ ਪੁੱਛਦੇ? ਤੂੰ ਇੰਨਾ ਤਾਂ ਸੋਚ ਭਲੇਮਾਣਸ।" ਮੈਂ ਉਸ ਨੂੰ ਵੀਹ ਰੁਪਏ ਦਾ ਨੋਟ ਜੇਬ 'ਚੋਂ ਕੱਢ ਕੇ ਦਿੱਤਾ ਤੇ ਕਿਹਾ, "ਅੱਜ ਤੋਂ ਤੇਰੇ ਵੀਹ ਰੁਪਏ ਮਹੀਨਾ ਚਾਹ ਦੇ ਮੈਂ ਹੋਰ ਦਿਆਂਗਾ, ਤੂੰ ਆਪਣੇ ਕੰਮ ਨਾਲ ਮਤਲਬ ਰੱਖੀਂ।"

ਉਹ ਖੁਸ਼ੀ ਖੁਸ਼ੀ ਨੋਟ ਜੇਬ 'ਚ ਪਾਉਂਦਾ ਬੋਲਿਆ, "ਬੱਸ ਬੱਸ ਲਾਣੇਦਾਰ ਇਸ ਗੀ ਕੇ ਲੋੜ ਐ। ਕਿਸੇ ਗੇ ਕੱਖ-ਕੰਡੇ ਗੈ ਤੋ ਮੈਂ ਅੱਜ ਤੇ ਊਂਈਓਂ ਧਾਰ ਨੀ ਮਾਰਦਾ।"

ਮੈਨੂੰ ਨਹੀਂ ਪਤਾ ਅਮਰੇ ਨੇ ਉਨ੍ਹਾਂ ਨੂੰ ਕੰਮ ਤੋਂ ਕਿਵੇਂ ਨਾਂਹ ਕੀਤੀ ਪਰ ਜਿਵੇਂ ਵੀ ਕੀਤੀ ਇਹ ਗੱਲ ਉਨ੍ਹਾਂ ਦੇ ਗਲੇ ਨਾ ਉਤਰੀ। ਮੈਨੂੰ ਪਤਾ ਉਦੋਂ ਲੱਗਾ, ਜਦੋਂ ਉਨ੍ਹਾਂ ਦਾ ਨਵਾਂ ਕਾਰਨਾਮਾ ਸਾਹਮਣੇ ਆਇਆ। ਉਨ੍ਹਾਂ ਸਮਿਆਂ ਵਿਚ ਜੀਰੀ ਵੱਢਣ ਪਿਛੋਂ ਤੋਰੀਏ ਦੀ ਫਸਲ ਬੀਜੀ ਜਾਂਦੀ ਸੀ ਤੇ ਤੋਰੀਏ ਪਿਛੋਂ ਕਣਕ। ਸਮਾਂ ਥੋੜ੍ਹਾ ਹੋਣ ਕਰਕੇ ਇਹ ਦੋਵੇਂ ਕੰਮ ਫੁਰਤੀ ਨਾਲ ਕਰਨੇ ਪੈਂਦੇ। ਇਸੇ ਕੰਮ ਦੇ ਮੌਕੇ ਮੇਰੇ ਦੂਜੇ ਭਰਾ ਨੇ ਅਮਰੇ ਨੂੰ ਕੰਮ ਕਰਵਾਉਣ ਆਪਣੇ ਖੇਤ ਵਿਚ ਲਿਜਾਣਾ ਚਾਹਿਆ। ਨਾਂਹ ਕਰਨ 'ਤੇ ਉਸ ਨੇ ਪੁਲਿਸ ਚੌਕੀ ਝੂਠੀ ਸ਼ਿਕਾਇਤ ਕਰਕੇ ਉਸ ਨੂੰ ਹਵਾਲਾਤੇ ਬੰਦ ਕਰਵਾ ਦਿੱਤਾ। ਉਸ ਦੀ ਘਰ ਵਾਲੀ ਨੇ ਰੋ ਰੋ ਕੇ ਸਾਡੇ ਹੀ ਪਿੰਡ ਦੇ ਇਕ ਬੱਸ ਕੰਡਕਟਰ ਰਾਹੀਂ, ਜੋ ਪਟਿਆਲਾ-ਚੰਡੀਗੜ੍ਹ ਰੂਟ 'ਤੇ ਜਾਂਦਾ ਸੀ, ਇਸ ਦੀ ਖਬਰ ਮੈਨੂੰ ਭਿਜਵਾਈ। ਪਤਾ ਲੱਗਦਿਆਂ ਹੀ ਮੈਂ ਕਾਲਜੋਂ ਛੁੱਟੀ ਲੈ ਕੇ ਆਇਆ ਤੇ ਆਪਣੀ ਜਿੰਮੇਵਾਰੀ 'ਤੇ ਉਸ ਨੂੰ ਰਿਹਾ ਕਰਵਾ ਕੇ ਲਿਆਇਆ। ਹਾਲੇ ਪਿੰਡ ਪਹੁੰਚੇ ਹੀ ਸਾਂ ਕਿ ਅਮਰੇ ਦੇ ਭਾਈਚਾਰੇ ਦੇ ਲੋਕ ਹਰਕਤ ਵਿਚ ਆ ਗਏ। ਉਨ੍ਹਾਂ ਨੇ ਉਸ ਦੀ ਗ੍ਰਿਫਤਾਰੀ ਨੂੰ ਕੁੱਟ-ਮਾਰ ਤੇ ਮਾਨਹਾਨੀ ਦਾ ਮੁੱਦਾ ਬਣਾ ਕੇ ਉਸ ਨੂੰ ਕੰਮ 'ਤੇ ਜਾਣ ਤੋਂ ਰੋਕ ਦਿੱਤਾ।

ਇਸ ਰੇੜ੍ਹਕੇ ਨਾਲ ਬਿਜਾਈ ਦੇ ਕੰਮ ਵਿਚ ਹੋਰ ਵਿਘਨ ਪੈ ਗਿਆ ਤੇ ਮੈਨੂੰ ਉਥੇ ਹੀ ਕਈ ਦਿਨ ਕੰਮ ਕਰਨਾ ਪਿਆ। ਆਖਰ ਫੈਸਲਾ ਹੋਇਆ ਤੇ ਮੈਂ ਉਸ ਨੂੰ ਪੰਜ ਸੌ ਰੁਪਏ ਦੀ ਮਾਨਹਾਨੀ ਦੀ ਰਕਮ ਪੱਲਿਓਂ ਦੇ ਕੇ ਕੰਮ 'ਤੇ ਲੈ ਗਿਆ। ਸਕੂਲੀ ਪੁਸਤਕਾਂ ਵਿਚ ਪੜ੍ਹਦੇ ਸਾਂ ਕਿ ਪੇਂਡੂ ਲੋਕ ਬੜੇ ਭੋਲੇ ਭਾਲੇ ਹੁੰਦੇ ਹਨ ਪਰ ਇਸ ਘਟਨਾ ਨਾਲ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਦਿਮਾਗ ਸ਼ੈਤਾਨੀ ਨਾਲ ਵੀ ਭਰੇ ਹੁੰਦੇ ਹਨ। ਈਰਖਾ ਕਾਰਨ ਉਹ ਕਿਸੇ ਦੀਆਂ ਟੰਗਾਂ ਖਿੱਚ ਸਕਦੇ ਹਨ ਤੇ ਕਿਸੇ ਦਾ ਕੋਈ ਵੀ ਨੁਕਸਾਨ ਕਰ ਸਕਦੇ ਹਨ। ਇਹ ਵਿਕਾਰ ਉਨ੍ਹਾਂ ਨੂੰ ਉਤੇ ਨਹੀਂ ਉਠਣ ਦਿੰਦਾ। ਇਹ ਗੱਲ ਵੀ ਸਿੱਧੀ ਸਮਝ ਵਿਚ ਆਈ ਕਿ ਰਿਣਾਤਮਕ ਰੁਝਾਨਾਂ ਤੋਂ ਪਰੇ ਮੋੜਨ ਲਈ ਇਨ੍ਹਾਂ ਲੋਕਾਂ ਲਈ ਖੇਡਾਂ, ਸਿਖਿਆ ਤੇ ਭਾਈਚਾਰਕ ਉਨਤੀ ਦੇ ਕਾਰਜਾਂ ਵਿਚ ਪੈਣਾ ਕਿੰਨਾ ਤੇ ਕਿਉਂ ਜਰੂਰੀ ਹੈ?

ਕਣਕ ਦੀ ਬਿਜਾਈ ਔਖੀ ਸੌਖੀ ਕਰਨ ਤੋਂ ਬਾਅਦ ਮੈਂ ਲੱਖਣ ਲਾਇਆ ਕਿ ਇਹ ਕੰਮ ਇਸ ਤਰ੍ਹਾਂ ਜਿਆਦਾ ਦੇਰ ਤੀਕ ਨਹੀਂ ਚਲੇਗਾ। ਸਾਰੇ ਖਰਚੇ ਕੱਢ ਕੇ ਮੇਰਾ ਬਜਟ ਲਗਾਤਾਰ ਘਾਟੇ ਵਿਚ ਜਾ ਰਿਹਾ ਸੀ। ਉਨ੍ਹੀਂ ਦਿਨੀਂ ਮੈਨੂੰ ਜੋ ਗਿਆਰਾਂ ਬਾਰਾਂ ਸੌ ਰੁਪਏ ਤਨਖਾਹ ਮਿਲਦੀ ਸੀ, ਉਹ ਵੀ ਇਸੇ ਕੰਮ ਵਿਚ ਲਗ ਜਾਂਦੀ। ਮੇਰੇ ਘਰੇਲੂ ਜੀਵਨ 'ਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਣ ਲਗ ਪਿਆ। ਹਰ ਤੀਜੇ ਦਿਨ ਕਾਲਜੋਂ ਛੁੱਟੀ ਤੇ ਪਿੰਡ ਦਾ ਚੱਕਰ। ਪੜ੍ਹਨਾ-ਲਿਖਣਾ ਤਕਰੀਬਨ ਠੱਪ। ਮੇਰੇ ਬੱਚੇ, ਜੋ ਹਾਈ ਸਕੂਲ ਵਿਚ ਪੜ੍ਹਦੇ ਸਨ, ਵੀ ਮੇਰੀ ਨਿਗਰਾਨੀ ਤੋਂ ਵਾਂਝੇ ਰਹਿਣ ਲੱਗੇ। ਉਧਰ ਭਰਾਵਾਂ ਨਾਲ ਨਿੱਤ ਦੀ ਖਹਿਬਾਜੀ ਤੇ ਪਿੰਡ ਵਿਚ ਬਦਨਾਮੀ। ਕੁੱਲ ਮਿਲਾ ਕੇ ਮੈਂ ਸਮਾਜਕ ਤੇ ਆਰਥਕ ਅਧੋਗਤੀ ਵਲ ਜਾ ਰਿਹਾ ਸਾਂ।

ਮੈਂ ਸੋਚਦਾ, ਜੇ ਮੇਰੀ ਇਹ ਹਾਲਤ ਹੋਰ ਕੁਝ ਚਿਰ ਰਹੀ ਤਾਂ ਮੈਂ ਬੀਮਾਰ ਪੈ ਜਾਵਾਂਗਾ। ਇਹ ਵੀ ਸੋਚਦਾ ਕਿ ਦੂਜੇ ਕਿਸਾਨ ਕਿਹੜਾ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਦੀ ਹਾਲਤ ਤਾਂ ਮੇਰੇ ਤੋਂ ਵੀ ਪਤਲੀ ਹੋਵੇਗੀ। ਸਮਝ ਨਾ ਆਇਆ ਕਿ ਮੇਰੇ ਭਰਾ, ਜਿਨ੍ਹਾਂ ਕੋਲ ਕੋਈ ਸਰਕਾਰੀ ਨੌਕਰੀ ਜਾਂ ਆਮਦਨ ਦਾ ਕੋਈ ਹੋਰ ਸਾਧਨ ਨਹੀਂ ਸੀ, ਜਾਂ ਮੇਰੇ ਚਾਚੇ ਦੇ ਲੜਕੇ ਜਿਨ੍ਹਾਂ ਕੋਲ ਜਮੀਨ ਵੀ ਪੰਜ-ਪੰਜ ਕਿਲੇ ਹੀ ਸੀ, ਕਿਵੇਂ ਗੁਜ਼ਾਰਾ ਕਰਦੇ ਹੋਣਗੇ। ਕਈ ਵਾਰ ਮੈਨੂੰ ਉਨ੍ਹਾਂ 'ਤੇ ਦਯਾ ਵੀ ਆਉਂਦੀ। ਮੈਨੂੰ ਲੱਗਾ ਕਿ ਜਮੀਨ ਦੇ ਝੰਜਟ ਵਿਚ ਫਸ ਕੇ ਇਹ ਹੋਣ ਭਾਵੇ ਨਾ ਹੋਣ, ਮੈਂ ਜਰੂਰ ਬਰਬਾਦ ਹੋ ਜਾਵਾਂਗਾ। ਇਕ ਹੋਰ ਵੱਡਾ ਖਰਚਾ ਆਇਆ, ਮੈਂ ਲਿਫ ਜਾਵਾਂਗਾ।

ਮੈਂ ਮਾਮੇ ਨਾਲ ਸਲਾਹ ਕੀਤੀ। ਉਸ ਨੇ ਕਿਹਾ ਕਿ ਉਹ ਮੇਰੇ ਪਿਤਾ ਜੀ ਨਾਲ ਗੱਲ ਕਰ ਕੇ ਹੀ ਕੋਈ ਹੱਲ ਦੱਸ ਸਕਦਾ ਹੈ। ਜਦੋਂ ਮਾਮੇ ਨੇ ਮੈਨੂੰ ਨਾਲ ਲਿਜਾ ਕੇ ਗੱਲ ਕੀਤੀ ਤਾਂ ਬਾਪੂ ਬੋਲਿਆ, "ਬਾਈ ਤੋ ਉਂਈਂਓਂ ਬੌਲਾ ਹੋਇਆ ਫਿਰਾ। ਇਕ ਸੀਰੀ ਰਖੈ, ਦੋਏ ਭਾਈ ਸਾਂਝਾ ਟਰੈਕਟਰ ਲੇ ਕੈ ਖੇਤੀ ਕਰੈਂ। ਛੋਕਰਾ (ਮੇਰਾ ਛੋਟਾ ਭਰਾ) ਝੋਟੇ ਵਰਗਾ ਗਭਰੂ ਐ, ਸਾਰੀ ਜਮੀਨ ਨੂੰ ਦੋ ਦਿਨਾਂ ਮਾਂ ਪਲੱਥ ਕੈ ਮਾਰੇ ਕਰੇਗਾ। ਉਰੈ ਇਸ ਗੀ ਖੇਤੀ ਹੋਈ ਜਾਹੇਗੀ, ਉਥੈ ਯੋਹ ਰਾਮ ਮਾਂ ਆਪਣਾ ਨੌਕਰੀ-ਪੱਤਾ ਕਰੀ ਜਾਹੇਗਾ। ਗੈਲੇ ਇਸ ਗੇ ਨਿਆਣੇ ਪੜ੍ਹ ਲੇਂ ਗੇ, ਗੈਲੇ ਜੋਹ ਸੁਖ ਗੀ ਨੀਂਦ ਸੋਏਗਾ।"

ਸਾਡੇ ਪਿੰਡਾਂ ਵੱਲ ਬਾਈ ਬੜੇ ਸਨਮਾਨ ਵਾਲਾ ਰੁਤਬਾ ਮੰਨਿਆ ਜਾਂਦਾ ਹੈ। ਕੀ ਛੋਟੇ, ਕੀ ਵਡੇ, ਕੀ ਔਰਤਾਂ ਅਤੇ ਕੀ ਬੱਚੇ, ਸਭ ਬਾਈ ਹੋ ਸਕਦੇ ਹਨ ਤੇ ਕੋਈ ਕਿਸੇ ਨੂੰ ਵੀ ਬਾਈ ਕਹਿ ਕੇ ਬੁਲਾ ਸਕਦਾ ਹੈ। ਕਈ ਵਾਰ ਤਾਂ ਅਨਜਾਣ ਬੰਦਿਆਂ ਨਾਲ ਵੀ ਇਹ ਸੰਬੋਧਨ ਮਲੋ-ਮੱਲੀ ਜੋੜ ਦਿਤਾ ਜਾਂਦਾ ਹੈ। ਉਂਜ ਇਹ 'ਭਾਈ' ਭਾਵ ਦਾ ਸ਼ਬਦ ਹੈ ਪਰ ਸਾਡੀ ਬੋਲੀ ਵਿਚ ਇਸ ਨੂੰ ਪਿਆਰ ਤੇ ਸਾਊਪੁਣੇ ਦੀ ਜੋ ਵਾਧੂ ਪੁੱਠ ਚੜ੍ਹੀ ਹੋਈ ਹੈ, ਉਸ ਨੂੰ ਅਸੀਂ ਹੀ ਜਾਣਦੇ ਹਾਂ।

ਖੈਰ! ਮਾਮਾ ਮੈਨੂੰ ਬਾਹਰ ਲਿਜਾ ਕੇ ਸਮਝਾਉਣ ਲੱਗਾ, "ਬਾਈ ਬਾਤ ਤੋ ਠੀਕ ਕਾਹਾ ਲੰਬੜਦਾਰ। ਲੋਨ ਪਰ ਸਾਂਝਾ ਟਰੈਕਟਰ ਲੇ ਲਿਓ। ਤੌਂਹ ਆਪਣੇ ਥੌੜ ਆਪਣੇ ਨੌਕਰ ਅਮਰੇ ਨੂੰ ਛੱਡ ਦੇ। ਇਸੇ ਨੂੰ ਰੱਖ ਲੈ ਅਗਲੇ ਸਾਲ ਤੇਰੇ ਕੰਮ ਕਾਰ ਨੂੰ ਸਮਝਾ ਜੋਹੋ। ਜੀ ਲਾ ਕੈ ਕੰਮ ਕਰੀ ਜਾਹੇਗਾ ਇਨ੍ਹਾਂ ਗੈਲ। ਨਿਊਂ ਤੋ ਨੌਕਰ ਸੌਹਰੇ ਪਿੱਛਾ ਤੱਕੀਂ ਜਾਹਾਂ ਜਿਮੀਂਦਾਰ ਗਾ। ਕੰਮ ਆਪਣਾ ਕੱਠਾ ਰਖੋ ਅਰ ਖਰਚਾ-ਵੱਟਤ ਅੱਧੋ ਅੱਧ।"

ਮੈਂ ਉਸ ਨੂੰ ਕੁਝ ਖਦਸ਼ੇ ਤੇ ਕੁਝ ਤੌਖਲੇ ਭਰੇ ਲਹਿਜ਼ੇ ਨਾਲ ਪੁੱਛਿਆ, "ਇਸ ਤਰ੍ਹਾਂ ਹੋ ਜੇ ਗਾ?" ਉਹ ਬੋਲਿਆ, "ਹੋਣੇ ਨੂੰ ਦੌੜਿਆ ਜਾਹਾ। ਆਪਣਾ ਸਾਂਝੇ ਖਰਚੇ ਗਾ ਹਿਸਾਬ ਕਿਤਾਬ ਅੱਡ ਅੱਡ ਲਿਖਦੇ ਜਾਇਓ। ਮ੍ਹਾਰੇ ਗਰੌਂ ਮਾਂ ਬੀ ਕਈ ਮਲਾਜਮਾਂ ਨੈ ਆਪਣੇ ਭਾਈਆਂ ਗੈਲ ਇਸੇ ਤਰ੍ਹਾਂ ਕਰਿਆ ਬਾਅ।"

ਮੈਂ ਸੁਖ ਦਾ ਸਾਹ ਲਿਆ, "ਚਲ ਜਾਹ, ਮੇਰੀ ਹਾਂ ਕਿਹਾ ਲੰਬੜ ਨੂੰ।" ਮੈਨੂੰ ਆਪਣੇ ਖੇਤੀ ਪੇਸ਼ੇ ਦੀ ਸੜਕ ਅੱਗੇ ਲੰਮੀ ਤੇ ਸਿੱਧੀ ਜਾਂਦੀ ਭਾਸੀ।

ਮੇਰੀ ਹਾਂ ਕਰਨ ਦੀ ਦੇਰ ਸੀ, ਮੇਰੇ ਛੋਟੇ ਭਰਾ ਨੇ ਵਿਆਹ ਵਾਂਗ ਟਰੈਕਟਰ ਖਰੀਦਣ ਦੀ ਤਿਆਰੀ ਵਿੱਢ ਦਿੱਤੀ। ਕਰਜ਼ੇ ਲਈ ਜਮੀਨਾਂ ਆਡ ਰਹਿਣ ਕਰਵਾਈਆਂ ਗਈਆਂ ਤੇ ਬੈਂਕ ਦੇ ਚੱਕਰ ਲੱਗਣ ਲੱਗੇ। ਮੇਰੇ ਇਸ ਭਰਾ ਨੇ ਆਪਣੀ ਠੁੱਕ ਬੰਨਣ ਲਈ ਮੈਨੂੰ ਪੁੱਛੇ ਬਿਨਾ ਇਕ ਲੱਖ ਰੁਪਏ ਤੋਂ ਵੀ ਉਪਰ ਦੇ ਮੁੱਲ ਦਾ ਟਰੈਕਟਰ ਚੁਣ ਲਿਆ। ਦਸ ਹਜਾਰ ਦਾ ਬਿਆਨਾ ਦੇਣ ਲਈ ਪੰਜ ਹਜਾਰ ਮੈਨੂੰ ਨਕਦ ਦੇਣ ਲਈ ਕਿਹਾ ਗਿਆ। ਪੰਜ ਹਜ਼ਾਰ ਦੀ ਇਹ (ਉਨ੍ਹਾਂ ਦਿਨਾਂ ਮੁਤਾਬਕ) ਵੱਡੀ ਸਮਝੀ ਜਾਂਦੀ ਰਕਮ ਮੈਂ ਆਪਣੀ ਇਕੋ ਇਕ ਬੈਂਕ ਸੀਡੀ ਤੁੜਵਾ ਕੇ ਭਰੀ। ਝੋਨੇ ਦੀ ਲਵਾਈ ਤੋਂ ਪਹਿਲਾਂ ਹੀ ਟਰੈਕਟਰ ਆ ਖੜ੍ਹਾ ਹੋਇਆ ਤੇ ਅਸੀਂ ਜੀਰੀ ਦੀ ਪੌਧ (ਪਨੀਰੀ) ਵੀ ਬੀਜ ਦਿੱਤੀ। ਭਰਵੇਂ ਖਾਦ-ਪਾਣੀ ਨਾਲ ਕੁਝ ਦਿਨਾਂ ਵਿਚ ਹੀ ਪੌਧ ਛੇ-ਛੇ ਇੰਚ ਲੰਮੀ ਹੋ ਗਈ, ਫਿਰ ਨੌਂ ਨੌਂ ਇੰਚ।

ਪਹਿਲੀ ਮੌਸਮੀ ਬੁਛਾੜ ਨਾਲ ਜੀਰੀ ਲਾਉਣ ਦਾ ਕਾਰਜ ਸ਼ੁਰੂ ਹੋ ਗਿਆ। ਧੜਾ ਧੜ ਬੋਰ ਚਲਣ ਲੱਗੇ ਤੇ ਕਿਸਾਨ ਟਰੈਕਟਰਾਂ ਨਾਲ ਕੱਦੂ ਕਰਨ ਲੱਗੇ। ਮੇਰੇ ਭਰਾ ਨੇ ਟਰੈਕਟਰ ਪਹਿਲਾਂ ਹੀ ਆਪਣੇ ਖੇਤਾਂ ਵਿਚ ਵਾੜ ਲਿਆ। ਉਸ ਦੇ ਸਾਰੇ ਖੇਤ ਪਿੰਡ ਤੋਂ ਦੂਜੇ ਪਾਸੇ ਸਨ ਤੇ ਮੇਰੇ ਪਿਤਾ ਜੀ ਨੇ ਸਭ ਤੋਂ ਚੰਗੇ ਸਮਝ ਕੇ ਉਸ ਦੀ ਵੰਡ ਵਿਚ ਪਾਏ ਸਨ। ਕਿਉਂਕਿ ਸਾਡਾ ਕੰਮ ਸਾਂਝਾ ਸੀ, ਇਸ ਲਈ ਅਮਰਾ ਵੀ ਉਥੇ ਹੀ ਲੱਗਾ ਰਿਹਾ। ਉਨ੍ਹੀਂ ਦਿਨੀਂ ਭੱਈਏ ਆਉਂਦੇ ਤਾਂ ਬਹੁਤ ਸਨ ਪਰ ਜੀਰੀ ਦੀ ਲਵਾਈ ਦਾ ਕਾਫੀ ਕੰਮ ਪਿੰਡ ਦੀਆਂ ਚੋਣੀਆਂ (ਮਜ਼ਦੂਰ ਔਰਤਾਂ) ਤੋਂ ਵੀ ਕਰਵਾਇਆ ਜਾਂਦਾ ਸੀ। ਅਮਰੇ ਨੇ ਆਪਣਾ ਰਸੂਖ ਵਰਤ ਕੇ ਆਪਣੇ ਵਿਹੜੇ ਦੀਆਂ ਸਭ ਚੋਣੀਆਂ ਇੱਕਠੀਆਂ ਕਰਕੇ ਉਸ ਦੇ ਖੇਤਾਂ ਵਿਚ ਭਿਜਵਾ ਦਿੱਤੀਆਂ। ਚਾਰ ਪੰਜ ਦਿਨਾਂ ਵਿਚ ਮੇਰੇ ਭਰਾ ਨੇ ਆਪਣੀ ਸਾਰੀ ਜੀਰੀ ਲਵਾ ਲਈ। ਆਪਣਾ ਕੰਮ ਖਤਮ ਕਰਨ ਪਿਛੋਂ ਉਸ ਨੇ ਸਾਡੇ ਖੇਤਾਂ ਵਿਚ ਆਉਣਾ ਸੀ। ਇਸ ਲਈ ਉਸ ਨੇ ਟਰੈਕਟਰ ਮੇਰੇ ਤੰਬੂ ਕੋਲ ਛੱਡ ਦਿੱਤਾ ਤੇ ਅਮਰੇ ਨੂੰ ਆਪਣੇ ਖੇਤਾਂ ਵਿਚ ਪਾਣੀ ਪਾਉਣ ਲਈ ਕਹਿ ਕੇ ਆਪ ਆਪਣੀ ਜੀਰੀ ਨੂੰ ਪਾਣੀ ਲਾਉਣ ਚਲਾ ਗਿਆ।

ਅਮਰੇ ਨੇ ਇਕ ਦਿਨ ਰਾਤ ਮੋਟਰ ਚਲਾ ਕੇ ਕੁਝ ਖੇਤ ਪਾਣੀ ਨਾਲ ਭਰੇ। ਉਸ ਨੇ ਕੁਝ ਪੌਧ ਵੀ ਪੁੱਟ ਕੇ ਖਾਲ੍ਹ ਦੇ ਨਾਲ ਨਾਲ ਪਾਣੀ ਵਿਚ ਰੱਖ ਦਿੱਤੀ। ਸਭ ਤਿਆਰੀ ਕਰ ਕੇ ਤੇ ਚੋਣੀਆਂ ਨੂੰ ਆਪਣੇ ਪਾਸੇ ਆਉਣ ਦਾ ਸੱਦਾ ਦੇ ਕੇ ਜਦੋਂ ਉਹ ਮੇਰੇ ਭਰਾ ਵੱਲ ਕੱਦੂ ਬਾਰੇ ਕਹਿਣ ਗਿਆ ਤਾਂ ਉਸ ਨੇ ਕੁਝ ਹੋਰ ਹੀ ਚੰਦ ਚੜ੍ਹਿਆ ਵੇਖਿਆ।

**(ਚਲਦਾ)**

# ਛਬੀਲ ਦਾ ਰਸਤਾ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਜੂਨ ਮਹੀਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪੁਰਬ ਹੈ। ਇਸ ਦਿਨ ਸੜਕਾਂ, ਰਾਹਾਂ, ਗਲੀਆਂ ਆਦਿ 'ਤੇ ਸ਼ਰਧਾਲੂਆਂ ਵਲੋਂ ਛਬੀਲ ਲਾਈ ਜਾਂਦੀ ਹੈ। ਸਾਡੇ ਸਮਿਆਂ ਵਿਚ ਆਮ ਲਾਂਘੇ ਲਾਗੇ ਸਥਿਤ ਕਿਸੇ ਦਰਖਤ ਜਾਂ ਹੋਰ ਕਿਸੇ ਤਰ੍ਹਾਂ ਦੀ ਓਟ ਹੇਠਾਂ ਮੇਜ ਜਾਂ ਫੱਟਾ ਲਾ ਕੇ ਉਸ ਉਤੇ ਮਿੱਠੇ ਪਾਣੀ ਦਾ ਟੱਬ ਰੱਖਿਆ ਜਾਂਦਾ ਸੀ। ਇਸ ਪਾਣੀ ਵਿਚ ਦੁਧ, ਖੰਡ ਅਤੇ ਬਰਫ ਮਿਲਾਈ ਹੁੰਦੀ ਸੀ। ਪਹਿਲਿਆਂ ਵਿਚ ਖੰਡ ਦੀ ਥਾਂ ਗੁੜ ਜਾਂ ਸ਼ੱਕਰ ਦੀ ਵਰਤੋਂ ਕੀਤੀ ਜਾਂਦੀ ਸੀ, ਉਦੋਂ ਬਰਫ ਕਿੱਥੇ ਮਿਲਦੀ ਸੀ! ਸ਼ਰਧਾਲੂ ਲੋਕ ਇਸ ਨੂੰ ਪਲੀਆਂ ਰਾਹੀਂ ਗਲਾਸਾਂ, ਕੌਲੀਆਂ ਜਾਂ ਛੰਨਿਆਂ ਵਿਚ ਪਾ ਕੇ ਰਾਹੀਆਂ ਨੂੰ ਵਰਤਾਉਂਦੇ। ਬਚਪਨ ਵਿਚ ਅਸੀਂ ਗੁਰਦੁਆਰੇ ਵਿਚ ਅਰਦਾਸ ਪਿਛੋਂ ਮਿਲਦੇ ਕੜਾਹ ਪ੍ਰਸ਼ਾਦ ਦੇ ਦੂਹਰੇ-ਤੀਹਰੇ ਗੱਫੇ ਲੈਣ ਲਈ ਵਾਰ ਵਾਰ ਭਾਈ ਅੱਗੇ ਹੱਥ ਫੈਲਾ ਦਿੰਦੇ ਸਾਂ। ਇਸੇ ਤਰ੍ਹਾਂ ਭਰ ਗਰਮੀਆਂ ਵਿਚ ਸ਼ਹੀਦੀ ਦਿਹਾੜੇ 'ਤੇ ਆਪਣੇ ਪਿੰਡ ਵਿਚ ਲਗਦੀਆਂ ਛਬੀਲਾਂ ਤੋਂ ਵੀ ਖੂਬ ਮਿੱਠਾ ਪਾਣੀ ਛਕਿਆ ਕਰਦੇ।

ਅੱਜ ਕਲ੍ਹ ਸਿੱਖਾਂ ਵਿਚ ਸ਼ਰਧਾ ਦਾ ਕੋਈ ਅੰਤ ਨਹੀਂ। ਥਾਂ ਥਾਂ ਲੰਗਰ ਵਾਂਗ ਰਾਹੀਆਂ ਨੂੰ ਰੋਕ ਰੋਕ ਕੇ ਮਿੱਠਾ ਪਾਣੀ ਪੀਣ ਲਈ ਮਜਬੂਰ ਕੀਤਾ ਜਾਂਦਾ ਹੈ, ਅਗਲਾ ਭਾਵੇਂ ਪਾਣੀ ਪੀ ਪੀ ਕੇ ਆਫਰ ਹੀ ਜਾਵੇ। ਫਿਰ ਇਸ ਪਾਣੀ ਦੀ ਮਿਠਾਸ, ਸੁਆਦਲਾਪਣ ਅਤੇ ਗੁਣਵਤਾ ਵਿਚ ਵੀ ਦਿਨ ਬਦਿਨ ਵਾਧਾ ਹੋਈ ਜਾਂਦਾ ਹੈ। ਬਹੁਤ ਪਹਿਲਾਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ ਇਕੱਲੇ ਦਿੱਲੀ ਵਿਚ ਸ਼ਹੀਦੀ ਦਿਹਾੜੇ 'ਤੇ ਇਕ ਲੱਖ ਰੂਹ-ਅਫਜ਼ਾ ਦੀਆਂ ਬੋਤਲਾਂ ਪਿਲਾਈਆਂ ਗਈਆਂ। ਕੁਝ ਵੀ ਹੋਵੇ, ਅਜਿਹੇ ਦਿਹਾੜੇ ਲੋਕ ਧਾਰਮਿਕ ਵਖਰੇਵੇਂ ਭੁਲਾ ਕੇ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕਰਦੇ ਹਨ।

ਇੱਕ ਕੰਨਸੋਅ ਅਨੁਸਾਰ ਜਦੋਂ ਗੁਰੂ ਅਰਜਨ ਦੇਵ ਨੂੰ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਚੰਦੂ ਦੀ ਨੂੰਹ ਗੁਰੂ ਜੀ ਦੇ ਪੀਣ ਵਾਸਤੇ ਸ਼ਰਬਤ ਲੈ ਕੇ ਆਈ। ਉਸ ਨੇ ਆਪਣੇ ਗਹਿਣੇ ਵੇਚ ਕੇ ਪਹਿਰੇਦਾਰਾਂ ਨੂੰ ਰਿਸ਼ਵਤ ਦਿੱਤੀ ਤੇ ਜੇਲ੍ਹ ਵਿਚ ਜਾਣ ਦੀ ਇਜਾਜ਼ਤ ਲਈ। ਇਸ ਅਨੁਸਾਰ ਉਦੋਂ ਤੋਂ ਹੀ ਛਬੀਲ ਦੀ ਪਰੰਪਰਾ ਸ਼ੁਰੂ ਹੋਈ। 1920ਵਿਆਂ ਵਿਚ 'ਹਿੰਦੂ ਮਹਾਸਭਾ' ਦੇ ਪ੍ਰਧਾਨ ਅਤੇ ਹਿੰਦੁਤਵ ਸ਼ਬਦ ਦੇ ਘਾੜੇ ਸਾਵਰਕਰ ਦੀ 'ਭਾਰਤੀ ਇਤਿਹਾਸ ਦੇ ਛੇ ਸੁਨਹਿਰੀ ਪੰਨੇ' ਨਾਮਕ ਇੱਕ ਕਿਤਾਬ ਆਈ ਜਿਸ ਵਿਚ ਜ਼ਿਕਰ ਹੈ ਕਿ ਗੁਰੂ ਸਾਹਿਬ ਨੂੰ ਦੋ ਕਰੋੜ ਜਰਮਾਨਾ ਕੀਤਾ ਗਿਆ ਸੀ। ਸਿੱਖਾਂ ਵਿਚ ਏਨੇ ਰੁਪਏ ਇਕੱਠੇ ਕਰਨ ਦੀ ਸਮਰੱਥਾ ਨਹੀਂ ਸੀ। ਸੋ 'ਕੇਵਲ ਅਤੇ ਕੇਵਲ ਚੰਦੂ ਹੀ ਅਜਿਹਾ ਅਮੀਰ ਗੁਰਸਿੱਖ ਸੀ ਜੋ ਏਨੇ ਪੈਸੇ ਉਪਲਭਦ ਕਰ ਸਕਦਾ ਸੀ।' ਸਿੱਖ ਇਤਿਹਾਸਕਾਰਾਂ ਅਨੁਸਾਰ ਚੰਦੂ ਇੱਕ ਸਿੱਖ-ਦੋਖੀ ਵਿਅਕਤੀ ਸੀ ਜਿਸ ਦੇ ਕਿਰਦਾਰ ਨੂੰ ਬਚਾਉਣ ਅਤੇ ਉਚਿਆਉਣ ਦੀ ਖਾਤਰ ਸਾਰੇ ਵਾਕਿਆ ਨੂੰ ਤੋੜ-ਮੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਵਿਚ ਕਾਫੀ ਸੱਚਾਈ ਜਾਪਦੀ ਹੈ ਪਰ ਇਥੇ ਅਸੀਂ ਇਤਿਹਾਸ ਪੱਖੋਂ ਇਸ ਦੀ ਪਰਖ ਨਹੀਂ ਕਰ ਰਹੇ।

ਪੰਜਾਬ ਦੇ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਛਬੀਲ ਸ਼ਹੀਦੀ ਦਿਹਾੜੇ 'ਤੇ ਵਰਤਾਏ ਜਾਂਦੇ ਮਿੱਠੇ ਪਾਣੀ ਨੂੰ ਹੀ ਕਹਿੰਦੇ ਹਨ। ਸਤੰਬਰ-ਅਕਤੂਬਰ ਦੇ ਮਹੀਨੇ ਸ਼ੀਆ ਮੁਸਲਮਾਨ ਮੁਹੱਰਮ ਮਨਾਉਂਦੇ ਤਾਜ਼ੀਏ (ਵਿਰਲਾਪ) ਪਿੱਟਦੇ ਹਨ ਤੇ ਆਪਣੇ ਆਪ ਨੂੰ ਖੂਬ ਲਹੂ-ਲੁਹਾਨ ਕਰ ਲੈਂਦੇ ਹਨ। ਇਸਲਾਮੀ





ਕਲੰਡਰ ਦੇ ਪਹਿਲੇ ਮਹੀਨੇ ਨੂੰ ਮੁਹੱਰਮ ਕਹਿੰਦੇ ਹਨ ਜਿਸ ਦਾ ਅਰਥ ਹੈ, ਮਨ੍ਹਾ ਕੀਤਾ, ਹਰਾਮ। ਇਹ ਸ਼ਬਦ ਹਰਾਮ ਦਾ ਹੀ ਸਜਾਤੀ ਹੈ, ਜੋ ਹਰਮ ਮੁਹਰੇ 'ਮੁ' ਅਗੇਤਰ ਲਾ ਕੇ ਹੀ ਬਣਿਆ ਹੈ। ਇਸ ਮਹੀਨੇ ਦੇ ਦਸਵੇਂ ਦਿਨ ਸ਼ੀਆ ਮੁਸਲਮਾਨ ਮੁਹੰਮਦ ਦੇ ਪੋਤੇ ਅਤੇ ਅਲੀ ਦੇ ਪੁੱਤਰ ਇਮਾਮ ਹੁਸੈਨ ਇਬਨ ਅਲੀ ਅਤੇ ਉਸ ਦੇ ਪਰਿਵਾਰ ਦੀ ਕਰਬਲਾ ਯੁੱਧ ਵਿਚ ਹੋਈ ਸ਼ਹੀਦੀ ਨੂੰ ਯਾਦ ਕਰਦੇ ਹਨ। ਅਰਬੀ ਨਾਂਵਾਂ ਵਿਚ ਲਗਦੇ ਇਬਨ (ਛੋਟਾ ਰੂਪ ਬਿਨ) ਸ਼ਬਦ ਦਾ ਅਰਥ ਹੈ, ਪੁੱਤਰ। ਸੋ, 'ਹੁਸੈਨ ਇਬਨ ਅਲੀ' ਦਾ ਮਤਲਬ ਹੋਇਆ, ਅਲੀ ਦਾ ਪੁੱਤਰ ਹੁਸੈਨ। ਮੁਹੱਰਮ ਵਿਚ ਸ਼ਾਮਿਲ ਸਰਧਾਲੂਆਂ ਅਤੇ ਹੋਰ ਲੋਕਾਂ ਨੂੰ 'ਛਬੀਲ' ਲਾ ਕੇ ਪਾਣੀ ਪਿਲਾਇਆ ਜਾਂਦਾ ਹੈ ਜਿਸ ਵਿਚ ਕਈ ਵਾਰੀ ਸੁੰਨੀ ਮੁਸਲਮਾਨ ਵੀ ਸ਼ਿਰਕਤ ਕਰਦੇ ਹਨ।

ਅਸੀਂ ਪਿੱਛੇ ਚੰਦੂ ਨਾਲ ਸਬੰਧਤ ਪ੍ਰਕਰਣ ਛੇੜਿਆ ਹੈ। ਉਥੇ ਚੰਦੂ ਦੀ ਨੂੰਹ ਵਲੋਂ ਗੁਰੂ ਸਾਹਿਬ ਨੂੰ ਸ਼ਰਬਤ ਪਿਲਾਉਣ ਦਾ ਜ਼ਿਕਰ ਕੀਤਾ ਗਿਆ ਹੈ। ਸ਼ਾਇਦ ਛਬੀਲ ਸ਼ਬਦ ਨੂੰ ਸ਼ਰਬਤ (ਜਿਸ ਬਾਰੇ ਫਿਰ ਕਦੀ ਲਿਖਿਆ ਜਾਵੇਗਾ) ਤੋਂ ਵਿਗੜੇ ਹੋਣ ਦਾ ਭੁਲੇਖਾ ਲਗਦਾ ਹੋਵੇ। ਪੁਰਾਣੇ ਜ਼ਮਾਨਿਆਂ ਵਿਚ ਸਰਕਾਰੀ ਅਤੇ ਧਾਰਮਿਕ ਸੰਸਥਾਵਾਂ ਵਲੋਂ ਥੱਕੇ-ਟੁੱਟੇ ਤੇ ਪਿਆਸੇ ਰਾਹੀਆਂ ਨੂੰ ਰਾਹਾਂ ਵਿਚ ਖੂਹ, ਬਉਲੀਆਂ ਆਦਿ ਲਾ ਕੇ ਪਾਣੀ ਪਿਲਾਉਣ ਦੀ ਵਿਵਸਥਾ ਕੀਤੀ ਜਾਂਦੀ ਸੀ। ਹੋਰ ਜਨਤਕ ਥਾਂਵਾਂ 'ਤੇ ਪਾਣੀ ਦੇ ਘੜੇ ਵੀ ਰੱਖੇ ਜਾਂਦੇ ਸਨ। ਸਾਡੀਆਂ ਭਾਸ਼ਾਵਾਂ ਵਿਚ ਇਨ੍ਹਾਂ ਨੂੰ ਪਿਆਊ ਕਿਹਾ ਜਾਂਦਾ ਹੈ, ਜਿਸ ਦਾ ਸਬੰਧ ਪੀਣ ਸ਼ਬਦ ਨਾਲ ਹੈ। ਦਿੱਲੀ ਵਿਚ ਇੱਕ 'ਗੁਰਦੁਆਰਾ ਨਾਨਕ ਪਿਆਊ' ਹੈ। ਗੁਰੂ ਨਾਨਕ ਦੇਵ ਜੀ ਦੀ ਦਿੱਲੀ ਫੇਰੀ ਦੌਰਾਨ ਸ਼ਰਧਾਲੂ ਉਨ੍ਹਾਂ ਪਾਸ ਦਰਸ਼ਨਾਂ ਲਈ ਪੁੱਜਦੇ ਸਨ ਤਾਂ ਰਵਾਇਤ ਅਨੁਸਾਰ ਉਹ ਉਨ੍ਹਾਂ ਨੂੰ ਭੋਜਨ ਅਤੇ ਪਾਣੀ ਪਿਆਇਆ ਕਰਦੇ ਸਨ।

ਸੋ, ਪਾਣੀ ਦੀ ਵਿਵਸਥਾ ਲਈ ਸਾਡੀਆਂ ਭਾਸ਼ਾਵਾਂ ਵਿਚ ਪਿਆਊ ਸ਼ਬਦ ਵਧੇਰੇ ਪ੍ਰਚਲਿਤ ਰਿਹਾ ਹੈ। ਮੁਫਤ ਪਾਣੀ ਪਿਲਾਉਣ ਨੂੰ ਮਹਾਂਪੁੰਨ ਕਿਹਾ ਜਾਂਦਾ ਹੈ। ਮੇਰਾ ਵਿਚਾਰ ਹੈ ਕਿ ਸ਼ੀਆ ਇਸਲਾਮ ਵਿਚ ਛਬੀਲ ਦੀ ਪਰੰਪਰਾ ਨੂੰ ਦੇਖ ਕੇ ਅਤੇ ਇਸ ਵਿਚ ਧਾਰਮਿਕ ਅਤੇ ਸ਼ਹਾਦਤੀ ਅਰਥ ਨਿਹਿਤ ਹੋਣ ਕਾਰਨ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਪਿਲਾਏ ਜਾਂਦੇ ਪਾਣੀ ਲਈ ਵੀ ਛਬੀਲ ਸ਼ਬਦ ਪ੍ਰਚਲਿਤ ਕਰ ਦਿੱਤਾ ਗਿਆ। ਸਿੱਖਾਂ ਵਿਚ ਇੱਕ ਰੁਝਾਨ ਪੈਦਾ ਹੋ ਰਿਹਾ ਹੈ ਕਿ ਸਿੱਖੀ ਨਾਲ ਸਬੰਧਤ ਪਦਾਂ ਨੂੰ ਮੁਸਲਮਾਨ ਜਾਂ ਹੋਰ ਧਰਮਾਂ ਨਾਲੋਂ ਨਿਖੇੜ ਲਿਆ ਜਾਵੇ ਤਾਂ ਜੁ ਹੋਰ ਧਰਮਾਂ ਦੀ ਨਕਲ ਆਦਿ ਨਾ ਜਾਪੇ। ਇਸੇ ਰੁਚੀ ਅਧੀਨ 'ਜਲੂਸ' ਦੀ ਥਾਂ 'ਨਗਰ ਕੀਰਤਨ' ਸ਼ਬਦ ਖੂਬ ਚਲਾਇਆ ਗਿਆ ਹੈ। ਕਈ ਪ੍ਰਸੰਗਾਂ ਵਿਚ ਤਾਂ 'ਸਿੱਖ ਪਰੇਡ' ਵੀ ਹੋਣ ਲੱਗ ਪਈ ਹੈ। ਕੁਝ ਸਿੱਖ ਹਲਕਿਆਂ ਵਲੋਂ ਸ਼ਹੀਦੀ ਦਿਹਾੜੇ 'ਤੇ ਲਾਈ ਜਾਂਦੀ ਛਬੀਲ ਨੂੰ ਸੰਕੀਰਣ ਸਮਝਦਿਆਂ ਇਸ ਨੂੰ ਸਿੱਖ ਸੰਸਕਾਰਾਂ ਦੇ ਵਿਰੁਧ ਦੱਸਿਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਛਬੀਲ ਦਾ ਕਾਰਜ ਪਰਉਪਕਾਰੀ ਹੋਣ ਕਾਰਨ ਇਸ ਦਾ ਪ੍ਰਚਲਨ ਵਿਆਪਕ ਅਤੇ ਲਗਾਤਾਰ ਹੋਣਾ ਚਾਹੀਦਾ ਹੈ। ਇਸ ਕਾਰਜ ਲਈ ਸ਼ਬਦ ਵੀ ਪਿਆਊ ਵਰਤੇ ਜਾਣ ਦੀ ਵਕਾਲਤ ਕੀਤੀ ਗਈ ਹੈ। ਪ੍ਰਤੱਖ ਹੁੰਦਾ ਹੈ ਕਿ ਪਰਿਵਰਤਨਸ਼ੀਲ ਸਮਾਜਕ, ਧਾਰਮਿਕ ਰੁਝਾਨਾਂ ਅਨੁਸਾਰ ਸ਼ਬਦਾਂ ਦੇ ਅਰਥਾਂ ਵਿਚ ਕਿਵੇਂ ਤਬਦੀਲੀ ਆਉਂਦੀ ਜਾਂਦੀ ਹੈ।

ਇਸਲਾਮੀ ਪ੍ਰਸੰਗ ਵਿਚ ਛਬੀਲ ਨੂੰ ਸਬੀਲ ਕਿਹਾ ਜਾਂਦਾ ਹੈ ਕਿਉਂਕਿ ਇਹ ਅਸਲ ਵਿਚ ਹੈ ਹੀ ਸਬੀਲ। ਪੰਜਾਬੀ ਵਿਚ ਵੀ, ਕਈ ਥਾਂਈਂ ਸਬੀਲ ਸ਼ਬਦ ਵਰਤਿਆ ਜਾਣ ਲੱਗਾ ਹੈ। ਇਹ ਸ਼ਬਦ ਸਾਮੀ ਅਸਲੇ ਦਾ ਹੈ ਤੇ ਪੰਜਾਬੀ ਵਿਚ ਅਰਬੀ ਤੋਂ ਫਾਰਸੀ ਵਿਚੀਂ ਗੁਜਰਦਾ ਉਰਦੂ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ। ਉਰਦੂ ਦੇ ਇਕ ਕੋਸ਼ ਵਿਚ ਇਸ ਦਾ ਅਰਥ 'ਕਰਬਲਾ ਦੁਖਾਂਤ ਮਨਾਉਣ ਲਈ ਮੁਹੱਰਮ ਦੇ ਮਹੀਨੇ ਲਾਏ ਜਾਂਦੇ ਪਾਣੀ ਕੇਂਦਰ' ਦੱਸਿਆ ਗਿਆ ਹੈ। ਉਰਦੂ ਵਿਚ 'ਸਬੀਲ ਪਿਲਾਨਾ' ਅਤੇ ਪੰਜਾਬੀ ਵਿਚ 'ਛਬੀਲ ਲਾਉਣਾ' ਵਾਕਾਂਸ਼ ਵਰਤੇ ਜਾਂਦੇ ਹਨ। ਅਰਬੀ ਵਿਚ ਸਬੀਲ ਸ਼ਬਦ ਦੇ ਅਰਥ ਕੁਝ ਇਸ ਤਰ੍ਹਾਂ ਹਨ: ਰਾਹ, ਰਸਤਾ, ਸੜਕ; ਢੰਗ, ਤਰੀਕਾ, ਤਰਕੀਬ; ਉਪਾਅ, ਬੰਨ੍ਹ-ਸੁੱਬ; ਵਸੀਲਾ, ਮਾਧਿਅਮ; ਸਬੰਧ, ਜੋੜ; ਪਾਣੀ ਦਾ ਵਰਤਾਅ; ਜਨਤਕ ਫੁਹਾਰਾ। ਆਖਰੀ ਅਰਥ ਨੂੰ ਛੱਡ ਕੇ ਬਾਕੀ ਸਾਰੇ ਅਰਥਾਂ ਦਾ ਜੋੜ ਸਹਿਜੇ ਹੀ ਬਿਠਾਇਆ ਜਾ ਸਕਦਾ ਹੈ। ਅੰਗਰੇਜ਼ੀ ਵੇਅ (Way) ਦੀ ਵੀ ਅਜਿਹੀ ਵਰਤੋਂ ਹੈ। ਪੰਜਾਬੀ ਰਾਹ ਜਾਂ ਰਸਤਾ ਸ਼ਬਦ ਨੂੰ ਕਰੀਬ ਇਨ੍ਹਾਂ ਸਾਰੇ ਅਰਥਾਂ ਵਿਚ ਵਰਤ ਲੈਂਦੇ ਹਨ। ਕੁਝ ਮਿਸਾਲਾਂ ਦੇਖੋ ਤੂੰ 'ਇਹ ਕੀ ਰਾਹ ਫੜ੍ਹਿਆ?'; ਤਰੱਕੀ ਦਾ ਰਾਹ ਮਿਹਨਤ ਹੈ ਆਦਿ।

ਇਸ ਸ਼ਬਦ ਦਾ ਸਾਮੀ ਧਾਤੂ ਹੈ 'ਸ ਬ ਲ' (ਸੀਨ ਬੇ ਲਾਮ) ਜਿਸ ਵਿਚ ਰਾਹ ਦੇ ਭਾਵ ਹਨ। ਇਸ ਤੋਂ ਹਿਬਰੂ ਅਤੇ ਅਰਬੀ ਅਤੇ ਫਿਰ ਫਾਰਸੀ, ਉਰਦੂ ਵਿਚ ਕਈ ਹੋਰ ਸ਼ਬਦ ਬਣੇ ਹਨ। ਕੁਰਾਨ ਵਿਚ ਇਸ ਸ਼ਬਦ ਅਤੇ ਇਸ ਤੋਂ ਬਣੇ ਹੋਰ ਸ਼ਬਦਾਂ ਦੀ ਗਿਣਤੀ ਕਈ ਵੀਹਾਂ ਵਿਚ ਹੈ। ਅਰਬੀ ਵਿਚ ਇਸ ਦਾ ਬਹੁਵਚਨ ਸਬੂਲ ਹੈ। ਇਬਨ-ਅਸ-ਸਬੂਲ ਦਾ ਅਰਥ ਹੈ-ਘੁਮੱਕੜ, ਅੱਖਰੀ ਅਰਥ ਰਾਹ ਦਾ ਪੁੱਤਰ। ਇਸ ਦਾ ਲਾਖਣਿਕ ਅਰਥ ਹੈ, ਮੌਕਾਪ੍ਰਸਤ। 'ਫੀ ਸਬੀਲ ਇਲਾਹੀ' ਦਾ ਮਤਲਬ ਹੋਇਆ-ਅੱਲਾ ਦੀ ਖਾਤਿਰ, ਧਰਮਾਰਥ (ਜਹਾਦ ਦੇ ਪ੍ਰਸੰਗ ਵਿਚ ਵੀ); ਬਾਸਬੀਲ ਦਾ ਮਤਲਬ ਰਾਹੀਂ, ਥਾਣੀਂ ਅਤੇ ਬੇਸਬੀਲ ਬੇਵਿਉਂਤਾ ਹੈ। ਹੋਰ ਸਾਮੀ ਭਾਸ਼ਾਵਾਂ ਅਤੇ ਇਨ੍ਹਾਂ ਦੀਆਂ ਉਪਭਾਸ਼ਾਵਾਂ ਵਿਚ ਇਸ ਤੋਂ ਬਣੇ ਕਈ ਸ਼ਬਦ ਮਿਲਦੇ ਹਨ।

ਪੰਜਾਬੀ ਵਿਚ ਛਬੀਲ ਸ਼ਬਦ ਸਿਰਫ 'ਰਾਹ ਦੇ ਪਿਆਊ' ਜਿਹੇ ਅਰਥਾਂ ਵਜੋਂ ਹੀ ਰੂੜ ਹੋਇਆ ਹੈ, ਜਦਕਿ ਸਬੀਲ ਹੋਰਨਾਂ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ, 'ਇਨ੍ਹਾਂ ਜਿਉੜਿਆਂ ਨੂੰ ਬੇਬਸੀ ਦੀ ਇਸ ਦਲਦਲ ਵਿਚੋਂ ਕੱਢਣ ਦੀ ਕੋਈ ਸਬੀਲ ਨਹੀਂ'; 'ਗਰੀਬ ਨੂੰ ਆਪਣੀ ਗਰੀਬੀ 'ਤੇ ਝੂਰਨ ਦੀ ਥਾਂ ਇਹਦੇ ਕਾਰਨ ਜਾਣਨ ਦੀ ਤੇ ਉਨ੍ਹਾਂ ਦੇ ਖਾਤਮੇ ਦੀ ਸਬੀਲ ਸੋਚਣੀ, ਬਣਾਉਣੀ ਚਾਹੀਦੀ ਹੈ।' ਪਿਆਊ ਦੇ ਅਰਥਾਂ ਵਿਚ ਸਬੀਲ ਸ਼ਬਦ ਦੀ ਆਮ ਮਿਲਦੀ ਵਿਆਖਿਆ ਹੈ, 'ਜਿਥੇ ਰੱਬ ਦੇ ਨਾਂ 'ਤੇ ਪਾਣੀ ਜਾਂ ਸ਼ਰਬਤ ਪਿਲਾਇਆ ਜਾਵੇ', (ਅਰਬੀ ਵਿਚ) ਵਕਫ ਕੀਤੀ ਚੀਜ਼, ਪਾਣੀ ਜਾਂ ਸ਼ਰਬਤ ਜੋ ਖੁਦਾ ਦੇ ਨਾਂ 'ਤੇ ਵਕਫ ਕੀਤਾ ਜਾਵੇ। ਇਸ ਤਰ੍ਹਾਂ ਪਿਆਊ ਦੇ ਅਰਥਾਂ ਵਿਚ ਸਬੀਲ ਜਾਂ ਛਬੀਲ ਇੱਕ ਵਸੀਲਾ ਜਾਂ ਰਾਹ ਹੈ ਜਿਸ ਰਾਹੀਂ ਖੁਦਾ ਨੂੰ ਖੁਸ਼ ਕੀਤਾ ਜਾਂਦਾ ਹੈ।

ਇਤਫਾਕ ਹੈ ਕਿ ਛਬੀਲਾਂ ਆਮ ਤੌਰ 'ਤੇ ਰਾਹਾਂ 'ਤੇ ਹੀ ਲਾਈਆਂ ਜਾਂਦੀਆਂ ਹਨ। ਸਬੀਲ ਸ਼ਬਦ ਕਈ ਇਸਲਾਮੀ ਵਿਅਕਤੀਆਂ ਅਤੇ ਸਥਾਨਾਂ ਦੇ ਨਾਂਵਾਂ ਵਿਚ ਵਰਤਿਆ ਮਿਲਦਾ ਹੈ। ਇਸ ਵਿਚ ਖਾਣ-ਪੀਣ ਦਾ ਭਾਵ ਹੋਣ ਕਾਰਨ ਕੁਝ ਰੈਸਤੋਰਾਂ ਦੇ ਨਾਂਵਾਂ ਵਿਚ ਵੀ ਇਹ ਸ਼ਬਦ ਹੈ। ਅਰਬੀ/ਇਸਲਾਮੀ ਦੁਨੀਆਂ ਵਿਚ ਫੁਆਰੇ ਦੇ ਅਰਥਾਂ ਵਿਚ ਸਾਬਲ, ਸਾਬਿਲ ਜਾਂ ਸੈਬਲ ਦੀ ਮਹੱਤਤਾ ਬਹੁਤ ਹੈ। ਇਹ ਇੱਕ ਤਰ੍ਹਾਂ ਦਾ ਚਬੂਤਰਾ ਹੁੰਦਾ ਹੈ, ਜਿਸ ਤੋਂ ਆਮ ਲੋਕਾਂ ਨੂੰ ਪਾਣੀ ਪਿਆਇਆ ਜਾਂਦਾ ਹੈ।

## ਕਾਵਿ ਜਗਤ

### ਭਗਵਾ

ਇੰਡੀਆ ਵਿਚ ਹੁਣ ਆਇਆ ਭਗਵਾ
ਇੰਡੀਆ ਵਿਚ ਹੁਣ ਛਾਇਆ ਭਗਵਾ।
ਮੋਦੀ, ਮੋਦੀ ਹਰ ਕੋਈ ਬੋਲੇ
ਮੋਦੀ ਨਾਲ ਲਿਆਇਆ ਭਗਵਾ।

ਸਾਧ-ਸਾਧਣੀਆਂ ਬਣੇ ਮੰਤਰੀ
ਹਰ ਥਾਂ 'ਤੇ ਲਹਿਰਾਇਆ ਭਗਵਾ।
ਬੀ. ਜੇ. ਪੀ. ਦੇ ਹਰ ਲੀਡਰ ਨੇ
ਤਨ ਆਪਣੇ 'ਤੇ ਪਾਇਆ ਭਗਵਾ।

ਭਗਵੇ ਚੋਲੇ, ਭਗਵੇ ਝੰਡੇ
ਗਲ ਦੇ ਵਿਚ ਲਟਕਾਇਆ ਭਗਵਾ।
ਕੁਰਸੀ ਦੀ ਇਸ ਦੌੜ ਦੇ ਅੰਦਰ
ਫਿਰਦਾ ਹੈ ਹਲਕਾਇਆ ਭਗਵਾ।

ਉਡਦਾ ਫਿਰੇ ਜਹਾਜ਼ਾਂ ਉਤੇ
ਪੈਰ ਨਾ ਧਰਤ ਟਿਕਾਇਆ ਭਗਵਾ।
ਦੁਨੀਆਂ ਦਾ ਕੋਈ ਮੁਲਕ ਨਾ ਛੱਡਿਆ
ਜਿਥੇ ਨਹੀਂ ਦਿਖਾਇਆ ਭਗਵਾ।

ਸੜਕਾਂ ਉਤੇ ਕਰੇ ਰੋਡ ਸ਼ੋਅ
ਨਵਾਂ ਤਮਾਸ਼ਾ ਲਾਇਆ ਭਗਵਾ।
ਬਾਹਵਾਂ ਚੁਕ ਚੁਕ ਰੌਲਾ ਪਾਵੇ
ਕਦੀ ਵੀ ਨਾ ਸ਼ਰਮਾਇਆ ਭਗਵਾ।

ਗਲੀ ਬਾਜ਼ਾਰਾਂ ਕੂਚਿਆਂ ਦੇ ਵਿਚ
ਭਗਵਿਆਂ ਨੇ ਭੜਕਾਇਆ ਭਗਵਾ।
ਜਿਥੇ ਕਿਧਰੇ ਨਹੀਂ ਸੀ ਲਾਉਣਾ
ਓਥੇ ਵੀ ਜਾ ਲਾਇਆ ਭਗਵਾ।

ਕਰਨਾਟਕ ਵਿਚ ਮਾਰ ਪਈ ਜਦ
ਜ਼ਰਾ ਵੀ ਨਾ ਘਬਰਾਇਆ ਭਗਵਾ।
ਬੇਈਮਾਨਾਂ ਨੇ ਬੇ-ਸ਼ਰਮੀ ਦਾ
ਹਰ ਥਾਂ ਜਾਲ ਵਿਛਾਇਆ ਭਗਵਾ।

ਧਰਮ ਦੇ ਨਾਂ 'ਤੇ ਦੇ ਕੇ ਹੋਕਾ
ਹਰ ਥਾਂ ਹੈ ਕੁਰਲਾਇਆ ਭਗਵਾ।
ਜਾਗੋ ਲੋਕੋ, ਮਰ ਜਾਵੋਗੇ
ਜੇ ਕਿਧਰੇ ਮੁੜ ਆਇਆ ਭਗਵਾ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

### ਕਲੇਸ਼ੀ ਬੰਦਾ

ਹਰ ਸ਼ਹਿਰ, ਹਰ ਪਿੰਡ ਵਿਚ
ਘੱਟੋ ਘੱਟ ਹੁੰਦਾ ਹੈ ਇਕ।
ਸਾਰੇ ਕਹਿਣ ਕਲੇਸ਼ੀ ਓਹਨੂੰ
ਪਾਵੇ ਸਿਆਪੇ, ਕਰੇ ਘਤਿੱਤ।

ਭਾਈ ਨਾਲ ਲੜਾਵੇ ਭਾਈ
ਤੇ ਸੱਜੇ ਦੇ ਨਾਲ ਖੱਬਾ।
ਮੇਰਾ ਨਹੀਂ, ਹੈ ਹੋਰ ਕਿਸੇ ਦਾ
ਓਹਨੂੰ ਸੱਦੇ, ਓਹਦਾ ਅੱਬਾ।
ਨੂੰਹ-ਪੁੱਤਰ ਨੂੰ ਵੀ ਨਾ ਬਖਸ਼ੇ
ਦੇਵੇ ਲੀਕ ਉਹ ਗੱਭੇ ਖਿੱਚ...।

ਸਕਾ ਕਦੇ ਨਾ ਬਣੇ ਕਿਸੇ ਦਾ
ਯਾਰਾਂ ਦਾ ਉਹ ਤੱਕੇ ਪਿੱਛਾ।
ਮਿੱਤਰਾਂ ਦੀ ਤ੍ਰੀਮਤ ਭੰਡੇ
ਯਾਰ ਮਾਰ ਦੀ ਰੱਖੇ ਇੱਛਾ।
ਯਾਰਾਂ ਨੂੰ ਵੀ ਵਰਤ ਵੂਰਤ ਕੇ
ਢੂਹੀ ਦੇ ਵਿਚ ਮਾਰੇ ਕਿੱਕ...।

ਜੋ ਵੀ ਇਹਦੇ ਯਾਰ ਬਣੇ
ਸਾਰੇ ਹੀ ਬਦਨਾਮ ਹੋਏ।
ਪਹਿਲੋਂ ਕੀਤੇ ਚੰਗੇ ਕੰਮ ਵੀ
ਇਸ ਕਰਕੇ ਹਰਾਮ ਹੋਏ।
ਲੋਕਾਂ ਨਾਲੋਂ ਤੋੜ ਉਨ੍ਹਾਂ ਨੂੰ
ਗੋਪੀਆਂ ਦੱਸੇ, ਜਾਣੇ ਟਿੱਚ...।

ਜਿੱਥੇ ਵੜਦਾ ਘਪਲੇ ਕਰਦਾ
ਕੀ ਗੁਰਦੁਆਰੇ ਤੇ ਕੀ ਖੇਡਾਂ।
ਪੰਜੀ ਕਦੇ ਨਾ ਜੇਬੋਂ ਖਰਚੇ
ਘੜੰਮ ਚੌਧਰੀ, ਬੋਲੇ ਟੇਡਾ।
ਆਪਣੀ ਪੀੜ੍ਹੀ ਥੱਲੇ ਕੂੜਾ
ਪਰ ਹੋਰਾਂ ਦੀ ਲਾਵੇ ਕਿੱਟ...।

ਪਿੰਡ ਦੀ ਹਰ ਲੜਾਈ ਓਹਨੇ
ਚੁਗਲੀਆਂ ਕਰਕੇ ਆਪ ਪਵਾਈ।
ਕਈ ਘਰਾਂ ਦੇ ਤਲਾਕ ਕਰਾਏ
ਨਾਰਦ ਮੁਨੀ ਦਾ ਬਣ ਕੇ ਭਾਈ।
ਆਪਣੇ ਪੁੱਤ ਬਚਾ ਕੇ ਓਹਨੇ
ਬਗਾਨੇ ਮੋਢੇ ਵਰਤੇ ਨਿੱਤ।
ਹਰ ਸ਼ਹਿਰ, ਹਰ ਪਿੰਡ ਵਿਚ
ਘੱਟੋ ਘੱਟ ਹੁੰਦਾ ਹੈ ਇਕ।
ਸਾਰੇ ਕਹਿਣ ਕਲੇਸ਼ੀ ਓਹਨੂੰ
ਪਾਵੇ ਸਿਆਪੇ, ਕਰੇ ਘਤਿੱਤ।

**-ਜਸਵਿੰਦਰ ਸਿੰਘ ਸ਼ੇਰਗਿੱਲ**

---

### ਸ੍ਰਿਸ਼ਟੀ

ਹਰ ਪਾਸੇ ਸੀ ਘੁੱਪ ਹਨੇਰਾ
ਨਾ ਬ੍ਰਹਿਮੰਡ ਨਾ ਹੀ ਸ਼ੈਅ ਸੀ।
ਅੰਧਕਾਰ ਵਿਚ ਹੋਇਆ ਧਮਾਕਾ
ਛਿੜੀ ਅਨਹਦ ਦੀ ਲੈਅ ਸੀ।
ਰੱਬ ਨੇ ਆਪਣੀ ਹੋਂਦ ਦਿਖਾਈ
ਹੋਇਆ ਦਹਿਦਿਸ ਵਿਚ ਉਜਿਆਰਾ।
ਕੋਟਾਂ-ਕੋਟ ਚੰਨ ਸੂਰਜ ਉਗਵੇ
ਕਰੋੜਾਂ ਧਰਤੀਆਂ ਪਾਇਆ ਪਸਾਰਾ।
ਇਕੱਲੇ ਰੱਬ ਦਾ ਜੀਅ ਨਾ ਲੱਗਿਆ
ਐਸੀ ਅਚਰਜ ਖੇਡ ਰਚਾਈ।
ਬ੍ਰਹਿਮੰਡ ਵਿਚ ਸ੍ਰਿਸ਼ਟੀ ਰਚ ਕੇ
ਸਾਰੀ ਮਾਇਆ ਵਿਚ ਉਲਝਾਈ।

ਪਹਿਲਾਂ ਬ੍ਰਹਮਾ ਪੈਦਾ ਕਰਕੇ
ਉਸ ਨੂੰ ਡਾਢਾ ਹੁਕਮ ਸੁਣਾਇਆ।
'ਕਰੋ ਕਾਇਨਾਤ ਵਿਚ ਵਾਧਾ'
ਪਰ ਨਾ ਕੋਈ ਢੰਗ ਸੁਝਾਇਆ।
ਸੁਣ ਕੇ ਠਠੰਬਰ ਗਿਆ ਬ੍ਰਹਮਾ
ਹੁਣ ਕੀ ਜੁਗਤ ਲੜਾਈਏ?
ਕਿੱਦਾਂ ਪੈਦਾ ਹੋਏ ਅਜਬ ਅਜੂਬਾ
ਕਿਵੇਂ ਮਾਇਆ ਵਿਚ ਫਸਾਈਏ?
ਲੰਮੀਆਂ ਸੋਚਾਂ ਤੋਂ ਰਾਹ ਲੱਭਿਆ
ਸ਼ਿਵ ਦਾ ਰੂਪ ਵਟਾਇਆ।
ਜੀਅ-ਜੰਤ ਉਪਜਾ ਕੇ ਜਿਸ ਨੇ
ਸੱਚੇ ਰੱਬ ਦਾ ਨਾਮ ਧਿਆਇਆ।

ਆਸਥਾ ਮੰਨੇ ਵਿਚ ਸਵਰਗਾਂ
ਕਦੇ ਆਦਮ ਈਵ ਸੀ ਆਏ।
ਲਲਚਾਏ ਰੱਬ ਦੇ ਰੋਕਣ 'ਤੇ ਭੀ
ਖਾ ਵਰਜਿਤ ਸੇਬ ਪਛਤਾਏ।
ਅੱਗ ਬਬੂਲਾ ਹੋ ਕੇ ਰੱਬ ਨੇ
ਕਿਹਾ ਚਲੇ ਜਾਊ ਇਥੋਂ ਧੱਕੇ।
ਆ ਡਿੱਗੇ ਫਿਰ ਧਰਤੀ ਉਤੇ
ਸਵਰਗਾਂ 'ਚੋਂ ਖਾ ਕੇ ਧੱਕੇ।

ਕਈ ਆਖਣ ਪਹਿਲਾਂ ਫੁੱਲ ਉਗੇ
ਫਿਰ ਫੁੱਲਾਂ ਤੋਂ ਬਣਿਆ ਬੰਦਾ।
ਕਰਤਾ ਸਹਿਜੇ ਜੱਗ ਰਚਿਆ
ਕੋਈ ਚੰਗਾ, ਕੋਈ ਮੰਦਾ।

ਕਥਾ ਲਿਖੀ ਐਸੀ ਵਿਚ ਗ੍ਰੰਥਾਂ
ਸੰਸਾਰ ਭੰਬਲਭੂਸੇ ਪਾਇਆ।
ਧਰਮਾਂ ਦਾ ਇਹ ਗੋਰਖ ਧੰਦਾ
ਨਾ ਸਮਝ ਕਿਸੇ ਨੂੰ ਆਇਆ।
ਜੁਗਾਂ-ਜੁਗੰਤਰਾਂ ਤੋਂ ਅਗਮ-ਅਗੋਚਰ
ਨਾ ਪਾ ਸਕਿਆ ਕੋਈ ਥਾਹ।
ਅਟਕਲ ਪੱਚੂ ਸਭ ਲਾਈ ਜਾਂਦੇ
ਪਰ ਅਸਲ ਹੈ ਅਜੇ ਅਗਾਹ।
ਅਕਲ ਲਤੀਫ ਹੋਵੇ ਜੇ ਕੋਈ
ਤਾਂ ਰੱਬ ਦੀ ਹੋਂਦ ਪਛਾਣੇ।
ਨਾਸਤਿਕ ਤੋਂ ਫਿਰ ਆਸਤਿਕ ਹੋਵੇ
'ਨੂਰਪੁਰੀ' ਗੁੱਝੇ ਭੇਦ ਉਹ ਜਾਣੇ।

**-ਸੇਵਾ ਸਿੰਘ ਨੂਰਪੁਰੀ**
**ਫੋਨ:91-98786-91079**

---

### ਜਾਂਗਲੀ

ਮੈਂ ਮਾਡਲ ਹਾਂ
ਆਧੁਨਿਕ ਮਾਡਰਨ ਨਮੂਨਾ।
ਚੀਚ ਵਹੁਟੀ ਦੀ ਤਲਾਸ਼ ਵਿਚ,
ਇੰਦਰਜਾਲ ਜੰਗਲ ਲੰਘਦਿਆਂ,
ਸੁਪਨਿਆਂ ਨੂੰ ਫੜਦਿਆਂ,
ਕੱਖ ਚਿੱਬੜ ਗਏ ਮੇਰੇ ਸਿਰ,
ਸਿੰਗ ਨਿਕਲ ਆਏ ਮੇਰੇ ਮੱਥੇ,
ਤਿਣਕੇ ਅਟਕ ਗਏ ਮੇਰੇ ਵਾਲੀਂ,
ਜੰਗਲ ਉਗ ਆਏ ਮੇਰੇ ਅੰਦਰ,
ਮੈਂ ਜਾਂਗਲੀ ਨਹੀਂ।

**-ਚਰਨਜੀਤ ਸਿੰਘ ਪੰਨੂ**

# ਅਸੀਂ ਸ਼ਹੀਦ ਹੋਵਾਂਗੇ, ਤੂੰ ਖੁਦਕੁਸ਼ੀ ਕਰੇਂਗਾ


**ਸੌਵੇਂ ਜਨਮ ਦਿਨ 'ਤੇ ਵਿਸ਼ੇਸ਼**

***ਨਾਵਲਕਾਰ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਨ ਮੌਕੇ ਪੰਜਾਬ ਕਲਾ ਪ੍ਰੀਸ਼ਦ ਉਨ੍ਹਾਂ ਨੂੰ 'ਪੰਜਾਬ ਗੌਰਵ' ਪੁਰਸਕਾਰ ਨਾਲ ਨਵਾਜ ਰਹੀ ਹੈ। ਇਹ ਸਨਮਾਨ 26 ਜੂਨ ਨੂੰ ਉਨ੍ਹਾਂ ਦੇ ਪਿੰਡ ਢੁੱਡੀਕੇ (ਜ਼ਿਲ੍ਹਾ ਮੋਗਾ) ਵਿਚ ਦਿੱਤਾ ਜਾਵੇਗਾ। ਕੰਵਲ ਨੇ ਪੰਜਾਬੀ ਨਾਵਲਕਾਰੀ ਨੂੰ ਨਵਾਂ ਮੁਕਾਮ ਬਖਸ਼ਿਆ ਹੈ। ਉਨ੍ਹਾਂ ਦੇ ਨਾਵਲ ਪੀੜ੍ਹੀ ਦਰ ਪੀੜ੍ਹੀ ਪੜ੍ਹੇ ਜਾ ਰਹੇ ਹਨ। 1976 ਵਿਚ ਉਨ੍ਹਾਂ ਪੰਜਾਬ ਅੰਦਰ ਚੱਲੀ ਨਕਸਲੀ ਲਹਿਰ ਨੂੰ ਰੂਪਮਾਨ ਕਰਦਾ ਨਾਵਲ 'ਲਹੂ ਦੀ ਲੋਅ' ਲਿਖਿਆ ਸੀ। ਇਹ ਨਾਵਲ ਛਾਪੇ ਜਾਣ ਦੀ ਵੀ ਵੱਖਰੀ ਕਹਾਣੀ ਹੈ। ਸਰਕਾਰੀ ਪਾਬੰਦੀਆਂ ਕਾਰਨ ਇਹ ਨਾਵਲ ਸਿੰਗਾਪੁਰ ਵਿਚ ਛਪਿਆ ਅਤੇ ਉਥੋਂ ਪੰਜਾਬ ਪੁੱਜਾ ਸੀ। ਕੰਵਲ ਦੇ 100ਵੇਂ ਜਨਮ ਦਿਨ ਮੌਕੇ ਅਸੀਂ ਆਪਣੇ ਪਾਠਕਾਂ ਲਈ 'ਲਹੂ ਦੀ ਲੋਅ' ਦਾ ਇੱਕ ਕਾਂਡ ਛਾਪ ਰਹੇ ਹਾਂ। ਇਸ ਕਾਂਡ ਵਿਚੋਂ ਕੰਵਲ ਦੀਆਂ ਲਿਖਤਾਂ ਦੀ ਪ੍ਰਚੰਡਤਾ ਦੇ ਦਰਸ਼ਨ ਹੁੰਦੇ ਹਨ। -ਸੰਪਾਦਕ***

ਜਸਵੰਤ ਸਿੰਘ ਕੰਵਲ

ਕੜੱਕੇ ਵਿਚ ਅੜਿਆ, ਸਾਰੀ ਰਾਤ ਦੀਆਂ ਸੱਟਾਂ ਦਾ ਭੰਨਿਆ ਤੇ ਆਕੜਿਆ ਮਿਹਰ ਸਿੰਘ ਸੋਚਦਾ ਰਿਹਾ: ਸਾਡਾ ਕਸੂਰ ਇਹ ਹੈ ਕਿ ਅਸਾਂ ਇਸ ਦੁਨੀਆਂ ਦੀ ਭੁੱਖ, ਗਰੀਬੀ ਤੇ ਕੁਹਜ ਨੂੰ ਛੇਤੀ ਦੂਰ ਕਰਨ ਦਾ ਰਾਹ ਹਥਿਆਰਬੰਦ ਇਨਕਲਾਬ ਨਾਲ ਚੁਣਿਆ। ਸੱਚਾਈ ਤੇ ਇਖਲਾਕੀ ਕੀਮਤ ਦੇ ਪੱਖੋਂ ਅਸਾਂ ਆਪਣੇ ਵਰੋਸਾਏ ਬਜ਼ੁਰਗਾਂ ਦਾ ਰਾਹ ਫੜ੍ਹਿਆ ਏ, ਜਿਸ ਨਾਲ ਜੰਗਲੀ ਸਮਾਜ ਤੋਂ ਤੁਰ ਕੇ ਮਨੁੱਖ ਅੱਜ ਦੇ ਸਾਇੰਸੀ ਜੁੱਗ ਤਕ ਪਹੁੰਚਿਆ ਹੈ ਪਰ ਸਮੇਂ ਦੀ ਹਕੂਮਤ, ਸਰਮਾਏਦਾਰੀ ਨੂੰ ਜੜ੍ਹੋਂ ਪੁਟ ਕੇ ਲੋਕਾਂ ਦਾ ਸਾਂਝਾ ਰਾਜ ਲਿਆਉਣ ਨੂੰ ਦੋਸ਼ ਸਮਝਦੀ ਹੈ। ਹਕੂਮਤ ਤਾਰੀਖ ਦੇ ਪੈਰਾਂ ਨੂੰ ਸੁਨਹਿਰੀ ਜ਼ੰਜੀਰ ਪਾ ਕੇ ਬੰਨ੍ਹਿਆ ਲੋੜਦੀ ਹੈ। ਅਸੀਂ ਜਿਹੜੇ ਸਹੀ ਅਰਥਾਂ ਵਿਚ ਤਾਰੀਖ ਦੇ ਸਾਰਥਕ ਕਦਮਾਂ ਦੇ ਹਾਣੀ ਹੋਣਾ ਚਾਹੁੰਦੇ ਆਂ; ਇਸ ਕਾਂਗਰਸੀ ਕਾਨੂੰਨ ਅਨੁਸਾਰ ਡਾਕੂ ਤੇ ਕਾਤਲ ਸਮਝੇ ਗਏ ਆਂ। ਇਕ ਸਮਾਂ ਸੀ ਜਦੋਂ ਸਾਮਰਾਜ ਦਾ ਜੁੰਡੀਦਾਰ ਚਿਆਂਗ ਕਾਈਸ਼ਕ, ਮਾਓ ਤੇ ਉਸ ਦੇ ਸਾਥੀਆਂ ਨੂੰ ਯੀਨਾਨ ਦੇ ਖਤਰਨਾਕ ਡਾਕੂ ਆਖਿਆ ਕਰਦਾ ਸੀ ਪਰ ਕਿਥੇ ਐ ਚਿਆਂਗ ਕਾਈਸ਼ਕ, ਉਹਦੀ ਮੀ ਲਿੰਗ ਤੇ ਸੁਨਹਿਰੀ ਜ਼ੰਜੀਰਾਂ? ਉਹਦੀਆਂ ਅਨੀਂਦਰੇ ਮਾਰੀਆਂ ਅੱਖਾਂ ਨੇ ਝਪਕਾ ਖਾਧਾ ਪਰ ਉਹਦੀ ਰੂਹ ਮਨੁੱਖੀ ਇਤਿਹਾਸ ਦੇ ਪੜਾਵਾਂ ਉਤੇ ਪਹਿਰਾ ਦੇ ਰਹੀ ਸੀ। ਮੈਂ ਆਪਣੇ ਫਰਜ਼ ਤੋਂ ਨੱਠ ਕੇ ਕਿਤੇ ਨਹੀਂ ਜਾ ਸਕਦਾ। ਇਹ ਕਾਂਗਰਸੀ ਕਾਨੂੰਨ, ਜਿਹੜਾ ਅਸਲ ਵਿਚ ਨੰਗੀ ਸੰਗੀਨ ਦਾ ਦੂਜਾ ਨਾਂ ਏ, ਸਰਮਾਏਦਾਰੀ ਸਮਾਜ ਦਾ ਪਹਿਰੇਦਾਰ ਬਣ ਕੇ ਇਨਕਲਾਬ ਦਾ ਰਾਹ ਰੋਕੀ ਖਲੋਤਾ ਏ। ਇਸ ਨੂੰ ਤੋੜੇ ਬਿਨਾ ਲੋਕ ਆਜ਼ਾਦ ਨਹੀਂ ਹੋ ਸਕਦੇ-ਮਨੁੱਖ ਭੁੱਖ ਅਤੇ ਕੋਹੜ ਉਤੇ ਸਦੀਵੀ ਜਿੱਤ ਪ੍ਰਾਪਤ ਨਹੀਂ ਕਰ ਸਕਦਾ। ਸੱਚਾਈ ਦੀ ਇਖਲਾਕੀ ਸ਼ਕਤੀ ਅੱਜ ਸਾਡੇ ਨਾਲ ਹੈ। ਕੱਲ੍ਹ ਦੀ ਤਾਰੀਖ ਵੀ ਸਾਡੇ ਨਾਲ ਹੋਵੇਗੀ। ਹਥਿਆਰ ਚੁਕ ਕੇ ਸਰਮਾਏਦਾਰੀ ਨੂੰ ਖਤਮ ਕਰਨ ਨਾਲ ਦਾ ਮਨੁੱਖੀ ਪੁੰਨ ਅੱਜ ਹੋਰ ਕੋਈ ਨਹੀਂ। ਇਨ੍ਹਾਂ ਸੰਦਾਂ ਤੇ ਹਥਿਆਰਾਂ ਨਾਲ ਹੀ ਅਸੀਂ ਮਿਹਨਤੀ ਹੱਥਾਂ ਦੀਆਂ ਕੜੀਆਂ ਤੋੜ ਸਕਦੇ ਆਂ-ਮਨੁੱਖ ਨੂੰ ਉਹਦੇ ਕੁਲ ਬੰਧਨਾਂ ਤੋਂ ਮੁਕਤ ਕਰਵਾ ਸਕਦੇ ਆਂ। ਸਾਡਾ ਰਾਹ ਗਲਤ ਨਹੀਂ। ਲਹੂ ਡੋਲ੍ਹਵੀਂ ਮੌਤ ਸਾਡੇ ਰਾਹ ਨੂੰ ਰੌਸ਼ਨ ਹੀ ਨਹੀਂ ਕਰੇਗੀ, ਸਗੋਂ ਮਨੁੱਖ ਦੀ ਮੰਜ਼ਲ ਨੂੰ ਨੇੜੇ ਵੀ ਲਿਆਵੇਗੀ। "ਇਨਕਲਾਬ ਜ਼ਿੰਦਾਬਾਦ! ਇਨਕਲਾਬ, ਜ਼ਿੰਦਾਬਾਦ।" ਉਸ ਦੀ ਅੰਦਰਲੀ ਲਗਨ ਨਾਅਰਿਆਂ ਵਿਚ ਪਾਟ ਪਈ। ਬਾਹਰ ਖੂਬਸੂਰਤ ਪ੍ਰਭਾਤ ਅੰਗੜਾਈ ਲੈ ਰਹੀ ਸੀ।

ਬਰਾਬਰ ਕੜੱਕੇ ਵਿਚ ਅੜਿਆ ਬਾਬਾ ਮਿਰਗਿੰਦ ਹੈਰਾਨ ਰਹਿ ਗਿਆ। ਆਪਣੀ ਸੰਜੀਦਗੀ ਸਹਾਰੇ ਮਾਰ ਦੀਆਂ ਪੀੜਾਂ ਪੀ ਲੈਣ ਵਾਲਾ ਮਿਹਰ ਸਿੰਘ ਇਕਦਮ ਕਿਵੇਂ ਭਵਕ ਪਿਆ? ਉਸ ਨੂੰ ਮਿਹਰ ਸਿੰਘ ਦੀ ਭਰੀ ਤੇ ਹੁਸੀਨ ਜਵਾਨੀ ਉਤੇ ਤਰਸ ਆ ਗਿਆ। ਗੋਰਾ ਨਿਛੋਹ ਚਿਹਰਾ, ਚਮੋਟੇ ਦੀਆਂ ਮਾਰਾਂ ਕਾਰਨ ਅੰਬ ਦੇ ਸੰਧੂਰੀ ਰੰਗ ਵਾਂਗ ਸੁਜਿਆ-ਨਿਖਰਿਆ ਪਿਆ ਸੀ। ਪੱਕੀਆਂ ਇੱਟਾਂ ਨੇ ਉਸ ਦੀਆਂ ਲੰਮੀਆਂ ਉਂਗਲਾਂ ਫਿਹ ਸੁੱਟੀਆਂ ਸਨ। ਸਿਪਾਹੀ ਮੋਤੀ ਰਾਮ ਤੇ ਸਤਵੰਤ ਯਮਰਾਜ ਦੇ ਪਾਲੇ ਕਸਾਈ ਸਨ। ਉਨ੍ਹਾਂ ਮੁੰਡੇ ਦੀਆਂ ਸੱਜੇ ਹੱਥ ਦੀਆਂ ਤਿੰਨ ਉਂਗਲਾਂ ਇੱਟਾਂ ਮਾਰ ਮਾਰ ਤੋੜ ਦਿੱਤੀਆਂ ਸਨ। ਮਿਹਰ ਸਿੰਘ ਵਿਚੇ ਵਿਚ ਕਸੀਸ ਵੱਟ ਕੇ ਰਹਿ ਰਿਹਾ ਸੀ; ਪਰ ਮੂੰਹੋਂ ਨਹੀਂ ਉਭਾਸਰਿਆ ਸੀ। ਉਹ ਬਾਹਰੋਂ ਜ਼ਾਲਮਾਂ ਦੇ ਕਸ਼ਟਾਂ ਉਤੇ ਮੁਸਕਾ ਪਿਆ। ਮੈਂ ਲਹਿਰ ਦਾ ਆਗੂ ਜੇ ਦੁਖਾਂ ਨੂੰ ਦਲੇਰੀ ਨਾਲ ਨਹੀਂ ਸਹਾਂਗਾ; ਦੂਜੇ ਸਾਥੀ ਪੁਰਸਲਾਤ ਉਤੇ ਕਿਵੇਂ ਤੁਰਨਗੇ? ਬਾਬੇ ਨੂੰ ਆਪਣੇ ਸਿੱਖੀ ਅਨੁਭਵ ਵਿਚੋਂ ਪ੍ਰਤੀਤ ਹੋਇਆ, ਮਿਹਰ ਸਿੰਘ ਦਸਮੇਂ ਪਾਤਸ਼ਾਹ ਦਾ ਛੇਵਾਂ ਪਿਆਰਾ ਹੈ। ਉਸ ਨੂੰ ਪੂਰਾ ਵਿਸ਼ਵਾਸ ਸੀ, ਬੁਚੜਾਂ ਮਿਹਰ ਸਿੰਘ ਨੂੰ ਜ਼ਰੂਰ ਮਾਰ ਦੇਣਾ ਤੇ ਮੈਨੂੰ ਪਾਗਲ ਹੋਣ ਲਈ ਜਿਉਂਦਾ ਛੱਡ ਦੇਣਾ ਹੈ। ਬਾਬੇ ਦਾ ਗੁਨਾਹ ਐਨਾ ਹੀ ਸੀ ਕਿ ਉਸ ਦੇਸ਼ ਭਗਤ ਇਨਕਲਾਬੀਆਂ ਨੂੰ ਬੁਕਲ ਵਿਚ ਲਿਆ ਸੀ ਤੇ ਹੌਸਲਾ ਦਿੱਤਾ ਸੀ। ਉਨ੍ਹਾਂ ਦੇ ਰਾਹ ਨੂੰ ਸਹੀ ਤੇ ਮੁਕਤੀ ਦੇਣ ਵਾਲਾ ਆਖਿਆ ਸੀ ਅਤੇ ਢਾਈ ਗਜ਼ ਦੇ ਖੱਟੇ ਪਰਨੇ



ਨਾਲ ਲੱਕ ਬੰਨ੍ਹ ਕੇ ਲਹਿਰ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ ਸੀ। ਉਹਨੂੰ ਪੂਰਨ ਭਰੋਸਾ ਸੀ, ਜਮਹੂਰੀਅਤ ਦੀਆਂ ਟਾਹਰਾਂ ਮਾਰਨ ਵਾਲੀ ਕਾਂਗਰਸੀ ਸਰਕਾਰ, ਮੇਰੀਆਂ ਸਾਮਰਾਜ ਵਿਰੋਧੀ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਮੈਨੂੰ ਨਹੀਂ ਮਾਰੇਗੀ ਤੇ ਮਿਹਰ ਸਿੰਘ ਨੂੰ ਕਿਸੇ ਕੀਮਤ ਉਤੇ ਛੱਡੇਗੀ ਨਹੀਂ। ਪਰ ਉਹਦੇ ਅੰਦਰਲੀ ਪੀੜ ਉਸ ਨੂੰ ਸਰੀਰਕ ਦੁੱਖ ਨਾਲੋਂ ਕਿਤੇ ਵੱਧ ਚੋਭਾਂ ਮਾਰ ਰਹੀ ਸੀ। ਉਹ ਆਪੂੰ ਮਰ ਕੇ ਮਿਹਰ ਸਿੰਘ ਨੂੰ ਜਿਉਂਦਾ ਰੱਖਣਾ ਚਾਹੁੰਦਾ ਸੀ। ਉਸ ਨੂੰ ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਤੇ ਗੁਰੂ ਗੋਬਿੰਦ ਸਿੰਘ ਦਾ ਝਗੜਾ ਯਾਦ ਆ ਗਿਆ। ਸਿੰਘਾਂ ਚੰਗੀ ਤਰ੍ਹਾਂ ਸਮਝ ਲਿਆ ਸੀ, ਸਾਨੂੰ ਮੁੜ ਕੇ ਗੁਰੂ ਗੋਬਿੰਦ ਸਿੰਘ ਵਰਗਾ ਔਰਗੇਨਾਈਜ਼ਰ ਤੇ ਆਗੂ ਨਹੀਂ ਮਿਲਣਾ। ਇਹ ਰਹਿਬਰ ਹਰ ਹਾਲਤ ਵਿਚ ਬਚਣਾ ਚਾਹੀਦਾ ਹੈ। ਇਹ ਖੇਰੂੰ ਖੇਰੂੰ ਹੋਈ ਸ਼ਕਤੀ ਨੂੰ ਮੁੜ ਜਥੇਬੰਦ ਕਰ ਲਵੇਗਾ। ਨਹੀਂ ਤਾਂ ਜ਼ੁਲਮ ਦਾ ਰਾਜ ਕਈ ਸਦੀਆਂ ਨਹੀਂ ਪੁਟਿਆ ਜਾਂਦਾ। ਸਿੰਘ ਪੰਜਾਂ ਪਿਆਰਿਆਂ ਦੀ ਜੁੜਵੀਂ ਸ਼ਕਤੀ ਵਜੋਂ ਆਖਿਆ, "ਅਸੀਂ ਇੱਕੀ ਹਿੱਸੇ ਸ਼ਕਤੀ ਰੱਖਣ ਵਾਲੀ ਸੰਗਤ, ਵੀਹ ਹਿੱਸੇ ਸ਼ਕਤੀ ਵਾਲੇ ਗੁਰੂ ਨੂੰ ਹੁਕਮ ਦਿੰਦੇ ਆਂ, ਫੌਰਨ ਇਸ ਰਾਤ ਦੇ ਹਨੇਰੇ ਵਿਚ ਚਮਕੌਰ ਦੀ ਗੜ੍ਹੀ ਛੱਡ ਜਾਵੇ?" ਗੁਰੂ ਆਪਣੀ ਥਾਂ ਨਿਸਚਾ ਧਾਰੀ ਬੈਠਾ ਸੀ ਕਿ ਮੈਂ ਆਪਣੇ ਵਫਾਦਾਰ ਸਾਥੀਆਂ ਨੂੰ ਛੱਡ ਕੇ ਨਹੀਂ ਜਾਣਾ, ਉਨ੍ਹਾਂ ਤੋਂ ਪਹਿਲਾਂ ਸ਼ਹੀਦ ਹੋਣਾ ਹੈ। ਪਰ ਸੰਗਤ ਦੇ ਫੈਸਲੇ ਦੀ ਗੁਰੂ ਉਲੰਘਣਾ ਨਾ ਕਰ ਸਕਿਆ। ਪਰ ਅੱਜ ਮੈਂ ਸਵਾ ਲੱਖ ਖਾਲਸਾ ਮਿਹਰ ਸਿੰਘ ਨੂੰ ਕਿਵੇਂ ਆਖਾਂ? ਕੜੱਕਿਆਂ ਦਾ ਕਸਾਅ ਸਾਨੂੰ ਸਾਹ ਤੱਕ ਨਹੀਂ ਲੈਣ ਦਿੰਦਾ। ਲਹਿਰ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਇਹਨੂੰ ਕਿਵੇਂ ਬਚਾਵਾਂ? ਕਿਵੇਂ ਨਸਾਵਾਂ? ਉਹ ਸਮਝਦਾ ਸੀ, ਮੈਂ ਬੁੱਢਾ ਆਦਮੀ ਹਾਂ, ਇਨਕਲਾਬੀ ਲਹਿਰ ਨੂੰ ਅਗਾਂਹ ਕਿੰਨਾ ਕੁ ਵਧਾ ਸਕਾਂਗਾ? ਨਹੀਂ, ਮਿਹਰ ਸਿੰਘ ਹਰ ਹਾਲਤ ਵਿਚ ਬਚਣਾ ਚਾਹੀਦਾ ਹੈ। ਇਨਕਲਾਬੀ ਲਹਿਰ ਤੋਂ ਬਿਨਾ ਉਹਦੇ ਅੰਦਰ ਮੋਹ ਵਾਲੀ ਕਮਜ਼ੋਰੀ ਵੀ ਉਠ ਪਈ।

ਪੁੱਤਰ ਵਾਲੀ ਭਾਵਨਾ ਨੇ ਬਾਬੇ ਨੂੰ ਵਿਚੇ ਵਿਚ ਖੋਰਨਾ ਸ਼ੁਰੂ ਕਰ ਦਿੱਤਾ। ਆਖਣ ਨੂੰ ਤਾਂ ਉਹ ਦੇਸ਼ ਦੇ ਸਾਰੇ ਬੱਚਿਆਂ ਦਾ ਬਾਪ ਵੀ ਬਣ ਸਕਦਾ ਸੀ। ਪਰ ਦਿਲ ਦੀ ਛੱਲ ਇਕ ਖਾਸ ਥਾਂ ਆ ਕੇ ਖਲੋ ਜਾਂਦੀ ਹੈ। ਮਿਹਰ ਸਿੰਘ ਨੂੰ ਛਾਤੀ ਲਾ ਕੇ ਉਹਦੀ ਰੂਹ ਨੇ ਪਿਤਰੀ ਅੰਮ੍ਰਿਤ ਦੀ ਘੁੱਟ ਭਰੀ ਸੀ। ਉਹਦੀ ਸਲਾਮਤੀ ਲਈ ਦੁਨੀਆਂ ਭਰ ਦੇ ਤਸੀਹਿਆਂ ਵਿਚੋਂ ਦੀ ਗੁਜ਼ਰਨਾ ਉਸ ਨੂੰ ਜ਼ਿੰਦਗੀ ਲਗਦਾ ਸੀ। ਜੇ ਜ਼ਮਾਨੇ ਭਰ ਦੇ ਬਦਨਾਮ ਤੇ ਕਾਤਲ ਬਾਬਰ ਦੀ ਪ੍ਰਾਰਥਨਾ ਆਪਣੇ ਬਿਮਾਰ ਬੇਟੇ ਹਮਾਯੂੰ ਨੂੰ ਬਚਾਉਣ ਲਈ ਖੁਦਾ ਪ੍ਰਵਾਨ ਕਰ ਸਕਦਾ ਹੈ, ਤਦ ਇਕ ਦੇਸ਼ ਭਗਤ ਬਾਪ ਦੀ ਅਰਜੋਈ ਦੇਸ਼ ਭਗਤ ਪੁੱਤਰ ਵਾਸਤੇ ਕਿਉਂ ਨਹੀਂ ਸੁਣੀ ਜਾਵੇਗੀ। ਬਾਬੇ ਅੰਦਰਲਾ ਘੋਲ ਆਸਤਕ ਤੇ ਨਾਸਤਕ ਸ਼ਕਤੀਆਂ ਦੀ ਅਜ਼ਮਾਇਸ਼ ਵਿਚ ਅੜ ਗਿਆ। ਬਾਬੇ ਨੂੰ ਆਪਣੀ ਭਗਤੀ ਤੇ ਉਮਰ ਭਰ ਦੇ ਸਿਰੜ ਉਤੇ ਗਰਬ ਸੀ। ਉਸ ਮਨ ਬਣਾ ਲਿਆ, ਮੈਂ ਥਾਣੇਦਾਰ ਨਾਲ ਆਪ ਗੱਲ ਕਰਾਂਗਾ। ਮੇਰਾ ਨਸ਼ੰਗ ਕੁਤਰਾ ਕਰ ਲੈਣ; ਪਰ ਮੇਰੇ ਮਿਹਰ ਨੂੰ ਕੁਝ ਨਾ ਆਖਣ।

ਜਦੋਂ ਦਾ ਥਾਣੇਦਾਰ ਸਵਰਨ ਸਿੰਘ ਸ਼ਹਿਰੋਂ ਡਿਪਟੀ ਹਰਿੰਦਰ ਸਿੰਘ ਅਤੇ ਆਈ.ਜੀ. ਸ਼ਰਮੇ ਕੋਲੋਂ ਨਵੀਆਂ ਹਦਾਇਤਾਂ ਲੈ ਕੇ ਆਇਆ ਸੀ, ਉਸ ਮਿਹਰ ਸਿੰਘ ਤੇ ਬਾਬੇ ਨੂੰ ਕੜੱਕਿਆਂ ਵਿਚੋਂ ਕੱਢ ਦਿੱਤਾ ਸੀ। ਉਸ ਸ਼ਾਮ ਉਨ੍ਹਾਂ ਨੂੰ ਕਿਸੇ ਨਾ ਮਾਰਿਆ। ਹਵਾਲਾਤ ਵਿਚ ਉਨ੍ਹਾਂ ਨੂੰ ਚਾਹ ਵੀ ਭੇਜ ਦਿਤੀ। ਉਹ ਦੋਵੇਂ ਟੁਟੀਆਂ ਤਲੀਆਂ ਨਾਲ ਇਕ ਦੂਜੇ ਦੀਆਂ ਸੱਟਾਂ ਮਲ ਰਹੇ ਸਨ। ਨੀਲ ਤੇ ਸੋਜੇ ਨਾਲ ਉਹ ਬਦਸ਼ਕਲ ਹੋ ਗਏ ਸਨ। ਮਿਹਰ ਸਿੰਘ ਨੇ ਮਨ ਭਰ ਕੇ ਆਖਿਆ: "ਬਾਬਾ ਜੀ, ਤੁਸੀਂ ਮੈਨੂੰ ਮਾਫ ਕਰਨਾ। ਮੈਂ ਤਾਂ ਮਰਨਾ ਹੀ ਸੀ; ਮੇਰਾ ਰਾਹ ਹੀ ਅਜਿਹਾ ਸੀ; ਪਰ ਤੁਹਾਨੂੰ ਇਸ ਉਮਰ ਵਿਚ ਕਾਤਲਾਂ ਅੱਗੇ ਲਿਆ ਸੁਟਿਆ।"

"ਪੁੱਤਰਾ ਭੀੜ ਤੇ ਬਿਪਤਾ ਵਿਚ ਸਿੰਘ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਸ਼ਾਇਦ ਜ਼ਿੰਦਗੀ ਵਿਚ ਮੈਨੂੰ ਐਨੀ ਚੰਗੀ ਮੌਤ ਨਾ ਮਿਲਦੀ। ਪਰ ਏਸੇ ਜਨਮ ਵਿਚ ਮੈਂ ਸੌ ਵਾਰੀ ਸ਼ਹੀਦ ਹੋ ਕੇ ਤੈਨੂੰ ਬਚਾਇਆ ਚਾਹੁੰਦਾ ਆਂ। ਤੂੰ ਲਹਿਰ ਦਾ ਤਾਣਾ ਪੇਟਾ ਉਲਝਣੋਂ ਬਚਾ ਸਕਦਾ ਏਂ। ਪਰ ਛੁਟਕਾਰਾ...।" ਉਸ ਲੰਮਾ ਹਉਕਾ ਭਰ ਕੇ ਮਿਹਰ ਸਿੰਘ ਨੂੰ ਗਲ ਨਾਲ ਲਾ ਲਿਆ। "ਵੇਖੇਂ ਵੀ ਨਾ, ਮੇਰੀ ਮੌਤ ਵਿਚ ਅੱਜ ਤੇ ਭਲਕ ਦਾ ਹੀ ਫਰਕ ਐ। ਪਰ ਤੇਰੀ ਬਾਕੀ ਬਚਦੀ ਅੱਧੀ ਸਦਾ...।" ਗੱਲ ਉਹਦੇ ਕੋਲੋਂ ਮੁੜ ਆਪਣੇ ਆਪ ਮੁਕ ਗਈ।

"ਢਹਿੰਦੀ ਕਲਾ ਬਾਰੇ ਤਾਂ ਬਾਬਾ ਜੀ ਮੈਂ ਕਦੇ ਸੋਚਿਆ ਈ ਨਹੀਂ। ਮੈਨੂੰ ਪਤਾ ਹੈ, ਇਨਕਲਾਬ ਦੀ ਸ਼ਮ੍ਹਾਂ ਬਲਦੀ ਰੱਖਣ ਲਈ ਦੇਸ਼ ਭਗਤਾਂ ਨੂੰ ਆਪਣੀ ਚਰਬੀ ਆਹੂਤੀ ਵਜੋਂ ਪਾਉਣੀ ਪੈਂਦੀ ਹੈ। ਪਰ...।"

"ਵਾਹਿਗੁਰੂ ਉਤੇ ਭਰੋਸਾ ਰੱਖ ਪੁੱਤਰਾ! ਖਬਰੇ ਤੈਨੂੰ ਲੋਕਾਂ ਦੀ ਸੇਵਾ ਕਰਨ ਦਾ ਹੋਰ ਮੌਕਾ ਮਿਲ ਜਾਵੇ।" ਬਾਬਾ ਹਾਲੇ ਕਿਵੇਂ ਵੀ ਨਿਰਾਸ਼ ਨਹੀਂ ਸੀ।

"ਬਾਬਾ ਜੀ, ਭੋਲੀਆਂ ਗੱਲਾਂ ਛੱਡੋ; ਭੁਖੇ ਬਘਿਆੜਾਂ ਮਾਸ ਕਦੇ ਨਹੀਂ ਛੱਡਿਆ। ਹੁਣ ਜਿਹੜਾ ਸਾਡੇ ਨਾਲ ਨਰਮ ਸਲੂਕ ਸ਼ੁਰੂ ਕਰ ਦਿੱਤਾ ਏ, ਸਮਝੋ ਅੱਜ ਹੀ ਰਾਤ ਨੂੰ...।" ਉਸ ਕੇ ਗੱਲ ਪੂਰੀ ਨਾ ਕੀਤੀ।

ਸੀਖਾਂ ਦੇ ਬਾਹਰ ਇਕ ਸਿਪਾਹੀ ਨੇ ਰੋਟੀ ਲਿਆ ਰੱਖੀ। ਪਾਣੀ ਵਾਲਾ ਡੋਲ੍ਹਣਾ ਉਸ ਕੋਲੋਂ ਫਰਸ਼ ਉਤੇ ਉਲਟ ਗਿਆ। ਉਹਦੇ ਅੰਗ ਖਿੜਕ ਖਿੜਕ ਜਾਂਦੇ ਸਨ।

"ਬਾਬਾ ਜੀ...!" ਸਿਪਾਹੀ ਮੁੰਡਾਂ ਅੱਖਾਂ ਭਰ ਆਇਆ।

ਮਿਹਰ ਸਿੰਘ ਮੁੰਡੇ ਦੇ ਅੱਖਾਂ ਭਰਨ ਤੋਂ ਤਾੜ ਗਿਆ: ਅਸੀਂ ਝਟ ਬਿੰਦ ਦੇ ਹੀ ਪ੍ਰਾਹੁਣੇ ਆਂ। ਉਸ ਸਿਪਾਹੀ ਨੂੰ ਸਹਿਜ ਨਾਲ ਕਿਹਾ: "ਸਾਥੀਆ, ਇਕ ਗੱਲ ਯਾਦ ਰੱਖਿਓ, ਮਰ ਅਸੀਂ ਤੁਹਾਡੇ ਲਈ ਰਹੇ ਆਂ। ਮਰ ਕੇ ਅਸੀਂ ਅਸਲ ਨਿਸ਼ਾਨੇ ਉਤੇ ਚਾਨਣ ਹੀ ਸੁੱਟ ਸਕਦੇ ਆਂ, ਪਰ ਉਸ ਟਿਕਾਣੇ ਉਤੇ ਗੋਲੀ ਤੁਹਾਨੂੰ ਹੀ ਮਾਰਨੀ ਪੈਣੀ ਏਂ, ਜਦੋਂ ਮਰਜ਼ੀ ਮਾਰ ਦਿਉ। ਸਾਨੂੰ ਆਪਣੇ ਮਰਨ ਦਾ ਭੋਰਾ ਜਿੰਨਾ ਅਫਸੋਸ ਨਹੀਂ। ਕਦੇ ਤੈਨੂੰ ਸਾਡਾ ਕੋਈ ਮਿਲੇ; ਆਖਰੀ ਸੁਨੇਹਾ ਦੇਈਂ: ਹਜ਼ਾਰ ਮੁਸ਼ਕਿਲਾਂ ਦੇ ਬਾਵਜੂਦ ਭਵਿੱਖ ਸਾਡਾ ਹੈ।"

ਸਿਪਾਹੀ ਮੁੰਡੇ ਨੇ ਸੀਖਾਂ ਵਿਚ ਮਿਹਰ ਸਿੰਘ ਸਿੰਘ ਦੀਆਂ ਟੁਟੀਆਂ ਉਂਗਲਾਂ ਘੁਟ ਲਈਆਂ। ਪੀੜ ਰੂਹ ਦਾ ਸਾਰਾ ਪੁਲਾੜ ਚੀਰ ਗਈ; ਪਰ ਦੇਸ਼ ਭਗਤ ਕਸੀਸ ਵੱਟ ਕੇ ਮੁਸਕਾ ਪਿਅ। ਬਾਬੇ ਨੇ ਮੁੰਡੇ ਨੂੰ ਥਾਪੀ ਦਿੰਦਿਆਂ ਆਖਿਆ, "ਪੁੱਤਰ! ਥਾਏਂ ਦੜ ਜਾਹ। ਲੜਿਆ ਨਿਰਾ ਬਾਹਰੋਂ ਹੀ ਨਹੀਂ ਜਾਂਦਾ; ਅੰਦਰੋਂ ਵੀ ਪਟਾਕੇ ਪਾਏ ਜਾ ਸਕਦੇ ਐ।"

"ਤੁਹਾਡੀ ਮੀਟਿੰਗ ਵਿਚ ਆਉਣ ਵਾਲਾ ਕੋਈ ਫੜ੍ਹਿਆ ਗਿਆ ਏ; ਉਸ ਨੇ ਹੀ ਪੁਆੜਾ ਪਾਇਆ ਏ।" ਮੁੰਡੇ ਨੇ ਮਿਹਰ ਸਿੰਘ ਦੇ ਕੰਨ ਵਿਚ ਫੂਕ ਮਾਰੀ।

"ਤੇਰੀ ਮਿਹਰਬਾਨੀ! ਸਾਥੀਆਂ ਦੀ ਗੱਦਾਰੀ ਦਾ ਦੁਖ ਹੈ। ਪਰ ਦੋਸਤ, ਜੋ ਜੀਏਂਗੇ ਸਹਿਰ ਦੇਖੇਂਗੇ।" ਉਹਦਾ ਚਿਹਰਾ ਨੂਰਾਨੀ ਜਲਾਲ ਵਿਚ ਸੇਕ ਮਾਰ ਉਠਿਆ।

ਓਸੇ ਰਾਤ ਮਿਹਰ ਸਿੰਘ ਤੇ ਬਾਬਾ ਮਿਰਗਿੰਦ ਨੂੰ ਹਵਾਲਾਤ ਵਿਚੋਂ ਸੁੱਤਿਆਂ ਨੂੰ ਜਗਾ ਲਿਆ। ਪਿਛਲੀ ਰਾਤ ਦੇ ਅਨੀਂਦਰੇ ਕਾਰਨ ਉਹ ਰੋਟੀ ਖਾਂਦੇ ਹੀ ਸੌਂ ਗਏ ਸਨ। ਮਿਹਰ ਸਿੰਘ ਨੇ ਬਜ਼ੁਰਗ ਨੂੰ ਆਖਿਆ: "ਬਾਬਾ ਜੀ, ਵੱਡੇ ਵਾਰੰਟ ਆ ਗਏ।"

"ਤਾਂ ਕੀ ਹੋਇਆ ਪੁੱਤਰਾ, ਭਗਤਾਂ ਬਿਨਾ




ਭੀੜਾਂ ਕਿਸੇ ਨਹੀਂ ਸਹਿਣੀਆਂ।" ਇਉਂ ਜਾਪਦਾ ਸੀ, ਜਿਵੇਂ ਬਾਬਾ ਆਪਣੀ ਲਗਨ ਵਿਚ ਪਾਠ ਕਰੀ ਜਾ ਰਿਹਾ ਹੈ।

"ਬਾਬਾ ਤੂੰ ਹੁਣ ਆਪਣੇ ਵਾਹਿਗੁਰੂ ਨੂੰ ਵੰਗਾਰ ਕੇ ਵੇਖ ਲੈ?" ਮਿਹਰ ਸਿੰਘ ਨੇ ਉਸ ਦੇ ਧਾਰਮਿਕ ਵਿਸ਼ਵਾਸ ਨੂੰ ਚੋਟ ਮਾਰੀ।

"ਪੁੱਤਰ ਪੁੱਤਰ! ਜਿਹੜਾ ਵਾਹਿਗੁਰੂ ਹੱਸ ਕੇ ਕੁਰਬਾਨ ਹੋ ਜਾਣ ਦੀ ਸ਼ਕਤੀ ਬਖਸ਼ ਰਿਹਾ ਏ; ਹੁਣ ਉਸ ਕੋਲੋਂ ਭਲਕੇ ਮਰ ਜਾਣ ਵਾਲੀ ਜਿੰਦ ਲਈ ਭੀਖ ਮੰਗਾਂ? ਸਿੱਖੀ ਸਿਦਕ ਵਿਚ ਇਹ ਕਿਤੇ ਨਹੀਂ ਲਿਖਿਆ। ਤੂੰ ਵੇਖੇਂਗਾ, ਗੁਰੂ ਦਾ ਸਿੱਖ ਕਿਵੇਂ ਮੌਤ ਦੇ ਮੂੰਹ ਉਤੇ ਪੁੱਠ ਹੱਥ ਦਾ ਥੱਪੜ ਮਾਰਦਾ ਏ।" ਬਜ਼ੁਰਗ ਦੀ ਛਾਤੀ ਵਿਚ ਕੋਈ ਸਾਗਰ ਸ਼ਕਤੀ ਜਵਾਰਭਾਟੇ 'ਤੇ ਆਈ ਹੋਈ ਸੀ।

ਮੁੰਡੇ ਦੇ ਮੋਢੇ ਉਤੋਂ ਜੇਲ੍ਹ ਦਾ ਕਾਲਾ ਭੂਰਾ ਠੰਢੇ ਫਰਸ਼ 'ਤੇ ਡਿੱਗ ਪਿਆ। ਉਸ ਨੂੰ ਰਾਤੀਂ ਠੰਢ ਲੱਗ ਗਈ ਸੀ ਤੇ ਵੱਖੀਆਂ ਨੇ ਚਸਕਣਾ ਸ਼ੁਰੂ ਕਰ ਦਿੱਤਾ ਸੀ। ਸੱਟਾਂ ਦੇ ਅਕੜਾਅ ਨੇ ਹਿੱਲਣਾ ਵੀ ਦੁੱਭਰ ਕੀਤਾ ਹੋਇਆ ਸੀ। ਸੀਤ ਵਾਅ ਦਾ ਬੁੱਲਾ ਸੀਖਾਂ ਵਿਚੋਂ ਦੀ ਵੜ ਕੇ ਉਹਦੇ ਲੂੰਅ ਕੰਡਿਆਂ ਵਾਂਗ ਖੜ੍ਹੇ ਕਰ ਗਿਆ। ਜਦ ਉਸ ਦੁਬਾਰਾ ਭੂਰਾ ਚੁੱਕ ਕੇ ਉਤੇ ਲੈਣਾ ਚਾਹਿਆ, ਮੋਤੀ ਰਾਮ ਸਿਪਾਹੀ ਨੇ ਵਿਅੰਗ ਨਾਲ ਆਖਿਆ, "ਹੁਣ ਭੂਰਿਆਂ ਦਾ ਖਹਿੜਾ ਛੱਡ ਦਿਓ।"

"ਗੋਲੀ ਨਾਲ ਕਫਨ ਨਹੀਂ ਦਿਓਗੇ?" ਮਿਹਰ ਸਿੰਘ ਦੀ ਪ੍ਰਚੰਡ ਪਰਤੀ ਚੋਟ ਨਾਲ ਸਿਪਾਹੀ ਦੀਆਂ ਖਾਨਿਓਂ ਗਵਾਚ ਗਈਆਂ।

ਮੋਤੀ ਰਾਮ ਨੇ ਦੋਹਾਂ ਨੂੰ ਤਿੰਨ ਤਿੰਨ ਕਪੜਿਆਂ ਵਿਚ ਬਾਹਰ ਕੱਢ ਲਿਆ। ਠੰਢੀ ਹਵਾ ਪੁਲਿਸ ਨਾਲੋਂ ਵੀ ਵੱਧ ਜ਼ਾਲਮ ਬਣ ਬਣ ਬਰਛੀਆਂ ਮਾਰ ਰਹੀ ਸੀ। ਉਨ੍ਹਾਂ ਨੂੰ ਸਟਾਰਟ ਹੋਏ ਨੀਲੇ ਟਰੱਕ ਵਿਚ ਚਾੜ੍ਹ ਲਿਆ, ਜਿਸ ਦੀਆਂ ਵੱਖੀਆਂ ਦੀ ਲਾਲ ਪੱਟੀ 'ਮੇਰੇ ਕੋਲੋਂ ਦੂਰ ਰਹੋ' ਦੇ ਹੋਕਰੇ ਮਾਰ ਰਹੀ ਸੀ। ਸਿਪਾਹੀ ਵਰਾਂਡੀਆਂ ਵਿਚ ਕੱਸੇ ਘੁੱਗੂ ਬਣੇ ਬੈਠੇ ਸਨ। ਰੋਟੀ ਦੇਣ ਆਏ ਸਿਪਾਹੀ ਮੁੰਡੇ ਨੇ ਜਾਣ ਕੇ ਮਿਹਰ ਸਿੰਘ ਨਾਲ ਬੈਠਦਿਆਂ ਉਸ ਦਾ ਦਰੜਿਆ ਸੱਜਾ ਹੱਥ ਮੁੜ ਆ ਘੁਟਿਆ। ਪੀੜ ਤੇ ਹਮਦਰਦੀ ਹਨੇਰੇ ਵਿਚ ਗਲੇ ਮਿਲ ਰਹੀਆਂ ਸਨ। ਬਾਕੀ ਸਿਪਾਹੀਆਂ ਸ਼ਰਾਬ ਪੀਤੀ ਹੋਈ ਸੀ। ਸ਼ਰਾਬ ਦੀ ਦੁਰਗੰਧ ਨੇ ਦੋਸਤੀ ਦੀ ਸੁਗੰਧ ਨਾਲ ਅੰਗੂਠਾ ਦਿੱਤਾ ਹੋਇਆ ਸੀ। ਟਰੱਕ ਭਰੜਾਈ ਆਵਾਜ਼ ਦੇ ਕੇ ਬੰਦ ਹੋ ਗਿਆ। ਡਰਾਈਵਰ ਨੇ ਮੁੜ ਸੈਲਫ ਮਾਰਿਆ, ਉਹ 'ਦਨਦਅਣਾ' ਪਿਆ।

ਪਤਾ ਨਹੀਂ ਸਿਪਾਹੀ ਠੰਢ ਨਾਲ ਸੁਕੜੇ ਸਨ ਜਾਂ ਭੈ ਕਾਰਨ ਪਰ ਚੁਪ ਚੁਪ ਉਲੂਆਂ ਵਾਂਗ ਝਾਕ ਜ਼ਰੂਰ ਰਹੇ ਸਨ। ਥਾਣੇਦਾਰ ਸਵਰਨ ਸਿੰਘ ਡਰਾਈਵਰ ਨਾਲ ਬੈਠਾ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ। ਮਨੁੱਖ ਦੇ ਕਾਤਲ, ਇਖਲਾਕ ਦੇ ਚੋਰ ਅਤੇ ਕਾਨੂੰਨ ਦੇ ਦੋਸ਼ੀ ਹੋਣ ਦਾ ਭਾਰ ਉਹਦੀ ਜ਼ਮੀਰ ਨੂੰ ਜਮਾਂ ਦੇ ਵੇਲਣਿਆਂ ਵਿਚੋਂ ਦੀ ਖਿੱਚ ਰਿਹਾ ਸੀ। ਉਹਦਾ ਅੰਦਰ ਕੰਬ ਰਿਹਾ ਸੀ; ਮੈਨੂੰ ਸਾਰੇ ਗੁਨਾਹ ਦਾ ਲੇਖਾ ਦੇਣਾ ਪਵੇਗਾ। ਪਰ ਮੈਂ ਸਰਕਾਰ ਦਾ ਵਫਾਦਾਰ ਅਤੇ ਕਾਨੂੰਨ ਦਾ ਪਾਬੰਦ ਰਹਿਣ ਦੀ ਸਹੁੰ ਖਾਧੀ ਹੈ। ਉਹ ਡੋਲਿਆ ਤੇ ਥਿੜਕਿਆ। ਪਰ ਸ਼ੈਤਾਨ ਨੇ ਉਹਦੇ ਅੰਦਰਲੇ ਜਾਗੇ ਮਨੁੱਖ ਨੂੰ ਰਸਾਤਲ ਵਿਚ ਵਗਾਹ ਮਾਰਿਆ। ਅਫਸਰੀ ਹੈਂਕੜੇ ਭੂਸਰੇ ਸਾਹਨ ਵਾਂਗ ਗੜਾ ਚੁੱਕ ਖਲੋਤੀ।

ਟਰੱਕ ਬਾਬੇ ਦੇ ਪਿੰਡ ਭੁਲਾਣੇ ਵੱਲ ਸਿੱਧਾ ਹੋ ਤੁਰਿਆ। ਉਸ ਸੋਚਿਆ, ਮੇਰੀ ਕੋਠੜੀ ਦੀ ਤਲਾਸ਼ੀ ਲੈਣਗੇ। ਉਸ ਵਿਚ ਤਾਂ ਸੁਆਹ ਵੀ ਨਹੀਂ ਸੀ ਛੱਡੀ। ਮੇਰੀ ਸ਼ਨਾਖਤ? ਨਹੀਂ ਮਿਰਗਿੰਦ, ਇਹ ਤਾਂ ਤੇਰੇ ਵਾਲਾ ਕੀਰਤਨ ਸੋਹਿਲਾ ਪੜ੍ਹਨਗੇ। ਵੇਖੇਂ ਵੀ ਨਾ, ਮੈਂ ਤਿਆਰ ਬਰ ਤਿਆਰ ਹਾਂ। ਮੇਰੇ ਪੁੱਤਰ ਨੂੰ ਕੁਝ ਨਾ ਆਖਣ। ਇਸ ਹਾਲੇ ਲੋਕਾਂ ਲਈ ਬੜਾ ਕੁਝ ਕਰਨਾ ਹੈ। ਪਿਛਲੇ ਪਾਸਿਉਂ ਤੇਜ਼ ਲਾਈਟ ਕਰਾਸ ਕਰਦੀ ਵੇਖ, ਬਾਬਾ ਉਠ ਕੇ ਖਲੋ ਗਿਆ।

"ਇਨਕਲਾਬ, ਜ਼ਿੰਦਾਬਾਦ! ਇਨਕਲਾਬ ਜ਼ਿੰਦਾਬਾਦ!...।" ਉਹ ਮੁੱਕੀਆਂ ਵਟ ਵਟ ਉਚੀ ਉਚੀ ਨਾਅਰੇ ਮਾਰਨ ਲੱਗ ਪਿਆ। ਸਤਵੰਤ ਨੇ ਉਸ ਨੂੰ ਡੌਲਿਓਂ ਫੜ੍ਹ ਕੇ ਖਿੱਚ ਲਿਆ। "ਪੰਜਾਬ ਦੇ ਕਿਰਤੀ ਲੋਕ ਜ਼ਿੰਦਾਬਾਦ!" ਉਹ ਇਨਕਲਾਬ ਤੇ ਆਪਣੇ ਸੁੱਤੇ ਕਿਰਤੀ ਲੋਕਾਂ ਨੂੰ ਜੈਕਾਰਿਆਂ ਨਾਲ ਹਲੂਣਦਾ ਰਿਹਾ।

ਉਨ੍ਹਾਂ ਭੁਲਾਣੇ ਤੋਂ ਪੌਣਾਂ ਮੀਲ ਪਿਛਾਂਹ ਹੀ ਟਰੱਕ ਕੱਚੇ ਲਾਹ ਲਿਆ। ਸੜਕ ਤੋਂ ਥੋੜ੍ਹੀ ਵਿਥ ਨਾਲ ਟਰੱਕ ਇਕ ਟਾਹਲੀ ਦੇ ਹਨੇਰੇ ਹੇਠਾਂ ਖੜ੍ਹਾ ਕਰ ਦਿਤਾ। ਸਵਰਨ ਸਿੰਘ ਨੇ ਮੋਤੀ ਰਾਮ ਅਤੇ ਸਤਵੰਤ ਨੂੰ ਆਪਣੇ ਕੋਲ ਬੁਲਾਇਆ। ਉਹ ਬਰਾਂਡੀਆਂ ਵਿਚ ਲਪੇਟੇ, ਮੋਢੇ ਰਾਈਫਲਾਂ ਚਾੜ੍ਹੀ ਆ ਗਏ। ਕੁਝ ਕਦਮਾਂ ਨਾਲ ਤੁਰਦਿਆਂ ਥਾਣੇਦਾਰ ਨੇ ਸਮਝਾਇਆ, "ਕੋਈ ਅੜਤਲੇ ਵਾਲੀ ਥਾਂ ਲੱਭੋ। ਬਹੁਤਾ ਚਿਰ ਨਾ ਲੱਗੇ।" ਉਹਦੇ ਮਨ ਨੂੰ ਦੈਵੀ ਕਾਂਬਾ ਛਿੜਿਆ ਹੋਇਆ ਸੀ। ਪਰ ਉਹ

(ਬਾਕੀ ਅਗਲੇ ਸਫੇ 'ਤੇ)

ਆਪਣੇ ਸਿਪਾਹੀਆਂ ਵਿਚ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲਾ ਸਾਬਤ ਕਦਮ ਅਫਸਰ ਦਿਸਣ ਦੇ ਯਤਨ ਕਰ ਰਿਹਾ ਸੀ।

"ਠੀਕ ਐ ਜਨਾਬ, ਬਸ ਪੰਜਾਂ ਮਿੰਟਾਂ ਵਿਚ ਆਏ।" ਮੋਤੀ ਰਾਮ ਨੇ ਥਿੜਕਦੀ ਜ਼ਬਾਨ ਤੇ ਧੜਕਦੇ ਦਿਲ ਨਾਲ ਉਤਰ ਦਿੱਤਾ। ਸਤਵੰਤ ਇਉਂ ਕਾਹਲਾ ਕਾਹਲਾ ਭੱਜ ਨੱਠ ਕਰ ਰਿਹਾ ਸੀ, ਜਿਵੇਂ ਰੱਬ ਉਹਦਾ ਬੁੱਤ ਬਣਾਉਣ ਲੱਗਾ ਆਤਮਾ ਪਾਉਣੀ ਭੁੱਲ ਗਿਆ ਸੀ। ਉਹਦੇ ਪੈਰ ਮਾਸ ਦੀ ਥਾਂ ਮੋਈ ਲੱਕੜ ਦੇ ਪਹੀਆਂ ਵਾਂਗ ਰੁੜ੍ਹ ਰਹੇ ਸਨ। ਉਹਦੇ ਮਨੁੱਖ ਨੇ 'ਹਾਅ' ਦਾ ਨਾਅਰਾ ਮਾਰਨ ਲਈ ਪਲ ਕੁ ਵਾਸਤੇ ਵੀ ਅੱਖ ਨਾ ਉਘਾੜੀ। ਬਿਲਕੁਲ 'ਨਾਂਹ' ਦੇ ਰੋਲ ਵਾਲੀਆਂ ਪੁਤਲੀਆਂ ਵਾਂਗ ਸੱਜੇ ਖੱਬੇ ਘੁੰਮੀ ਗਿਆ। ਮੋਤੀ ਰਾਮ ਉਖੜੀ ਚਾਲ ਨਾਲ ਉਹਦਾ ਸਾਥ ਦੇ ਰਿਹਾ ਸੀ। ਉਹ ਅੜਤਲਾ ਲੱਭਣ ਲਈ ਹਨੇਰੇ ਵਿਚ ਗਵਾਚ ਗਏ।

"ਇਨ੍ਹਾਂ ਨੂੰ ਥੱਲੇ ਲਾਹ ਲਿਆਵੋ।" ਸਵਰਨ ਸਿੰਘ ਨੇ ਟਰੱਕ ਵਿਚਾਲੇ ਸਿਪਾਹੀਆਂ ਨੂੰ ਨਵਾਂ ਹੁਕਮ ਸੁਣਾਇਆ।

ਸਿਪਾਹੀਆਂ ਝਟ ਛਾਲਾਂ ਮਾਰ ਦਿੱਤੀਆਂ। ਮਿਹਰ ਸਿੰਘ ਤੇ ਉਸ ਦਾ ਸਿਪਾਹੀ ਯਾਰ ਸਾਰਿਆਂ ਨਾਲੋਂ ਪਿਛੋਂ ਇਕੱਠੇ ਉਤਰੇ। ਇਕ ਪਲ ਦੀ ਵਿਹਲ ਵਿਚ ਮਿਹਰ ਸਿੰਘ ਨੇ ਉਹਦੇ ਕੰਨ ਵਿਚ ਆਖਿਆ, "ਭਰਾ ਬਣੀਂ ਮਰਦ ਦਾ ਬੱਚਾ।"

ਉਤਰ ਵਿਚ ਭਰਾ ਨੇ ਉਹਦਾ ਦੁਖਦਾ ਹੱਥ ਘੁਟਿਆ, ਮਿਹਰ ਸਿੰਘ ਨੂੰ ਇਸ ਪੀੜ ਵਿਚੋਂ ਇਲਾਹੀ ਸੁਆਦ ਆ ਰਿਹਾ ਸੀ। ਉਸ ਨੂੰ ਇਉਂ ਲੱਗਾ, ਜਿਵੇਂ ਸਿਪਾਹੀ ਉਹਦਾ ਛੋਟਾ ਭਰਾ ਹੈ। ਮਹਾਨ ਮਨੁੱਖ ਵੀ ਦੁਨੀਆਂ ਵਿਚ ਆਪਣੀ ਹੋਂਦ ਕਾਇਮ ਰੱਖਣ ਲਈ ਕੋਈ ਨਾ ਕੋਈ ਰਿਸ਼ਤਾ ਖੜ੍ਹਾ ਕਰਦੇ ਰਹੇ ਹਨ। ਇਹ ਕਮਜ਼ੋਰੀ ਨਹੀਂ, ਕਲਚਰਲ ਸਾਂਝ ਦੀ ਕੁਦਰਤੀ ਭੁੱਖ ਹੈ। ਮਿਹਰ ਸਿੰਘ ਨਾਲ ਬਾਬਾ ਵੀ ਪਾਲੇ ਕਾਰਨ ਧੁੜਧੁੜੀਆਂ ਲੈ ਰਿਹਾ




ਸੀ।

"ਹਾਂ ਬਈ ਮਿਹਰ ਸਿਆਂ! ਹੁਣ ਗੱਲ ਕਰ।" ਥਾਣੇਦਾਰ ਦੇ ਮੂੰਹੋਂ ਸ਼ਰਾਬ ਦੀ ਬੋ ਇਕ ਵਾਰ ਹੀ ਸਪਰੇ ਪੰਪ ਵਾਂਗ ਉਠੀ। ਉਸ ਆਪਣੇ ਮਨ ਦੇ ਭੁਲਾਵੇ ਨੂੰ ਕਈ ਤਰ੍ਹਾਂ ਦੇ ਬੰਨ੍ਹ ਮਾਰੇ ਹੋਏ ਸਨ। ਮਿਹਰ ਸਿੰਘ ਨੂੰ ਕੋਈ ਵੀ ਹੁੰਗਾਰਾ ਭਰਦਿਆਂ ਨਾ ਵੇਖ, ਉਸ ਗੱਲ ਅਗਾਂਹ ਵਧਾਈ, "ਮੈਂ ਨਹੀਂ ਚਾਹੁੰਦਾ ਤੇਰੀ ਸੋਨੇ ਵਰਗੀ ਦੇਹ ਨੂੰ ਗੋਲੀ ਮਾਰੀ ਜਾਵੇ। ਤੇਰੇ ਲਈ ਬਹੁਤ ਛੋਟਾਂ, ਮੂੰਹ ਮੰਗੀਆਂ ਰਿਆਇਤਾਂ। ਮੈਂ ਆਈ. ਜੀ. ਸਾਹਿਬ ਨਾਲ ਗੱਲ ਕੀਤੀ ਸੀ, ਕਿਸੇ ਹੋਰ ਸਟੇਟ ਵਿਚ ਏ. ਐਸ. ਆਈ. ਭਰਤੀ ਕਰਵਾ ਦਿੰਦੇ ਆਂ। ਕਿਉਂ?"

"ਬਦਲੇ ਵਿਚ ਮੈਂ ਗੱਦਾਰੀ ਕਰਾਂ? ਆਪਣੇ ਸਾਥੀਆਂ ਨੂੰ ਗੋਲੀ ਮਰਵਾਵਾਂ; ਹੈ ਨਾ?" ਮਿਹਰ ਸਿੰਘ ਦਾ ਸ਼ਾਂਤ ਤੇ ਗੰਭੀਰ ਮਨ ਮੁੜ ਤਾਅ ਖਾ ਗਿਆ। "ਸਵਰਨ ਸਿੰਘ! ਤੂੰ ਮੀਰ ਮਨੂੰ ਦਾ ਰੋਲ ਅਦਾ ਕਰਨਾ ਏਂ ਤੇ ਅਸਾਂ ਦੁਨੀਆਂ ਭਰ ਵਿਚੋਂ ਮੀਰ ਮਨੂੰ ਖਤਮ ਕਰਨ ਦੀ ਸਹੁੰ ਖਾਧੀ ਐ। ਨੈਗੇਟਿਵ ਪਾਜ਼ੇਟਿਵ ਕਦੇ ਨਹੀਂ ਮਿਲਦੇ; ਘੱਟੋ ਘੱਟ ਇਨ੍ਹਾਂ ਬਿਪਰੀਤ ਹਾਲਤਾਂ ਵਿਚ।" ਉਸ ਆਪੇ ਨੂੰ ਮੁੜ ਜ਼ਬਤ ਵਿਚ ਲੈ ਆਂਦਾ।

"ਜੇ ਨੈਗੇਟਿਵ ਪਾਜ਼ੇਟਿਵ ਮਿਲ ਜਾਣ?" ਥਾਣੇਦਾਰ ਨੇ ਬਿਨਾ ਸੋਚੇ ਹੀ ਕਹਿ ਮਾਰਿਆ।

"ਜਦੋਂ ਇਹ ਦੋਵੇਂ ਮਿਲ ਜਾਂਦੇ ਐ, ਦੁਨੀਆਂ ਵਿਚ ਇਨਕਲਾਬ ਆ ਜਾਂਦਾ ਏ। ਚਾਨਣ ਦਾ ਹੜ੍ਹ ਹਰ ਹਨੇਰੀ ਖੂੰਜ ਲਿਸ਼ਕਾ ਦੇਂਦਾ ਏ। ਦੇਸ਼ ਦੀ ਉਸਾਰੀ ਹੁੰਦੀ ਐ ਤੇ ਪੈਦਾਵਾਰ ਦੇ ਢੇਰ ਲੱਗ ਜਾਂਦੇ ਐ।" ਮਿਹਰ ਸਿੰਘ ਦੀ ਕਲਪਨਾ ਭਵਿੱਖ ਨੂੰ ਭਰਿਆ ਭਰਿਆ ਤੇ ਜਵਾਨ ਦੇਖ ਰਹੀ ਸੀ।

"ਇਹਦਾ ਮਤਲਬ ਹੈ, ਤੂੰ ਮਰੇਂਗਾ।" ਸਵਰਨ ਸਿੰਘ ਨੇ ਨਾਸਾਂ ਫੁਰਕਾਰੀਆਂ। ਦੁਰਗੰਧ ਦੇ ਬੁੱਲੇ ਨੇ ਇਕ ਤਰ੍ਹਾਂ ਮਿਹਰ ਸਿੰਘ ਤੇ ਬਾਬੇ ਨੂੰ ਧੱਕਾ ਮਾਰਿਆ। ਸਿਪਾਹੀਆਂ ਉਨ੍ਹਾਂ ਦੁਆਲੇ ਥੋੜ੍ਹੀ ਵਿੱਥ ਨਾਲ ਘੇਰਾ ਘੱਤਿਆ ਹੋਇਆ ਸੀ।

"ਸਰਹਿੰਦ ਦੇ ਸੂਬੇ ਵਜੀਦ ਖਾਂ ਦੇ ਦਰਬਾਰ, ਜਦੋਂ ਛੋਟੇ ਸਾਹਿਬਜ਼ਾਦਿਆਂ ਦੀ ਕਿਸਮਤ ਦਾ ਫੈਸਲਾ ਹੋ ਰਿਹਾ ਸੀ, ਤਦ ਸੁੱਚਾ ਨੰਦ ਨੇ ਆਖਿਆ ਸੀ ਕਿ ਸੂਲਾਂ ਤਾਂ ਜੰਮਦੀਆਂ ਦੇ ਮੂੰਹ ਤਿੱਖੇ ਹੁੰਦੇ ਐ। ਲੋਕਾਂ ਉਸ ਦਾ ਨਾਂ ਝੂਠਾ ਨੰਦ ਪਾ ਦਿੱਤਾ। ਤੇਰਾ ਨਾਂ ਸਵਰਨ ਸਿੰਘ ਤੋਂ ਪਿੱਤਲ ਸਿਹੁੰ ਨਾ ਪਾਇਆ ਜਾਵੇ?" ਮਿਹਰ ਸਿੰਘ ਨੇ ਇਸ਼ਾਰਾ ਦੇਣ ਲਈ ਟੁੱਟੀਆਂ ਤੇ ਠਰੀਆਂ ਉਂਗਲਾਂ ਕੱਛ ਵਿਚੋਂ ਬਾਹਰ ਕੱਢ ਲਈਆਂ।

ਪਿੱਤਲ ਸਿੰਹੁ ਦਾ ਇਕ ਵਾਰ ਅੰਦਰ ਹਿਲ ਗਿਆ। ਬਾਬਾ ਪਾਸੇ ਝੁੱਕ ਕੇ ਮਿਹਰ ਸਿੰਘ ਅੱਗੇ ਆ ਖਲੋਤਾ ਤੇ ਬੋਲਿਆ, "ਮੌਤ ਨੂੰ ਅਸੀਂ ਮਾਊਂ ਸਮਝਦੇ ਆਂ। ਜਹਾਨ ਵੇਖੇਗਾ, ਤੂੰ ਕਿੰਨਾ ਕੁ ਚਿਰ ਕਿੱਲੇ ਗੱਡ ਕੇ ਬਹਿ ਰਹੇਂਗਾ: ਇਕ ਮਰਨਾ ਸਿਦਕ ਦਾ ਮਨੁੱਖੀ ਵਫਾਦਾਰੀ ਲਈ ਹੈ, ਉਸ ਨੂੰ ਸ਼ਹਾਦਤ ਆਖਦੇ ਐ। ਦੂਜਾ ਮਰਨਾ ਤਾਂ ਆਪਣੀ ਜ਼ਮੀਰ ਦੇ ਵਿਰੁਧ ਖੁਦਕੁਸ਼ੀ ਐ, ਆਪਣੇ ਲੋਕਾਂ ਨਾਲ ਨੰਗੀ ਚਿੱਟੀ ਗੱਦਾਰੀ ਹੈ। ਮਰਿਆ ਔਰੰਗਜ਼ੇਬ ਵੀ ਸੀ, ਮਰੇ ਗੁਰੂ ਤੇਗ ਬਹਾਦਰ ਤੇ ਸਰਮਦ ਫਕੀਰ ਵੀ ਸੀ। ਕਿਹੜੇ ਮਰਨੇ ਵਿਚ ਅਨੰਦ ਤੇ ਇੱਜਤ ਐ, ਨਿਰਨਾ ਤੂੰ ਕਰ ਲੈ। ਤੇਰੇ ਮੋਢੇ ਦਾ ਦੂਜਾ ਸਟਾਰ ਨਕਸਲੀਆਂ ਨੂੰ ਮਾਰਨ ਦਾ ਇਨਾਮ ਐ। ਵੇਖੇਂ ਵੀ ਨਾ, ਅਸੀਂ ਸ਼ਹੀਦ ਹੋਵਾਂਗੇ; ਤੂੰ ਖੁਦਕੁਸ਼ੀ ਕਰੇਂਗਾ। ਲੋਕਾਂ ਦੇ ਲੇਖੇ ਤੋਂ ਪਿੱਤਲ ਸਿਆਂ, ਮਾਈ ਦਾ ਲਾਲ ਕੋਈ ਨਹੀਂ ਬਚ ਸਕਿਆ।" ਬਾਬੇ ਦੇ ਖੜਕਵੇਂ ਬੋਲਾਂ ਨੇ ਥਾਣੇਦਾਰ ਦੇ ਦੰਦ ਜੋੜ ਦਿਤੇ।

ਸਵਰਨ ਸਿੰਘ ਨੂੰ ਕਿਸੇ ਮਹਾਤਮਾ ਪੁਰਸ਼ ਤੋਂ ਸੁਣੀ ਕਥਾ ਯਾਦ ਆ ਗਈ, ਜਿਸ ਵਿਚ ਬ੍ਰਹਮ ਗਿਆਨੀ ਦੇ ਸਰੂਪ ਦੀ ਵਿਆਖਿਆ ਆਈ ਸੀ। ਉਸ ਦੀ ਰੂਹ ਨੇ ਅੰਦਰੋਂ ਹਾਲ ਦੁਹਾਈ ਪਾਈ, ਤੂੰ ਕਲਮੂੰਹਿਆਂ, ਬ੍ਰਹਮ ਗਿਆਨੀਆਂ ਦੀ ਹੱਤਿਆ ਕਰਨ ਲੱਗਾ ਏਂ। ਉਸ ਨੂੰ ਸੋਚਾਂ ਵਿਚ ਆਇਆ ਵੇਖ ਬਾਬੇ ਨੇ ਮੁੜ ਆਖਿਆ, "ਸਿੱਖ ਰਾਜ ਨਾਲ ਗੱਦਾਰੀ ਕਰਨ ਵਾਲੇ ਡੋਗਰੇ ਵੀ ਤੇਰੇ ਵਰਗੇ ਹੀ ਦਾਹੜੀਆਂ ਕੇਸਾਂ ਵਾਲੇ ਤਿਆਰ ਬਰ ਤਿਆਰ ਸਿੰਘ ਸਨ ਪਰ...।"

"ਬਾਬਾ ਤੇਰੀ ਕੋਈ ਖਾਹਸ਼?" ਥਾਣੇਦਾਰ ਦੀ ਸਾਰੀ ਸੁਰਤ ਨੇ ਬਾਬੇ ਦੀ ਪਿਛਲੀ ਗੱਲ ਸੁਣੀ ਹੀ ਨਹੀਂ ਸੀ।

"ਹਾਂ ਹੈ ਥਾਣੇਦਾਰ ਸਾਹਿਬ! ਮੈਂ ਬਿਆਸੀ ਸਾਲ ਦਾ ਬੁੱਢਾ ਆਂ। ਅੰਗਰੇਜ਼ਾਂ ਦੇ ਰਾਜ ਵਿਚ ਪੁਲਿਸ ਨੇ ਕੁਟ ਕੁਟ ਪੁੜੇ ਪਾੜ ਦਿੱਤੇ। ਜੇਲ੍ਹਾਂ ਨੇ ਜਵਾਨੀ ਖਾ ਲਈ। ਕਾਂਗਰਸੀਆਂ ਆਪਣੇ ਸਮੇਂ ਵਿਚ ਗਿਣ ਗਿਣ ਬਦਲੇ ਲਏ; ਜਿਵੇਂ ਅਸੀਂ ਸ਼ਰੀਕ ਭਰਾ ਨਹੀਂ, ਦੁਸ਼ਮਣ ਸਾਂ। ਸਮਝ ਸਾਰੀ ਉਮਰ ਪੁਰਸਲਾਤ ਉਤੇ ਤੁਰਿਆ ਹਾਂ। ਡੋਲਿਆ ਨਹੀਂ। ਕਿਸੇ ਅੱਗੇ ਹੱਥ ਵੀ ਨਹੀਂ ਅੱਡੇ। ਹੁਣ ਗੋਲੀ ਮਾਰਨੀ ਤੇਰੇ ਹਿੱਸੇ ਆਈ ਐ, ਉਹ ਵੀ ਹੱਸ ਕੇ ਖਾਵਾਂਗਾ। ਤੂੰ ਆਖਰੀ ਖਾਹਸ਼ ਆਖੀ ਹੈ; ਆਪਣੇ ਬਚਨ 'ਤੇ ਕਾਇਮ ਰਹੀਂ?"

"ਮੈਂ ਆਪਣੇ ਬਚਨ 'ਤੇ ਕਾਇਮ ਹਾਂ, ਤੂੰ ਕਹਿ।" ਥਾਣੇਦਾਰ ਛਾਤੀ ਫੁਲਾ ਕੇ ਆਕੜ ਖਲੋਤਾ।

ਮਿਹਰ ਸਿੰਘ ਨੂੰ ਲੱਗਾ, ਆਖਰੀ ਸਮੇਂ ਬਾਬੇ ਦਾ ਸਿਰ ਹਿੱਲ ਗਿਆ ਏ। ਉਸ ਬਾਬੇ ਦਾ ਹੱਥ ਫੜ੍ਹ ਕੇ ਝੰਜਕਿਆ। ਬਿਰਧ ਮੁੰਡੇ ਦੇ ਰੋਕਣ ਉਤੇ ਵੀ ਨਾ ਰੁਕਿਆ।

"ਦੇਖ ਬਈ ਸਰਦਾਰਾ! ਮੈਂ ਜ਼ਿੰਦਗੀ ਵਿਚ ਕਦੇ ਕੁਝ ਨਹੀਂ ਮੰਗਿਆ। ਤੇਰਾ ਭਾਣਾ ਮੀਠਾ ਲਾਗੇ ਦਾ ਵਿਸ਼ਵਾਸੀ ਰਿਹਾ ਹਾਂ। ਤੂੰ ਦਰਿਆ ਦਿਲ ਹੋ ਕੇ ਕਿਹਾ ਏ, ਤਾਂ ਤੇਰੇ ਕੋਲੋਂ ਝੋਲੀ ਅੱਡ ਕੇ ਮੰਗਦਾ ਹਾਂ। ਇਸ ਮੁੰਡੇ ਨੂੰ ਛੱਡ ਦੇ; ਮੈਨੂੰ ਸੌ ਵਾਰ ਕਤਲ ਕਰ ਲੈ, ਜਿਵੇਂ ਮਰਜ਼ੀ ਕਰ ਲੈ; ਮੈਂ ਸੀਅ ਨਹੀਂ ਕਰਦਾ।"

"ਬਾਬਾ ਜੀ, ਤੁਹਾਡਾ ਦਮਾਗ ਖਰਾਬ ਹੋ ਗਿਆ ਏ?" ਮਿਹਰ ਸਿੰਘ ਨੇ ਬਜ਼ੁਰਗ ਨੂੰ ਖਿੱਚ ਕੇ ਪਿਛਾਂਹ ਕਰ ਲਿਆ। ਉਹਦੇ ਮਨ ਵਿਚ ਬਾਬੇ ਬਾਰੇ ਕਈ ਪ੍ਰਕਾਰ ਦੇ ਡਰ ਉਠ ਖਲੋਤੇ ਸਨ।

"ਜਦੋਂ ਬਾਪ ਗੱਲ ਕਰ ਰਿਹਾ ਹੋਵੇ; ਸਿਆਣੇ ਬੱਚੇ ਵਿਚੋਂ ਬਾਢ ਨਹੀਂ ਦੇਂਦੇ। ਬਾਬਾ ਫਿਰ ਅੱਗੇ ਆ ਗਿਆ, "ਥਾਣੇਦਾਰ ਸਾਹਿਬ! ਵੇਖੇਂ ਵੀ ਨਾ, ਆਪਣੇ ਲਈ ਮੈਂ ਅੱਜ ਵੀ ਕੁਝ ਨਹੀਂ ਮੰਗ ਰਿਹਾ। ਇਹ ਮੁੰਡਾ ਤੇਰੇ ਦੇਸ਼ ਦੀ ਨਵੀਂ ਤਕਦੀਰ ਐ। ਤਕਦੀਰ ਨੂੰ ਹੱਥੀਂ ਕੋਹ ਕੇ ਜ਼ਾਲਮਾ ਆਪਣੇ ਬੱਚਿਆਂ ਨੂੰ ਕੀ ਦੇਏਂਗਾ? ਇਨਕਲਾਬ ਦਾ ਸਿਰ ਨਾ ਵੱਢ। ਮੇਰੀ ਇਹੋ ਭੀਖ ਐ। ਇਨਕਲਾਬ ਸਾਰੇ ਜਹਾਨ ਦਾ ਮੁਕਤੀ ਦਾਤਾ ਏ। ਮੇਰਾ ਵਾਸਤਾ ਏ, ਰੁਕ ਜਾਹ; ਬੀਤਿਆ ਵੇਲਾ ਪੈਗੰਬਰਾਂ ਨੂੰ ਹੱਥ ਨਹੀਂ ਆਇਆ। ਤਾਰੀਖ ਦੀ ਸਦੀਵੀ ਲਾਹਨਤ ਤੋਂ ਬਚ ਜਾਹ।" ਬਾਬੇ ਨੇ ਯਮਰਾਜ ਅੱਗੇ ਹੱਥ ਖੋਲ੍ਹ ਦਿੱਤੇ।

"ਬਾਬਾ! ਤੈਨੂੰ ਚੰਗੇ ਭਲੇ ਨੂੰ ਕੀ ਹੋ ਗਿਆ ਹੈ। ਮੈਂ ਇਨ੍ਹਾਂ ਬੂਚੜਾਂ ਕੋਲੋਂ ਤੈਨੂੰ ਜ਼ਿੰਦਗੀ ਦੀ ਭੀਖ ਨਹੀਂ ਮੰਗਣ ਦਿਆਂਗਾ। ਮੈਂ ਪਾਰਟੀ ਲੀਡਰ ਦੀ ਹੈਸੀਅਤ ਵਿਚ ਹੁਕਮ ਦਿੰਦਾ ਆ, ਤੂੰ ਪਿਛਾਂਹ ਹਟ ਜਾਹ।" ਉਸ ਥਾਣੇਦਾਰ ਨੂੰ ਪੁਕਾਰਿਆ,




"ਦੇਖ, ਮੈਂ ਤੁਹਾਡਾ ਪਖਪਾਤੀ ਕਾਨੂੰਨ ਤੋੜਿਆ ਏ, ਸਮਾਜੀ ਜੋਕਾਂ ਦਾ ਸਿਰ ਵੀ ਫਿਹਇਆ ਏ। ਬਾਬੇ ਨੇ ਕੋਈ ਜੁਰਮ ਨਹੀਂ ਕੀਤਾ। ਇਹ ਜੰਗੇ ਆਜ਼ਾਦੀ ਦਾ ਹੀਰੋ ਰਿਹਾ ਏ। ਇਕ ਧਰਮਾਤਮਾ ਨੂੰ ਇਸ ਉਮਰ ਵਿਚ ਮਾਰ ਕੇ ਤੂੰ ਪਾਪੀ ਨਾ ਬਣ। ਇਸ ਸਰਮਾਏਦਾਰੀ ਰਾਜ ਨੂੰ ਬਦਲਣ ਦੇ ਜਤਨਾਂ ਦੀ ਸਾਰੀ ਸਜ਼ਾ ਮੈਨੂੰ ਮਿਲਣੀ ਚਾਹੀਦੀ ਹੈ। ਬੰਦਾ ਤੇਰੇ ਸਾਹਮਣੇ ਛਾਤੀ ਡਾਹੀ ਖਲੋਤਾ ਏ, ਮਾਰ ਗੋਲੀ।" ਮਿਹਰ ਸਿੰਘ ਨੇ ਖੱਦਰ ਦੀ ਬੁਸ਼ਰਟ ਹਿੱਕ ਤੋਂ ਹਟਾ ਦਿੱਤੀ। ਵਗਦੀ 'ਵਾ ਦੀਆਂ ਤਲਵਾਰਾਂ ਖੁੰਢੀਆਂ ਹੋ ਗਈਆਂ ਸਨ। ਮਿਹਰ ਸਿੰਘ ਦਾ ਜੁੱਸਾ ਅੰਦਰੋਂ ਸੇਕ ਮਾਰ ਉਠਿਆ।

"ਸ਼ੇਰਾ! ਬੁੱਢੇ ਮਾਪਿਆਂ ਦੇ ਜਿਉਂਦਿਆਂ ਜਵਾਨ ਪੁੱਤਰ ਤੁਰ ਜਾਣ, ਇਹ ਜੱਗੋਂ ਤੇਰ੍ਹਵੀਂ ਮੈਂ ਨਹੀਂ ਹੋਣ ਦਿਆਂਗਾ। ਪਹਿਲਾਂ ਮੈਂ ਮਰਾਂਗਾ।" ਬਾਬਾ ਮਿਹਰ ਸਿੰਘ ਦੇ ਅੱਗੇ ਆ ਅੜਿਆ।

"ਤੁਸੀਂ ਝਗੜਾ ਨਾ ਕਰੋ, ਇਕੱਠਿਆਂ ਨੂੰ ਹੀ ਜਹਾਜੇ ਚੜ੍ਹਾ ਦਿਆਂਗੇ।" ਸਵਰਨ ਸਿੰਘ ਮਨੁੱਖੀ ਲਹਿਰ ਲੰਘਾ ਕੇ ਮੁੜ ਥਾਣੇਦਾਰੀ ਰਉਂ ਵਿਚ ਆ ਗਿਆ।

ਸਤਵੰਤ ਤੇ ਮੋਤੀ ਰਾਮ ਟਿਕਾਣਾ ਲੱਭ ਆਏ। ਉਹ ਟਰੱਕ ਥਾਂਏਂ ਛੱਡ ਕੇ ਪਹਾੜ ਵਲ ਵਾਹਣਾਂ ਤੇ ਕਣਕਾਂ ਵਿਚ ਸਿੱਧੇ ਹੋ ਤੁਰੇ। ਛੋਲਿਆਂ ਦੀਆਂ ਟਾਂਟਾਂ ਖੁਰੀਆਂ ਵਾਲੇ ਬੂਟਾਂ ਹੇਠਾਂ ਫਿਸਦੀਆਂ ਪਟਾਕੇ ਪਾ ਰਹੀਆਂ ਸਨ। ਛੋਲਿਆਂ ਦੀ ਖੱਟੀ ਅਤੇ ਕਣਕ ਦੀ ਦੁਧਲੀ ਸੁਗੰਧ ਮਾਰੂ ਟੋਲੀ ਨੂੰ ਘੇਰਾ ਘੱਤ ਘੱਤ ਰੋਕਦੀ। ਪਰ ਜੁੰਡਲੀ ਹਰੀਆਂ ਪੈਲੀਆਂ ਮਿਧਦੀ ਕਈ ਖੇਤ ਅੱਗੇ ਨਿਕਲ ਗਈ। 'ਵਾ ਨੇ ਮੁੜ ਮੱਥਿਆਂ ਵਿਚ ਠਿੱਕਰ ਭੰਨਣੇ ਸ਼ੁਰੂ ਕਰ ਦਿੱਤੇ। ਉਹ ਸਾਰੇ ਛੋਟੇ ਜਿੰਨੇ ਸੂਏ ਦੀ ਪਟੜੀ ਆ ਚੜ੍ਹੇ। ਇਸ ਪਟੜੀ ਉਤੇ ਬਾਬਾ ਸਵੇਰ ਦਾ ਪਾਠ ਮੁਕਾਇਆ ਕਰਦਾ ਸੀ। ਕਾਰੀਗਰਾ ਕੰਮ ਅਤੇ ਪਾਠ ਕਰਦਿਆਂ ਬਹੁਤਾ ਸਮਾਂ ਬੈਠਣ ਨਾਲ ਉਸ ਦੀਆਂ ਲੱਤਾਂ ਜੁੜ ਜਾਇਆ ਕਰਦੀਆਂ ਸਨ। ਬਾਬਾ ਏਸੇ ਸੂਏ ਦੀ ਪਟੜੀ ਉਤੇ ਸੈਰ ਨਾਲ ਲੱਤਾਂ ਮੋਕਲੀਆਂ ਕਰਿਆ ਕਰਦਾ ਸੀ। ਬਿਰਧ ਨੇ ਜਿਉਂ ਹੀ ਪਟੜੀ ਉਤੇ ਪੈਰ ਪਾਇਆ, ਧੜੱਲੇ ਨਾਲ ਨਾਅਰਾ ਚੁੱਕ ਦਿੱਤਾ।

"ਇਨਕਲਾਬ... ਜ਼ਿੰਦਾਬਾਦ।" ਮਿਹਰ ਨੇ ਵੀ ਮੁੱਕਾ ਵੱਟ ਕੇ ਸਾਥ ਦੇਣਾ ਸ਼ੁਰੂ ਕਰ ਦਿੱਤਾ। "ਲੋਕ ਇਨਕਲਾਬ, ਜ਼ਿੰਦਾਬਾਦ।" ਉਨ੍ਹਾਂ ਨੇ ਪੂਰੇ ਜ਼ੋਸ ਨਾਲ ਲੋਕਾਂ ਨੂੰ ਲਲਕਾਰਿਆ; ਜਿਹੜੇ ਲੰਮੀਆਂ ਤਾਣੀ ਸੁੱਤੇ ਪਏ ਸਨ। ਨਾਅਰੇ ਸੁਣ ਕੇ ਥੋੜ੍ਹੀ ਵਿਥ ਉਤੇ ਇਕ ਟਿਊਬਵੈਲ ਦੀ ਜਗ ਰਹੀ ਬੱਤੀ ਝਟ ਬੁਝ ਗਈ। ਸ਼ਾਇਦ ਉਹ ਕੰਨਾਂ ਵਿਚ ਕੌੜਾ ਤੇਲ ਪਾ ਲੈਣਾ ਚਾਹੁੰਦੇ ਸਨ ਕਿ ਸੱਚ ਵੇਖਣੋਂ ਵੀ ਡਰਦੇ ਸਨ। ਫਿਰਨੀ ਵਾਲੇ ਘਰਾਂ ਬਾਬੇ ਨੂੰ ਨਾਅਰਿਆਂ ਤੋਂ ਪਛਾਣ ਲਿਆ; ਪਰ ਉਠਣ ਦਾ ਹੀਆ ਨਾ ਕੀਤਾ।

ਸੂਏ ਦੀ ਛੋਟੀ ਜਿਹੀ ਝਾਲ ਆ ਗਈ। ਡਿਗਦਾ ਪਾਣੀ ਖਾਸ ਸ਼ੋਰ ਨਹੀਂ ਕਰ ਰਿਹਾ ਸੀ, ਪਰ ਮਾਰ ਖਾਧੇ ਬੱਚੇ ਵਾਂਗ ਰੋ ਜ਼ਰੂਰ ਰਿਹਾ ਸੀ। ਦੋ ਕੁ ਖੇਤਾਂ ਦੀ ਵਿੱਥ ਉਤੇ ਦਿੱਲੀ ਨੂੰ ਜਾਣ ਵਾਲੀ ਰੇਲਵੇ ਲਾਈਨ ਦੇ ਖੰਭੇ ਦਿਸਦੇ ਸਨ। ਚੁਗਲਾਂ ਦਾ ਜੋੜਾ ਨਾਅਰੇ ਮਾਰਦਾ ਟਾਹਲੀ ਤੋਂ ਉਡਿਆ ਅਤੇ ਨੇੜੇ ਹੀ ਕਣਕ 'ਚ ਉਗੀ ਕਿੱਕਰ ਉਤੇ ਜਾ ਬੈਠਾ।

"ਇਹ ਕਣਕ ਤੇ ਅਹੁ ਕਿੱਕਰ ਜਨਾਬ।" ਮੋਤੀ ਰਾਤ ਨੇ ਸੂਏ ਦੀ ਆੜ ਵਿਚ ਥਾਣੇਦਾਰ ਨੂੰ ਨਕਸ਼ਾ ਸਮਝਾਇਆ।

"ਹਾਂ, ਠੀਕ ਐ। ਚਲੋ ਬਈ ਸਾਹਮਣੇ ਹੋਵੋ, ਜਿਸ ਪਹਿਲਾਂ ਮਰਨਾ ਏ।" ਉਸ ਦੇਸ਼ ਭਗਤਾਂ ਨੂੰ ਇਸ਼ਾਰਾ ਕੀਤਾ। ਉਸ ਹੱਥਲੇ ਪਸਤੌਲ ਦੀ ਗੋਲੀ ਹਵਾ ਵਿਚ ਚਲਾ ਕੇ ਟੈਸਟ ਕੀਤੀ। ਤੇਜ਼ ਲਾਟ ਵਿਚੋਂ ਕੰਨ ਪਾੜਵੀਂ 'ਕਾਅੜ' ਨਿਕਲ ਕੇ ਹਨੇਰੇ ਵਿਚ ਹੀ ਡੁੱਬ ਗਈ।

ਬਾਬੇ ਨੇ ਝੱਟ ਨਾਅਰਾ ਚੁਕ ਦਿੱਤਾ। ਉਸ ਦੇ ਭਾਣੇ ਮਿਹਰ ਸਿੰਘ ਨੂੰ ਗੋਲੀ ਮਾਰ ਦਿੱਤੀ ਹੈ। ਉਸ ਮਿਹਰ ਸਿੰਘ ਨੂੰ ਜੱਫੀ ਪਾ ਲਈ। ਮੋਤੀ ਰਾਮ ਤੇ ਸਤਵੰਤ ਨੇ ਜੱਫੀਆਂ ਤੋੜ ਕੇ ਉਨ੍ਹਾਂ ਨੂੰ ਕਣਕ ਵੱਲ ਧੂਹਣਾ ਸ਼ੁਰੂ ਕਰ ਦਿੱਤਾ।

"ਛੱਡੋ ਸਾਡੇ ਹੱਥ, ਅਸੀਂ ਬੁਜ਼ਦਿਲ ਨਹੀਂ, ਬਾਗੀ ਸੂਰਮਿਆਂ ਵਾਂਗ ਮਰਾਂਗੇ।" ਮਿਹਰ ਸਿੰਘ ਨੇ ਝਟਕਾ ਮਾਰਿਆ। ਉਹਦੀਆਂ ਫਿੱਸੀਆਂ ਉਂਗਲਾਂ ਵਿਚੋਂ ਪੀੜ ਵੀ ਮਰ ਚੁੱਕੀ ਸੀ।

ਸਿਪਾਹੀਆਂ ਬਾਬੇ ਨੂੰ ਛੱਡ ਦਿੱਤਾ ਅਤੇ ਮਿਹਰ ਸਿੰਘ ਨੂੰ ਭੱਜ ਜਾਣ ਦੇ ਡਰੋਂ ਬਾਂਹ ਤੋਂ ਫੜ੍ਹੀ ਰੱਖਿਆ। ਉਹ ਕਿੱਕਰ ਹੇਠਾਂ ਦੋਹਾਂ ਦਾ ਫੜ੍ਹਿਆ ਫਨੀਅਰ ਨਾਗ ਵਾਂਗ ਨਾਅਰੇ ਮਾਰੀ ਜਾ ਰਿਹਾ ਸੀ, "ਨਕਸਲਬਾੜੀ, ਜ਼ਿੰਦਾਬਾਦ! ... ਬਾਬਾ ਮਿਰਗਿੰਦ ਜ਼ਿੰਦਾਬਾਦ...। ... ਲੋਕ ਇਨਕਲਾਬ ... ਜ਼ਿੰਦਾਬਾਦ।" ਪਿੰਡ ਦੇ ਲੋਕ ਇਹ ਨਾਅਰੇ ਸੁਣ ਕੇ ਜਾਗ ਪਏ। ਗੋਲੀਆਂ ਚਲਣ ਤੋਂ ਉਨ੍ਹਾਂ ਅਨੁਮਾਨ ਲਾਇਆ, ਕੋਈ ਕਾਰਾ ਹੋ ਰਿਹਾ ਹੈ।

ਗੋਲੀ ਮਾਰਨ ਲੱਗਾ ਥਾਣੇਦਾਰ ਘਬਰਾ ਗਿਆ। ਇਹ ਲੋਕ ਮਾਰਿਆਂ ਵੀ ਮੁੱਕਣ ਵਾਲੇ ਨਹੀਂ। ਇਤਿਹਾਸ ਦੀ ਲੜੀ, ਸ਼ਹੀਦ ਹੋਣ ਵਾਲੇ ਸਿੰਘਾਂ ਬਾਰੇ ਉਸ ਨੂੰ ਯਾਦ ਆ ਗਈ: 'ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।' ਸੱਚ ਕਦੇ ਨਹੀਂ ਮਰਦਾ ਪਰ... ਪਰ ਮੈਂ ਫਲੌਰ ਪਾਸ ਥਾਣੇਦਾਰ ਆਂ। ਪੁਲਿਸ ਅਫਸਰ, ਜਿਸ ਉਤੇ ਆਈ. ਜੀ. ਨੂੰ ਮਾਣ ਹੈ। ਉਹਦੀ ਮਿਹਰਬਾਨੀ 'ਤੇ ਆਹ ਕਾਰਨਾਮਾ, ਪਤਾ ਨਹੀਂ ਮੈਨੂੰ ਕੀ ਬਣਾ ਦੇਣਗੇ। ਮੈਂ ਆਪਣੀ ਡਿਊਟੀ ਤੋਂ ਕਿਉਂ ਝਿਜਕਾਂ? ਏਹੀ ਤਾਂ ਮੌਕੇ ਹੁੰਦੇ ਐ, ਛਾਲ ਮਾਰ ਕੇ ਸਾਥੀਆਂ ਨੂੰ ਖਲੋਤੇ ਛੱਡ ਜਾਣ ਵਾਲੇ। ਮਾਰਖੋਰੇ ਪਸੂ ਨੇ ਉਹਦੇ ਪਲ ਕੁ ਜਾਗੇ ਮਨੁੱਖ ਨੂੰ ਢੁੱਡ ਮਾਰ ਕੇ ਖੋਰ ਉਤੇ ਸੁੱਟ ਦਿੱਤਾ। ਰਿਵਾਲਵਰ ਦੇ ਮੂੰਹ ਵਿਚੋਂ ਅੱਗ ਦੀ ਲੰਮੀ ਲਾਟ ਨਿਕਲੀ ਜਿਹੜੀ ਬਾਬੇ ਦੀ ਹਿੱਕ ਚੀਰ ਕੇ ਮਿਹਰ ਸਿੰਘ ਦੇ ਦਿਲ ਵਿਚ ਜਾ ਖੁੱਭੀ। ਸੂਏ ਦੀ ਟਾਹਲੀ ਉਤੇ ਬੈਠੀ ਮੋਰਨੀ ਇਕ ਵਾਰ ਹੀ ਤੜਫ ਗਈ। 'ਕਿਆ ਕੋ' ਦੀਆਂ ਦਰਦਨਾਕ ਚੀਕਾਂ ਨੇ ਅਸਮਾਨ ਪਾੜਨਾ ਲਿਆ। ਸੁਣਨ ਵਾਲੇ ਕਾਮੇ ਕਿਸਾਨ ਨੂੰ ਲੱਗਾ, ਜਿਵੇਂ ਵਿਚਾਰੀ ਦੇ ਬੱਚਿਆਂ ਨੂੰ ਬਿੱਲੇ ਨੇ ਹੜੱਪ ਲਿਆ ਹੈ। ਬਾਬਾ ਪਹਿਲੀ ਗੋਲੀ ਨਾਲ ਹੀ 'ਇਨਕਲਾਬ ਜ਼ਿੰਦਾਬਾਦ' ਪੁਕਾਰਦਾ ਮੂਧਾ ਡਿੱਗ ਪਿਆ। ਉਹਦੇ ਤੱਤੇ ਨਾਅਰੇ ਸਿਸਕੀਆਂ ਵਿਚ ਠੰਢੇ ਹੁੰਦੇ ਗਏ। ਮਿਹਰ ਸਿੰਘ ਦੀ ਛਾਤੀ ਵਿਚੋਂ ਅੰਨ੍ਹੇ ਹੋਏ ਸਵਰਨ ਸਿੰਘ ਨੇ ਬਾਕੀ ਬਚਦੀਆਂ ਸਾਰੀਆਂ ਗੋਲੀਆਂ ਕੱਢ ਦਿੱਤੀਆਂ। ਖੂਨ ਦੇ ਫਵਾਰਿਆਂ ਕਾਲੀ ਵਿਧਵਾ ਰਾਤ ਨੂੰ ਮੁੜ ਸੁਹਾਗਣ ਬਣਾ ਦਿਤਾ। ਨਾਅਰਿਆਂ ਦੀ ਥਾਂ ਵਗਦੇ ਲਹੂ ਨੇ ਆ ਮੱਲੀ। ਖੇਤਾਂ ਦੀ ਹਰਿਆਲੀ ਦਮ ਦਾ ਦਮ ਪੀਲੀ ਪੈ ਗਈ। ਕਣਕ ਦੇ ਦੁਧਲੇ ਸਿੱਟਿਆਂ ਘੁੰਡ ਮੋੜ ਲਏ ਅਤੇ ਪੱਤਿਆਂ 'ਛਮਾਛਮ' ਅੱਥਰੂ ਸੁੱਟਣੇ ਸ਼ੁਰੂ ਕਰ ਦਿੱਤੇ। ਇਸ ਕਹਿਰ ਦਾ ਭਾਰ ਚੁਕਣੋਂ ਧਰਤੀ ਡੋਲ ਖਲੋਤੀ। ਪੁਲਿਸ ਦੀ ਦਹਿਸ਼ਤ ਕਾਰਨ ਲੋਕ ਕੁਸਕੇ ਤੱਕ




ਨਹੀਂ।

ਕਿੰਨੀਆਂ ਹੀ ਰਾਈਫਲਾਂ ਅੱਗ ਉਗਲੀ ਪਰ ਮਿਹਰ ਸਿੰਘ ਦੀ ਦੋਸਤ ਰਾਈਫਲ ਕੇਵਲ ਹੌਲ ਕੇ ਰਹਿ ਗਈ। ਦੋਸਤ ਸਿਪਾਹੀ ਦੇ ਜੀ ਵਿਚ ਆਈ ਕਿ ਥਾਣੇਦਾਰ ਨੂੰ ਥਾਂਏਂ ਉਡਾ ਕੇ ਸਹੀ ਮੁਕਾਬਲਾ ਬਣਾ ਦਿਆਂ ਪਰ ਦੂਜੇ ਬੁੱਚੜਾਂ ਕਾਰਨ ਉਹਦੇ ਹੱਥਾਂ ਕੋਈ ਹਰਕਤ ਨਾ ਕੀਤੀ।

"ਤੁਸੀਂ ਏਥੇ ਪਹਿਰਾ ਦਿਓ, ਅਸੀਂ ਪਿੰਡੋਂ ਸਰਪੰਚ ਤੇ ਲੱਛੂ ਨੂੰ ਉਠਾ ਲਿਆਈਏ।" ਥਾਣੇਦਾਰ ਦੋ ਸਿਪਾਹੀਆਂ ਨਾਲ ਭੁਲਾਣੇ ਪਿੰਡ ਨੂੰ ਤੁਰ ਗਿਆ।

ਦੋਵੇਂ ਸ਼ਹੀਦ ਇਕ ਦੂਜੇ ਦਾ ਹੱਥ ਫੜ੍ਹੀ ਸੁੱਤੇ ਪਏ ਸਨ। ਹਾਲੇ ਵੀ ਵਗਦਾ ਲਹੂ ਇਕ ਸਿਆੜ ਪਿਛੋਂ ਦੂਜੇ ਨੂੰ ਸਿੰਜਣਾ ਸ਼ੁਰੂ ਕਰ ਦਿੰਦਾ। ਲਹੂ ਦੇ ਹੰਝੂ ਚੂਕੀ 'ਵਾ, ਪਾਲਾਂ ਬੰਨ੍ਹ ਕੇ ਖੇਤ ਖੇਤ ਤੇ ਪਿੰਡ ਪਿੰਡ ਫਿਰ ਨਿਕਲੀ।

## ਪਾਸ਼ ਦੀਆਂ ਦੋ ਕਵਿਤਾਵਾਂ

### ਭਾਫ ਤੇ ਧੂੰਆਂ

ਅੰਗਾਂ ਤੇ ਰੰਗਾਂ ਵਿਚ
ਆਪਣੀ ਲਘੂਤਾ ਤੇ ਅਹਿਸਾਸ
ਜਿੰਨਾ ਫਰਕ ਹੈ।

ਜੋ ਵੀ ਸਰਾਪੀ ਕਿਰਨ
ਮੇਰੇ ਸੰਗ ਘਸਰ ਕੇ ਲੰਘਦੀ ਹੈ
ਮੇਰੀ ਆਵਾਜ਼ ਤੋਂ ਬੇਖਬਰ ਹੈ
ਹਰ ਸੁਲਗਦੀ ਕਿਰਨ
ਭਟਕ ਜਾਂਦੀ ਹੈ ਸਮੇਂ ਦੀਆਂ ਪੀੜ੍ਹੀਆਂ ਅੰਦਰ
ਤੇ ਵਸੀਅਤ ਬਣ ਕੇ
ਹਰ ਸਰਾਪੀ ਕਿਰਨ
ਬੇਮੌਸਮੀ ਰੁੱਤੇ ਮਰ ਜਾਂਦੀ ਹੈ।

ਸੂਰਜ ਤਾਂ ਕੱਲ੍ਹ ਫਿਰ ਚੜ੍ਹਨਾ ਹੈ
ਮੈਥੋਂ ਫੇਰ ਮਰਨ ਦੀ ਖਾਤਰ
ਆਪਣਾ ਬਚਾ ਨਹੀਂ ਹੋਣਾ।

ਮੈਨੂੰ ਆਪਣੇ ਸ਼ਬਦ ਪਰੋ ਕੇ ਰੱਖਣੇ ਪੈਂਦੇ ਹਨ
ਇਕ ਪਾਲ ਵਿਚ-
ਕਿਉਂਕਿ ਹਰ ਸੀਮਾ ਦੇ ਉਸ ਪਾਰ
ਦੁਸ਼ਮਣ ਖੜ੍ਹੇ ਹਨ।
ਮੇਰੀ ਛਾਂ ਦੇ ਗਰਭ ਅੰਦਰ
ਨਾਜਾਇਜ਼ ਸਬੰਧ ਪਲਦੇ ਨੇ
(ਹਰ ਕਿਸੇ ਕਿਰਨ ਤੋਂ ਪਹਿਲਾਂ ਮੈਂ
ਆਪਣੇ ਆਪ ਨੂੰ ਬਨਵਾਸ ਕਹਿ ਸਕਦਾਂ)
ਤੇ ਮੈਂ ਨਿੱਤ ਜਾਣ ਬੁੱਝ ਕੇ
ਹੰਡਿਆਂ ਅੰਗਾਂ ਦੀ ਸੂਲੀ ਉਤੇ ਚੜ੍ਹ ਕੇ
ਭਲਕ ਲਈ ਤੋਬਾ ਦੀ
ਭੂਮੀ ਤਿਆਰ ਕਰਦਾ ਹਾਂ।

ਤੂੰ ਤਾਂ ਸਿਗਰਟ ਪੀ ਕੇ
ਹੱਥਾਂ 'ਚੋਂ ਮਿਚਾ ਦਿੱਤੀ-
ਪੈਰਾਂ ਥੱਲੇ ਫਿਸਣ ਤੋਂ ਬਿਨਾ
ਉਹ ਅੰਗਿਆਰੇ
ਬਸਤੀ ਨੂੰ ਜਲਾ ਵੀ ਸਕਦੇ ਹਨ
ਮੇਰੀ ਛਾਤੀ ਉਪਰਲੇ
ਤੇਰੇ ਨੌਹਾਂ ਦੇ ਨਿਸ਼ਾਨ
ਜ਼ਖਮ ਤੋਂ ਛੁੱਟ
ਕਾਸ਼! ਕਿ ਕੁਝ ਹੋਰ ਵੀ
ਅਖਵਾ ਸਕਣ ਦੇ ਯੋਗ ਹੁੰਦੇ।

ਕੀ ਕੋਈ ਫਰਕ ਕਰੇ
ਭਾਫ ਤੇ ਧੂੰਏਂ 'ਚ।

---

### ਸਾਡੇ ਲਹੂ ਨੂੰ ਆਦਤ ਹੈ


ਸਾਡੇ ਲਹੂ ਨੂੰ ਆਦਤ ਹੈ
ਮੌਸਮ ਨਹੀਂ ਵੇਂਹਦਾ, ਮਹਿਫਲ ਨਹੀਂ ਵੇਂਹਦਾ
ਜਿੰਦਗੀ ਦੇ ਜਸ਼ਨ ਵਿਢ ਲੈਂਦਾ ਹੈ
ਸੂਲੀ ਦੇ ਗੀਤ ਛੋਹ ਲੈਂਦਾ ਹੈ

ਸ਼ਬਦ ਨੇ ਕਿ ਪੱਥਰਾਂ 'ਤੇ
ਵਗ ਵਗ ਕੇ ਘਸ ਜਾਂਦੇ ਹਨ
ਲਹੂ ਹੈ ਕਿ ਤਦ ਵੀ ਗਾਉਂਦਾ ਹੈ
ਜ਼ਰਾ ਸੋਚੋ ਕਿ ਰੁੱਸੀਆਂ
ਸਰਦ ਰਾਤਾਂ ਨੂੰ ਮਨਾਵੇ ਕੌਣ?
ਨਮੋਹੇ ਪਲਾਂ ਨੂੰ ਤਲੀਆਂ ਉਤੇ ਖਿਡਾਵੇ ਕੌਣ?
ਲਹੂ ਹੀ ਹੈ ਜੋ ਨਿੱਤ ਧਾਰਾਂ ਦੇ ਹੋਠ ਚੁੰਮਦਾ ਹੈ
ਲਹੂ ਤਾਰੀਖ ਦੀਆਂ ਕੰਧਾਂ ਨੂੰ
ਉਲੰਘ ਆਉਂਦਾ ਹੈ
ਇਹ ਜਸ਼ਨ ਇਹ ਗੀਤ ਕਿਸੇ ਨੂੰ ਬੜੇ...ਨੇ
ਜੋ ਕੱਲ ਤੀਕ ਸਾਡੇ ਲਹੂ ਦੇ ਚੁੱਪ ਦਰਿਆ 'ਚ
ਤੈਰਨ ਦੀ ਮਸ਼ਕ ਕਰਦੇ ਸਨ।

"ਮਰਦਾਂ 'ਤੇ ਤਾਂ ਊਚ-ਨੀਚ ਆਉਂਦੀ ਈ ਰਹਿੰਦੀ ਐ, ਪਰ ਐਹੋ ਜਿਹਾ ਕਹਿਰ ਨਹੀਂ ਢੱਠਾ। ਹੁਣ ਤਾਂ ਜਿਉਣ ਜੋਗੇ ਨਹੀਂ ਰਹੇ।"

"ਔਥਾ ਹੁਣ ਤਾਂ ਜੋ ਹੋ ਗਿਆ, ਸੋ ਹੋ ਗਿਆ। ਦਾਗ ਤਾਂ ਲੱਥਣਾ ਨਹੀਂ ਭਾਵੇਂ ਲੱਖ ਸਫਾਈਆਂ ਦਿੰਦੇ ਫਿਰੀਏ। ਹੁਣ ਤਾਂ ਕੁਛ ਇਉਂ ਕੀਤਾ ਜਾਵੇ ਕਿ ਕਿਵੇਂ ਨਾ ਕਿਵੇਂ ਲੋਕਾਂ ਦੇ ਮੂੰਹ ਬੰਦ ਹੋ ਜਾਣ।" ਇਲਿਆਸੇ ਨੇ ਮੂੰਹ ਉਤਾਂਹ ਚੁੱਕੇ ਬਗੈਰ ਜਵਾਬ ਦਿੱਤਾ।

"ਬੇਗੈਰਤ, ਆਪ ਮਰ ਗਿਆ ਤੇ ਇਹ ਸੌਗਾਤ ਛੱਡ ਗਿਆ ਸਾਡੇ ਵਾਸਤੇ, ਬਈ ਸਾਰੀ ਜ਼ਿੰਦਗੀ ਸਿਰ ਨਾ ਚੁੱਕ ਸਕੀਏ।" ਹਾਜੀ ਦੁਬਾਰਾ ਬੋਲਿਆ। ਫਿਰ ਸ਼ਰੀਫ ਵੱਲ ਮੂੰਹ ਕਰ ਕੇ ਜੋ ਅਜੇ ਤੱਕ ਚੁੱਪ ਬੈਠਾ ਸੀ, ਕਹਿਣ ਲੱਗਾ,



"ਸ਼ਰੀਫੇ, ਹੁਣ ਤੂੰ ਹੀ ਕੋਈ ਹੱਲ ਦੱਸ, ਮੇਰੀ ਸਮਝ 'ਚ ਤਾਂ ਕੁਝ ਨਹੀਂ ਆ ਰਿਹਾ।"

ਕੁਝ ਚਿਰ ਠਹਿਰ ਕੇ ਸ਼ਰੀਫ

# ਜੋਧਪੁਰ ਦੀ ਹੱਦ

***ਅਲੀ ਅਕਬਰ ਨਾਤਿਕ ਲਹਿੰਦੇ ਪੰਜਾਬ ਦਾ ਉਰਦੂ ਸ਼ਾਇਰ ਅਤੇ ਕਹਾਣੀਕਾਰ ਹੈ। ਉਹਦੀ ਸ਼ਾਇਰੀ ਦੋਵਾਂ ਮੁਲਕਾਂ-ਭਾਰਤ ਤੇ ਪਾਕਿਸਤਾਨ ਵਿਚ ਮਕਬੂਲ ਹੈ ਤੇ ਉਹਦੀਆਂ ਕਹਾਣੀਆਂ ਦੇ ਅੰਗਰੇਜ਼ੀ ਤੇ ਹਿੰਦੀ ਅਨੁਵਾਦ ਦੀਆਂ ਕਿਤਾਬਾਂ ਛਪ ਚੁਕੀਆਂ ਹਨ। ਉਹਦੀਆਂ ਕਹਾਣੀਆਂ 'ਤੇ ਆਧਾਰਤ ਹਿੰਦੋਸਤਾਨੀ ਨਾਟਕ 'ਏਕ ਪੰਜਾਬ ਯੇਹ ਭੀ' ਮੁੰਬਈ ਤੇ ਦਿੱਲੀ ਵਿਚ ਖੇਡਿਆ ਜਾ ਚੁਕਾ ਹੈ। ਜਸਦੀਪ ਸਿੰਘ ਚੜ੍ਹਦੇ ਪੰਜਾਬ ਦਾ ਅਨੁਵਾਦਕ ਹੈ। ਉਸ ਨੇ 'ਅੰਨੇ ਘੋੜੇ ਦਾ ਦਾਨ' ਅਤੇ 'ਚੌਥੀ ਕੂਟ' ਫਿਲਮਾਂ ਦੇ ਸੰਵਾਦ ਲਿਖੇ ਹਨ। 'ਜੋਧਪੁਰ ਦੀ ਹੱਦ' ਕਹਾਣੀ ਵਿਚ ਜਗੀਰੂ ਮਾਹੌਲ ਅੰਦਰ ਹੋ ਰਹੇ ਵੱਖ ਵੱਖ ਕਿਸਮ ਦੇ ਸ਼ੋਸ਼ਣਾਂ ਦੀ ਬਾਤ ਬਹੁਤ ਬਾਰੀਕੀ ਨਾਲ ਪਾਈ ਗਈ ਹੈ। -ਸੰਪਾਦਕ***

**ਅਲੀ ਅਕਬਰ ਨਾਤਿਕ**

**ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ: ਜਸਦੀਪ ਸਿੰਘ**

ਬੋਲਿਆ, "ਹਾਜੀ, ਮੈਂ ਬਥੇਰਾ ਸੋਚਿਆ। ਮੈਥੋਂ ਪੁੱਛੇਂ ਤਾਂ ਹੁਣ ਇਹਦਾ ਇੱਕੋ ਹੱਲ ਹੈ।" ਫਿਰ ਮੂੰਹ ਅੱਗੇ ਕਰ ਕੇ ਹੌਲੀ ਜਿਹੇ ਹਾਜੀ ਸ਼ਰੀਫ ਨੇ ਲਤੀਫ ਅਤੇ ਇਲਿਆਸੇ ਨੂੰ ਆਪਣੀ ਗੱਲ ਸੁਝਾਅ ਦਿੱਤੀ, ਜਿਹਨੂੰ ਸੁਣ ਕੇ ਇਲਿਆਸ ਤਾਂ ਫੌਰਨ ਰਾਜ਼ੀ ਹੋ ਗਿਆ, ਪਰ ਉਹਦਾ ਪਿਓ ਲਤੀਫ ਸੋਚੀਂ ਪੈ ਗਿਆ ਪਰ ਅਖੀਰ ਉਸ ਨੇ ਵੀ ਸਹਿਮਤੀ ਦੇ ਦਿੱਤੀ।

---

ਜਦੋਂ ਗਫੂਰ ਦੀ ਮਾਂ ਦਾ ਤਲਾਕ ਹੋਇਆ ਸੀ ਤਾਂ ਉਹ ਤਿੰਨ ਕੁ ਵਰ੍ਹਿਆਂ ਦਾ ਸੀ, ਇਸ ਕਰ ਕੇ ਜੋਧਪੁਰ ਪਿੰਡ ਆਉਣ ਵੇਲੇ ਮਾਂ ਉਹਨੂੰ ਵੀ ਆਪਣੇ ਨਾਲ ਲੈ ਆਈ। ਏਥੇ ਗਫੂਰੇ ਦਾ ਨਾਨਾ ਉਹਦੇ ਨਖਰੇ ਝੱਲਣ ਲੱਗਾ। ਜਦੋਂ ਵੀ ਮਸੀਤ 'ਚ ਨਮਾਜ਼ ਪੜ੍ਹਨ ਜਾਂਦਾ, ਮੁੜਨ ਵੇਲੇ ਮਠਿਆਈ ਜਾਂ ਫਲ ਲੈ ਕੇ ਆਉਂਦਾ। ਖਿਡਾਉਣਿਆਂ ਤੇ ਕੱਪੜਿਆਂ ਦੇ ਢੇਰ ਲੱਗ ਗਏ। ਮਾਂ ਅੱਡ ਪਿਆਰ ਕਰਦੀ। ਬਚਪਨ ਲਾਡ ਪਿਆਰ ਤੇ ਸੁਖ ਸਹੂਲਤਾਂ ਵਿਚ ਲੰਘਣ ਲੱਗਾ। ਪੰਜ ਵਰ੍ਹਿਆਂ ਦਾ ਹੋਇਆ ਤਾਂ ਪਿੰਡ ਦੇ ਸਕੂਲ 'ਚ ਦਾਖਲ ਕਰਵਾ ਦਿੱਤਾ ਗਿਆ ਪਰ ਕਿਸਮਤ ਨਾਲ ਗਫੂਰੇ ਨੂੰ ਮੱਤ ਇਹੋ ਜਿਹੀ ਮਿਲੀ, ਜੋ ਪੜ੍ਹਾਈ ਦਾ ਭਾਰ ਚੁੱਕਣ ਦੇ ਬਿਲਕੁਲ ਕਾਬਿਲ ਨਹੀਂ ਸੀ। ਇੱਕ ਸਾਲ ਸਕੂਲ ਜਾਂਦੇ ਨੂੰ ਹੋ ਗਿਆ ਪਰ ਮਜਾਲ ਐ, ਇੱਕ ਵੀ ਲਫਜ਼ ਉਹਦੇ ਦਿਮਾਗ ਵਿਚ ਵੜਿਆ ਹੋਵੇ।

ਇੱਕ ਦਿਨ ਉਸਤਾਦ ਨੇ ਗਫੂਰੇ ਅੱਗੇ ਹੱਥ ਜੋੜ ਦਿੱਤੇ ਕਿ ਹਜ਼ੂਰ, ਸਾਡੇ ਵਿਚ ਐਨੀ ਹਿੰਮਤ ਹੈਨੀ, ਬਈ ਤੁਹਾਡੇ ਦਿਮਾਗ ਦਾ ਸਾਥ ਦੇ ਸਕੀਏ ਜਿਹੜਾ ਪੜ੍ਹਾਈ ਲਈ ਬਣਿਆ ਹੀ ਨਹੀਂ, ਪਰ ਗਫੂਰੇ ਦੀ ਮਾਂ ਉਹਨੂੰ ਹਰ ਹਾਲਤ ਵਿਚ ਪੜ੍ਹਾਉਣ ਵਾਸਤੇ ਅੜੀ ਹੋਈ ਸੀ ਤੇ ਸ਼ਾਇਦ ਅੜੀ ਹੀ ਰਹਿੰਦੀ ਕਿ ਅਚਾਨਕ ਗਫੂਰੇ ਦਾ ਨਾਨਾ ਚੱਲ ਵਸਿਆ।

ਚਾਲ੍ਹੀਵਾਂ ਹੋਏ ਨੂੰ ਅਜੇ ਪੰਜ ਦਿਨ ਹੀ ਹੋਏ ਸਨ ਕਿ ਲਤੀਫ ਨੇ ਗਫੂਰੇ ਤੇ ਉਹਦੀ ਮਾਂ ਵਾਸਤੇ ਇੱਕ ਅੱਡ ਜਗ੍ਹਾ ਤੈਅ ਕਰ ਦਿੱਤੀ। ਹੁਣ ਘਰ ਦੇ ਛੋਟੇ ਮੋਟੇ ਕੰਮ ਇਹੀ ਕਰਨ ਲੱਗ ਪਿਆ ਪਰ ਸਿੱਧਾ ਕੰਮ ਮੁਸ਼ਕਿਲ ਨਾਲ ਹੀ ਇਹਦੇ ਹੱਥੋਂ ਸਿਰੇ ਚੜ੍ਹਦਾ। ਹੁਕਮ ਮੰਨਣ ਦੀ ਆਦਤ ਐਨੀ ਕਿ ਘਰ ਦਾ ਨੌਕਰ ਵੀ ਕੋਈ ਕੰਮ ਕਹਿੰਦਾ ਤਾਂ ਇਹ ਭੱਜਿਆ ਫਿਰਦਾ। ਮੋਟੇ ਦਿਮਾਗ ਦਾ ਹੋਣ ਕਰ ਕੇ ਕੰਮ 'ਚ ਕੋਈ ਨਾ ਕੋਈ ਗੜਬੜ ਜ਼ਰੂਰ ਹੋ ਜਾਂਦੀ ਜਿਸ ਕਰ ਕੇ ਡਾਂਟ ਫਿਟਕਾਰ ਵੀ ਸੁਣਨੀ ਪੈਂਦੀ। ਗਫੂਰੇ ਦੀ ਮਾਂ ਅੰਦਰੇ-ਅੰਦਰ ਕੁੜ੍ਹਦੀ ਰਹਿੰਦੀ ਪਰ ਵਿਚਾਰੀ ਕਰ ਕੁਝ ਨਹੀਂ ਸੀ ਸਕਦੀ ਕਿਉਂਕਿ ਬਾਪ ਦੇ ਮਰਨ ਪਿਛੋਂ ਭਰਾ ਦੇ ਦਰਵਾਜੇ 'ਤੇ ਏਵੇਂ ਹੀ ਗੁਜ਼ਾਰਾ ਹੁੰਦਾ ਹੈ। ਦੋ ਤਿੰਨ ਮਹੀਨੇ ਏਦਾਂ ਹੀ ਲੰਘ ਗਏ, ਫੇਰ ਸਕੂਲ ਛੱਡ ਦਿੱਤਾ ਕਿਉਂਕਿ ਇਹ ਉਸ ਦੇ ਵੱਸੋਂ ਬਾਹਰ ਸੀ। ਹੁਣ ਹਰ ਕੋਈ ਗਫੂਰੇ ਨੂੰ ਹੀ ਕੰਮ ਕਹਿਣ ਲੱਗਾ: ਗਫੂਰੇ, ਭੱਜ ਕੇ ਜਾ ਸਬਜ਼ੀ ਲੈ ਆ; ਗਫੂਰੇ ਦੌੜ, ਚੱਕੀ ਤੋਂ ਆਟਾ ਪਿਹਾ ਲਿਆ; ਕੋਈ ਕਹਿੰਦਾ- ਗਫੂਰੇ ਭੌਂਦੂ, ਮੇਰੇ ਸਿਰ 'ਚੋਂ ਜੂਆਂ ਕੱਢ ਦੇ, ਤੇ ਕੋਈ ਉਹਤੋਂ ਲੱਤਾਂ ਘੁਟਵਾਉਂਦਾ। ਮਾਂ ਉਹਨੂੰ ਸਭ ਕੁਝ ਕਰਦੇ ਨੂੰ ਦੇਖਦੀ ਪਰ ਬੇਵਸ ਰਹਿੰਦੀ। ਕਦੇ ਕਦੇ ਉਹਨੇ ਇਹਨੂੰ ਕੰਮ ਕਰਨ ਤੋਂ ਵਰਜਿਆ ਵੀ, ਪਰ ਇਹ ਸ਼ਾਇਦ ਐਹੋ ਜਿਹੇ ਕੰਮ ਕਰ ਕੇ ਖੁਸ਼ ਸੀ ਕਿ ਸਕੂਲ ਤੋਂ ਜਾਨ ਛੁੱਟੀ ਹੋਈ ਹੈ।

ਹੌਲੀ ਹੌਲੀ ਮਾਮਲਾ ਛੋਟੇ ਛੋਟੇ ਕੰਮਾਂ ਤੋਂ ਵਧ ਕੇ ਵੱਡੇ ਕੰਮਾਂ ਤੱਕ ਜਾ ਪਹੁੰਚਿਆ। ਲਤੀਫ ਨੇ ਜ਼ਿਮੀਂਦਾਰੇ ਦੀ ਦੇਖਭਾਲ ਤੇ ਮਾਲ-ਡੰਗਰ ਦਾ ਬੋਝ ਵੀ ਇਹਦੇ ਸਿਰ ਮੜ੍ਹ ਦਿੱਤਾ, ਜਿਵੇਂ ਮੁਫਤ ਦਾ ਨੌਕਰ ਲਤੀਫ ਦੇ ਹੱਥ ਆ ਗਿਆ ਹੋਵੇ। ਵੈਸੇ ਲਤੀਫ ਦਾ ਇੱਕ ਮੁੰਡਾ ਮੁਹੰਮਦ ਇਲਿਆਸ ਵੀ ਸੀ ਪਰ ਉਹ ਵੀ ਆਪਣੇ ਹਿੱਸੇ ਦਾ ਕੰਮ ਗਫੂਰੇ ਤੋਂ ਕਰਵਾਉਂਦਾ ਤੇ ਰੋਅਬ ਅੱਡ ਝਾੜਦਾ। ਕਦੇ ਕਦੇ ਬੜੀ ਬੇਦਰਦੀ ਨਾਲ ਕੁੱਟਦਾ ਵੀ। ਪੰਦਰਾਂ ਵਰ੍ਹਿਆਂ ਦਾ ਹੋਇਆ ਸੀ ਕਿ ਮਾਂ ਚੱਲ ਵਸੀ, ਜਿਹਦੇ ਕਰ ਕੇ ਪੰਦਰਾਂ ਵੀਹ ਦਿਨ ਤਾਂ ਲੋਕ ਸਲੀਕੇ ਨਾਲ ਪੇਸ਼ ਆਏ, ਫੇਰ ਉਸ ਤੋਂ ਬਾਅਦ ਖੁੱਲ੍ਹ ਕੇ ਖੇਡਣ ਲੱਗੇ।

ਹੁਣ ਗਫੂਰੇ ਭੌਂਦੂ ਨੂੰ ਦੋ ਹੀ ਕੰਮ ਰਹਿ ਗਏ ਸਨ ਕਿ ਹਰ ਕਿਸੇ ਦਾ ਹੁਕਮ ਮੰਨਣਾ ਅਤੇ ਰੋਟੀ ਖਾ ਕੇ ਮੱਝਾਂ ਵਾਲੇ ਵਾੜੇ ਵਿਚ ਹੀ ਸੌਂ ਜਾਣਾ। ਨੌਕਰ ਚਾਕਰ ਵੀ ਆਪਣਾ ਕੰਮ ਇਸੇ ਤੋਂ ਕਰਵਾਉਣ ਲੱਗੇ। ਐਨਾ ਜ਼ਿਆਦਾ ਆਗਿਆਕਾਰੀ ਹੋਣ ਦੀ ਆਦਤ ਨੇ ਉਹਨੂੰ ਡਰਪੋਕ ਵੀ ਬਣਾ ਦਿੱਤਾ ਸੀ। ਆਪਣਾ ਵਿਚਾਰ ਤੇ ਆਪਣੀ ਸੋਚ ਤਾਂ ਪਹਿਲੇ ਦਿਨ ਤੋਂ ਹੀ ਨਹੀਂ ਸਨ, ਏਥੋਂ ਤੱਕ ਕੇ ਰੋਟੀ ਵੀ ਉਦੋਂ ਖਾਂਦਾ ਜਦੋਂ ਕੋਈ ਉਹਨੂੰ ਕਹਿੰਦਾ। ਕਈ ਵਾਰ ਤਾਂ ਭੁੱਖਾ ਹੀ ਸੌਂ ਜਾਂਦਾ। ਮੱਝਾਂ ਦਾ ਦੁੱਧ ਚੋ ਕੇ ਘਰੇ ਪੁਚਾਉਂਦਾ, ਮਜਾਲ ਐ ਇੱਕ ਤੁਪਕਾ ਵੀ ਕਦੇ ਪੀਤਾ ਹੋਵੇ। ਇਨ੍ਹਾਂ ਖੂਬੀਆਂ ਤੇ ਗੀਦੀਪੁਣੇ ਕਰ ਕੇ ਗਫੂਰੇ ਦਾ ਨਾਂ ਗਫੂਰਾ ਭੌਂਦੂ ਪਿਆ ਸੀ। ਆਪਣੇ ਮਮੇਰੇ ਭਰਾ ਇਲਿਆਸ ਤੋਂ ਤਾਂ ਏਵੇਂ ਡਰਦਾ ਸੀ ਜਿਵੇਂ ਉਹ ਯਮਦੂਤ ਹੋਵੇ। ਹਾਲਾਂਕਿ ਦੋਵੇਂ ਜਣੇ ਇੱਕੋ ਉਮਰ ਦੇ ਸਨ ਪਰ ਗਫੂਰਾ ਉਹਦਾ ਹਰ ਹੁਕਮ ਬਿਨਾ ਚੂੰ ਕੀਤੇ ਮੰਨਦਾ ਸੀ। ਇਨ੍ਹਾਂ ਹਾਲਾਤ ਵਿਚ ਉਹ ਪੱਚੀ ਵਰ੍ਹਿਆਂ ਦਾ ਹੋ ਗਿਆ।

---

ਕਰੀਮਾਂ ਘਰ ਤੋਂ ਬਾਹਰ ਨਿਕਲਦੀ ਤਾਂ ਪਿੰਡ ਵਿਚ ਤੂਫਾਨ ਆ ਜਾਂਦਾ। ਮਰ ਜਾਣੀ ਦੇ ਨੈਣ ਨਕਸ਼ ਇਹੋ ਜਿਹੇ ਸਨ ਕਿ ਕਹਿਰ ਸੀ। ਸਫੈਦ ਕਲੀਆਂ ਦੇ ਗਜਰੇ ਵਾਲਾਂ ਵਿਚ ਟੰਗੀ ਰੱਖਦੀ, ਕਲਾਈਆਂ ਚੂੜੀਆਂ ਨਾਲ ਭਰੀਆਂ ਰਹਿੰਦੀਆਂ ਤੇ ਨੱਕ ਦੀ ਨੱਥ ਤਾਂ ਚੰਦ ਵਰਗੀ ਸੁਹਣੀ ਸੀ। ਸੀ ਤਾਂ ਅਜੇ ਕੁਆਰੀ ਪਰ ਤੌਰ ਤਰੀਕੇ ਸਾਰੇ ਵਿਆਹੀਆਂ ਵਾਲੇ। ਅਜੇ ਦਸਾਂ ਕੁ ਵਰ੍ਹਿਆਂ ਦੀ ਹੋਣੀ ਐ ਕਿ ਪਿਉ ਅਸਮਾਨੀ ਬਿਜਲੀ ਡਿੱਗਣ ਨਾਲ ਸੜ ਕੇ ਚੱਲ ਵਸਿਆ, ਤੇ ਏਸ ਕਰ ਕੇ ਭਤੀਜੀ ਦਾ ਪਾਲਣ ਪੋਸਣ ਵੀ ਲਤੀਫ ਦੇ ਜ਼ਿੰਮੇ ਆ ਪਿਆ। ਪਿਓ ਕਿਉਂਕਿ ਪੰਜਾਹ ਏਕੜ ਛੱਡ ਕੇ ਮਰਿਆ ਸੀ, ਇਸ ਕਰ ਕੇ ਨਖਰੇ ਸਿਰ ਚੜ੍ਹ ਕੇ ਬੋਲਦੇ। ਲਤੀਫ ਤੇ ਇਲਿਆਸ ਤਾਂ ਇੱਕ ਪਾਸੇ, ਇਹਨੇ ਤਾਂ ਕਦੇ ਮਾਂ ਦੀ ਵੀ ਨਹੀਂ ਸੀ ਸੁਣੀ। ਕਦੇ ਕਿਸੇ ਸਹੇਲੀ ਦੇ ਘਰੇ ਚਲੀ ਜਾਂਦੀ ਤੇ ਕਦੇ ਆਪਣੇ ਖੇਤ ਨੂੰ ਸਾਗ ਲੈਣ। ਇਹ ਕੰਮ ਤਾਂ ਸਿਰਫ ਬਹਾਨੇ ਸੀ, ਅਸਲ 'ਚ ਉਸ ਨੇ ਆਪਣੇ ਹੁਸਨ ਦੀ ਮਸ਼ਹੂਰੀ ਕਰਨੀ ਹੁੰਦੀ ਸੀ। ਇਲਿਆਸ ਨੇ ਫੜ੍ਹ ਕੇ ਕਈ ਵਾਰ ਕੁੱਟਿਆ ਬਲਕਿ ਇੱਕ ਦਿਨ ਤਾਂ ਕੁੱਟ ਕੁੱਟ ਕੇ ਅਧਮਰਿਆ ਕਰ ਦਿੱਤਾ ਤੇ ਸਿਰ ਵੀ ਪਾੜ ਛੱਡਿਆ, ਪਰ ਓਧਰ ਓਹੀ ਬੰਸਰੀ ਓਹੀ ਰਾਗ। ਸਾਫ ਕਹਿੰਦੀ, ਮੈਂ ਨਹੀਂ ਕਿਸੇ ਤੋਂ ਦੱਬਣ ਵਾਲੀ, ਜੋ ਜੀ 'ਚ ਆਊ, ਕਰੂੰਗੀ।

ਆਖਿਰ ਇੱਕ ਦਿਨ ਲਤੀਫ ਨੇ ਹਾਜੀ ਸ਼ਰੀਫ ਨਾਲ ਸਲਾਹ ਕਰ ਕੇ ਕਰੀਮਾਂ ਨੂੰ ਗਫੂਰੇ ਭੌਂਦੂ ਨਾਲ ਗੰਢ ਦਿੱਤਾ। ਵਿਚਾਰੀ ਬਹੁਤ ਚੀਕੀ, ਬਈ ਮੈਂ ਕਿਸੇ ਹਾਲਤ ਵਿਚ ਵੀ ਭੌਂਦੂ ਨਾਲ ਵਿਆਹ ਨਹੀਂ ਕਰਨਾ। ਕਰੀਮਾਂ ਦੀ ਮਾਂ ਨੇ ਅੱਡ ਰੌਲਾ ਪਾਇਆ ਕਿ ਇਹ ਜ਼ੁਲਮ ਕਿਉਂ ਕਰਦੇ ਓਂ, ਮੇਰੀ ਧੀ ਨੂੰ ਬੇਵਕੂਫ ਬੁੱਧੂ ਪੱਲੇ ਕਿਉਂ ਬੰਨ ਰਹੇ ਓਂ। ਪਰ ਅਖੀਰ ਫੈਸਲਾ ਉਹੀ ਹੋਇਆ ਜੋ ਲਤੀਫ ਤੇ ਹਾਜੀ ਸ਼ਰੀਫ ਨੇ ਕੀਤਾ। ਤੇ ਠੀਕ ਓਸੇ ਦਿਨ ਇਲਿਆਸ ਦਾ ਵਿਆਹ ਹਾਜੀ ਸ਼ਰੀਫ ਦੀ ਧੀ ਸਮੀਨਾ ਨਾਲ ਪੜ੍ਹਾ ਦਿੱਤਾ ਗਿਆ। ਇਸ ਤਰ੍ਹਾਂ ਨਾਲ ਹਾਜੀ ਸ਼ਰੀਫ ਤੇ ਲਤੀਫ ਹੋਰ ਨੇੜੇ ਦੇ ਸਾਂਝੀਵਾਲ ਬਣ ਗਏ, ਸਾਢੂ ਤਾਂ ਪਹਿਲਾਂ ਹੀ ਸਨ।

ਉਂਜ ਤਾਂ ਕਰੀਮਾਂ ਦਾ ਆਪਣੇ ਪਿਓ ਦੀ ਜਾਇਦਾਦ 'ਤੇ ਹੱਕ ਸੀ ਪਰ ਸਿਰਫ ਕਾਗਜ਼ਾਂ ਦੀ ਹੱਦ ਤੱਕ; ਉਸ ਜਮੀਨ 'ਤੇ ਅਸਲ ਕਬਜ਼ਾ ਇਲਿਆਸ ਤੇ ਲਤੀਫ ਦਾ ਹੀ ਸੀ। ਗਫੂਰਾ ਭੌਂਦੂ ਕਹਿਣ ਨੂੰ ਤਾਂ ਉਨ੍ਹਾਂ ਦਾ ਜਵਾਈ ਸੀ ਪਰ ਅਸਲ ਵਿਚ ਉਸ ਦੀ ਹੈਸੀਅਤ ਅਜੇ ਵੀ ਨੌਕਰਾਂ ਵਾਲੀ ਸੀ। ਕਰੀਮਾਂ ਨੇ ਗਫੂਰੇ ਨਾਲ ਵਿਆਹੀ ਆਉਣ ਤੋਂ ਬਾਅਦ ਪਹਿਲਾਂ ਪਹਿਲਾਂ ਤਾਂ ਕਾਫੀ ਸਿਰ ਚੁੱਕਿਆ ਤੇ ਗਫੂਰੇ ਨਾਲ ਗਾਲੀ ਗਲੋਚ ਵੀ ਕਰਦੀ, ਇਥੋਂ ਤੱਕ ਕੇ ਚਿਮਟੇ ਤੇ ਡੋਲੂ ਨਾਲ ਮੁਰੰਮਤ ਵੀ ਕਰ ਦਿੰਦੀ। ਫੇਰ ਹੌਲੀ ਹੌਲੀ ਸਹਿਜ ਹੋ ਗਈ ਤੇ ਉਹਨੂੰ ਅਹਿਸਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਨੌਕਰ ਨਹੀਂ ਬਲਕਿ ਇਸ ਘਰ ਦਾ ਮਾਲਿਕ ਹੈ ਪਰ ਉਹ ਰਿਹਾ ਭੌਂਦੂ ਦਾ ਭੌਂਦੂ। ਐਨਾ ਗੱਭਰੂ ਹੋਣ ਦੇ ਬਾਵਜੂਦ ਇਲਿਆਸ ਤੋਂ ਬਿਨਾ ਕਿਸੇ ਵਿਰੋਧ ਦੇ ਕੁੱਟ ਖਾਂਦਾ।

ਕਰੀਮਾਂ ਲੱਖ ਰੌਲਾ ਪਾਉਂਦੀ ਕਿ ਆਪਣਾ ਕੰਮ ਕਰ, ਪਰ ਇਹ ਮਾਂ ਦਾ ਪੁੱਤ ਉਨ੍ਹਾਂ ਦੇ ਘਰ ਦਾ ਨੌਕਰ ਰਿਹਾ। ਵਿਆਹ ਹੋਏ ਨੂੰ ਦੋ ਸਾਲ ਹੋ ਗਏ ਪਰ ਭੌਂਦੂ ਨੇ ਅਜੇ ਤੱਕ ਮੱਝਾਂ ਵਾਲਾ ਵਾੜਾ ਨਹੀਂ ਸੀ ਛੱਡਿਆ। ਹੱਥ ਪੈਰ ਹਰ ਵੇਲੇ ਗੋਹੇ ਨਾਲ ਲਿੱਬੜੇ ਰਹਿੰਦੇ। ਕਰੀਮਾਂ ਹਫਤੇ ਦਸੀਂ ਦਿਨੀਂ ਜ਼ਬਰਦਸਤੀ ਨਵ੍ਹਾ ਦਿੰਦੀ। ਜਿੰਨੀ ਉਹ ਸੁਘੜ ਤੇ ਸਜ-ਫਬ ਕੇ ਰਹਿਣ ਵਾਲੀ ਸੀ, ਓਨਾ ਹੀ ਇਹ ਬੁਝਤ ਤੇ ਮੈਲਾ-ਕੁਚੈਲਾ ਰਹਿਣ ਵਾਲਾ ਸੀ। ਕਰੀਮਾਂ ਜਦ ਵੀ ਇਲਿਆਸ ਨੂੰ ਵੇਖਦੀ ਕਿ ਉਹ ਗਫੂਰੇ 'ਤੇ ਹੁਕਮ ਝਾੜ ਰਿਹਾ ਹੈ ਤਾਂ ਉਹ ਸੜ ਕੇ ਸਵਾਹ ਹੋ ਜਾਂਦੀ ਅਤੇ ਸੋਚਦੀ ਕਿ ਰੱਬ ਜਾਣੇ ਮਰ ਜਾਣਿਆਂ ਨੇ ਕੀ ਘੋਲ ਤਵੀਤ ਪਿਆਏ ਨੇ ਕਿ ਐਨਾ ਹੱਟਾ ਕੱਟਾ ਹੋ ਗਿਐ ਪਰ ਬਲਦ ਵਾਂਗੂ ਹੁਕਮ ਮੰਨਦਾ ਰਹਿੰਦੈ।

ਏਸੇ ਤਰ੍ਹਾਂ ਤਿੰਨ ਸਾਲ ਲੰਘ ਗਏ। ਇਲਿਆਸੇ ਦੇ ਘਰ ਦੋ ਬੱਚੇ ਹੋ ਗਏ। ਸਮੀਨਾ ਹਿੱਕ ਤਾਣ ਕੇ ਕਰੀਮਾਂ ਦੇ ਕੋਲ ਦੀ ਲੰਘਦੀ ਤੇ ਗੱਲ-ਗੱਲ 'ਤੇ ਚੋਟ ਕਰ ਜਾਂਦੀ। ਐਧਰ ਇਹ ਖਾਲੀ ਕੁੱਖ, ਅੰਦਰ ਹੀ ਅੰਦਰ ਕੁੜ੍ਹਦੀ ਰਹਿੰਦੀ ਤੇ ਗਫੂਰੇ ਨੂੰ ਕੋਸਦੀ, ਪਰ ਉਹ ਬਰਫ ਵਾਂਗੂੰ ਠੰਢਾ, ਜਿਵੇਂ ਕੋਈ ਰੋਬੋਟ ਕੰਮ ਵਾਸਤੇ ਬਣਾਇਆ ਗਿਆ ਹੋਵੇ। ਕਰੀਮਾਂ ਦੇ ਕੋਲ ਆਉਣੋਂ ਵੀ ਡਰਦਾ ਕਿ ਕਿਤੇ ਕਰੰਟ ਨਾ ਵੱਜ ਜਾਵੇ। ਵਿਚਾਰੀ ਪਿੰਡ ਦੀਆਂ ਬੁੜ੍ਹੀਆਂ ਦੇ ਤਾਅਨੇ ਅੱਡ ਸੁਣਦੀ।

ਫਿਰ ਇਕ ਰਾਤੀਂ ਉਹੀ ਹੋਇਆ ਜੋ ਆਖਿਰ ਹੋਣਾ ਸੀ। ਕਰੀਮਾਂ ਸ਼ਾਕੇ ਨਾਲ ਭੱਜ ਗਈ, ਜੋ ਇਸ ਘਰ ਦਾ ਨੌਕਰ ਸੀ, ਅਤੇ ਚੌਧਰੀਆਂ ਦੀ ਨੱਕ ਵੱਢੀ ਗਈ। ਪਿੰਡ 'ਚ ਗੱਲਾਂ ਹੋਣ ਲੱਗੀਆਂ। ਹਾਜੀ ਲਤੀਫ ਜੋ ਅਜੇ ਦੋ ਮਹੀਨੇ ਪਹਿਲਾਂ ਹੀ ਹੱਜ ਕਰ ਕੇ ਆਇਆ ਸੀ, ਮਸੀਤੇ ਜਾਣ ਤੋਂ ਡਰਨ ਲੱਗਾ। ਇਲਿਆਸੇ ਦੇ ਪੈਰਾਂ ਹੇਠਾਂ ਤਾਂ ਜਿਵੇਂ ਅੰਗਾਰੇ ਆ ਗਏ। ਉਹ ਕਦੇ ਗਫੂਰੇ ਨੂੰ ਕੁੱਟਦਾ ਅਤੇ ਕਦੇ ਕਰੀਮਾਂ ਦੀ ਮਾਂ ਨੂੰ ਕੋਸਦਾ ਕਿ ਉਹਨੇ ਕਿਹੋ ਜਿਹੀ ਡਾਇਣ ਪੈਦਾ ਕੀਤੀ ਜੋ ਘਰ ਦੀ ਇੱਜਤ ਖਾ ਗਈ।

ਏਧਰ ਗਫੂਰੇ ਨੇ ਚੁੱਪ ਸਾਧ ਲਈ। ਉਹ ਕੰਮ ਤਾਂ ਓਸੇ ਤਰ੍ਹਾਂ ਹੀ ਕਰਦਾ ਰਿਹਾ ਪਰ ਵਿਹਾਰ 'ਚ ਬੇਚੈਨੀ ਅਤੇ ਰੁੱਖਾਪਣ ਆ ਗਿਆ। ਹੁਣ ਉਹ ਵਾੜੇ 'ਚ ਰਹਿਣ ਦੀ ਥਾਂ ਘਰੇ ਆ ਜਾਂਦਾ ਅਤੇ ਗਈ ਰਾਤ ਤੱਕ ਚੁੱਲ੍ਹੇ ਦੀ ਠੰਢੀ ਸੁਆਹ ਫਰੋਲਦਾ ਰਹਿੰਦਾ। ਜੇ ਕੋਈ ਬੁਲਾਉਂਦਾ ਤਾਂ ਬਿਲਕੁਲ ਜਵਾਬ ਨਾ ਦਿੰਦਾ। ਉਠ ਕੇ ਅੰਦਰ ਚਲਿਆ ਜਾਂਦਾ ਅਤੇ ਕਰੀਮਾਂ ਦੇ ਕੱਪੜਿਆਂ 'ਚ ਮੂੰਹ ਲੁਕੋ ਕੇ ਰੋਣ ਲੱਗ ਪੈਂਦਾ ਅਤੇ ਵਾਰ ਵਾਰ ਕਰੀਮਾਂ ਦੇ ਸਮਾਨ ਅਤੇ ਚੀਜ਼ਾਂ ਟਟੋਲਦਾ ਤੇ ਫੇਰ ਘਰੋਂ ਚਲਿਆ ਜਾਂਦਾ। ਇਸ ਹਾਲਤ 'ਚ ਕਾਫੀ ਦਿਨ ਲੰਘ ਗਏ। ਹਾਲਤ ਕਮਲੇ ਵਰਗੀ ਹੋ ਗਈ। ਬਿਨਾ ਗੱਲ ਤੋਂ ਡੰਗਰਾਂ ਨੂੰ ਕੁੱਟਣ ਲੱਗ ਜਾਂਦਾ ਅਤੇ ਹੌਲੀ ਹੌਲੀ ਪਤਾ ਨਹੀਂ ਕੀ-ਕੀ ਬੁੜਬੁੜਾਉਂਦਾ।

ਇੱਕ ਪਾਸੇ ਗਫੂਰੇ ਦੀ ਇਹ ਹਾਲਤ ਸੀ,



ਦੂਜੇ ਪਾਸੇ ਇਲਿਆਸੇ ਨੇ ਆਪਣੇ ਸਾਰੇ ਵਸੀਲੇ ਸ਼ਾਕੇ ਤੇ ਕਰੀਮਾਂ ਨੂੰ ਲੱਭਣ 'ਚ ਲਾ ਦਿੱਤੇ। ਉਨ੍ਹਾਂ ਨੂੰ ਇਹੋ ਦੁੱਖ ਸੀ ਕਿ ਕੋਈ ਤੇਲੀ ਉਨ੍ਹਾਂ ਦੀ ਇੱਜਤ ਕਿਵੇਂ ਲੈ ਗਿਆ।

ਆਖਿਰ ਤਿੰਨ ਮਹੀਨੇ ਦੀ ਭੱਜ ਦੌੜ ਤੋਂ ਬਾਅਦ ਦੋਹਾਂ ਦਾ ਪਤਾ ਲੱਗ ਗਿਆ। ਹਵੇਲੀ ਲੱਖਾ ਦੇ ਪਿੰਡ ਦੇਵਾ ਸਿੰਘ ਜੋ ਜ਼ਿਲ੍ਹਾ ਕਸੂਰ ਤੋਂ ਡੇਢ ਸੌ ਮੀਲ ਦੂਰ ਸੀ, ਦੇ ਕਿਸੇ ਚੌਧਰੀ ਕੋਲ ਪਨਾਹ ਲਈ ਹੋਈ ਸੀ। ਛਾਪਾ ਮਾਰਿਆ ਤਾਂ ਸ਼ਾਕਾ ਤੇਲੀ ਤਾਂ ਭੱਜ ਗਿਆ, ਪਰ ਕਰੀਮਾਂ ਫੜ੍ਹੀ ਗਈ। ਉਹ ਉਹਨੂੰ ਘਰ ਲੈ ਆਏ। ਮਾਂ ਨੇ ਕੋਸਿਆ, ਇਲਿਆਸੇ ਨੇ ਕੁੱਟ ਕੁੱਟ ਕੇ ਬਾਹਵਾਂ ਤੋੜ ਦਿੱਤੀਆਂ। ਹਾਜੀ ਲਤੀਫ ਤੇ ਹਾਜੀ ਸ਼ਰੀਫ ਨੇ ਅੱਡ ਸਿਰ 'ਚ ਡਾਂਗਾਂ ਦੇ ਵਾਰ ਕੀਤੇ। ਰਾਤ ਨੂੰ ਕਮਰੇ 'ਚ ਬੰਦ ਕਰ ਕੇ ਜਿੰਦਾ ਲਾ ਦਿੱਤਾ, ਜਿਹਦੀ ਚਾਬੀ ਇਲਿਆਸੇ ਨੇ ਆਪਣੇ ਕੋਲ ਰੱਖ ਲਈ ਅਤੇ ਕਰੀਮਾਂ ਬਾਰੇ ਆਖਰੀ ਫੈਸਲਾ ਕਰਨ ਲੱਗੇ ਕਿ ਹੁਣ ਇਸ ਦਾ ਕੀਤਾ ਕੀ ਜਾਵੇ। ਪੂਰੇ ਪਿੰਡ 'ਚ ਸੰਨਾਟਾ ਪਸਰਿਆ ਹੋਇਆ ਸੀ। ਕਿਸੇ ਬੰਦੇ ਦੀ

**ਪਾਕਿਸਤਾਨੀ ਉਰਦੂ**

**ਕਹਾਣੀ**

ਮਜਾਲ ਨਹੀਂ ਸੀ ਕਿ ਕੋਈ ਗੱਲ ਕਰੇ। ਇਲਿਆਸੇ ਦਾ ਰੋਅਬ ਅਤੇ ਦਬਦਬਾ ਨਾ ਸਿਰਫ ਸਾਰੇ ਘਰ 'ਤੇ ਸੀ ਬਲਕਿ ਪਿੰਡ ਦਾ ਹਰ ਬੰਦਾ ਓਸ ਤੋਂ ਡਰਦਾ ਸੀ। ਹਰ ਕਿਸੇ ਨੂੰ ਪਤਾ ਸੀ ਕਿ ਕੀ ਹੋਣ ਵਾਲਾ ਹੈ।

ਹੁਣ ਜਦੋਂ ਫੈਸਲਾ ਕਰਨ ਬੈਠੇ ਤਾਂ ਹਾਜੀ ਲਤੀਫ, ਹਾਜੀ ਸ਼ਰੀਫ ਤੇ ਇਲਿਆਸੇ ਤੋਂ ਬਿਨਾ ਓਥੇ ਕੋਈ ਨਹੀਂ ਸੀ। ਨਾ ਕਿਸੇ ਨੂੰ ਕੋਈ ਇਜਾਜ਼ਤ ਸੀ ਕਿ ਉਨ੍ਹਾਂ ਨੂੰ ਕੋਈ ਸਲਾਹ ਦੇਵੇ। ਕਰੀਮਾਂ ਦੀ ਮਾਂ ਨੇ ਦੋ ਤਿੰਨ ਵਾਰ ਅੰਦਰ ਆਉਣ ਦੀ ਕੋਸ਼ਿਸ਼ ਕੀਤੀ ਪਰ ਇਲਿਆਸੇ ਦੀ ਘੂਰ ਤੋਂ ਡਰ ਕੇ ਪਿਛਾਂਹ ਮੁੜ ਗਈ।

---

ਰਾਤ ਦੇ ਇਕ ਵਜੇ ਇਲਿਆਸੇ ਨੇ ਗਫੂਰੇ ਭੌਂਦੂ ਨੂੰ ਬੁਲਾਇਆ ਅਤੇ ਕਰੀਮਾਂ ਨੂੰ ਕਮਰੇ ਤੋਂ ਬਾਹਰ ਲਿਆ ਕੇ ਤੁਰ ਪਏ। ਹਾਜੀ ਸ਼ਰੀਫ ਵੀ ਨਾਲ ਸੀ। ਕਰੀਮਾਂ ਦੀ ਮਾਂ ਦੋਹੱਥੜ ਪਿੱਟਣ ਲੱਗੀ ਕਿ ਮੇਰੀ ਧੀ ਨੂੰ ਨਾ ਮਾਰੋ, ਥੋਨੂੰ ਰੱਬ ਦਾ ਵਾਸਤਾ ਹੈ, ਤੇ ਇਲਿਆਸੇ ਦੇ ਹੱਥੋਂ ਕਰੀਮਾਂ ਨੂੰ ਖੋਹਣ ਲੱਗੀ। ਓਸੇ ਹੱਥੋ-ਪਾਈ 'ਚ ਉਹਨੇ ਇਲਿਆਸੇ ਦੀ ਬਾਂਹ 'ਤੇ ਦੰਦੀ ਵੀ ਵੱਢ ਦਿੱਤੀ। ਇਲਿਆਸੇ ਨੇ ਦੋ ਤਿੰਨ ਲੱਫੜ ਆਪਣੀ ਤਾਈ, ਕਰੀਮਾਂ ਦੀ ਮਾਂ ਦੇ ਵੀ ਜੜ ਦਿੱਤੇ। ਵਿਚਾਰੀ ਮੂੰਹ ਭਾਰ ਭੁੰਜੇ ਡਿੱਗ ਪਈ।

ਜਦੋਂ ਕਰੀਮਾਂ ਦੀ ਮਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਇਲਿਆਸੇ ਨੇ ਉਹਨੂੰ ਫੜ੍ਹ ਕੇ ਓਸੇ ਕਮਰੇ 'ਚ ਹੀ ਬੰਦ ਕਰ ਦਿੱਤਾ ਜਿਸ ਵਿਚ ਕਰੀਮਾਂ ਨੂੰ ਕੀਤਾ ਸੀ, ਅਤੇ ਕਰੀਮਾਂ ਨੂੰ ਲੈ ਕੇ ਬਾਹਰ ਵੀਰਾਨੇ 'ਚ ਆ ਗਏ। ਕੁਹਾੜੀ ਤੇ ਕਹੀ ਉਨ੍ਹਾਂ ਦੇ ਕੋਲ ਸੀ। ਇਲਿਆਸ ਨੇ ਕਰੀਮਾਂ ਦੇ ਮੂੰਹ 'ਚ ਕੱਪੜਾ ਤੁੰਨ ਕੇ ਤੇ ਹੱਥ ਪੈਰ ਬੰਨ੍ਹ ਕੇ ਇੱਕ ਪਾਸੇ ਲੰਮੇ ਪਾ ਦਿੱਤਾ ਤੇ ਗਫੂਰੇ ਨੂੰ ਨਾਲ ਲਾ ਕੇ ਟੋਇਆ ਪੁੱਟਣ ਲੱਗਾ। ਹਾਜੀ ਸ਼ਰੀਫ ਬੈਠਾ ਦੇਖਦਾ ਰਿਹਾ, ਜਦੋਂ ਟੋਇਆ ਛੇ ਫੁੱਟ ਡੂੰਘਾ ਪੁੱਟਿਆ ਗਿਆ ਤਾਂ ਇਲਿਆਸੇ ਨੇ ਫੜ੍ਹ ਕੇ ਕਰੀਮਾਂ ਨੂੰ ਅੰਦਰ ਸੁੱਟ ਦਿੱਤਾ ਤੇ ਗਫੂਰੇ ਨੂੰ ਹੁਕਮ ਦਿੱਤਾ ਕਿ ਕਹੀ ਨਾਲ ਉੱਪਰ ਮਿੱਟੀ ਸੁੱਟੇ। ਹਾਜੀ ਸ਼ਰੀਫ ਵੀ ਹੱਥਾਂ ਨਾਲ ਮਿੱਟੀ ਸੁੱਟਣ ਲੱਗਾ। ਕਰੀਮਾਂ ਦੇ ਮੂੰਹ 'ਚ ਕੱਪੜਾ ਤੁੰਨਿਆ ਹੋਇਆ ਸੀ, ਫੇਰ ਵੀ ਉਹ ਵਾਰ ਵਾਰ ਕਦੇ ਇਲਿਆਸੇ, ਕਦੇ ਹਾਜੀ ਸ਼ਰੀਫ ਵੱਲ ਰਹਿਮ ਭਰੀ ਨਜ਼ਰ ਨਾਲ ਦੇਖਦੀ ਰਹੀ, ਜਿਸ ਦਾ ਉਨ੍ਹਾਂ ਉਤੇ ਕੋਈ ਅਸਰ ਨਹੀਂ ਹੋ ਰਿਹਾ ਸੀ ਬਲਕਿ ਹਾਜੀ ਸ਼ਰੀਫ ਹੋਰ ਵੀ ਤੇਜ਼ੀ ਨਾਲ ਮਿੱਟੀ ਸੁੱਟਣ ਲੱਗ ਪਿਆ।

ਗਫੂਰਾ ਵੀ ਹੌਲੀ ਹੌਲੀ ਮਿੱਟੀ ਸੁੱਟਣ ਲੱਗਾ ਪਰ ਇਲਿਆਸੇ ਨੇ ਗਫੂਰੇ ਹੱਥੋਂ ਕਹੀ ਫੜ੍ਹ ਕੇ ਛੇਤੀ ਛੇਤੀ ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ। ਕਰੀਮਾਂ ਦਾ ਚਿਹਰਾ ਮਿੱਟੀ 'ਚ ਲੁਕਣ ਲੱਗਾ ਤਾਂ ਉਸ ਨੇ ਆਖਿਰੀ ਵਾਰ ਰਹਿਮ ਭਰੀਆਂ ਨਜ਼ਰਾਂ ਨਾਲ ਗਫੂਰੇ ਭੌਂਦੂ ਵੱਲ ਵੇਖਿਆ। ਉਸੇ ਵੇਲੇ ਗਫੂਰੇ ਦਾ ਹੱਥ ਕੁਹਾੜੀ 'ਤੇ ਜਾ ਪਿਆ ਤੇ ਇਕੋ ਦਮ ਇਲਿਆਸੇ ਦੇ ਸਿਰ 'ਤੇ ਲੋਹੇ ਦਾ ਪਹਾੜ ਡਿੱਗ ਪਿਆ, ਉਸ ਤੋਂ ਬਾਅਦ ਹਾਜੀ ਸ਼ਰੀਫ ਦੋ ਪੈਰ ਵੀ ਨਾ ਭੱਜ ਸਕਿਆ। ਫੇਰ ਭੌਂਦੂ ਤੇ ਕਰੀਮਾਂ ਨੇ ਰਲ ਕੇ ਇਲਿਆਸੇ ਤੇ ਸ਼ਰੀਫ ਨੂੰ ਓਸ ਟੋਏ 'ਚ ਦਫਨ ਕਰ ਦਿੱਤਾ ਅਤੇ ਰਾਤ ਦੇ ਚਾਰ ਵਜੇ ਤੋਂ ਪਹਿਲਾਂ ਪਿੰਡ ਜੋਧਪੁਰ ਪਿੰਡ ਦੀ ਹੱਦ ਟੱਪ ਗਏ।

## ਗ਼ਜ਼ਲ

ਧੀ ਬਣ ਕੇ ਵੀ ਕੁਝ ਨਾ ਪਾਇਆ
ਮਾਂ ਬਣ ਕੇ ਵੀ ਦਰਦ ਹੰਢਾਇਆ।

ਜਿਉਂ ਜਿਉਂ ਅੱਗ ਦਬਾਈ ਅੰਦਰ
ਭਾਂਬੜ ਮੱਚਿਆ ਦੂਣ ਸਵਾਇਆ।

ਹਰ ਉਸ ਰਿਸ਼ਤੇ ਪੀੜਾਂ ਦਿੱਤੀਆਂ
ਜਿਸ ਰਿਸ਼ਤੇ ਨੂੰ ਸਿਰ 'ਤੇ ਚਾਇਆ।

ਸੱਤ ਸਮੁੰਦਰ ਖਾਰੇ ਹੋ ਗਏ
ਹੜ੍ਹ ਹੰਝੂਆਂ ਦਾ ਜਦੋਂ ਵਗਾਇਆ।

ਵਿਚ ਚੌਰਾਹੇ ਬੁਕਦਾ ਫਿਰਦਾ
ਕੂੜ ਨੇ ਹਰ ਥਾਂ ਡੇਰਾ ਲਾਇਆ।

ਸੱਚ ਸਲੀਬਾਂ ਉਤੇ ਰੋਇਆ
ਝੂਠ ਨੇ ਜਦ ਝੰਡਾ ਲਹਿਰਾਇਆ।

ਹੱਡੀਆਂ ਦਾ ਵਿਚ ਬਾਲਣ ਪਾ ਕੇ
ਤਨ ਤੰਦੂਰ ਰੋਜ਼ ਹੀ ਤਾਇਆ।

ਪੀੜ ਪਰਾਗੇ ਭੁੰਨਦਾ ਭੁੰਨਦਾ
ਥੱਕ ਗਿਆ ਏ ਹੁਣ ਮੇਰਾ ਸਾਇਆ।

ਏਤੀ ਮਾਰ ਪਈ ਕਰਲਾਣੇ
ਫਿਰ ਵੀ ਤੈਨੂੰ ਦਰਦ ਨਾ ਆਇਆ।

ਕਿੰਜ 'ਸੁਰਜੀਤ' ਸੁਰਖਰੂ ਹੋਵਾਂ
ਕਿਸੇ ਵੀ ਮੈਨੂੰ ਨਾ ਸਮਝਾਇਆ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਸੁਹੱਪਣ-ਸੁਗੰਧ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਿੱਟੀ ਦੀ ਗੱਲ ਕਰਦਿਆਂ ਰੁਦਨ ਪ੍ਰਗਟਾਇਆ ਸੀ ਕਿ ਮਿੱਟੀ ਜਦ ਬੰਬਾਂ ਦੇ ਧੂੰਏਂ ਵਿਚ ਸਾਹ ਲੈਣ ਤੋਂ ਆਤੁਰ ਹੋ ਜਾਵੇ। ਰਸਾਇਣਕ ਹਥਿਆਰਾਂ ਕਾਰਨ ਨੈਣਾਂ ਦੀ ਜੋਤ ਗਵਾਵੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੁਹੱਪਣ ਦੀ ਵਿਆਖਿਆ ਕੀਤੀ ਹੈ ਕਿ ਸੁਹੱਪਣ, ਮਨੁੱਖ ਦਾ ਸਭ ਤੋਂ ਉਤਮ ਅਤੇ ਸੁੱਚਮ ਗਹਿਣਾ, ਜਿਸ ਨੇ ਸਦੀਵ ਰਹਿਣਾ। ਉਹ ਕਹਿੰਦੇ ਹਨ, "ਸੁਹੱਪਣ, ਸਾਦਗੀ ਵਿਚੋਂ ਵੀ ਡੁੱਲ ਡੁੱਲ ਪੈਂਦਾ। ਗਰੀਬੀ ਵਿਚੋਂ ਬਾਹਰ ਨੂੰ ਛਲਕਦਾ। ਲੀਰਾਂ ਵਿਚੋਂ ਵੀ ਪ੍ਰਗਟ ਹੋ ਜਾਂਦਾ।...ਸੁਹੱਪਣ, ਪੀਰਾਂ ਦੇ ਪੈਗਾਮ, ਗੁਰੂਆਂ ਦੇ ਬਚਨਾਂ, ਫੱਕਰਾਂ ਦੀ ਫਕੀਰੀ ਅਤੇ ਸਾਧੂਆਂ ਦੀ ਅਲਮਸਤੀ ਵਿਚੋਂ ਵੀ ਚਾਨਣ-ਕਾਤਰਾਂ ਦੇ ਰੂਪ ਵਿਚ ਪ੍ਰਗਟਦਾ। ਸਿਰਫ ਸੁਣਨ ਵਾਲੇ ਕੰਨ ਅਤੇ ਦੇਖਣ ਵਾਲੀ ਅੱਖ ਦੀ ਲੋੜ ਹੁੰਦੀ।" ਸਰੀਰਕ ਸੁਹੱਪਣ ਦੀ ਆਪਣੀ ਖਿੱਚ ਹੈ ਪਰ ਜੇ ਸੁਹੱਪਣ ਨਿਰਾ ਸਰੀਰਕ ਹੋਵੇ ਤਾਂ ਬੇਅਰਥਾ ਕਿਉਂਕਿ ਸਰੀਰ ਮਿੱਟੀ ਦਾ ਪੁਤਲਾ ਜਿਸ ਨੇ ਮਿੱਟੀ ਸੰਗ ਮਿੱਟੀ ਹੋਣਾ। ਪਰ ਰੂਹ ਦਾ ਸੁਹੱਪਣ ਸਦਾ ਚਿਰੰਜੀਵ। ਡਾ. ਭੰਡਾਲ ਜੋਰ ਦੇ ਕੇ ਕਹਿੰਦੇ ਹਨ ਕਿ ਅਸਲ ਸੁਹੱਪਣ ਤਾਂ ਆਤਮਕ ਸੁਹੱਪਣ ਹੀ ਹੁੰਦਾ ਹੈ। -ਸੰਪਾਦਕ**

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੁਹੱਪਣ, ਦਿੱਖ ਦਾ ਦ੍ਰਿਸ਼ਟੀਕੋਣ, ਨਜ਼ਰੀਏ ਦਾ ਨਿਰੀਖਣ, ਸੋਚ ਦੀ ਸੰਵੇਦਨਾ ਅਤੇ ਮਨ ਵਿਚਲੀ ਦਿੱਬ-ਭਾਵਨਾ ਦਾ ਸਰੂਪ।

ਸੁਹੱਪਣ, ਸੁੰਦਰਤਾ ਦਾ ਪੈਮਾਨਾ, ਸੀਰਤ ਦਾ ਸਰੋਤ, ਸੰਗ ਵਿਚਲੀ ਸੰਜੀਦਗੀ ਅਤੇ ਸੁਹਜ ਵਿਚਲਾ ਸਮਰਪਣ।

ਸੁਹੱਪਣ, ਨੈਣਾਂ 'ਚੋਂ ਝਰਦੀ ਹਯਾ, ਕਾਰਜ-ਪੁਖਤਗੀ ਦਾ ਪ੍ਰਮਾਣ, ਜੀਵਨ-ਜਾਚ ਦੀ ਸੰਪੂਰਨਤਾ ਅਤੇ ਵਿਹਾਰ ਵਿਚਲੀ ਪਾਕੀਜ਼ਗੀ।

ਸੁਹੱਪਣ, ਫਰਜ਼ਾਂ ਪ੍ਰਤੀ ਪ੍ਰਤੀਬੱਧਤਾ, ਅਸੂਲਾਂ 'ਤੇ ਪਹਿਰੇਦਾਰੀ, ਜਿੰਮੇਵਾਰੀਆਂ ਪ੍ਰਤੀ ਸਿਦਕਦਿਲੀ ਅਤੇ ਦੇਣਦਾਰੀਆਂ ਪ੍ਰਤੀ ਵਚਨਬੱਧਤਾ।

ਸੁਹੱਪਣ, ਸਾਦਗੀ 'ਚ ਲਿਪਟਿਆ ਸੁਹਜ, ਸਪੱਸ਼ਟਤਾ 'ਚੋਂ ਝਲਕਦੀ ਪਾਦਰਸ਼ਤਾ ਅਤੇ ਸੂਖਮਤਾ 'ਚੋਂ ਝਲਕਦਾ ਸੁਖਨ-ਸਰੂਪ।

ਸੁਹੱਪਣ, ਮਨੁੱਖ ਦਾ ਸਭ ਤੋਂ ਉਤਮ ਅਤੇ ਸੁੱਚਮ ਗਹਿਣਾ, ਜਿਸ ਨੇ ਸਦੀਵ ਰਹਿਣਾ। ਇਸ ਦੀਆਂ ਪੈੜਾਂ ਵਿਚ ਵਕਤ ਦੀਆਂ ਤਦਬੀਰਾਂ ਦਾ ਉਕਰੇ ਜਾਣਾ।

ਸੁਹੱਪਣ, ਸਰੀਰਕ, ਮਾਨਸਿਕ, ਵਿਹਾਰਕ, ਆਤਮਕ ਅਤੇ ਸਹਿਜ ਵਿਚੋਂ ਖੁਦ ਨੂੰ ਪਰਿਭਾਸ਼ਤ ਅਤੇ ਵਿਸਥਾਰਤ ਕਰਦਾ। ਸਰੀਰਕ ਸੁੰਦਰਤਾ ਥੋੜ੍ਹ ਚਿਰੀ ਪਰ ਮਨ-ਲੁਭਾਊ। ਇਸ ਦੀ ਤਿਲਕਣਬਾਜੀ ਵਿਚ ਗਰਕ ਜਾਂਦੀਆਂ ਨੇ ਮਾਸੂਮ ਜਿੰਦਾਂ। ਇਸ ਦੀ ਸ਼ਫਾਫਤ 'ਤੇ ਪਿਆ ਇਕ ਵੀ ਛਿੱਟਾ ਸਰੀਰਕ ਸੁਹੱਪਣ ਨੂੰ ਗੰਧਲਾ ਕਰ ਜਾਂਦਾ। ਪਰ ਸਭ ਤੋਂ ਸਦੀਵ ਹੁੰਦੀ ਮਾਨਸਿਕ ਤੇ ਆਤਮਕ ਸੁਹੱਪਣ ਦੀ ਪਰਵਾਜ਼, ਜੋ ਹਮੇਸ਼ਾ ਉਚੀਆਂ ਬੁਲੰਦੀਆਂ ਛੂੰਹਦੀ। ਸਹਿਜ ਸੁਹੱਪਣ, ਜੀਵਨ-ਜਾਚ ਨੂੰ ਨਵੇਂ ਦਿਸਹੱਦਿਆਂ ਦਾ ਨਾਮਕਰਨ ਦਿੰਦਾ।

ਸੁਹੱਪਣ, ਆਤਮਕ ਬੁਲੰਦੀ ਦਾ ਸਿਖਰ, ਮਾਨਸਿਕ ਹੁਲਾਰ ਦਾ ਅੰਬਰੀ ਅਹਿਸਾਸ ਅਤੇ ਕਿਰਤ-ਕਾਮਨਾ ਦਾ ਕਰਮਯੋਗ।

ਸੁਹੱਪਣ, ਕੁਦਰਤ ਦੀ ਅਜ਼ੀਮ ਨਿਆਮਤ। ਵਰਸੋਈਆਂ ਦਾਤਾਂ ਵਿਚੋਂ ਸਭ ਤੋਂ ਅਮੁੱਲ ਤੇ ਅਤੁੱਲ। ਕੁਦਰਤ, ਅਸੀਮ ਰੂਪ ਵਿਚ ਇਸ ਦੀ ਲਬਰੇਜ਼ਤਾ 'ਚ ਰੰਗੀ।

ਸੁਹੱਪਣ, ਸਾਡੇ ਆਲੇ-ਦੁਆਲੇ ਬਹੁਲਾਤ ਵਿਚ ਪਸਰਿਆ। ਇਸ ਦੀ ਅਸੀਮਤਾ ਤੇ ਅਮੀਰੀ ਨੂੰ ਜਾਚਣ, ਅੰਤਰੀਵ 'ਚ ਵਸਾਉਣ ਅਤੇ ਇਸ ਸੰਗ ਸੰਵਾਦ ਰਚਾਉਣ ਦੀ ਜੁਗਤ ਵਾਲੇ ਹੀ ਇਸ ਦੇ ਸੰਗ ਨੂੰ ਮਾਣ, ਇਸ ਦੀ ਉਚਮਤਾ ਦਾ ਲਾਹਾ ਲੈਂਦੇ।

ਸੁਹੱਪਣ, ਬਿਰਖ-ਬੂਟਿਆਂ, ਕੋਮਲ ਪੱਤੀਆਂ, ਕਰੂੰਬਲਾਂ, ਫੁੱਲ ਬਣਨਾ ਲੋਚਦੀ ਡੋਡੀ, ਫੁੱਲਾਂ ਦੀ ਰੰਗ-ਆਭਾ ਤੇ ਮਹਿਕ ਵਿਚ ਸਮੋਇਆ ਹੁੰਦਾ। ਮਨੁੱਖੀ ਬੇਧਿਆਨੀ, ਇਸ ਨੂੰ ਵਾਚਣ ਅਤੇ ਮਾਣਨ ਤੋਂ ਵਿਰਵੀ।

ਸੁਹੱਪਣ, ਪਰਿੰਦਿਆਂ ਦੀ ਦੁਨੀਆਂ 'ਚ ਜੀਵੰਤ। ਕਦੇ ਕੂੰਜਾਂ ਦੀਆਂ ਡਾਰਾਂ, ਨਿੱਕੇ ਨਿੱਕੇ ਬੋਟਾਂ, ਪੰਛੀ-ਪਰਾਂ 'ਤੇ ਕੁਦਰਤੀ ਮੀਨਾਕਾਰੀ, ਜਾਨਵਰਾਂ ਦੇ ਪਿੰਡਿਆਂ 'ਤੇ ਕੁਦਰਤੀ ਖਾ-ਨਿਕਾਸ਼ੀ ਆਦਿ ਦੇ ਦੀਦਿਆਂ ਵਿਚ ਝਾਕਣਾ ਅਤੇ ਇਨ੍ਹਾਂ ਦੀ ਰੂਹਾਨੀਅਤ ਵਿਚੋਂ ਉਪਜੀ ਸੁੱਚੀ ਭਾਵਨਾ ਨੂੰ ਪੜ੍ਹਨਾ ਤੁਹਾਡੇ ਸਾਹਵੇਂ ਸ਼ੁੱਧ ਸੁਹੱਪਣ ਦਾ ਵਿਸ਼ਾਲ ਸਮੁੰਦਰ ਦ੍ਰਿਸ਼ਟਮਾਨ ਹੋਵੇਗਾ।

ਸੁਹੱਪਣ, ਤੁਹਾਡੀ ਲਿਖਤ ਵਿਚੋਂ ਡੁੱਲਦਾ ਤਾਂ ਪਾਠਕ ਦੀ ਰੂਹ ਸ਼ਰਸ਼ਾਰੀ ਜਾਂਦੀ। ਕਿਸੇ ਖਾਸ ਕਿਰਤ ਦੇ ਭਾਗੀਂ ਬਹੁੜਦਾ ਤਾਂ ਦੇਖਣ ਵਾਲੇ ਦੀ ਅੱਖ ਵਿਚ ਅਸੀਮ ਸਕੂਨ ਦੀ ਛਹਿਬਰ ਲੱਗ ਜਾਂਦੀ। ਬੋਲਾਂ ਵਿਚੋਂ ਪ੍ਰਗਟ ਹੁੰਦਾ ਤਾਂ ਅਮਿਉਂ ਰਸ ਬਣ ਜਾਂਦਾ। ਜਦ ਇਹ ਕਿਸੇ ਅਗੰਮੀ ਚੁੱਪ ਦਾ ਰੂਪ ਧਾਰ ਚੌਗਿਰਦੇ ਵਿਚ ਇਲਹਾਮੀ ਪਸਾਰ ਸਿਰਜਦਾ ਤਾਂ ਫਿਜ਼ਾ 'ਚ ਰੂਹ-ਰਵਾਨਗੀ ਮੌਲਦੀ।

ਸੁਹੱਪਣ, ਬਾਰਸ਼-ਬੂੰਦਾਂ ਦੇ ਸੰਗੀਤ ਦਾ ਆਧਾਰ, ਹਵਾ ਦੀ ਰੁਮਕਣੀ ਵਿਚਲਾ ਸੰਸਾਰ, ਬੱਦਲਾਂ 'ਚ ਸਿਰਜੇ ਵੱਖ-ਵੱਖ ਆਕਾਰ, ਤਿੱਤਰ-ਖੰਭੀ ਵਿਚੋਂ ਪੈਂਦੀ ਧੁੱਪ ਦੀ ਲਿਸ਼ਕੋਰ, ਮੋਰਾਂ ਦੀ ਲੋਰ ਤੇ ਬੱਦਲ ਗਰਜਣੀ ਦੀ ਘਣਘੋਰ। ਅੰਬਰ 'ਤੇ ਛਾਈ ਸਤਰੰਗੀ ਵਿਚੋਂ ਪ੍ਰਗਟਦੇ ਰੰਗਾਂ ਦੇ ਅਲੋਕਾਰੀ ਦ੍ਰਿਸ਼ ਨੂੰ ਜੀਵਨੀ ਤਰਕ-ਸੰਗਤਾਂ ਨਾਲ ਜੋੜਨਾ, ਤੁਹਾਨੂੰ ਜੀਵਨੀ ਰੰਗਾਂ ਦੇ ਅਰਥ ਸਮਝ ਆ ਜਾਣਗੇ। ਤੁਸੀਂ ਕਿਹੜੇ ਰੰਗਾਂ ਨਾਲ ਸਾਂਝ ਪਾਉਣੀ, ਜੀਵਨ-ਸ਼ੈਲੀ ਨਾਲ ਕਿਹੜੇ ਰੰਗਾਂ ਨੂੰ ਮਿਟਾਉਣਾ ਅਤੇ ਕਿਨ੍ਹਾਂ ਨੂੰ ਉਘਾੜਨਾ, ਇਹ ਮਨੁੱਖੀ ਮਨ ਦੀ ਤਾਸੀਰ 'ਤੇ ਨਿਰਭਰ।

ਸੁਹੱਪਣ ਦੇ ਅਰਥ ਸਭ ਲਈ ਵਿਭਿੰਨ। ਹਰੇਕ ਦਾ ਆਪੋ-ਆਪਣਾ ਨਜ਼ਰੀਆ, ਆਪੋ-ਆਪਣੀ ਦ੍ਰਿਸ਼ਟੀ, ਦ੍ਰਿਸ਼ਟਮਾਨ ਹੁੰਦੇ ਆਕਾਰ, ਸੋਚ ਵਿਚਲਾ ਸਰੋਕਾਰ ਅਤੇ ਇਨ੍ਹਾਂ ਵਿਚੋਂ ਹੀ ਹੁੰਦਾ ਸੁਹੱਪਣ ਦਾ ਵਿਸਥਾਰ। ਕਿਸੇ ਲਈ ਕੁਹਜ ਵਿਚੋਂ ਵੀ ਸੁਹਜ ਦਾ ਝਲਕਾਰਾ। ਕਿਸੇ ਲਈ ਸਹਿਜ, ਕੋਹਜ ਬਣ ਜਾਂਦਾ। ਕਿਸੇ ਲਈ ਲੈਲਾ ਕਾਲੀ ਹੋ ਸਕਦੀ ਪਰ ਮਜਨੂੰ ਦੀ ਅੱਖ ਵਿਚੋਂ ਲੈਲਾ ਦੁਨੀਆਂ ਦਾ ਸਭ ਤੋਂ ਹੁਸੀਨ ਔਰਤ ਹੈ। 'ਕੇਰਾਂ ਘਰ ਬਣਾਉਂਦੇ ਸਮੇਂ ਥੰਮ 'ਤੇ ਲਗ ਰਹੇ ਪੱਥਰ ਨੂੰ ਦੇਖ ਕੇ, ਪੱਥਰ-ਕਾਮੇ ਦਾ ਕਹਿਣਾ ਸੀ ਕਿ ਇਹ ਤਾਂ ਇਉਂ ਲੱਗਦਾ ਜਿਵੇਂ ਚਿੱਟੀ ਚਾਦਰ 'ਤੇ ਮੱਖੀਆਂ ਬੈਠੀਆਂ ਹੋਣ। ਪਰ ਜਦ ਇਸ ਬਾਰੇ ਠੇਕੇਦਾਰ ਨਾਲ ਗੱਲ ਹੋਈ ਤਾਂ ਕਹਿਣ ਲੱਗਾ ਕਿ ਇਹ ਤਾਂ ਇਉਂ ਹੈ ਜਿਵੇਂ ਬਰਫੀ 'ਤੇ ਪਿਸਤਾ ਲੱਗਾ ਹੋਵੇ। ਪੱਥਰ ਤਾਂ ਉਹੀ ਸੀ, ਸਿਰਫ ਦੇਖਣ ਵਾਲੀ ਅੱਖ ਦਾ ਫਰਕ ਜੱਗ-ਜਾਹਰ ਸੀ।

ਸੁਹੱਪਣ ਨੂੰ ਕਿਹੜੇ ਯੰਤਰ ਤੇ ਪੈਮਾਨੇ ਨਾਲ ਮਿਣੋਗੇ? ਕਿਵੇਂ ਇਸ ਦੀ ਅਸੀਮਤਾ ਬਿਆਨ ਕਰੋਗੇ? ਕਿਵੇਂ ਇਸ ਦੀ ਸੁੰਦਰਤਾ ਨੂੰ ਹਰਫਾਂ ਦੇ ਮੇਚ ਕਰੋਗੇ? ਕਿਵੇਂ ਅਧੂਰੇ ਬੋਲ ਸੁੰਦਰਤਾ ਸਾਹਵੇਂ ਸਾਵੇਂ ਹੋਣਗੇ? ਹਰਫ ਜਾਂ ਬੋਲ ਬੌਣੇ ਹੋ ਸਕਦੇ ਪਰ ਸੁਹੱਪਣ ਕਦੇ ਵੀ ਬੌਣਾ ਨਹੀਂ ਹੁੰਦਾ। ਇਸ ਨੂੰ ਤੁਸੀਂ ਹੀਣਾ ਕਰ ਹੀ ਨਹੀਂ ਸਕਦੇ।

ਸੁਹੱਪਣ, ਸਾਦਗੀ ਵਿਚੋਂ ਵੀ ਡੁੱਲ ਡੁੱਲ ਪੈਂਦਾ। ਗਰੀਬੀ ਵਿਚੋਂ ਬਾਹਰ ਨੂੰ ਛਲਕਦਾ। ਲੀਰਾਂ ਵਿਚੋਂ ਵੀ ਪ੍ਰਗਟ ਹੋ ਜਾਂਦਾ। ਸਾਡੀ ਨੀਅਤ ਤੇ ਨਜ਼ਰ ਵਿਚ ਅਸਾਵਾਂਪਣ ਨਾ ਹੋਵੇ ਤਾਂ ਸੁਹੱਪਣ ਦੀ ਬੇਲਾਗਤਾ ਤੇ ਬੇਨਿਆਜ਼ਤਾ ਬੇਨਜ਼ੀਰ ਹੁੰਦੀ।

ਸੁਹੱਪਣ, ਸੁਪਨਿਆਂ ਦੀ ਸੰਦਲੀ ਰੰਗਤ, ਖੁਆਬਾਂ ਵਿਚ ਆਉਂਦੇ ਬਹਿਸ਼ਤੀ ਨਜ਼ਾਰਿਆਂ ਦੀਆਂ ਬਰਕਤਾਂ ਅਤੇ ਸੰਧੂਰੀ ਸਾਂਝ ਸਦਕਾ ਨਿੰਦਰਾਏ ਨੈਣਾਂ ਨੂੰ ਮਿਲੇ ਸਕੂਨ ਦਾ ਸੁਗਮ ਤੇ ਸਾਰਥਕ ਸੁਨੇਹਾ।

ਸੁਹੱਪਣ ਸਮਿਆਂ ਦੇ ਵਰਕੇ 'ਤੇ ਸਦੀਵੀ ਪ੍ਰਮਾਣ ਬਣਦਾ ਜਦ ਇਹ ਤਹਿਜ਼ੀਬ ਨੂੰ ਨਵੇਂ ਦਿਸਹੱਦੇ ਬਖਸ਼ਣ ਵਾਲਾ ਕਰਮ ਅਤੇ ਤਹਿਰੀਕ ਨੂੰ ਨਵੀਆਂ ਦਿਸ਼ਾਵਾਂ ਦੇਣ ਵਾਲਾ ਧਰਮ ਹੁੰਦਾ।

ਸੁਹੱਪਣ, ਪੀਰਾਂ ਦੇ ਪੈਗਾਮ, ਗੁਰੂਆਂ ਦੇ ਬਚਨਾਂ, ਫੱਕਰਾਂ ਦੀ ਫਕੀਰੀ ਅਤੇ ਸਾਧੂਆਂ ਦੀ ਅਲਮਸਤੀ ਵਿਚੋਂ ਵੀ ਚਾਨਣ-ਕਾਤਰਾਂ ਦੇ ਰੂਪ



ਵਿਚ ਪ੍ਰਗਟਦਾ। ਸਿਰਫ ਸੁਣਨ ਵਾਲੇ ਕੰਨ ਅਤੇ ਦੇਖਣ ਵਾਲੀ ਅੱਖ ਦੀ ਲੋੜ ਹੁੰਦੀ।

ਸੁਹੱਪਣ, ਅੰਤਰੀਵ ਨਾਲ ਰਚਾਏ ਸੰਵਾਦ ਦਾ ਹਾਣੀ, ਖੁਦ ਵਿਚੋਂ ਖੁਦਾਈ ਦੇ ਇਲਹਾਮ ਦੀ ਕਹਾਣੀ, ਨਿੱਜ ਤੋਂ ਪਾਰ ਜਾਣ ਦਾ ਮਾਰਗ ਅਤੇ ਸਵੈ ਤੋਂ ਸਮਰਪਣ ਦੀ ਸਫਰ-ਸਾਰਣੀ।

ਸੁਹੱਪਣ, ਸਦਾ ਹੀ ਪ੍ਰਸ਼ੰਸਾ ਦਾ ਹੱਕਦਾਰ। ਨਿੰਦਿਆ ਕਾਰਨ ਸੁਹੱਪਣ ਦਾ ਚਿਹਰਾ ਮਸੋਸਿਆ ਜਾਂਦਾ। ਇਸ ਦੀ ਆਭਾ 'ਚ ਫੱਤਣ ਆਉਂਦੀ ਅਤੇ ਇਸ ਦੇ ਨਿਖਾਰ ਨੂੰ ਗ੍ਰਹਿਣ ਲੱਗਦਾ।

ਸੁਹੱਪਣ, ਸੋਹਣੇ ਮਨ ਦੀ ਮਮਟੀ, ਸਫਾਫ ਸੋਚ ਦਾ ਸਰਵਰ, ਮੋਹਵੰਤੀਆਂ ਬੋਲ-ਤਰੰਗਾਂ ਵਿਚਲੀ ਰੂਹ-ਬਾਣੀ ਅਤੇ ਕਿਰਤ-ਕਾਮਨਾ ਵਿਚਲੀ ਕੀਰਤੀ।

ਸੁਹੱਪਣ, ਸਮੇਂ ਦੀ ਸੀਮਾ ਤੋਂ ਪਾਰ, ਕਾਲ ਮੁਕਤ, ਵਕਤ ਦੀਆਂ ਵਾਗਾਂ ਤੋਂ ਬੇਫਿਕਰ ਅਤੇ ਖੁਦ ਦੀ ਤੋਰ ਤੇ ਰਵਾਨਗੀ ਵਿਚੋਂ ਹੀ ਖੁਦ ਦੀ ਪਛਾਣ ਸਿਰਜਦਾ।

ਸੁਹੱਪਣ, ਬੱਚੇ ਦੀਆਂ ਤੋਤਲੀਆਂ ਗੱਲਾਂ, ਉਸ ਦੀ ਹਰ ਹਰਕਤ ਵਿਚਲੀ ਮਾਸੂਮੀਅਤ, ਉਸ ਦੇ ਹਰ ਬੋਲ ਵਿਚਲੀ ਸ਼ਫਾਫਤ ਅਤੇ ਉਸ ਦੀ ਰੂਹ 'ਚ ਵੱਸਦੀ ਪਾਕੀਜ਼ਗੀ ਦਾ ਸੂਹਾ ਰੰਗ।

ਸੁਹੱਪਣ, ਪਲ 'ਚ ਨਹੀਂ ਸਿਰਜਿਆ ਜਾਂਦਾ। ਸਦੀਵ ਸੁਹੱਪਣ ਲਈ ਉਮਰਾਂ ਦੀ ਪੂੰਜੀ, ਕਰਮਯੋਗਤਾ ਦੀ ਭਰੀ-ਭੁਕੰਨੀ ਝੋਲ, ਹਰਫਾਂ ਵਿਚਲੀ ਅਬੋਲਤਾ ਅਤੇ ਬੋਲਾਂ ਵਿਚਲੀ ਚੁੱਪ-ਸਾਧਨਾ ਦੀ ਅਤਿਅੰਤ ਲੋੜ। ਛਿੰਨ-ਭੰਗਰੀ ਸੁੰਦਰਤਾ ਪਲ ਭਰ ਵਿਚ ਹੀ ਭਸਮ ਹੋ ਜਾਂਦੀ।

ਸੁਹੱਪਣ, ਵਰਕੇ 'ਤੇ ਉਤਰਨ ਤੋਂ ਮੁਨਕਰ, ਬੋਲਾਂ ਵਿਚ ਸਮਾਉਣ ਤੋਂ ਆਕੀ, ਹਰਫਾਂ ਦੇ ਅਰਥ ਵੀ ਨਾ-ਕਾਫੀ ਅਤੇ ਦਵਾਤ ਦੀ ਸਿਆਹੀ ਤੇ ਖਮਾਂ ਦਾ ਖਮਨਾਮਾ ਵੀ ਇਸ ਤੋਂ ਹੀਣਾ।

ਸੁਹੱਪਣ, ਖੁਦ ਦਾ ਸੁਹੱਪਣੀ ਪ੍ਰਗਟਾਅ, ਖੁਦ ਵਿਚੋਂ ਉਦੈ ਹੁੰਦੀ ਤਾਰਿਆਂ ਦੀ ਲੋਅ ਅਤੇ ਖੁਦ ਵਿਚੋਂ ਹੀ ਨਿਵੇਕਲੇ ਰਾਹ ਸਿਰਜਣ ਦੀ ਖੋਹ।

ਸੁਹੱਪਣ, ਨਹੀਂ ਕਿਸੇ ਫਰੇਮ ਦਾ ਮੁਹਤਾਜ, ਦਾਇਰਿਆਂ ਤੋਂ ਆਰ-ਪਾਰ ਫੈਲਾਅ ਅਤੇ ਮਨੁੱਖਤਾ ਦੇ ਹਰ ਦੌਰ ਵਿਚ ਵਿਚਰਦਾ ਰਬਾਬੀ ਰਾਗ-ਰੰਗ।

ਸੁਹੱਪਣ, ਨਕਾਬ, ਨਖਰਾ ਨਗਨਤਾ ਅਤੇ ਨੈਣ-ਤਰਾਸ਼ੀ ਨੂੰ ਨਕਾਰੇ। ਕੂੜ, ਕੁਫਰ, ਕਮੀਨਗੀ, ਕਰੂਰਤਾ ਅਤੇ ਕੋਝੇਪਣ ਨੂੰ ਦੁਰਕਾਰੇ।

ਸੁਹੱਪਣ, ਸਾਹਾਂ ਵਿਚ ਸੁਗੰਧੀ ਦੀ ਸੁਗਮਤਾ, ਸਾਹ-ਸੰਵੇਦਨਾ ਦਾ ਸੁੱਚਮ ਅਤੇ ਸਾਹ-ਸਦੀਵਤਾ ਦਾ ਪਹਿਲਾ ਪਾਠ।

ਸੁਹੱਪਣ, ਸਮਾਜਕ ਕਦਰਾਂ ਕੀਮਤਾਂ ਤੇ ਵਿਰਾਸਤੀ ਰਹਿਤਲ ਨੂੰ ਵਿਸਥਾਰੇ। ਵਿਹਾਰਕ, ਵਿਚਾਰਕ ਅਤੇ ਵਿਧੀਵੱਤ ਵਰਤਾਰੇ ਨੂੰ ਨਮਸਕਾਰੇ।

ਸੁਹੱਪਣ, ਕਾਰ-ਵਿਹਾਰ, ਵਿਚਾਰ-ਤਕਰਾਰ, ਰਫਤਾਰ-ਗੁਫਤਾਰ, ਹਾਰ-ਸ਼ਿੰਗਾਰ, ਆਰ-ਪਰਿਵਾਰ, ਸਰੋਕਾਰ ਅਤੇ ਸਦਾਚਾਰ ਦਾ ਵੀ ਆਧਾਰ।

ਸੁਹੱਪਣ, ਸੱਚ, ਸਾਦਗੀ, ਸਿਆਣਪ, ਸੂਖਮਤਾ, ਸਹਿਜ, ਸੰਖੇਪਤਾ, ਸਾਧਨਾ ਅਤੇ ਸਮਰਪਣ ਵਿਚੋਂ ਹੀ ਆਪਣੀ ਧਰਾਤਲ ਸਿਆਣਦਾ।

ਸੁਹੱਪਣ ਸਦੀਵ, ਨਹੀਂ ਏ ਮੌਤ ਦਾ ਮੁਥਾਜ। ਸੋਹਣੇ ਬੰਦਿਆਂ ਦੀਆਂ ਸੋਹਣੀਆਂ ਬਾਤਾਂ, ਕਰਮੀ ਕਰਾਮਾਤਾਂ ਅਤੇ ਸੁਹੰਢਣੀਆਂ ਸਿਆਣਪਾਂ ਮਰਨ ਤੋਂ ਬਾਅਦ ਵੀ ਮਨੁੱਖੀ ਚੇਤਿਆਂ ਵਿਚ ਵੱਸਦੀਆਂ ਰਹਿੰਦੀਆਂ। ਹਰ ਯੁੱਗ ਵਿਚੋਂ ਉਨ੍ਹਾਂ ਦੀਆਂ ਦੇਣਾਂ ਨੂੰ ਨਤਮਸਤਕਤਾ, ਹਰੇਕ ਲਈ ਸ਼ੁਭ-ਕਰਮਨ।

ਸੁਹੱਪਣ ਲੋਕ-ਚੇਤਿਆਂ ਦੀ ਅਮਾਨਤ ਬਣ, ਸਦਾ ਲਈ ਅਮਰ। ਕੁਝ ਤਾਂ ਅਜਿਹਾ ਕਰੀਏ ਕਿ ਅਸੀਂ ਲੋਕ ਚੇਤਨਾ ਦਾ ਹਿੱਸਾ ਬਣ, ਪੈੜਾਂ ਨੂੰ ਨਵੀਂ ਰੰਗਰੇਜ਼ਤਾ ਹੀ ਬਖਸ਼ ਦੇਈਏ।

ਸੁਹੱਪਣ, ਦੇਖਣਾ, ਸੁੰਘਣਾ ਜਾਂ ਸਪੱਰਸ਼ ਕਰਨਾ ਨਹੀਂ ਸਗੋਂ ਇਕ ਅਹਿਸਾਸ ਜੋ ਮਹਿਸੂਸ ਕੀਤਾ ਜਾ ਸਕਦਾ, ਅੰਤਰੀਵ ਵਿਚ ਮਾਣਿਆ ਜਾ ਸਕਦਾ, ਜਿਸ ਦੀਆਂ ਰੂਹਾਨੀ ਤਰੰਗਾਂ ਆਤਮਕ ਸ਼ਰਸ਼ਾਰਤਾ ਦਾ ਸਬੱਬ ਬਣਦੀਆਂ, ਜਿਸ ਦੀ ਕੋਮਲਤਾ ਨੂੰ ਅਭਿੱਜ ਰਹਿ ਕੇ ਪ੍ਰਭਾਵਸ਼ੀਲ ਬਣਾਇਆ ਜਾ ਸਕਦਾ ਅਤੇ ਜੋ ਜਿਉਣ ਦਾ ਸਬੱਬ ਅਤੇ ਮੱਕੇ ਦਾ ਹੱਜ ਹੁੰਦੀ।

ਸੁਹੱਪਣ, ਆਤਮ-ਵਿਸ਼ਵਾਸ ਦਾ ਝਲਕਾਰਾ, ਜ਼ਿੰਦਾਦਿਲੀ ਦਾ ਲਲਕਾਰਾ, ਸਾਥ-ਸੰਗ ਦਾ ਹੁਲਾਰਾ ਅਤੇ ਬੋਲਾਂ ਵਿਚਲੀ ਮਿਠਾਸ ਦਾ ਨਜ਼ਾਰਾ।

ਸੁਹੱਪਣ, ਸਵੈ ਦਾ ਪ੍ਰਗਟਾਵਾ, ਦਲੇਰੀ ਦਾ ਜਲੌਅ, ਸਿਦਕਦਿਲੀ ਦਾ ਪਰਤੌਅ ਅਤੇ ਦ੍ਰਿੜਤਾ ਦੀ ਪੌੜੀ ਜਿਸ ਲਈ ਕੋਈ ਮੰਜ਼ਲ ਅ-ਸਰ ਨਹੀਂ।

ਸੁਹੱਪਣ, ਮਨੁੱਖੀ ਤਾਕਤ, ਸ਼ਖਸੀਅਤ ਦਾ ਸਾਜ਼ਗਾਰ ਸਰੂਪ, ਮਹਿਕਾਂ ਬਿਖੇਰਦੀ ਮਨੁੱਖੀ ਤਾਸੀਰ ਅਤੇ ਆਭਾ ਮੰਡਲ ਸਿਰਜਦਾ ਪ੍ਰਤਾਪ।

ਸੁਹੱਪਣ, ਬਨਾਵਟੀਪਣ ਤੋਂ ਅਲੇਪ, ਪਖੰਡ ਤੋਂ ਨਿਰਲੇਪ ਅਤੇ ਅਸਲੀਅਤ ਦੇ ਨੇੜੇ ਹੋਵੇ ਤਾਂ ਇਸ ਦੀ ਮਿਕਨਾਤੀਸੀ ਖਿੱਚ, ਜੀਵਨ-ਬਹਾਰਾਂ ਲਈ ਨਿਰੰਤਰ ਨਿਉਂਦਾ।

ਸੁਹੱਪਣ, ਖੁਸ਼ੀ ਦਾ ਖਜਾਨਾ, ਹਾਸਿਆਂ ਦੀ ਪਟਾਰੀ, ਮੁਖੜੇ 'ਤੇ ਮੁਸਕਰਾਹਟ-ਫੁੱਲਕਾਰੀ, ਅਦਾ ਵਿਚੋਂ ਝਰਦੀ ਦਿਲਦਾਰੀ ਅਤੇ ਕਰਮ 'ਚੋਂ ਕਿਰਦੀ ਕਿਰਤ-ਖੁਮਾਰੀ।

ਸੁਹੱਪਣ, ਟੁੱਟੇ ਦਿਲਾਂ 'ਤੇ ਮਰਹਮ-ਫੇਹੇ, ਉਦਾਸ ਚੇਤਿਆਂ ਦੀ ਚੰਗੇਰ 'ਚ ਘੁੱਲਿਆ ਚੇਤਰ, ਪੱਤਝੜ ਦੀ ਹਿੱਕ 'ਤੇ ਬਹਾਰਾਂ ਦੀ ਆਮਦ ਅਤੇ ਸੋਕਿਆਂ ਦੇ ਤਨ 'ਤੇ ਰਿਮਝਿਮ ਬਰਸਣੀ।

ਸੁਹੱਪਣ, ਚੜ੍ਹਦੇ ਸੂਰਜ ਦੀ ਲਾਲ ਸੂਹੀ ਟਿੱਕੀ ਅਤੇ ਤਰੇਲ ਤੁਪਕਿਆਂ ਵਿਚ ਬਿਖਰਦੇ ਰੰਗਾਂ ਦਾ ਹੁੰਦਾ। ਸੁਹੱਪਣ, ਡੁੱਬਦੇ ਸੂਰਜ ਦੀ ਲਾਲੀ 'ਚ ਘਰਾਂ ਨੂੰ ਪਰਤਦੇ ਪਰਿੰਦਿਆਂ ਵਿਚ ਵੀ ਪਰਵਾਜ਼ ਭਰਦਾ। ਸੁਹੱਪਣ, ਕਮਰੇ ਦੀ ਖਿੜਕੀ ਵਿਚੋਂ ਆਉਂਦੀ ਧੁੱਪ-ਕਾਤਰ ਵਿਚ ਚਮਕਦੇ 'ਤੇ ਲਟਕਦੇ ਕਣਾਂ ਦੀ ਹਰਕਤ ਹੁੰਦਾ ਜੋ ਜੀਵਨੀ-ਰੰਗ ਤੇ ਰੂਹ-ਰਮਤਾ ਦਾ ਅਚੇਤ ਸੁਨੇਹਾ ਹੁੰਦਾ।

ਸੁਹੱਪਣ, ਪਰਬਤੀ ਟੀਸੀ, ਸਮੁੰਦਰੀ ਲਹਿਰਾਂ ਦੀਆਂ ਉਚੇਰੀਆਂ ਛੱਲਾਂ, ਦਰਿਆਵਾਂ ਵਿਚ ਪੈਦਾ ਹੁੰਦੀਆਂ ਲਹਿਰਾਂ ਅਤੇ ਚੱਪੂਆਂ ਦੀ ਆਵਾਜ਼ ਵਿਚ ਵੀ ਹੁੰਦਾ। ਸਿਰਫ ਅਹਿਸਾਸ ਜਿਉਂਦੇ ਹੋਣੇ ਚਾਹੀਦੇ।

ਸੁਹੱਪਣ, ਬਾਹਰੀ ਤੇ ਅੰਦਰਲੀ ਇਕਸੁਰਤਾ ਤੇ ਇਕਸੀਰਤਾ ਦਾ ਸੁਮੇਲ, ਬੋਲਾਂ ਅਤੇ ਕਰਮਸ਼ੈਲੀ ਵਿਚਲਾ ਸੰਤੁਲਨ, ਦਿੱਖ ਅਤੇ ਦਿੱਭ ਵਿਚਲਾ ਸਾਵਾਂਪਣ, ਹਾਕ ਅਤੇ ਹੁੰਗਾਰੇ ਦੀ ਸਾਂਝੀਵਾਲਤਾ ਅਤੇ ਸਥੂਲ ਤੇ ਅਸਥੂਲ ਅਦਿੱਖ ਦੀਵਾਰ। ਸੁਹੱਪਣ, ਸਾਵੀਂ ਸੋਚ ਦਾ ਪ੍ਰਗਟਾਅ, ਹਲੀਮੀ ਤੇ ਮਧੁਰ ਬੋਲਬਾਣੀ ਦਾ ਪ੍ਰਵਾਹ ਅਤੇ ਪੈੜਚਾਲ ਤੇ ਦਿਸਹੱਦਿਆਂ ਵਿਚਲੀ ਸਿਮਟਦੀ ਦੂਰੀ ਲਈ ਦੁਆ।

ਸੁਹੱਪਣ, ਚਾਰੇ ਪਾਸੇ ਮਹਿਕਾਂ ਬਿਖੇਰਦਾ, ਸਰਬ ਵਿਆਪਕ, ਹਰ ਵੇਲੇ ਹਾਜ਼ਰ-ਨਾਜ਼ਰ। ਸਿਰਫ ਸਰੀਰਕ ਝਰੋਖਿਆਂ ਰਾਹੀਂ ਇਸ ਨੂੰ ਮਹਿਸੂਸ ਕਰਨ ਅਤੇ ਮਾਣਨ ਦੀ ਤਰਕੀਬ ਦਾ ਹੋਣਾ ਜਰੂਰੀ।

ਸੁਹੱਪਣ, ਸੱਜਰੇ ਮੀਂਹ ਦਾ ਪਾਣੀ। ਸੁਹੱਪਣ, ਸਾਹਾਂ-ਰੱਤੀ ਕਹਾਣੀ। ਸੁਹੱਪਣ, ਅੰਬਰੋਂ ਟੁੱਟਿਆ ਤਾਰਾ। ਸੁਹੱਪਣ, ਅੰਬਰੀ ਚਾਨਣ-ਪਸਾਰਾ। ਸੁਹੱਪਣ, ਪੂਰੇ ਚੰਨ ਦੀ ਥਾਲੀ। ਸੁਹੱਪਣ, ਰਿਸ਼ਮਾਂ ਸੰਗ ਭਿਆਲੀ। ਸੁਹੱਪਣ, ਸੰਗ ਦੀ ਮੁੱਖ 'ਤੇ ਲੇਪ। ਸੁਹੱਪਣ, ਨੈਣੀਂ ਹੱਥ ਦੀ ਝੇਪ। ਸੁਹੱਪਣ, ਮਨ-ਮਲੂਕ ਦੀ ਮਹਿੰਦੀ। ਸੁਹੱਪਣ, ਸਦਾ ਪ੍ਰਾਹੁਣੀ ਰਹਿੰਦੀ। ਸੁਹੱਪਣ, ਪੌਣ-ਪਿੰਡੇ 'ਤੇ ਪਿੜੀਆਂ। ਸੁਹੱਪਣ, ਧੁੱਪਾਂ ਵਿਹੜੇ ਖਿੜੀਆਂ।

ਸੁਹੱਪਣ, ਸਰੀਰਕ ਹੋਵੇ ਤਾਂ ਬੇਅਰਥਾ ਕਿਉਂਕਿ ਸਰੀਰ ਮਿੱਟੀ ਦਾ ਪੁਤਲਾ ਜਿਸ ਨੇ ਮਿੱਟੀ ਸੰਗ ਮਿੱਟੀ ਹੋਣਾ। ਪਰ ਰੂਹ ਦਾ ਸੁਹੱਪਣ ਸਦਾ ਚਿਰੰਜੀਵ।

ਸੁਹੱਪਣ, ਨਾ ਹੀ ਸਜਾਵਟੀ ਵਸਤ ਅਤੇ ਨਾ ਹੀ ਇਸ ਦੀ ਪ੍ਰਦਰਸ਼ਨੀ ਲਾਈ ਜਾਂਦੀ। ਇਸ ਨੂੰ ਅੰਤਰੀਵ ਵਿਚ ਉਜਾਗਰ ਅਤੇ ਜਜ਼ਬ ਕਰਨ ਦਾ ਵੱਲ ਆਵੇ ਤਾਂ ਸੁਹੱਪਣ ਸਦੀਵਤਾ ਦੀ ਉਮਰ ਹੰਢਾਵੇ।

ਸੁਹੱਪਣ ਦੀ ਸਾਰਥਕਤਾ, ਸੰਜੀਵਤਾ ਅਤੇ ਸੁਪਨਸ਼ੀਲਤਾ ਨੂੰ ਸੰਵੇਦਨਾ ਬਣਾਉਣਾ। ਤੁਹਾਡੇ ਆਤਮਕ ਆਵੇਸ਼ ਅਤੇ ਜੀਵਨ-ਜਾਚ ਨੂੰ ਜਿਉਣ ਦਾ ਨਵਾਂ ਨਜ਼ਰੀਆ ਮਿਲੇਗਾ।

**ਸੁਹੱਪਣ ਦੇ ਅਰਥ ਸਭ ਲਈ ਵਿਭਿੰਨ। ਹਰੇਕ ਦਾ ਆਪੋ-ਆਪਣਾ ਨਜ਼ਰੀਆ, ਆਪੋ-ਆਪਣੀ ਦ੍ਰਿਸ਼ਟੀ, ਦ੍ਰਿਸ਼ਟਮਾਨ ਹੁੰਦੇ ਆਕਾਰ, ਸੋਚ ਵਿਚਲਾ ਸਰੋਕਾਰ ਅਤੇ ਇਨ੍ਹਾਂ ਵਿਚੋਂ ਹੀ ਹੁੰਦਾ ਸੁਹੱਪਣ ਦਾ ਵਿਸਥਾਰ। ਕਿਸੇ ਲਈ ਕੁਹਜ ਵਿਚੋਂ ਵੀ ਸੁਹਜ ਦਾ ਝਲਕਾਰਾ। ਕਿਸੇ ਲਈ ਸਹਿਜ, ਕੋਹਜ ਬਣ ਜਾਂਦਾ। ਕਿਸੇ ਲਈ ਲੈਲਾ ਕਾਲੀ ਹੋ ਸਕਦੀ ਪਰ ਮਜਨੂੰ ਦੀ ਅੱਖ ਵਿਚੋਂ ਲੈਲਾ ਦੁਨੀਆਂ ਦਾ ਸਭ ਤੋਂ ਹੁਸੀਨ ਔਰਤ ਹੈ। 'ਕੇਰਾਂ ਘਰ ਬਣਾਉਂਦੇ ਸਮੇਂ ਥੰਮ 'ਤੇ ਲਗ ਰਹੇ ਪੱਥਰ ਨੂੰ ਦੇਖ ਕੇ, ਪੱਥਰ-ਕਾਮੇ ਦਾ ਕਹਿਣਾ ਸੀ ਕਿ ਇਹ ਤਾਂ ਇਉਂ ਲੱਗਦਾ ਜਿਵੇਂ ਚਿੱਟੀ ਚਾਦਰ 'ਤੇ ਮੱਖੀਆਂ ਬੈਠੀਆਂ ਹੋਣ। ਪਰ ਜਦ ਇਸ ਬਾਰੇ ਠੇਕੇਦਾਰ ਨਾਲ ਗੱਲ ਹੋਈ ਤਾਂ ਕਹਿਣ ਲੱਗਾ ਕਿ ਇਹ ਤਾਂ ਇਉਂ ਹੈ ਜਿਵੇਂ ਬਰਫੀ 'ਤੇ ਪਿਸਤਾ ਲੱਗਾ ਹੋਵੇ। ਪੱਥਰ ਤਾਂ ਉਹੀ ਸੀ, ਸਿਰਫ ਦੇਖਣ ਵਾਲੀ ਅੱਖ ਦਾ ਫਰਕ ਜੱਗ-ਜਾਹਰ ਸੀ।**

**ਖੇਡ ਜਗਤ**

# ਕਬੱਡੀ ਨੂੰ ਡਰੱਗ ਦੀ ਮਾਰ

***ਕਬੱਡੀ ਨੂੰ ਪੰਜਾਬ ਦੀ ਮਾਂ ਖੇਡ ਆਖ ਕੇ ਵੱਡਾ ਸਤਿਕਾਰ ਦਿੱਤਾ ਜਾਂਦਾ ਹੈ ਪਰ ਪਿਛਲੇ ਕੁਝ ਸਮੇਂ ਅੰਦਰ ਸਿਰਫ ਜਿੱਤ ਦੇ ਮਨੋਰਥ ਨਾਲ ਡਰੱਗ ਦੀ ਵਰਤੋਂ ਹੋਣ ਲੱਗੀ ਹੈ, ਜੋ ਖੇਡਾਂ ਲਈ ਇਕ ਵੱਡਾ ਧੱਬਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਕੀ ਕੀਤਾ ਜਾਵੇ, ਇਸ ਸਬੰਧੀ ਪੰਜਾਬੀ ਦੇ ਨਾਮਵਰ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਇਸ ਲੇਖ ਵਿਚ ਕੁਝ ਸੁਝਾਅ ਦਿੱਤੇ ਹਨ। -ਸੰਪਾਦਕ***

2007 ਵਿਚ ਛਪੀ ਪੁਸਤਕ 'ਕਬੱਡੀ ਕਬੱਡੀ ਕਬੱਡੀ' ਵਿਚ 'ਕਬੱਡੀ ਨੂੰ ਡਰੱਗ ਦਾ ਜੱਫਾ' ਕਾਂਡ ਛਪਣ ਕਾਰਨ ਕਈ ਕਬੱਡੀ ਪ੍ਰਮੋਟਰ ਮੇਰੇ ਨਾਲ ਨਾਰਾਜ਼ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਕਬੱਡੀ ਦਾ ਕੁਮੈਂਟੇਟਰ ਹੋ ਕੇ ਕਬੱਡੀ ਦਾ ਹੀ ਭਾਂਡਾ ਭੰਨ ਰਿਹਾਂ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਤੇ ਅਨੇਕਾਂ ਖਿਡਾਰੀਆਂ ਦੇ ਡਰੱਗੀ ਹੋਣ ਦੀ ਗੁੱਝੀ ਗੱਲ ਜੱਗ ਜਾਹਰ ਹੋ ਗਈ। ਕੈਨੇਡਾ ਤੇ ਇੰਗਲੈਂਡ ਦੇ ਕਬੱਡੀ ਸੀਜ਼ਨ-2008 ਵਿਚ ਖੇਡੇ ਢਾਈ ਸੌ ਖਿਡਾਰੀਆਂ 'ਚੋਂ 119 ਖਿਡਾਰੀ ਡਰੱਗੀ ਨਿਕਲੇ! 2014 'ਚ ਕਿਤਾਬ 'ਕਿੱਸਾ ਕਬੱਡੀ ਦਾ' ਵਿਚ 'ਕਬੱਡੀ ਨੂੰ ਡਰੱਗ ਦਾ ਕੋਹੜ' ਕਾਂਡ ਲਿਖਿਆ ਤਾਂ ਸਾਰਾ ਹੀਜ ਪਿਆਜ਼ ਹੀ ਨੰਗਾ ਹੋ ਗਿਆ।

ਸਿਹਤਮਾਰੂ ਸਟੀਰੌਇਡਜ਼ ਲੈਣ ਦਾ ਇਹ ਕੋਹੜ ਪੰਜਾਬ 'ਚੋਂ ਲੱਗਾ ਜਿਥੇ ਦਰਜਨਾਂ ਕਬੱਡੀ ਅਕੈਡਮੀਆਂ ਚੱਲ ਰਹੀਆਂ ਹਨ। ਉਨ੍ਹਾਂ ਦੇ ਤਿੰਨ ਗੁੱਟ ਹਨ। ਇਕ ਨੂੰ ਅਕੈਡਮੀਆਂ ਦੀ ਫੈਡਰੇਸ਼ਨ ਕਿਹਾ ਜਾਂਦੈ, ਦੂਜੀ ਨੂੰ ਅਕੈਡਮੀਆਂ ਦੀ ਐਸੋਸੀਏਸ਼ਨ ਤੇ ਤੀਜੀ ਪੰਜਾਬ ਕਬੱਡੀ ਐਸੋਸੀਏਸ਼ਨ। ਤਿੰਨੇ ਗਰੁਪ ਸੌ ਤੋਂ ਵੱਧ 'ਕਬੱਡੀ ਕੱਪ' ਖੇਡਦੇ ਹਨ ਪਰ ਕਿਤੇ ਵੀ ਡੋਪ ਟੈਸਟ ਨਹੀਂ ਹੁੰਦੇ। ਉਂਜ ਕਬੱਡੀ ਕੱਪਾਂ ਦਾ ਖਰਚਾ ਦਸ ਬਾਰਾਂ ਕਰੋੜ ਰੁਪਏ ਤੋਂ ਵੀ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਵੱਧ ਹੋ ਜਾਂਦੈ। ਅੰਦਾਜ਼ਾ ਹੈ ਕਿ ਕਬੱਡੀ ਦੇ ਖਿਡਾਰੀ ਇਕ ਕਰੋੜ ਤੋਂ ਵੱਧ ਰੁਪਏ ਸਿਹਤ ਮਾਰੂ ਡਰੱਗਾਂ ਉਤੇ ਖਰਚਦੇ ਹਨ, ਜਿਨ੍ਹਾਂ ਨਾਲ ਡਰੱਗ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ।

**ਇਉਂ ਖੁੱਲ੍ਹਾ ਸੀ ਭੇਤ:** 2006 ਵਿਚ ਮੈਂ ਵਿਨੀਪੈਗ ਦਾ ਟੂਰਨਾਮੈਂਟ ਭੁਗਤਾ ਕੇ ਟੋਰਾਂਟੋ ਮੁੜ ਰਿਹਾ ਸਾਂ। ਜਹਾਜ 'ਚ ਕਬੱਡੀ ਦੇ ਕੁਝ ਖਿਡਾਰੀ ਵੀ ਸਵਾਰ ਸਨ। ਜਹਾਜ ਚੜ੍ਹਾਉਣ ਆਏ ਮਿੱਤਰਾਂ ਨੇ ਉਨ੍ਹਾਂ ਨੂੰ ਖੁਆ ਪਿਆ ਕੇ ਵਿਦਾ ਕੀਤਾ ਸੀ। ਨਸ਼ੇ ਵਿਚ ਗੱਲਾਂ ਕਰਦੇ ਉਹ ਡਰੱਗ ਲੈਣ ਵਾਲੇ ਕਬੱਡੀ ਖਿਡਾਰੀਆਂ ਦੇ ਕਿੱਸੇ ਤੋਰ ਬੈਠੇ। ਮੇਰੇ ਲਈ ਉਨ੍ਹਾਂ ਦੀਆਂ ਗੱਲਾਂ ਹੈਰਾਨਕੁਨ ਸਨ। ਉਹ ਵਿਸਕੀ ਪੀਂਦੇ ਕਹੀ ਜਾਣ, "ਅਸੀਂ ਤਾਂ ਜੀ ਆਹੀ ਮਾੜੀ ਮੋਟੀ ਪੀਣ ਦੇ ਸ਼ੁਕੀਨ ਆਂ। ਸਾਡੇ ਨਾਲ ਦੇ ਖਿਡਾਰੀ ਮੱਝਾਂ ਦਾ ਦੁੱਧ ਲਾਹੁਣ ਤੇ ਘੋੜਿਆਂ ਨੂੰ ਭਜਾਉਣ ਵਾਲੇ ਟੀਕੇ ਲਾਈ ਜਾਂਦੇ ਆ! ਕਹਿੰਦੇ ਆ ਹੁਣ ਸਾਡੇ 'ਚ ਘੋੜੇ ਜਿੰਨੀ ਤਾਕਤ ਹੋਗੀ!"

ਹਵਾਈ ਸਫਰ ਦੌਰਾਨ ਉਹ ਡਰੱਗ ਲੈਣ ਵਾਲੇ ਖਿਡਾਰੀਆਂ ਦੇ ਕਾਰਨਾਮੇ ਸੁਣਾਉਂਦੇ ਆਏ। ਮੈਨੂੰ ਇਹ ਵੀ ਕਹਿੰਦੇ ਆਏ ਕਿ ਉਨ੍ਹਾਂ ਬਾਰੇ ਜ਼ਰੂਰ ਲਿਖੋ ਪਰ ਸਾਡਾ ਨਾਂ ਨਾ ਲਿਖਿਓ। ਜੇ ਸਾਡੀਆਂ ਗੱਲਾਂ ਸੱਚੀਆਂ ਨਾ ਹੋਈਆਂ ਤਾਂ ਬੇਸ਼ੱਕ ਸਾਡਾ ਮੂੰਹ ਕਾਲਾ ਕਰ ਦਿਓ! ਫਿਰ ਮੈਂ ਲੇਖ ਲਿਖਿਆ: ਕਬੱਡੀ ਨੂੰ ਡਰੱਗ ਦਾ ਜੱਫਾ।

**ਇਉਂ ਸ਼ੁਰੂ ਹੋਇਆ ਸੀ ਡੋਪ ਟੈਸਟ:** 1960 ਵਿਚ ਰੋਮ ਦੀਆਂ ਓਲੰਪਿਕ ਖੇਡਾਂ ਦੌਰਾਨ ਡਰੱਗ ਲੈਣ ਵਾਲੇ ਇਕ ਸਾਈਕਲ ਸਵਾਰ ਦੀ ਮੌਤ ਹੋ ਗਈ ਸੀ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ ਮੈਡੀਕਲ ਕਮਿਸ਼ਨ ਬਣਾਇਆ, ਜਿਸ ਨੇ ਪੜਤਾਲ ਕਰ ਕੇ ਉਨ੍ਹਾਂ ਦਵਾਈਆਂ ਦੀ ਸੂਚੀ ਜਾਰੀ ਕੀਤੀ ਜੋ ਖਿਡਾਰੀਆਂ ਲਈ ਘਾਤਕ ਹਨ। ਉਹ ਦਵਾਈਆਂ ਖਿਡਾਰੀਆਂ ਲਈ ਵਰਜਿਤ ਕੀਤੀਆਂ ਗਈਆਂ। ਉਦੋਂ ਤੋਂ ਡੋਪ ਟੈਸਟ ਕੀਤੇ ਜਾਂਦੇ ਹਨ, ਜਿਨ੍ਹਾਂ ਨਾਲ ਵਰਜਿਤ ਦਵਾਈਆਂ ਲੈਣ ਵਾਲੇ ਖਿਡਾਰੀ ਪਛਾਣੇ ਜਾਂਦੇ ਹਨ ਤੇ ਉਨ੍ਹਾਂ ਉਤੇ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਦੀ ਪਾਬੰਦੀ ਲਾ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਜਿੱਤੇ ਹੋਏ ਮੈਡਲ ਵਾਪਸ ਲੈ ਲਏ ਜਾਂਦੇ ਤੇ ਖੇਡ ਰਿਕਾਰਡਾਂ 'ਚੋਂ ਉਨ੍ਹਾਂ ਦਾ ਨਾਂ ਮੇਟ ਦਿੱਤਾ ਜਾਂਦਾ ਹੈ। ਕੈਨੇਡਾ ਦੇ ਦੌੜਾਕ ਬੈਨ ਜੌਹਨਸਨ, ਅਮਰੀਕਾ ਦੀ ਦੌੜਾਕ ਮੇਰੀਅਨ ਜੋਨਜ਼, ਆਇਰਲੈਂਡ ਦੀ ਮੀਸ਼ੇਲ ਸਮਿੱਥ ਤੇ ਹੋਰ ਕਈ ਚੋਟੀ ਦੇ ਖਿਡਾਰੀ ਡਰੱਗ ਲੈਣ ਦੀ ਸਜ਼ਾ ਭੁਗਤਦੇ ਰਹੇ ਹਨ। ਉਡਣ ਪਰੀ ਮੇਰੀਅਨ ਜੋਨਜ਼ ਨੂੰ ਤਾਂ ਜੇਲ੍ਹ ਵੀ ਜਾਣਾ ਪਿਆ ਸੀ।

ਸਿਓਲ ਓਲੰਪਿਕ ਖੇਡਾਂ 'ਚ ਤਿੰਨ ਗੋਲਡ ਮੈਡਲ ਜਿੱਤਣ ਵਾਲੀ ਦੌੜਾਕ ਫਲੋਰੈਂਸ ਗ੍ਰਿਫਤ ਜਾਏਨਰ ਡਰੱਗ 'ਤੇ ਲੱਗੀ ਹੋਈ ਸੀ। ਡੋਪ ਟੈਸਟ ਤੋਂ ਪਹਿਲਾਂ ਉਹ ਅਜਿਹੀ ਦਵਾਈ ਲੈ ਲੈਂਦੀ ਸੀ ਜਿਸ ਨਾਲ ਡੋਪ ਟੈਸਟ 'ਚ ਫੜੀ ਨਹੀਂ ਸੀ ਜਾਂਦੀ। ਉਹ ਡੋਪ ਟੈਸਟ ਕਰਨ ਵਾਲਿਆਂ ਨੂੰ ਤਾਂ ਧੋਖਾ ਦਿੰਦੀ ਰਹੀ ਪਰ ਮੌਤ ਨੇ ਧੋਖਾ ਨਾ ਖਾਧਾ। ਮੌਤ ਨੇ ਉਸ ਨੂੰ 40 ਸਾਲ ਦੀ ਉਮਰ ਤੋਂ ਪਹਿਲਾਂ ਹੀ ਦਬੋਚ ਲਿਆ। ਮੈਡਲ ਤਾਂ ਉਸ ਨੇ ਬੜੇ ਜਿੱਤੇ ਤੇ ਬੱਲੇ ਬੱਲੇ ਵੀ ਬੜੀ ਕਰਵਾਈ ਪਰ ਜਿੰਨੀ ਬੁਰੀ ਤਰ੍ਹਾਂ ਉਹ ਮਰੀ, ਉਹਦਾ ਦੁੱਖ ਉਹੀ ਜਾਣਦੀ ਸੀ।

**ਡਰੱਗ ਦੇ ਟੀਕੇ, ਕੈਪਸੂਲ ਤੇ ਪਾਊਡਰ:** ਕਬੱਡੀ ਦੇ ਜੋ ਖਿਡਾਰੀ ਮੈਚ ਜਿੱਤਣ ਲਈ ਵੇਖਾ ਵੇਖੀ ਨਸ਼ੇ ਦੇ ਟੀਕੇ ਲੁਆਈ, ਕੈਪਸੂਲ ਲਈ ਤੇ ਪਾਊਡਰ ਪੀਈ ਜਾਂਦੇ ਹਨ, ਉਨ੍ਹਾਂ ਨੂੰ ਪਤਾ ਉਦੋਂ ਲੱਗੂ ਜਦੋਂ ਨਿਪੁੰਸਕ ਹੋ ਗਏ। ਜਿਹੜੇ ਐਨਾਬੌਲਿਕ ਸਟੇਰੌਇਡਜ਼ ਦਸਾਂ ਦਿਨਾਂ ਵਿਚ ਵੀਹ ਪੌਂਡ ਭਾਰ ਵਧਾਉਂਦੇ ਨੇ, ਉਨ੍ਹਾਂ ਦੀ ਫੂਕ ਨਿਕਲਣ ਲੱਗਿਆਂ ਵੀ ਦਸ ਦਿਨ ਨਹੀਂ ਲੱਗਦੇ। 'ਸਪੀਡ ਪਾਊਡਰ' ਗਿਣਤੀ ਦੀਆਂ ਕਬੱਡੀਆਂ ਹੀ ਸਪੀਡ ਨਾਲ ਪੁਆਉਂਦੈ ਜੋ ਮਗਰੋਂ ਹਿੱਲਣ ਜੋਗਾ ਵੀ ਨਹੀਂ ਛੱਡਦਾ। ਭੇਤੀ ਬੰਦੇ ਚਿਹਰਾ ਵੇਖ ਈ ਬੁੱਝ ਲੈਂਦੇ ਹਨ ਕਿ ਜੁਆਨ ਡਰੱਗ 'ਤੇ ਲੱਗ ਚੁੱਕੈ!

ਐਨਾਬੌਲਿਕ ਸਟੇਰੌਇਡਜ਼ ਦਾ ਇਕ ਹਾਰਮੋਨ ਟੈਸਟੋਸਟੈਰੋਨ ਹੈ। ਤਾਕਤ ਦੇਣ ਵਾਲੇ ਇਸ ਹਾਰਮੋਨ ਦੇ ਕਈ ਮਾੜੇ ਪ੍ਰਭਾਵ ਹਨ। ਇਸ ਨਾਲ ਮੱਸਲ ਵਧ ਸਕਦੇ ਹਨ, ਮਰਦਾਨਾ ਸ਼ਕਤੀ ਘਟ ਸਕਦੀ ਹੈ ਤੇ ਅੰਡਕੋਸ਼ ਸਪਰਮ ਪੈਦਾ ਕਰਨੋਂ ਜਵਾਬ ਦੇ ਸਕਦੇ ਹਨ। ਕਿਸੇ ਦੇ ਗੰਜ ਪੈ ਸਕਦੈ, ਕਿਸੇ ਦੇ ਵਾਲ ਵਧ ਸਕਦੇ ਤੇ ਕਿਸੇ ਦੇ ਝੜ ਸਕਦੇ ਹਨ। ਮੂੰਹ 'ਤੇ ਫਿਣਸੀਆਂ ਤੇ ਜਿਗਰ ਦਾ ਕੈਂਸਰ ਹੋ ਸਕਦੈ। ਮਾੜਾ ਕੋਲੈਸਟਰੋਲ ਵਧ ਸਕਦੈ, ਬੰਦਾ ਗੁੱਸੇਖੋਰਾ ਤੇ ਧੱਕੜ ਬਣ ਸਕਦੈ। ਉਹ ਗੁੰਮ ਸੁੰਮ ਤੇ ਡਰੱਗ ਦਾ ਗੁਲਾਮ ਵੀ ਹੋ ਸਕਦੈ। ਟੀਕੇ ਦੀ ਸੂਈ ਨਾਲ ਲਾਗ ਦੀ ਬਿਮਾਰੀ ਲੱਗ ਸਕਦੀ ਹੈ, ਏਡਜ਼ ਤੇ ਹੈਪੇਟਾਈਟਸ ਹੋ ਸਕਦੀ ਹੈ। ਮਰਦ ਲਈ ਵੱਡਾ ਮਿਹਣਾ ਹੈ, ਨਾਮਰਦ ਹੋ ਜਾਣਾ। ਕਈ ਖਿਡਾਰੀ ਕੱਪ ਜਿੱਤਦੇ-ਜਿੱਤਦੇ ਪਤਨੀਆਂ ਹਾਰ ਬੈਠੇ ਹਨ!

ਕਬੱਡੀ ਦੇ ਖਿਡਾਰੀਆਂ ਨੂੰ ਟੀਕਿਆਂ 'ਤੇ ਲਾਉਣ 'ਚ ਕਈ ਨੀਮ ਹਕੀਮਾਂ ਨੇ ਲੱਖਾਂ ਰੁਪਈਏ ਬਣਾਏ ਹਨ। ਮੱਸਲ ਬਣਾਉਣ ਦੇ ਟੀਕੇ ਪ੍ਰਚਲਿਤ ਕਰਨ ਵਾਲਾ ਇਕ ਭਲਵਾਨ ਖੁਦ ਚੱਲ ਵਸਿਆ ਹੈ। ਮੀਫੈਂਟਰਮਾਈਨ ਟੀਕੇ ਦਾ ਨਾਂ ਹੀ 'ਮੌਕੇ' ਦਾ ਟੀਕਾ ਪੱਕ ਗਿਆ ਹੈ। ਕਬੱਡੀ ਦੀਆਂ ਕੁਝ ਕਥਿਤ ਅਕੈਡਮੀਆਂ 'ਚ ਕਬੱਡੀ ਦੀ ਕੋਚਿੰਗ ਨਾਲੋਂ ਟੀਕੇ ਲਾਉਣ ਦੀ ਕੋਚਿੰਗ ਵੱਧ ਮਿਲਦੀ ਹੈ! ਕਈ ਕੋਚਾਂ ਨੇ ਇਹਦਾ ਨਾਂ 'ਸਪਲੀਮੈਂਟ ਡਾਈਟ' ਰੱਖਿਆ ਹੈ। ਚੋਰਾਂ ਨੂੰ ਫੜ੍ਹਨ ਨਾਲ ਮਾਂਵਾਂ ਵੀ ਫੜ੍ਹਨੀਆਂ ਚਾਹੀਦੀਆਂ ਹਨ, ਜੋ ਚੋਰਾਂ ਨੂੰ ਜਨਮ ਦਿੰਦੀਆਂ ਹਨ। ਜਿਥੋਂ ਇਹ ਡਰੱਗਾਂ ਸਪਲਾਈ ਹੁੰਦੀਆਂ ਹਨ, ਉਥੇ ਵੀ ਛਾਪੇ ਮਾਰਨੇ ਚਾਹੀਦੇ ਹਨ।

**ਕਬੱਡੀ ਖਿਡਾਰੀਆਂ ਦੇ ਡੋਪ ਟੈਸਟ:** ਜਦੋਂ ਕਬੱਡੀ ਨੂੰ ਲੱਗੇ ਡਰੱਗ ਦੇ ਕੋਹੜ ਨੂੰ ਵਾਰ ਵਾਰ ਕਬੱਡੀ ਫੈਡਰੇਸ਼ਨਾਂ ਦੇ ਧਿਆਨ ਵਿਚ ਲਿਆਂਦਾ ਤਾਂ ਮਤੇ ਪਾਸ ਕੀਤੇ ਗਏ ਕਿ ਕੈਨੇਡਾ ਤੇ ਇੰਗਲੈਂਡ ਵਿਚ 2007 ਦਾ ਕਬੱਡੀ ਸੀਜ਼ਨ ਡੋਪ ਟੈਸਟ ਕਰਾ ਕੇ ਹੀ ਖਿਡਾਇਆ ਜਾਵੇਗਾ। ਪਰ ਉਹਦੇ ਉਤੇ ਅਮਲ ਨਾ ਕੀਤਾ ਗਿਆ। ਬਹੁਤੇ ਕਲੱਬਾਂ ਨੇ ਵੋਟ ਪਾ ਦਿੱਤੀ ਕਿ ਡੋਪ ਟੈਸਟ ਕਰਾਉਣੇ ਰਹਿਣ ਦਿਓ ਕਿਉਂਕਿ ਖਿਡਾਰੀ ਮਸਾਂ ਕੈਨੇਡਾ/ਇੰਗਲੈਂਡ ਸੱਦੇ ਨੇ! ਇਸ ਖੁੱਲ੍ਹ ਦਾ ਫਾਇਦਾ ਉਠਾਉਂਦਿਆਂ ਜਿਨ੍ਹਾਂ ਖਿਡਾਰੀਆਂ ਨੇ ਡਰਦਿਆਂ ਟੀਕੇ ਲਾਉਣੇ ਛੱਡ ਦਿੱਤੇ ਸਨ, ਉਹ ਮੁੜ ਲਾਉਣ ਲੱਗ ਪਏ ਤੇ ਪਿੱਛੇ ਤਾਰਾਂ ਖੜਕਾ ਦਿੱਤੀਆਂ ਪਈ ਏਥੇ ਤਾਂ ਹਰੀ ਝੰਡੀ ਐ! ਆਉਣ ਵਾਲੇ ਮਾਲ ਮੱਤਾ ਲਈ ਆਉਣ ਕਿਉਂਕਿ ਕੈਨੇਡਾ 'ਚ ਮਿਲਦਾ ਨਹੀਂ ਜਾਂ ਬਹੁਤ ਮਹਿੰਗਾ ਮਿਲਦੈ। ਜਦੋਂ ਮਾਲ ਮੱਤੇ ਨਾਲ ਲੈਸ ਇਕ ਖਿਡਾਰੀ ਵੈਨਕੂਵਰ ਹਵਾਈ ਅੱਡੇ 'ਤੇ ਫੜ੍ਹਿਆ ਗਿਆ ਤਾਂ ਕਬੱਡੀ ਫੈਡਰੇਸ਼ਨਾਂ ਦੀਆਂ ਵੀ ਅੱਖਾਂ ਖੁੱਲ੍ਹ ਗਈਆਂ। ਕਬੱਡੀ ਕਲੱਬਾਂ ਨੂੰ ਫੰਡ ਦੇਣ ਵਾਲੇ ਵੀ ਕਲੱਬਾਂ ਨੂੰ ਕਹਿਣ ਲੱਗ ਪਏ ਕਿ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਥੋਂ ਡੋਪ ਟੈਸਟ ਕਰਾਉਣ ਦਾ ਈ ਫੰਡ ਲੈ ਲਵੋ ਪਰ ਕਬੱਡੀ ਨੂੰ ਡਰੱਗ ਮੁਕਤ ਕਰੋ।

ਕਬੱਡੀ ਸੀਜ਼ਨ 2008 ਤੋਂ ਪਹਿਲਾਂ ਓਂਟਾਰੀਓ, ਬੀ. ਸੀ. ਤੇ ਯੂ. ਕੇ. ਦੀਆਂ ਕਬੱਡੀ ਫੈਡਰੇਸ਼ਨਾਂ ਨੇ ਫਿਰ ਮਤੇ ਪਕਾਏ ਪਈ ਐਤਕੀਂ ਹਰ ਹਾਲਤ ਵਿਚ ਖਿਡਾਰੀਆਂ ਦੇ ਡੋਪ ਟੈਸਟ ਕੀਤੇ ਜਾਣਗੇ। ਖਿਡਾਰੀ ਸਮਝਦੇ ਰਹੇ ਕਿ ਪਿਛਲੇ ਸਾਲ ਵਾਂਗ ਡਰਾਵਾ ਹੀ ਹੈ। ਇਹ ਟੈਸਟ ਕਾਫੀ ਮਹਿੰਗੇ ਸਨ, ਫਿਰ ਵੀ ਕਬੱਡੀ ਫੈਡਰੇਸ਼ਨਾਂ ਨੇ ਕਰਵਾ ਲਏ। ਸ਼ਾਬਾਸ਼ੇ ਉਨ੍ਹਾਂ ਫੈਡਰੇਸ਼ਨਾਂ ਦੇ, ਜਿਨ੍ਹਾਂ ਨੇ ਕਬੱਡੀ ਨੂੰ ਡਰੱਗ ਮੁਕਤ ਕਰਨ ਦਾ ਬੀੜਾ ਚੁੱਕਿਆ।

2008 ਵਿਚ ਕੈਨੇਡਾ 'ਚ ਸਾਢੇ ਤਿੰਨ ਸੌ ਤੇ ਇੰਗਲੈਂਡ ਵਿਚ ਢਾਈ ਸੌ ਡੋਪ ਟੈਸਟ ਕੀਤੇ ਗਏ। ਟੈਸਟਾਂ 'ਤੇ ਖਰਚਾ ਤਾਂ ਬਹੁਤ ਹੋਇਆ ਪਰ ਓਨਾ ਫਿਰ ਵੀ ਨਹੀਂ, ਜਿੰਨਾ ਖਿਡਾਰੀ ਡਰੱਗਾਂ ਉਤੇ ਖਰਚਦੇ ਸਨ। ਡੋਪ ਟੈਸਟ ਕਰਨੇ ਸੌਖਾ ਕਾਰਜ ਨਹੀਂ ਸੀ। ਇਹ ਤਸੱਲੀ ਵਾਲੀ ਗੱਲ ਸੀ ਕਿ 8 ਅਗਸਤ 2008 ਦੀ ਮੀਟਿੰਗ ਵਿਚ ਓਂਟਾਰੀਓ, ਬੀ. ਸੀ., ਯੂ. ਕੇ. ਤੇ ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਡੋਪ ਟੈਸਟ ਵਿਚ ਡਰੱਗੀ ਸਾਬਤ ਹੋਏ ਕਿਸੇ ਵੀ ਖਿਡਾਰੀ ਨੂੰ ਕਿਸੇ ਵੀ ਦੇਸ਼ ਵਿਚ ਕੋਈ ਕਲੱਬ ਕਬੱਡੀ ਨਹੀਂ ਖਿਡਾਏਗਾ। ਪਰ ਫੈਸਲਾ ਅਮਲੀ ਰੂਪ ਵਿਚ ਲਾਗੂ ਨਾ ਕੀਤਾ ਗਿਆ।

ਡੋਪ ਟੈਸਟਾਂ ਵਿਚ ਜਿਨ੍ਹਾਂ ਖਿਡਾਰੀਆਂ ਦਾ ਸੈਂਪਲ ਇਕ ਵਾਰ ਪਾਜ਼ੇਟਿਵ ਆਇਆ, ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਜੁਰਮਾਨਾ ਤੇ ਇਕ ਸਾਲ ਲਈ ਕਿਤੇ ਵੀ ਕਬੱਡੀ ਖੇਡਣ 'ਤੇ ਪਾਬੰਦੀ ਲਾਈ ਗਈ। ਪਾਬੰਦੀ ਮੁੱਕਣ ਪਿਛੋਂ ਮੁੜ ਖੇਡਣ ਲੱਗੇ ਤੇ ਦੂਜੀ ਵਾਰ ਪਾਜ਼ੇਟਿਵ ਆਏ ਖਿਡਾਰੀ 'ਤੇ ਕਬੱਡੀ ਦੇ ਮੈਦਾਨ 'ਚੋਂ ਜੀਵਨ ਭਰ ਲਈ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਗਿਆ ਸੀ। ਫੈਸਲਾ ਹੋਇਆ ਸੀ ਕਿ ਜੋ ਕਲੱਬ, ਅਕੈਡਮੀਆਂ, ਐਸੋਸੀਏਸ਼ਨਾਂ ਜਾਂ ਫੈਡਰੇਸ਼ਨਾਂ ਪਾਬੰਦੀ ਲੱਗੇ ਖਿਡਾਰੀਆਂ ਨੂੰ ਪਾਬੰਦੀ ਦੌਰਾਨ ਖਿਡਾਉਣਗੀਆਂ, ਉਨ੍ਹਾਂ ਦਾ ਕੋਈ ਵੀ ਖਿਡਾਰੀ ਇੰਗਲੈਂਡ ਜਾਂ ਕੈਨੇਡਾ ਵਿਚ ਨਹੀਂ ਸੱਦਿਆ ਜਾਵੇਗਾ। ਜੇ ਕੋਈ ਹੋਰ ਮੁਲਕ ਉਨ੍ਹਾਂ ਨੂੰ ਸੱਦਦਾ ਹੈ ਤਾਂ ਉਥੇ ਇੰਗਲੈਂਡ ਤੇ ਕੈਨੇਡਾ ਦੀਆਂ ਫੈਡਰੇਸ਼ਨਾਂ ਕੋਈ ਖਿਡਾਰੀ ਨਹੀਂ ਭੇਜਣਗੀਆਂ।



**ਖੇਡਾਂ ਦਾ ਮੰਤਵ:** ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈ-ਝਗੜੇ ਤੋਂ ਬਚਾਉਣ, ਚੰਗੇ ਇਨਸਾਨ ਬਣਾਉਣ, ਸਰੀਰਾਂ 'ਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਖੇਡ ਨੂੰ ਸਿਖਰ 'ਤੇ ਪੁਚਾਉਣ ਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ। 2008-09 ਵਿਚ ਬਾਕਾਇਦਾ ਡੋਪ ਟੈਸਟ ਹੋਣ ਕਾਰਨ ਡਰੱਗ ਦੇ ਕੋਹੜ ਨੂੰ ਕਾਫੀ ਠੱਲ੍ਹ ਪੈ ਗਈ ਸੀ। 2010 ਵਿਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਖੇਡਣ ਲਈ ਇਕ ਹਜ਼ਾਰ ਤੋਂ ਵੀ ਵੱਧ ਪੰਜਾਬੀ ਖਿਡਾਰੀ ਹਵਾਈ ਜਹਾਜਾਂ 'ਤੇ ਚੜ੍ਹੇ ਸਨ।

**ਵਿਸ਼ਵ ਕੱਪਾਂ ਵਿਚ ਡੋਪ ਟੈਸਟ:** 2010 ਵਿਚ ਪੰਜਾਬ ਦੇ ਪਹਿਲੇ ਕਬੱਡੀ ਵਿਸ਼ਵ ਕੱਪ ਸਮੇਂ ਡੋਪ ਟੈਸਟ ਕੀਤੇ ਤਾਂ 23 ਖਿਡਾਰੀ ਟਰਾਇਲਾਂ ਸਮੇਂ ਤੇ 9 ਖਿਡਾਰੀ ਟੂਰਨਾਮੈਂਟ ਦੌਰਾਨ ਪਾਜ਼ੇਟਿਵ ਪਾਏ ਗਏ। ਪੰਜਾਬ ਦੇ ਦੂਜੇ ਕਬੱਡੀ ਵਿਸ਼ਵ ਕੱਪ 2011 ਲਈ ਭਾਰਤੀ ਟੀਮ ਦੀ ਚੋਣ ਕਰਨ ਵੇਲੇ 51 ਖਿਡਾਰੀਆਂ ਦੇ ਡੋਪ ਟੈਸਟ ਹੋਏ, ਜਿਨ੍ਹਾਂ ਵਿਚੋਂ 20 ਦੋਸ਼ੀ ਪਾਏ ਗਏ। ਹਰ ਮੈਚ ਪਿੱਛੋਂ ਦੋਹਾਂ ਟੀਮਾਂ ਦੇ ਦੋ ਦੋ ਖਿਡਾਰੀਆਂ ਦੇ ਸੈਂਪਲ ਲਏ ਜਾਂਦੇ ਰਹੇ ਤੇ ਦੋ ਦਿਨਾਂ ਪਿਛੋਂ ਨਤੀਜਾ ਨਸ਼ਰ ਕੀਤਾ ਜਾਂਦਾ ਰਿਹਾ। ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ ਜਿਨ੍ਹਾਂ ਉਤੇ 47 ਲੱਖ ਰੁਪਏ ਖਰਚ ਹੋਏ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਜੋੜ ਕੇ ਕੁਲ 72 ਖਿਡਾਰੀ ਡਰੱਗੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ 8, ਅਮਰੀਕਾ 8, ਸਪੇਨ 7, ਆਸਟ੍ਰੇਲੀਆ 6, ਇਟਲੀ 6, ਨਾਰਵੇ 3, ਭਾਰਤ 1, ਪਾਕਿਸਤਾਨ 1, ਜਰਮਨੀ 1 ਅਤੇ ਅਰਜਨਟਾਈਨਾ ਦਾ ਵੀ ਇਕ ਖਿਡਾਰੀ ਸੀ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ, ਜਿਨ੍ਹਾਂ ਵਿਚ ਇਕ ਜੋੜ ਕੇ ਕੁਲ 21 ਬਣਦੇ ਸਨ! ਇਨ੍ਹਾਂ ਵਿਚ ਸਭ ਤੋਂ ਵੱਧ ਖਿਡਾਰੀ ਭਾਰਤ ਦੇ ਹੀ ਸਨ।

ਕਬੱਡੀ ਵਿਸ਼ਵ ਕੱਪਾਂ ਵਿਚ 2010 ਤੋਂ 14 ਤਕ ਡੋਪ ਟੈਸਟ ਤਾਂ ਕੀਤੇ ਜਾਂਦੇ ਰਹੇ ਪਰ ਡੋਪੀ ਖਿਡਾਰੀਆਂ ਨੂੰ ਖਾਸ ਸਜ਼ਾ ਨਾ ਦਿੱਤੀ ਗਈ। 2015 ਦਾ ਵਿਸ਼ਵ ਕੱਪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਮੁਲਤਵੀ ਕਰਨਾ ਪਿਆ। 2016 ਵਿਚ ਨਾਂ ਦਾ ਹੀ ਕਬੱਡੀ ਵਿਸ਼ਵ ਕੱਪ ਹੋਇਆ ਤਾਂ ਚੋਣਾਂ ਨੂੰ ਵੇਖਦਿਆਂ ਡੋਪ ਟੈਸਟ ਕੀਤੇ ਹੀ ਨਾ ਗਏ। ਡਰ ਸੀ, ਪਹਿਲਾਂ ਹੀ ਅਧੂਰਾ ਕੱਪ ਸ਼ਾਇਦ ਸਿਰੇ ਹੀ ਨਾ ਚੜ੍ਹੇ!

**ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦਾ ਰੋਲ:** ਕਬੱਡੀ ਕਲੱਬਾਂ, ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਜਿੰਨੇ ਸਮੇਂ ਲਈ ਡਰੱਗੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਸੀ, ਓਨਾ ਸਮਾਂ ਉਨ੍ਹਾਂ ਨੂੰ ਖਿਡਾਇਆ ਨਾ ਜਾਂਦਾ ਅਤੇ ਸੁਧਰਨ ਦਾ ਮੌਕਾ ਦਿੱਤਾ ਜਾਂਦਾ। ਪਰ ਅਜਿਹਾ ਨਹੀਂ ਹੋਇਆ। ਕਬੱਡੀ ਦੀਆਂ ਕੁਝ ਪੈਰਲਲ ਫੈਡਰੇਸ਼ਨਾਂ ਅਜਿਹੀਆਂ ਬਣ ਗਈਆਂ, ਜੋ ਡੋਪ ਟੈਸਟ ਕਰਾ ਕੇ ਡਰੱਗੀ ਖਿਡਾਰੀਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੀਆਂ। ਡਰੱਗ ਦੇ ਵਪਾਰੀ ਵੀ ਨਹੀਂ ਸੀ ਚਾਹੁੰਦੇ ਕਿ ਡਰੱਗ ਦਾ ਕਾਰੋਬਾਰ ਬੰਦ ਹੋਵੇ। ਉਨ੍ਹਾਂ ਦੀ ਚਾਂਦੀ ਇਸੇ ਵਿਚ ਸੀ। ਜਿਹੜੇ 'ਕਬੱਡੀ ਪ੍ਰਮੋਟਰ' ਡਰੱਗੀ ਖਿਡਾਰੀਆਂ ਨੂੰ ਆਪਣੇ ਟੂਰਨਾਮੈਂਟਾਂ ਵਿਚ ਖਿਡਾਉਂਦੇ ਹਨ, ਉਹ ਡਾਲਰਾਂ ਨਾਲ ਖਿਡਾਰੀਆਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦਾ ਬੁਰਾ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗੇਗਾ। ਕਬੱਡੀ ਵਿਚ ਡਰੱਗ ਦੀ ਆਮਦ ਨੇ ਹੁਣ ਚੰਗੀ ਸੋਚ ਵਾਲੇ ਲੋਕਾਂ ਦਾ ਕਬੱਡੀ ਤੋਂ ਮੋਹ ਭੰਗ ਕਰ ਦਿੱਤਾ ਹੈ। ਹੁਣ ਕਬੱਡੀ ਟੂਰਨਾਮੈਂਟ ਵੇਖਣ ਲਈ ਓਨੇ ਦਰਸ਼ਕ ਨਹੀਂ ਜੁੜਦੇ, ਜਿੰਨੇ ਪਹਿਲਾਂ ਜੁੜਦੇ ਸਨ। ਜਿਹੜੇ ਜੁੜਦੇ ਵੀ ਹਨ, ਉਨ੍ਹਾਂ ਵਿਚੋਂ ਵੀ ਕਬੱਡੀ ਪ੍ਰੇਮੀ ਘੱਟ ਤੇ ਤਮਾਸ਼ਬੀਨ ਵੱਧ ਹੁੰਦੇ ਹਨ।

**ਵੀਜ਼ਾ ਹੀ ਗੋਲਡ ਮੈਡਲ:** ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਸਭ ਤੋਂ ਵੱਡੀ ਖੁਸ਼ੀ ਓਦੋਂ ਹੁੰਦੀ ਹੈ, ਜਦੋਂ ਉਨ੍ਹਾਂ ਨੂੰ ਵਿਦੇਸ਼ ਜਾਣ ਦੇ ਵੀਜ਼ੇ ਮਿਲ ਜਾਣ। ਉਹ ਵੀਜ਼ੇ ਨੂੰ ਹੀ ਕਬੱਡੀ ਦਾ ਗੋਲਡ ਮੈਡਲ ਸਮਝਦੇ ਹਨ। ਬਹੁਤੇ ਖਿਡਾਰੀ ਸਿਰਫ ਇਸ ਲਈ ਕਬੱਡੀ ਖੇਡਦੇ ਹਨ ਕਿ ਕਿਸੇ ਦਿਨ ਉਹ ਵਿਦੇਸ਼ ਜਾਣ ਦਾ ਵੀਜ਼ਾ ਲੈ ਸਕਣਗੇ। ਕਈ ਅਖੰਡ ਪਾਠ ਸੁੱਖ ਲੈਂਦੇ ਹਨ ਕਿ ਵੀਜ਼ਾ ਮਿਲ ਗਿਆ ਤਾਂ ਪੁੰਨ ਦਾਨ ਵੀ ਕਰਾਂਗੇ। ਦੁਆਬੇ ਵਿਚ ਇਕ ਐਸਾ ਗੁਰਦੁਆਰਾ ਹੈ ਜਿਥੇ ਮੰਨਤ ਵਜੋਂ ਹਵਾਈ ਜਹਾਜਾਂ ਦੇ ਖਿਡੌਣੇ ਚੜ੍ਹਾਏ ਜਾਂਦੇ ਸਨ। ਹੁਣ ਉਥੇ ਖਿਡੌਣੇ ਰੱਖਣ ਦੀ ਥਾਂ ਨਹੀਂ ਬਚੀ!

ਕਬੱਡੀ ਹੁਣ ਲੱਖਾਂ ਕਰੋੜਾਂ ਦਾ ਕਾਰੋਬਾਰ ਬਣ ਚੁੱਕੀ ਹੈ। ਕਬੱਡੀ ਦੀ ਮੰਡੀ ਵਿਚ ਡਰੱਗੀ ਖਿਡਾਰੀ ਵੀ ਬੋਲੀ ਲੁਆ ਜਾਂਦੇ ਹਨ। ਸਿਰੇ ਦਾ ਡਰੱਗੀ ਖਿਡਾਰੀ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ ਦੇ ਟੂਰਨਾਮੈਂਟ ਖੇਡ ਕੇ ਇਕੋ ਸੀਜ਼ਨ ਵਿਚ 50 ਹਜ਼ਾਰ ਡਾਲਰ ਭੋਟ ਰਿਹੈ। ਕੈਨੇਡਾ ਕੱਪ ਤੇ ਅਮਰੀਕਾ ਕੱਪ ਖੇਡਣ ਦੇ ਵੀਹ ਪੱਚੀ ਹਜ਼ਾਰ ਡਾਲਰ ਵੱਖਰੇ। ਡਰੱਗ ਨਾ ਲੈਣ ਵਾਲੇ ਖਰੇ ਖਿਡਾਰੀ ਬਿਟ ਬਿਟ ਵੇਖਦੇ ਰਹਿ ਜਾਂਦੇ ਹਨ। ਕਬੱਡੀ ਦੇ ਨਾਂ 'ਤੇ ਵਿਚੇ ਅਸਲੀ ਤੇ ਵਿਚੇ ਨਕਲੀ ਖਿਡਾਰੀ ਵੀਜ਼ੇ ਲੈ ਕੇ ਵਿਦੇਸ਼ਾਂ 'ਚ ਪੱਕੇ ਵਾਸੀ ਬਣੇ ਬੈਠੇ ਹਨ। ਕਬੱਡੀ 'ਚੋਂ ਟ੍ਰੈਵਲ ਏਜੰਟ ਵੀ ਚੰਗੀਆਂ ਚੁੰਗਾਂ ਕੱਢਦੇ ਹਨ।

ਜਦੋਂ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਸ਼ੁਰੂ ਹੋਣਾ ਹੁੰਦੈ ਤਾਂ ਨਾਲ ਹੀ ਕਬੱਡੀ ਵੀਜ਼ਿਆਂ ਦੀ ਰੁੱਤ ਆ ਜਾਂਦੀ ਹੈ। ਸਪਾਂਸਰ ਲੱਭੇ ਜਾਂਦੇ ਨੇ, ਰਾਹਦਾਰੀਆਂ ਮੰਗਾਈਆਂ ਜਾਂਦੀਆਂ ਤੇ ਵਿਦੇਸ਼ਾਂ ਦੇ ਸਿਆਸੀ ਨੇਤਾਵਾਂ ਤੋਂ ਸਿਫਾਰਸ਼ੀ ਚਿੱਠੀਆਂ ਪੁਆਈਆਂ ਜਾਂਦੀਆਂ। ਕਈ ਕਹਿੰਦੇ ਕਹਾਉਂਦੇ ਖਿਡਾਰੀਆਂ ਨੂੰ ਵੀ ਵੀਜ਼ੇ ਨਹੀਂ ਮਿਲਦੇ ਪਰ ਜਾਅਲੀ ਖਿਡਾਰੀ ਦਾਅ ਲਾ ਜਾਂਦੇ ਨੇ। ਖੱਜਲ ਖੁਆਰੀ ਲਈ ਕਈ ਕਬੱਡੀ ਖਿਡਾਰੀ ਖੁਦ ਹੀ ਜ਼ਿੰਮੇਵਾਰ ਹੁੰਦੇ ਹਨ। ਕੋਈ ਖਿਡਾਰੀ ਪਾਸਪੋਰਟ ਨਾਲ ਹੀ ਛੇੜਖਾਨੀ ਕਰ ਬਹਿੰਦਾ ਹੈ। ਜਿਸ ਪਾਸਪੋਰਟ ਉਤੇ ਵੀਜ਼ਾ ਨਾ ਮਿਲਿਆ ਹੋਵੇ, ਉਹ ਝੂਠੀ ਮੂਠੀ ਗੁਆ ਛੱਡਦਾ ਹੈ ਤੇ ਆਪਣੇ ਨਾਂ ਦਾ ਇਕ ਅੱਧਾ ਅੱਖਰ ਬਦਲ ਕੇ ਤੇ ਜਨਮ ਸਥਾਨ ਪਿੰਡ ਦੀ ਥਾਂ ਨਾਨਕਿਆਂ ਦਾ ਭਰ ਕੇ ਦੂਜਾ ਪਾਸਪੋਰਟ ਬਣਾ ਲੈਂਦਾ ਹੈ। ਪਹਿਲੀ ਫੋਟੋ ਪੱਗ ਵਾਲੀ ਹੋਵੇ ਤਾਂ ਦੂਜੀ ਸਿਰ ਮੁੰਨੇ ਦੀ ਲੱਗ ਜਾਂਦੀ ਹੈ। ਕਰਦਾ ਕੋਈ ਹੈ, ਭੁਗਤਣੀਆਂ ਕਿਸੇ ਹੋਰ ਨੂੰ ਪੈਂਦੀਆਂ ਹਨ!

**ਡਰੱਗ ਦੇ ਕੋਹੜ ਦਾ ਇਲਾਜ:** ਕਬੱਡੀ ਵਿਚ ਡਰੱਗ ਦੇ ਕੋਹੜ ਦਾ ਇਲਾਜ ਬੇਸ਼ੱਕ ਸੌਖਾ ਨਹੀਂ ਪਰ ਜੇ ਸਾਰੇ ਕਬੱਡੀ ਪ੍ਰੇਮੀ ਤਹੱਈਆ ਕਰ ਲੈਣ ਤਾਂ ਔਖਾ ਵੀ ਨਹੀਂ। ਕਬੱਡੀ ਲਈ ਫੰਡ ਦੇਣ ਵਾਲੇ ਮੁਢਲੀ ਸ਼ਰਤ ਇਹ ਰੱਖਣ ਕਿ ਸਾਡਾ ਪੈਸਾ ਖਰੇ ਖਿਡਾਰੀਆਂ 'ਤੇ ਲੱਗੇ, ਨਾ ਕਿ ਡਰੱਗੀ ਖਿਡਾਰੀਆਂ 'ਤੇ ਲੱਗ ਕੇ ਉਨ੍ਹਾਂ ਦਾ ਸੱਤਿਆਨਾਸ ਕਰੇ। ਦਰਸ਼ਕ ਵੀ ਖਰੇ ਖਿਡਾਰੀਆਂ ਦੀ ਖੇਡ ਵੇਖਣ, ਨਾ ਕਿ ਡਰੱਗੀ ਖਿਡਾਰੀਆਂ ਦੀ। ਜੇ ਕੋਈ ਡਰੱਗੀ ਖਿਡਾਰੀਆਂ ਨੂੰ ਖਿਡਾਉਣ ਦੀ ਹਿਮਾਕਤ ਕਰੇ ਤਾਂ ਦਰਸ਼ਕ ਉਹਨੂੰ ਹੂਟ ਕਰਨ ਤਾਂ ਕਿ ਹੋਰਨਾਂ ਨੂੰ ਸਬਕ ਮਿਲੇ। ਇਨਾਮਾਂ ਨਾਲ ਹੌਸਲਾ ਖਰੇ ਖਿਡਾਰੀਆਂ ਦਾ ਵਧਾਇਆ ਜਾਵੇ, ਨਾ ਕਿ ਡਰੱਗੀ ਖਿਡਾਰੀਆਂ ਦਾ। ਲੱਚਰ ਗਾਇਕੀ ਤੇ ਡਰੱਗੀ ਕਬੱਡੀ ਤਦੇ ਬੰਦ ਹੋ ਸਕਦੀ ਹੈ ਜੇ ਲੋਕ ਖੁਦ ਸਾਥ ਦੇਣ। ਜੇ ਪੁਰਾਣੇ ਖਿਡਾਰੀ ਡਰੱਗਾਂ ਤੋਂ ਬਿਨਾ ਸਾਲਾਂ-ਬੱਧੀ ਵਧੀਆ ਕਬੱਡੀ ਖੇਡਦੇ ਰਹੇ ਤਾਂ ਨਵੇਂ ਖਿਡਾਰੀ ਕਿਉਂ ਨਹੀਂ ਖੇਡ ਸਕਦੇ?

ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਪੰਜਾਬ ਤੋਂ ਕੇਵਲ ਉਨ੍ਹਾਂ ਖਿਡਾਰੀਆਂ ਨੂੰ ਸੱਦਣ ਜਿਹੜੇ ਵੀਜ਼ਾ ਅਰਜ਼ੀ ਨਾਲ ਕੁਝ ਦਿਨ ਪਹਿਲਾਂ ਮਾਨਤਾ ਪ੍ਰਾਪਤ ਏਜੰਸੀ ਤੋਂ ਡੋਪ ਟੈਸਟ ਦਾ ਸਰਟੀਫਿਕੇਟ ਲਾਉਣ। ਸੱਦੇ ਗਏ ਖਿਡਾਰੀਆਂ ਨੂੰ ਐਟ ਰੈਂਡਮ ਡੋਪ ਟੈਸਟ ਦਾ ਵੀ ਡਰ ਹੋਵੇ। ਕਬੱਡੀ ਨੂੰ ਡਰੱਗ ਦੀ ਮਾਰ ਤੋਂ ਬਚਾਉਣ ਲਈ ਨੇਕਨੀਅਤੀ ਦੀ ਲੋੜ ਹੈ, ਡਰਾਮੇਬਾਜ਼ੀ ਦੀ ਨਹੀਂ। ਐਵੇਂ ਜਾਅਲੀ ਡੋਪ ਟੈਸਟ ਕਰਾਉਣ ਦਾ ਡਰਾਮਾ ਰਚ ਕੇ ਕਬੱਡੀ ਪ੍ਰੇਮੀਆਂ ਤੇ ਖਰੇ ਖਿਡਾਰੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਉਣਾ ਚਾਹੀਦਾ। ਡਰੱਗ ਟੈਸਟ ਦੀ ਫੀਸ 40 ਡਾਲਰ ਹੈ ਤੇ ਡੋਪ ਟੈਸਟ ਦੀ 200 ਡਾਲਰ। ਕਬੱਡੀ ਟੂਰਨਾਮੈਂਟਾਂ ਨੂੰ ਫੰਡ ਦੇਣ ਵਾਲੇ ਡੋਪ ਟੈਸਟ ਸਪਾਂਸਰ ਕਰਨ ਲਈ ਨਿਤਰਨ। ਕਬੱਡੀ ਦਾ ਨਾਅਰਾ ਹੋਣਾ ਚਾਹੀਦੈ:

ਖਰੇ ਖਿਡਾਰੀ ਜ਼ਿੰਦਾਬਾਦ
ਡਰੱਗੀ ਖਿਡਾਰੀ ਮੁਰਦਾਬਾਦ!

# ਦਰਦਮੰਦੀ ਤੋਂ ਇਨਕਲਾਬ ਦੀ ਯਾਤਰਾ: ਮੋਟਰਸਾਈਕਲ ਡਾਇਰੀਜ਼

ਕੋਹੜ ਦੇ ਰੋਗੀਆਂ ਦਾ ਇਲਾਜ ਕਰਨ ਤੁਰਿਆ ਅਰਜਨਟੀਨੀ ਡਾਕਟਰ ਮਨੁੱਖ ਨੂੰ ਚਿੰਬੜੇ ਵੱਡੇ ਕੋਹੜ ਦੀ ਜੜ੍ਹ ਵੱਢਣ ਤੁਰ ਪਿਆ ਜਿਸ ਨੂੰ ਪੰਜਾਬੀ ਇਨਕਲਾਬੀ ਭਗਤ ਸਿੰਘ ਨੇ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਐਲਾਨਿਆ ਸੀ। ਡਾਕਟਰ ਅਰਨੈਸਟੋ ਗੁਵੇਰਾ ਨੂੰ ਮਨੁੱਖਤਾ 'ਚੀ ਗੁਵੇਰਾ' ਦੇ ਨਾਮ ਨਾਲ ਵਧੇਰੇ ਜਾਣਦੀ ਹੈ। ਚੀ ਨੇ ਚੌਵੀ ਸਾਲ ਦੀ ਉਮਰ 'ਚ ਆਪਣੇ ਮਿੱਤਰ ਪਿਆਰੇ ਐਲਬਰਟੋ ਨਾਲ ਲਾਤੀਨੀ ਅਮਰੀਕੀ ਦੀ ਦਸ ਹਜ਼ਾਰ ਦੋ ਸੌ ਚਾਲੀ ਕਿਲੋਮੀਟਰ ਲੰਬੀ ਯਾਤਰਾ ਕੀਤੀ। ਫਿਲਮ 'ਮੋਟਰਸਾਈਕਲ ਡਾਇਰੀਜ਼' ਇਸੇ ਯਾਤਰਾ ਨੂੰ ਪਰਦਾਪੇਸ਼ ਕਰਦੀ ਹੈ। ਇਸ ਯਾਤਰਾ ਦੌਰਾਨ ਹੰਢਾਏ ਤਜਰਬੇ ਬਾਰੇ ਚੀ ਦਾ ਕਹਿਣਾ ਹੈ: "ਮੈਂ ਜਿੰਨੀ ਬੇਇਨਸਾਫੀ ਅਤੇ ਦੁੱਖ ਮਹਿਸੂਸ ਕੀਤਾ, ਉਸ ਤੋਂ ਬਾਅਦ ਮੈਂ ਉਹ ਨਹੀਂ ਰਿਹਾ ਜੋ ਮੈਂ ਸੀ।"

ਆਪਣੇ ਸ਼ਹਿਰ ਬਿਊਨਸ ਏਅਰਜ਼ ਤੋਂ ਬਾਹਰ ਨਿਕਲ ਕੇ ਮਾਂ ਨੂੰ ਭੇਜੇ ਖ਼ਤ 'ਚ ਲਿਖਦਾ ਹੈ: "ਅਸੀਂ ਬਿਊਨਸ ਏਅਰਜ਼ ਪਿੱਛੇ ਛੱਡ ਆਏ ਹਾਂ। ਪਿੱਛੇ ਛੱਡ ਆਏ ਹਾਂ ਬਦਨਸੀਬ ਜ਼ਿੰਦਗੀ, ਨੀਰਸ ਭਾਸ਼ਣ, ਲੇਖ ਅਤੇ ਸਿਹਤ ਪੇਪਰ। ਹੁਣ ਸਾਰਾ ਲਾਤੀਨੀ ਅਮਰੀਕਾ ਸਾਡੇ ਅੱਗੇ ਹੈ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਸਭਿਅਤਾ ਪਿੱਛੇ ਛੱਡ ਆਏ ਹਾਂ ਤੇ ਹੁਣ ਅਸੀਂ ਜ਼ਮੀਨ ਦੇ ਕੁਝ ਨੇੜੇ ਹਾਂ।" ਉਸ ਤੋਂ ਬਾਅਦ ਉਹ ਜ਼ਮੀਨ ਦੇ ਨੇੜੇ ਹੁੰਦਾ ਗਿਆ। ਉਹ ਗ਼ਰੀਬ ਸੇਵਾਦਾਰ ਦੀ ਬਿਮਾਰ ਮਾਂ ਨੂੰ ਦੇਖਣ ਗਿਆ ਮਨੁੱਖੀ ਦਰਦ ਦੀ ਥਾਹ ਪਾਉਂਦਾ ਹੈ। ਖ਼ਤ 'ਚ ਲਿਖਦਾ ਹੈ: "ਉਹ ਗ਼ਰੀਬ ਬੁੜ੍ਹੀ ਔਰਤ ਇਲਾਜ ਖੁਣੋਂ ਮਰ ਰਹੀ ਹੈ। ਮੈਂ ਉਹਦੇ ਕਿਸੇ ਕੰਮ ਨਹੀਂ ਆ ਸਕਦਾ। ਉਸ ਨੇ ਮਹੀਨਿਆਂ ਬਾਅਦ ਡਾਕਟਰ ਦੇਖਿਆ ਹੈ ਪਰ ਉਹ ਸ਼ਾਨ ਨਾਲ ਜਿਊਣ ਦਾ ਉਪਰਾਲਾ ਕਰ ਰਹੀ ਹੈ। ਉਸ ਦੀਆਂ ਨਜ਼ਰਾਂ 'ਚ ਮੁਆਫੀ ਤੇ ਸਬਰ-ਸੰਤੋਖ ਵਰਗਾ ਕੁਝ ਤੈਰਦਾ ਨਜ਼ਰ ਆਉਂਦਾ ਹੈ ਜੋ ਹੁਣ ਖ਼ਤਮ ਹੋ ਰਿਹਾ ਹੈ। ਉਸ ਦਾ ਸਰੀਰ ਸਾਡੇ ਆਲੇ-ਦੁਆਲੇ ਫੈਲੇ ਮਹਾਨ ਭੇਤ 'ਚ ਗ਼ਾਇਬ ਹੋ ਜਾਵੇਗਾ।" ਮਨੁੱਖ ਦੀ ਸ਼ਾਨ ਨਾਲ ਜਿਊਣ ਦੀ ਰੀਝ ਨੂੰ ਚੈਨ ਨਾਲ ਮਰਨ ਦੀ ਮਜਬੂਰੀ ਤੱਕ ਪੁਚਾ ਦਿੱਤਾ ਗਿਆ। ਇਲਾਜ ਖੁਣੋਂ ਮਰਦੀ ਬਜ਼ੁਰਗ ਬੀਬੀ ਉਨ੍ਹਾਂ ਪੰਛੀਆਂ ਦਾ ਬਿੰਬ ਦਿਸਦੀ ਹੈ ਜੋ ਸ਼ਾਇਰ ਪਾਸ਼ ਮੁਤਾਬਕ ਚੈਨ ਨਾਲ ਮਰਨਾ ਸਿੱਖ ਰਹੇ ਹਨ।

ਚਿੱਲੀ ਦੇ ਵੀਰਾਨ ਮਾਰੂਥਲ 'ਚ ਉਸ ਨੂੰ ਕਿਸਾਨ ਜੋੜਾ ਮਿਲਦਾ ਹੈ ਜਿਨ੍ਹਾਂ ਨੂੰ ਡਾਢਿਆਂ ਨੇ ਜ਼ਮੀਨ ਤੋਂ ਉਜਾੜ ਕੇ ਫਾਕੇ ਕੱਟਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਔਰਤ ਦੇ ਸ਼ਬਦਾਂ 'ਚ, "ਇਸੇ ਨੂੰ ਉਹ 'ਤਰੱਕੀ' ਕਹਿੰਦੇ ਹਨ।" ਕਿਸਾਨ ਜੋੜਾ ਕੰਮ ਲਈ ਦਰ ਦਰ ਭਟਕ ਰਿਹਾ ਹੈ। ਉਨ੍ਹਾਂ ਉਤੇ ਕਿਸਾਨ ਅਤੇ ਕਮਿਊਨਿਸਟ ਹੋਣ ਦਾ ਦੋਸ਼ ਹੈ। ਆਪਣੇ ਪੁੱਤ ਨੂੰ ਪਰਿਵਾਰ ਕੋਲ ਛੱਡ ਆਏ ਹਨ। ਪੁਲਿਸ ਤੇ ਭੁੱਖ ਦੋਵਾਂ ਦਾ ਡਰ ਹੈ। ਉਨ੍ਹਾਂ ਦੇ ਮਿੱਤਰਾਂ ਨੂੰ ਮੱਛੀਆਂ ਦੀ ਖ਼ੁਰਾਕ ਬਣਾ ਕੇ ਸਮੁੰਦਰ ਹੇਠ ਸੁਆ ਦਿੱਤਾ ਗਿਆ ਹੈ। ਡਾਢੇ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਤੁਸੀਂ ਕਿਸ ਪਾਰਟੀ ਨਾਲ ਸਬੰਧਤ ਹੋ? ਇਹੀ ਰੁਝਾਨ ਭਾਰਤ 'ਚ ਪਿਛਲੇ ਢਾਈ ਦਹਾਕਿਆਂ ਤੋਂ ਹੋਰ ਤੇਜ਼ੀ ਨਾਲ ਸਾਹਮਣੇ ਆਇਆ ਹੈ। ਬਹੁਕੌਮੀ ਕੰਪਨੀਆਂ 'ਤਰੱਕੀ' ਦੇ ਨਾਮ 'ਤੇ ਕਿਸਾਨਾਂ ਦੀ ਜ਼ਮੀਨ ਅਤੇ ਕੁਦਰਤੀ ਖਣਿਜਾਂ ਨੂੰ ਹੜੱਪਣ 'ਚ ਲੱਗੀਆਂ ਹੋਈਆਂ ਹਨ। ਆਵਾਮ ਦੇ ਹਰ ਹੱਕੀ ਅੰਦੋਲਨ ਨੂੰ ਅਤਿਵਾਦੀ, ਨਕਸਲਵਾਦੀ ਤੇ ਮਾਓਵਾਦੀ ਕਰਾਰ ਦੇ ਕੇ ਕੁਚਲਿਆ ਜਾ ਰਿਹਾ ਹੈ। ਜੋ ਕੁਝ ਲਾਤੀਨੀ ਅਮਰੀਕਾ ਨੇ ਪਿਛਲੀ ਸਦੀ 'ਚ ਹੰਢਾਇਆ ਹੈ, ਭਾਰਤ ਨੇ ਉਸ ਦੀ ਅਜੇ ਝਲਕ ਹੀ ਦੇਖੀ ਹੈ। ਇਸ ਝਲਕ ਨੂੰ ਭਾਰਤ ਦਾ 'ਇਮਾਨਦਾਰ ਪ੍ਰਧਾਨ ਮੰਤਰੀ' ਵਡਿਆਉਂਦਾ ਨਹੀਂ ਸੀ ਥੱਕਦਾ ਹੁੰਦਾ। ਅਸੀਂ 'ਤਰੱਕੀ' ਦੇ ਭੰਬੂਤਾਰੇ ਅਜੇ ਦੇਖਣੇ ਹਨ, ਅਵਾਮ ਦਾ ਦਿਮਾਗ ਭਾਵੇਂ ਹੁਣੇ ਹੀ ਚੱਕਰ ਖਾਣੇ ਸ਼ੁਰੂ ਕਰ ਚੁੱਕਿਆ ਹੈ। ਕਿਸਾਨ ਜੋੜੇ ਦੇ ਪੁੱਛਣ 'ਤੇ ਚੀ ਦੱਸਦਾ ਹੈ ਕਿ ਉਨ੍ਹਾਂ ਦੀ ਯਾਤਰਾ ਸਿਰਫ ਯਾਤਰਾ ਲਈ ਸੀ। ਜੋੜਾ ਹੈਰਾਨ ਰਹਿ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਯਾਤਰਾ ਰੋਟੀ ਲੱਭਣ ਦੀ ਹੈ। ਚੀ ਯਾਤਰਾ ਦੇ ਨਵੇਂ ਅਰਥ ਸਮਝਣੇ ਸ਼ੁਰੂ ਕਰਦਾ ਹੈ। ਉਹ ਲਿਖਦਾ ਹੈ: ਕਿਸਾਨ ਜੋੜੇ ਦੇ ਚਿਹਰੇ ਮੁਰਝਾਏ ਹੋਏ ਤੇ ਡਰਾਉਣੇ ਸਨ।




ਉਹ ਰਾਤ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਠੰਢੀਆਂ ਰਾਤਾਂ 'ਚੋਂ ਸੀ। ਸਾਂਝੀ ਮਨੁੱਖੀ ਨਸਲ ਦਾ ਅਹਿਸਾਸ ਮੈਨੂੰ ਉਨ੍ਹਾਂ ਅਜਨਬੀਆਂ ਦੇ ਨੇੜੇ ਲੈ ਆਇਆ।" ਦੂਜੇ ਦਿਨ ਚੀ ਹੋਰੀਂ ਕਿਸਾਨ ਜੋੜੇ ਨਾਲ ਖਾਣਾਂ 'ਤੇ ਕੰਮ ਲੱਭਣ ਜਾ ਪਹੁੰਚਦੇ ਹਨ। ਲੇਬਰ ਚੌਕ 'ਚ ਖੜ੍ਹੇ ਮਜ਼ਦੂਰਾਂ ਦੀ ਬੋਲੀ ਲੱਗਦੀ ਹੈ। ਕਿਸਾਨ ਔਰਤ ਨੂੰ ਕੰਮ ਨਾ ਮਿਲ ਸਕਿਆ। ਮਜ਼ਦੂਰ ਪਾਣੀ ਤੋਂ ਵੀ ਪਿਆਸੇ ਹਨ। ਉਨ੍ਹਾਂ ਨੂੰ ਐਨਾਕੌਂਡਾ ਖਾਣ ਕੰਪਨੀ ਦੇ ਟਰੱਕਾਂ 'ਚ ਤੂੜਿਆ ਗਿਆ। ਚੀ ਖਾਣ ਦੇ ਅਫਸਰ ਤੋਂ ਪਿਆਸੇ ਕਾਮਿਆਂ ਲਈ ਪਾਣੀ ਦੀ ਮੰਗ ਕਰਦਾ ਹੈ। ਖਾਣ ਮਾਲਕਾਂ ਨੂੰ ਕਾਮਿਆਂ ਦੀ ਪਿਆਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਨੂੰ ਤਾਂ ਸਸਤੇ ਭਾਅ 'ਤੇ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੈ। ਅਫਸਰ ਚੀ ਹੋਰਾਂ ਨੂੰ ਉਥੋਂ ਦਫਾ ਹੋ ਜਾਣ ਲਈ ਕਹਿ ਕੇ ਟਰੱਕ 'ਚ ਚੜ੍ਹ ਜਾਂਦਾ ਹੈ। ਮੂਹਰਲੀ ਸੀਟ 'ਤੇ ਬੈਠੇ ਜਾਂਦੇ ਅਫਸਰ ਨੂੰ ਵੱਟਾ ਮਾਰ ਕੇ ਚੀ ਗੁੱਸਾ ਠੰਢਾ ਕਰਦਾ ਹੈ। ਖਾਣ ਕੰਪਨੀ ਦਾ ਨਾਮ ਐਨਾਕੌਂਡਾ ਤੋਂ ਰੱਖਿਆ ਗਿਆ ਸੀ ਜੋ ਦੁਨੀਆਂ ਦਾ ਸਭ ਤੋਂ ਵੱਡਾ ਅਜਗਰ ਹੈ। ਉਹ ਵੱਡੇ ਵੱਡੇ ਜਾਨਵਰ ਸਾਬਤ ਨਿਗਲ ਜਾਂਦਾ ਹੈ। ਬਹੁਕੌਮੀ ਕੰਪਨੀਆਂ ਦਾ ਖ਼ਾਸਾ ਅਜਗਰ ਨਾਲ ਮੇਲ ਖਾਂਦਾ ਹੈ। ਪ੍ਰੇਮਿਕਾ ਦੇ ਦਿੱਤੇ ਪੈਸੇ ਨੂੰ ਚੀ ਦਮੇ ਦੇ ਹੱਲੇ ਵੇਲੇ ਇਲਾਜ ਲਈ ਵੀ ਨਹੀਂ ਵਰਤਦਾ। ਦੋਸਤ ਨਾਲ ਉਨ੍ਹਾਂ ਪੈਸਿਆਂ ਪਿੱਛੇ ਝਗੜਦਾ ਰਹਿੰਦਾ ਹੈ ਪਰ ਉਹ ਸਾਰੇ ਪੈਸੇ ਕਿਸਾਨ ਜੋੜੇ ਨੂੰ ਦੇ ਜਾਂਦਾ ਹੈ।

ਚੀ ਤੇ ਐਲਬਰਟੋ ਦੀ ਯਾਤਰਾ ਜਾਰੀ ਰਹਿੰਦੀ ਹੈ। ਐਂਡੀਜ਼ ਪਰਬਤ ਵੱਲ ਵਧਦੇ ਹੋਏ ਮੂਲਵਾਸੀ ਕਿਸਾਨ ਜ਼ਿਆਦਾ ਗਿਣਤੀ 'ਚ ਦਿਸਣੇ ਸ਼ੁਰੂ ਹੋ ਜਾਂਦੇ ਹਨ ਜਿਨ੍ਹਾਂ ਨੂੰ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਪੇਰੂ ਪਹੁੰਚਣ 'ਤੇ ਸਪੇਨੀ ਬਸਤਾਨਾਂ (ਬਸਤੀਵਾਦੀਆਂ) ਦੇ ਖ਼ੂਨੀ ਕਾਰੇ ਪਤਾ ਲੱਗਣੇ ਸ਼ੁਰੂ ਹੁੰਦੇ ਹਨ ਜਿਨ੍ਹਾਂ ਨੇ ਵਪਾਰਕ ਕਾਰਨਾਂ ਕਰ ਕੇ ਮੂਲਵਾਸੀਆਂ ਦੀ ਰਵਾਇਤੀ ਰਾਜਧਾਨੀ ਕੂਜ਼ਕੋ ਨੂੰ ਛੱਡ ਕੇ ਲੀਮਾ ਨੂੰ ਪੇਰੂ ਦੀ ਰਾਜਧਾਨੀ ਬਣਾਇਆ ਸੀ। ਧਰਮ ਦੇ ਨਾਂ 'ਤੇ ਚਲਦਾ ਵਪਾਰ ਅਜੇ ਤੱਕ ਜਾਰੀ ਹੈ। ਮੁਕਾਮੀ ਇੰਕਾ ਲੋਕ ਤਾਰਾ ਵਿਗਿਆਨ, ਦਿਮਾਗੀ ਸਰਜਰੀ, ਗਣਿਤ ਅਤੇ ਹੋਰ ਚੀਜ਼ਾਂ ਦਾ ਭਰਪੂਰ ਗਿਆਨ ਰੱਖਦੇ ਸਨ ਪਰ ਸਪੇਨੀਆਂ ਕੋਲ ਬਾਰੂਦ ਸੀ। ਸਪੇਨੀ ਬਸਤਾਨਾਂ ਨਾਲ ਆਏ ਚੇਚਕ ਰੋਗ ਨੇ ਮਾਚਾ-ਪਿਚੂ ਵਰਗਾ ਘੁੱਗ ਵਸਦਾ ਸ਼ਹਿਰ ਸ਼ਮਸ਼ਾਨਘਾਟ ਬਣਾ ਦਿੱਤਾ ਸੀ। ਚੇਚਕ ਨਾਲ ਲੜਨ ਦੀ ਕੁਦਰਤੀ ਅੰਦਰੂਨੀ ਸ਼ਕਤੀ ਮੁਕਾਮੀ ਇੰਕਾ ਲੋਕਾਂ ਵਿਚ ਨਹੀਂ ਸੀ। ਕਤਲੇਆਮ ਤੇ ਤਬਾਹੀ ਦੇ ਮੰਜ਼ਰ ਅੱਜ ਵੀ ਮਾਚਾ-ਪਿਚੂ ਦੇ ਖੰਡਰਾਂ ਦੇ ਰੂਪ 'ਚ ਦੇਖੇ ਜਾ ਸਕਦੇ ਹਨ। ਬਸਤਾਨਾਂ ਦੇ ਰੂਪ ਬਦਲੇ ਹਨ ਪਰ ਮੂਲਵਾਸੀਆਂ ਦੀ ਲੁੱਟ ਬੇਰੋਕ ਜਾਰੀ ਹੈ। ਪੇਰੂ ਦੀ ਘਰੇਲੂ ਸਨਅਤ ਨੂੰ ਤਬਾਹ ਕਰ ਦਿੱਤਾ ਗਿਆ। ਅਣਗਿਣਤ ਕਾਮੇ ਵਿਹਲੇ ਹੋ ਗਏ। ਮੁਕਾਮੀ ਔਰਤ ਮੁਤਾਬਕ ਬਸਤਾਨਾਂ ਦੀ ਲੁੱਟ ਲਗਾਤਾਰ ਲੋਕਾਂ 'ਤੇ ਅਸਰ-ਅੰਦਾਜ਼ ਹੋ ਰਹੀ ਹੈ। ਅਮੀਰ ਜਗੀਰਦਾਰ ਪੁਲਿਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਕਿਸਾਨਾਂ ਨੂੰ ਜ਼ਮੀਨ ਤੋਂ ਉਜਾੜ ਰਹੇ ਹਨ। ਕਿਸਾਨ ਜਥੇਬੰਦ ਹੋ ਕੇ ਉਜਾੜੇ ਦੇ ਖ਼ਿਲਾਫ ਲੜ ਰਹੇ ਹਨ। ਮਾਚਾ-ਪਿਚੂ ਦੇ ਖੰਡਰਾਂ 'ਚ ਬੈਠੇ ਚੀ ਤੇ ਐਲਬਰਟੋ ਕਾਗਜ਼ਾਂ 'ਤੇ ਕੁਝ ਝਰੀਟੀ ਜਾ ਰਹੇ ਹਨ। ਐਲਬਰਟੋ ਮੁਤਾਬਕ ਉਹ ਮੂਲਵਾਸੀ ਔਰਤ ਨਾਲ ਵਿਆਹ ਕਰਵਾਏਗਾ ਤੇ ਮੁਕਾਮੀ ਲੋਕਾਂ ਨੂੰ ਜਥੇਬੰਦ ਕਰ ਕੇ ਵੋਟਾਂ ਦੇ ਢਾਂਚੇ ਰਾਹੀਂ ਇਨਕਲਾਬ ਕਰੇਗਾ। ਚੀ ਦਾ ਸਪਸ਼ਟ ਜਵਾਬ ਹੈ, "ਹਥਿਆਰਾਂ ਤੋਂ ਬਿਨਾਂ ਕਦੇ ਇਨਕਲਾਬ ਨਹੀਂ ਹੋ ਸਕਦਾ।" ਉਸ ਦੇ ਸਾਹਮਣੇ ਵੱਡਾ ਸਵਾਲ ਹੈ ਕਿ ਇੰਨੀ ਗਿਆਨਵਾਨ ਸਭਿਅਤਾ ਨੂੰ ਤਬਾਹ ਕਰ ਕੇ 'ਤਰੱਕੀ' ਦੇ ਡੰਨ ਕਿਵੇਂ ਉਸਾਰੇ ਜਾ ਸਕਦੇ ਹਨ? ਦ੍ਰਿਸ਼ ਮਾਚਾ-ਪਿਚੂ ਦੇ ਖੰਡਰਾਂ ਤੋਂ ਰਾਜਧਾਨੀ ਲੀਮਾ ਦੇ ਕੰਕਰੀਟ ਰੂਪੀ ਜੰਗਲ 'ਚ ਤਬਦੀਲ ਹੋ ਜਾਂਦਾ ਹੈ। ਲੀਮਾ 'ਚ ਚੀ ਨੂੰ ਮੂਲਵਾਸੀਆਂ ਦੀ ਅਸੀਮ ਇਨਕਲਾਬੀ ਸਮਰੱਥਾ ਦਾ ਅਹਿਸਾਸ ਹੁੰਦਾ ਹੈ। ਉਨ੍ਹਾਂ ਦੀ ਅਸਲੀ ਸਮੱਸਿਆ 'ਜ਼ਮੀਨ' ਦੀ ਹੈ।

ਫਿਲਮ ਦਾ ਆਖਰੀ ਹਿੱਸਾ ਕੋਹੜ ਦੇ ਰੋਗੀਆਂ ਨਾਲ ਬਿਤਾਏ ਤਜਰਬਿਆਂ ਬਾਰੇ ਹੈ। ਐਮਾਜ਼ੋਨ ਦਰਿਆ ਦੇ ਦੱਖਣੀ ਕੰਢੇ 'ਤੇ ਕੋਹੜ ਦੇ ਰੋਗੀਆਂ ਨੂੰ ਰੱਖਿਆ ਜਾਂਦਾ ਹੈ। ਉਤਰੀ ਕੰਢੇ 'ਤੇ ਹਸਪਤਾਲ ਦਾ ਅਮਲਾ ਤੇ ਇਸਾਈ ਸਾਧਵੀਆਂ ਰਹਿੰਦੀਆਂ ਹਨ ਜੋ ਪੂਰਾ ਪ੍ਰਬੰਧ ਦੇਖਦੀਆਂ ਹਨ। ਦੋਵਾਂ ਵਿਚਕਾਰ ਸ਼ੂਕਦਾ ਦਰਿਆ ਹੈ। ਚਰਚ ਵਿਚ ਅਰਦਾਸ ਨਾ ਕਰਨ ਵਾਲੇ ਨੂੰ ਲੰਗਰ ਨਹੀਂ ਦਿੱਤਾ ਜਾਂਦਾ। ਚੀ ਰੋਗੀਆਂ ਨਾਲ ਹੁੰਦੇ ਵਿਤਕਰੇ ਦੇ ਖ਼ਿਲਾਫ ਪੈਂਤੜਾ ਮੱਲਦਾ ਹੈ। ਉਹ ਦਰਦਮੰਦੀ ਨਾਲ ਲਬਰੇਜ਼ ਮਨੁੱਖ ਦੇ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ। ਇਲਾਜ ਨਾ ਕਰਾਉਣ ਲਈ ਬਜ਼ਿਦ ਬੀਬੀ 'ਸਿਲਵੀਆ' ਨੂੰ ਮਨਾਉਣ ਲਈ ਕਹੇ ਸ਼ਬਦ ਚੀ ਦੇ ਆਖ਼ਰੀ ਸਾਹ ਤੱਕ ਨਿਭਦੇ ਨਜ਼ਰ ਆਉਂਦੇ ਹਨ। ਉਹ ਕਹਿੰਦਾ ਹੈ, "ਜ਼ਿੰਦਗੀ ਬਚਾਉਣ ਲਈ ਆਖ਼ਰੀ ਦਮ ਤੱਕ ਲੜਨਾ ਚਾਹੀਦਾ ਹੈ ... ਮੌਤ ਨੂੰ ਕਹੋ ਨਰਕ 'ਚ ਜਾਵੇ।" ਮਨੁੱਖੀ ਜ਼ਿੰਦਗੀ ਦੀ ਕਦਰ ਸਮਝਾਉਣ ਤੇ ਉਸ ਦੀ ਰੱਖਿਆ ਲਈ ਤੁਰੇ ਚੀ ਦਾ ਗੁਆਟੇਮਾਲਾ, ਕਿਊਬਾ, ਵੈਂਜ਼ੂਏਲਾ, ਕਾਂਗੋ ਅਤੇ ਬੋਲੀਵੀਆ ਵਿਚ ਲੜਿਆ ਸੰਗਰਾਮ ਉਸ ਦੇ ਬੋਲਾਂ ਨਾਲ ਇਕਮਿਕ ਹੁੰਦਾ ਨਜ਼ਰ ਆਉਂਦਾ ਹੈ। ਰੋਗੀਆਂ ਅਤੇ ਅਮਲੇ ਵਿਚਕਾਰਲਾ ਸ਼ੂਕਦਾ ਦਰਿਆ ਬਿਮਾਰ ਬੰਦੇ ਨੂੰ ਸਿਹਤਮੰਦ ਬੰਦੇ ਤੋਂ ਵੱਖ ਕਰਦਾ ਹੈ। ਆਪਣੇ ਜਨਮ ਦਿਨ ਵਾਲੀ ਰਾਤ ਉਹ ਭਰੀ-ਭਰਾਈ ਪਾਰਟੀ ਛੱਡ ਕੇ ਰੋਗੀਆਂ ਨਾਲ ਜਨਮ ਦਿਨ ਦੀ ਖ਼ੁਸ਼ੀ ਸਾਂਝੀ ਕਰਨ ਤੁਰ ਪੈਂਦਾ ਹੈ।

ਦਮੇ ਦਾ ਮਰੀਜ਼ ਠੰਢੇ ਸੀਤ ਦਰਿਆ ਨੂੰ ਪਾਰ ਕਰਦਾ ਹੋਇਆ ਕੰਨੀਆਂ 'ਤੇ ਧੱਕੇ ਮਜ਼ਲੂਮਾਂ ਦੀ ਧਿਰ ਬਣਨ ਲਈ ਮੌਤ ਨੂੰ ਮਖੌਲ ਕਰ ਰਿਹਾ ਹੈ।

ਗ਼ਾਲਬਾਂ ਅਤੇ ਦਬਾਏ ਜਾਂਦੇ ਲੋਕਾਂ ਵਿਚਲੀ ਵਿਥ ਮੇਟਣ ਲਈ ਉਹ ਸਾਰੀ ਉਮਰ ਅੱਗ ਦਾ ਦਰਿਆ ਪਾਰ ਕਰਦਾ ਰਿਹਾ। ਡਾਕਟਰ ਹੋਣ ਕਰ ਕੇ ਚੀ ਮਨੁੱਖੀ ਜ਼ਿੰਦਗੀ ਦੀ ਕੀਮਤ ਹੋਰ ਨੇੜਿਓਂ ਜਾਣਦਾ ਸੀ ਜਿਸ ਨੂੰ ਬਚਾਉਣ ਲਈ ਅਤੇ ਮਨੁੱਖਤਾ ਨੂੰ ਚਿੰਬੜੇ ਕੋਹੜ ਦਾ ਫਸਤਾ ਵੱਢਣ ਲਈ ਉਹ ਦਵਾਈਆਂ ਤੋਂ ਲੈ ਕੇ ਇਨਕਲਾਬ ਦੀ ਜੰਗ 'ਚ ਹਥਿਆਰ ਤੱਕ ਵਰਤਣ ਦੇ ਰਾਹ ਤੁਰਿਆ।

**-ਜਤਿੰਦਰ ਮੌਹਰ**

# ਕਾਲਾ: ਜੜ੍ਹਾਂ ਦੀ ਕਹਾਣੀ

'ਕਾਲਾ' ਸਿਆਸਤ ਦੀਆਂ ਚੁਸਤ ਚਲਾਕੀਆਂ ਨੂੰ ਸਮਝਦੀ ਹੋਈ ਬੰਦੇ ਦੇ ਬੁਨਿਆਦੀ ਨੁਕਤੇ ਦਾ ਸੰਵਾਦ ਹੈ। ਵਿਕਾਸ ਦੇ ਨਾਮ 'ਤੇ ਖ਼ੁੱਸੀਆਂ ਜ਼ਮੀਨਾਂ ਦੀ ਬੇਵਸੀ ਜੋ ਦਿਬਾਕਰ ਬੈਨਰਜੀ ਦੀ 'ਸ਼ੰਘਾਈ' ਅਤੇ ਸਿਧਾਰਥ ਸ੍ਰੀਨਿਵਾਸਨ ਦੀ 'ਪੈਰੋਂ ਤਲੇ' (ਸੋਲ ਆਫ ਸੈਂਡ) 'ਚ ਹੈ, ਇਹ ਉਸ ਫਿਤਰਤ ਨੂੰ ਸਮਝਦੀ ਹੋਈ ਗੱਲ ਨੂੰ ਅੱਗੇ ਤੋਰਦੀ ਹੈ। ਇਹ ਫਿਲਮ ਰੂਪਕਾਂ ਨੂੰ ਤੋੜਦੀ ਹੈ, ਸਮਝਾਉਂਦੀ ਹੈ।

ਜੇ ਤੁਸੀਂ ਸਰਕਾਰ ਦੀ ਹਾਂ ਵਿਚ ਹਾਂ ਦੇ ਪੈਰੋਕਾਰ ਨਹੀਂ ਹੋ ਤਾਂ ਤੁਸੀ ਦੇਸ਼ ਧ੍ਰੋਹੀ ਹੋ। ਇਹ ਫਰਕ ਨਹੀਂ ਪੈਂਦਾ ਕਿ ਸਰਕਾਰ ਪਿਛਲੀ ਸੀ, ਮੌਜੂਦਾ ਸੀ ਜਾਂ ਆਉਣ ਵਾਲੀ ਕੋਈ ਅਗਲੀ ਸਰਕਾਰ ਹੈ। ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ ਦੀ ਆਤਮਾ ਨੀਲਾਮ ਹੈ ਅਤੇ ਜਾਰਜ ਔਰਵਲ ਦੇ 'ਐਨੀਮਲ ਫਾਰਮ' ਵਾਂਗ 'ਸਭ ਬਰਾਬਰ ਹਨ ਪਰ ਕੁਝ ਬਰਾਬਰ ਤੋਂ ਵਿਸ਼ੇਸ਼ ਅਧਿਕਾਰ 'ਚ ਉਪਰ' ਹੋ ਗਏ ਹਨ। ਇਹ ਖੇਡ ਕਦੋਂ ਖੇਡੀ ਗਈ, ਨਾਦਾਨ ਦਿਲਾਂ ਨੂੰ ਜਦੋਂ ਸਮਝ ਆਈ ਤਾਂ ਕਾਫਲੇ ਕਦੋਂ ਦੇ ਛੁੱਟ ਗਏ ਸਨ।

ਦਿਬਾਕਰ ਬੈਨਰਜੀ ਦੀ ਫਿਲਮ 'ਸ਼ੰਘਾਈ' ਵਿਚ ਦਿਬਾਕਰ ਵਾਰ-ਵਾਰ ਫਲੈਟ ਦੇ ਬਾਹਰ ਖੜ੍ਹੋਤਾ ਚੌਕੀਦਾਰ, ਤੈਰਾਕੀ ਲਈ ਬਣੇ ਪੂਲ ਦੀ ਸਫਾਈ ਕਰਦਾ ਬੰਦਾ ਦਿਖਾਉਂਦਾ ਹੈ। ਇਹ ਕਹਾਣੀ ਦਾ ਹਿੱਸਾ ਨਹੀਂ ਹਨ, ਫਿਰ ਵੀ ਉਹ ਦਿਖਾਉਂਦਾ ਹੈ। ਜਿਥੋਂ ਖੜ੍ਹ ਕੇ ਉਹ ਦਿਖਾ ਰਿਹਾ ਹੈ, ਉਥੋਂ ਉਹ ਇਸ ਲਈ ਦਿਖਾ ਰਿਹਾ ਹੈ ਕਿਉਂਕਿ ਉਹ ਬੰਦੇ ਹੀ ਫਲੈਟਾਂ ਥੱਲੇ ਦੀ ਜ਼ਮੀਨਾਂ ਦੇ ਮਾਲਕ ਸਨ। ਉਹੀ ਮਾਲਕ ਆਪਣੀਆਂ ਜ਼ਮੀਨਾਂ ਵੇਚ ਕੇ ਉਨ੍ਹਾਂ 'ਤੇ ਬਣੇ ਫਲੈਟਾਂ 'ਚ ਨੌਕਰੀ ਕਰ ਰਹੇ ਹਨ। ਵਿਕਾਸ ਦਾ ਇਹ ਰੂਪ ਲੋਕ ਹਿੱਤ 'ਚ ਕਿਵੇਂ ਹੋ ਸਕਦਾ ਹੈ? 'ਪੈਰੋਂ ਤਲੇ' ਵਿਚ ਵੱਡੇ ਸ਼ਹਿਰਾਂ ਦੇ ਨਾਲ ਲੱਗਦੀਆਂ ਵਿਕੀਆਂ ਜ਼ਮੀਨਾਂ 'ਚ ਭੂ ਮਾਫੀਆ ਹੈ, ਅਰਬਨ ਸੁਫਨੇ 'ਚ ਗਰੀਬ ਦੀ ਤਾਰ-ਤਾਰ ਹੁੰਦੀ ਇਜ਼ਤ ਹੈ। ਇਕੋ ਧਰਤੀ, ਇਕੋ ਅੰਬਰ, ਸਾਂਝੇ ਚੰਨ ਤੇ ਤਾਰਿਆਂ 'ਚ ਵਿਕਾਸ ਨੇ, ਤਾਕਤ ਨੇ ਸੱਤਾ ਅਤੇ ਤਾਕਤ ਹੀ ਖੜ੍ਹੀ ਕੀਤੀ ਹੈ ਅਤੇ ਉਸ ਵਿਚ 'ਸਭ ਕਾ ਸਾਥ-ਸਭ ਕਾ ਵਿਕਾਸ' ਕਿਥੇ ਹੈ?

ਸਰਕਾਰ ਲੋਕਾਂ ਵੱਲੋਂ ਬਣਾਈ ਜਾਂਦੀ ਹੈ। ਸਿਆਸਤ ਤਾਂ ਸੇਵਾ ਸੀ ਪਰ ਸਰਕਾਰ ਲਈ ਲੋਕ ਸਿਰਫ ਵੋਟ ਨੰਬਰ ਹਨ ਅਤੇ ਲੋਕਾਂ ਲਈ ਬਣਾਈ ਕੋਈ ਵੀ ਯੋਜਨਾ, ਸੜਕ, ਬੁਨਿਆਦੀ ਸਹੂਲਤਾਂ, ਬਿਜਲੀ, ਪਾਣੀ ਸਰਕਾਰਾਂ ਦਾ ਅਹਿਸਾਨ ਹੈ। ਇਹ ਤਾਂ ਲੋਕਾਂ ਦਾ ਹੱਕ ਹੈ ਅਤੇ ਇਹ ਕੋਈ ਖੈਰਾਤ ਨਹੀਂ ਹੈ ਪਰ ਲੋਕਾਂ ਨੂੰ ਜਤਾਇਆ ਇਹੋ ਜਾਂਦਾ ਹੈ ਕਿ ਇਹ ਜੋ ਤੁਹਾਨੂੰ ਮਿਲ ਰਿਹਾ ਹੈ, ਇਹ ਸਾਡਾ ਰਹਿਮੋ-ਕਰਮ ਹੈ। ਬੰਦੇ ਇਸੇ ਭਾਵਨਾ 'ਚ ਸਰਕਾਰਾਂ ਦੇ ਭਗਤ ਹੋ ਗਏ ਹਨ। ਸਿਆਸੀ ਵਰਕਰ ਆਪਣੇ ਆਗੂ ਲਈ ਇਕ ਦੂਜੇ ਨੂੰ ਕੱਟਣ-ਵੱਢਣ ਨੂੰ ਤਿਆਰ ਹੋ ਜਾਂਦੇ ਹਨ। ਸਿਆਸਤ ਦਾ ਰੰਗ ਅਜਿਹਾ ਹੈ ਕਿ ਸੱਤਾ ਦੇ ਰੰਗਰੇਜ਼ ਨੇ ਐਸਾ ਰੰਗਿਆ ਹੈ ਕਿ ਅਸੀਂ ਇਕ ਦੂਜੇ ਨੂੰ ਪਛਾਣਦੇ ਵੀ ਉਹਦੀ ਵਿਚਾਰਧਾਰਾ ਅਤੇ ਪਾਰਟੀਆਂ ਤੋਂ ਹੀ ਹਾਂ। ਬੰਦਾ ਹੁਣ ਨਿਰਾ-ਪੁਰਾ ਬੰਦਾ ਨਹੀਂ ਰਿਹਾ। ਬੁਨਿਆਦੀ ਨੁਕਤੇ ਦੀ ਇਹੋ ਬੁਨਿਆਦੀ ਸਮਝ ਗਵਾਚ ਗਈ ਹੈ।




ਫਿਲਮ 'ਕਾਲਾ ਕਲੀਕਰਨ' ਧਾਰਾਵੀ ਦੀ ਜ਼ਮੀਨ 'ਤੇ ਸਿਆਸਤ ਦੀ ਇਸੇ ਚੁਸਤ ਚਲਾਕੀ ਨੂੰ ਸਮਝਦੀ ਹੈ। ਆਦੀਵਾਸੀਆਂ ਦੀ ਬੁਨਿਆਦੀ ਲੜਾਈ ਜਾਂ ਸਾਡੀ ਅੰਗਰੇਜ਼ਾਂ ਨਾਲ ਬੁਨਿਆਦੀ ਲੜਾਈ ਕੀ ਸੀ? ਸਮੁੱਚੇ ਵਿਕਾਸ ਦੇ ਨਾਮ ਥੱਲੇ ਅਸੀਂ ਕਿਵੇਂ ਤੈਅ ਕਰ ਸਕਦੇ ਹਾਂ ਕਿ ਸਹੀ ਕੀ ਹੈ ਅਤੇ ਗਲਤ ਕੀ ਹੈ? ਬੰਦੇ ਦੇ ਬੁਨਿਆਦੀ ਅਧਿਕਾਰਾਂ 'ਚ ਉਹਦੇ ਜਿਊਣ ਦੇ ਅਧਿਕਾਰ ਤੋਂ ਲੈ ਕੇ ਸਾਫ ਵਾਤਾਵਰਨ, ਰੁਜ਼ਗਾਰ, ਰੋਟੀ, ਕੱਪੜਾ ਮਕਾਨ ਦੀ ਬੁਨਿਆਦੀ ਲੋੜਾਂ, ਸਭਿਆਚਾਰਕ ਅਜ਼ਾਦੀ, ਰੰਗ, ਨਸਲ, ਜਾਤ, ਬੋਲੀ ਦੇ ਨਾਮ 'ਤੇ ਨਾ ਕੋਈ ਵਿਤਕਰਾ ਤੱਕ ਬਹੁਤ ਖਾਸ ਪਹਿਲੂ ਹਨ। ਪਿਛਲੇ ਦਿਨਾਂ 'ਚ ਅਦਾਲਤਾਂ ਕਹਿ ਚੁੱਕੀਆਂ ਹਨ ਕਿ ਸਮੁੱਚੇ ਅਧਿਕਾਰਾਂ ਦੀ ਰਾਖੀ ਕਰਨਾ ਸੰਭਵ ਨਹੀਂ। ਇਸ ਮਜਬੂਰੀ ਨੂੰ ਚਣੌਤੀ ਮੰਨ ਕੇ ਸਰਕਾਰਾਂ ਬੰਦੇ ਲਈ ਕੀ ਕਰ ਰਹੀਆਂ ਹਨ? ਗੱਲਾਂ ਇੰਨੀਆਂ ਇਕੱਲੀਆਂ ਇਕਹਿਰੀਆਂ ਨਹੀਂ ਹਨ। ਭਾਜਪਾ ਦਾ ਵਿਰੋਧ ਕਰਨ ਨੂੰ ਕਾਂਗਰਸ ਦਾ ਹਮਾਇਤੀ ਸਮਝ ਲਿਆ ਜਾਂਦਾ ਹੈ। ਫੌਜ 'ਤੇ ਸਵਾਲ ਕਰਨਾ ਦੇਸ਼ ਧ੍ਰੋਹ, ਗਾਂਧੀ ਦੀ ਹਮਾਇਤ 'ਤੇ ਦੱਲਾ, ਸੰਘ ਦੀ ਮੁਖਾਲਫਤ ਕਰਨ 'ਤੇ ਪਾਕਿਸਤਾਨੀ, ਮਸਲਿਆਂ ਨੂੰ ਆਵਾਜ਼ ਦੇਣ 'ਤੇ ਅਤਿਵਾਦੀ ਤੱਕ ਐਲਾਨ ਦਿੱਤਾ ਜਾਂਦਾ ਹੈ।

ਸਮਾਜ ਅੰਦਰ ਬੁਨਿਆਦੀ ਰੂਪਕ ਘੜੇ ਗਏ ਹਨ। ਪਿਛਲੇ ਦਿਨਾਂ 'ਚ ਪ੍ਰਿਅੰਕਾ ਚੋਪੜਾ ਦੇ ਨਾਟਕ 'ਚ ਇਕ ਕਿਰਦਾਰ ਨੂੰ ਹਿੰਦੂ ਅਤਿਵਾਦੀ ਦਿਖਾਉਣ 'ਤੇ ਇਹੋ ਹੰਗਾਮਾ ਤਾਂ ਹੈ। ਮੁਸਲਮਾਨ ਹਮੇਸ਼ਾ ਅਤਿਵਾਦੀ ਨਜ਼ਰ ਆਉਂਦਾ ਹੈ। ਗੁਆਂਢੀ ਦੇਸ਼ ਹਮੇਸ਼ਾ ਦੁਸ਼ਮਣ ਨਜ਼ਰ ਆਉਂਦਾ ਹੈ। ਸੈਰ ਸਪਾਟੇ 'ਚ ਕਸ਼ਮੀਰ ਘੁੰਮਣ ਤੋਂ ਭਾਰਤ ਦੇ ਦੂਜੇ ਹਿੱਸੇ ਦਾ ਸਾਧਾਰਨ ਬੰਦਾ ਡਰਦਾ ਹੈ। ਕਸ਼ਮੀਰ ਸਾਰਾ ਦਹਿਸ਼ਤਗਰਦ ਮਹਿਸੂਸ ਹੁੰਦਾ ਹੈ, ਕਿਉਂ? ਕੁਝ ਰੂਪਕ ਘੜੇ ਗਏ ਹਨ ਅਤੇ ਸਾਧਾਰਨ ਬੰਦੇ ਦੇ ਮਨ 'ਚ ਬਿਠਾਏ ਗਏ ਹਨ।

ਰਜਨੀ ਕਾਂਤ ਦੀ ਫਿਲਮ 'ਕਾਲਾ ਕਲੀਕਰਨ' ਰਮਾਇਣ ਦਾ ਵਿਸਥਾਰ ਹੈ। ਸੰਤ ਦੇ ਰੂਪ 'ਚ ਮਨ ਅੰਦਰ ਸ਼ੈਤਾਨ ਦਾ ਵਾਸਾ ਲਈ ਚਿੱਟ ਕੱਪੜੀਏ ਕਹਿੰਦੇ ਕਹਾਉਂਦੇ ਦੇਸ਼ ਹਿਤ ਆਗੂ ਹੀ ਸ਼ੈਤਾਨ ਦਾ ਰੂਪ ਹਨ। ਸ੍ਰੀ ਰਾਮ ਦੀ ਪੂਜਾ ਕਰਦੇ-ਕਰਦੇ ਬੰਦਿਆਂ ਦੇ ਅੰਦਰ ਹੈਵਾਨੀਅਤ ਹੈ। ਕਾਲੇ ਅਤੇ ਚਿੱਟੇ ਰੰਗ ਦਾ ਮੈਟਾਫਰ ਆਰਿਅਨ ਬਨਾਮ ਦ੍ਰਵਿੜ 'ਚ ਫੈਲਿਆ ਹੋਇਆ ਹੈ। ਧਾਰਾਵੀ ਦੇ ਵਿਕਾਸ ਤੋਂ ਧਾਰਾਵੀ ਦੇ ਲੋਕ ਆਗੂ ਕਲੀਕਰਨ ਨੂੰ ਪਰੇਸ਼ਾਨੀ ਨਹੀਂ ਹੈ। ਨੁਕਤਾ ਹੈ ਕਿ ਸਾਹਮਣੇ ਵਾਲੇ ਦਾ ਸਵਾਰਥ ਕੀ ਹੈ? ਮੁੰਬਈ ਸ਼ਹਿਰ 'ਚ ਇਹੋ ਤਾਂ ਹੋਇਆ ਹੈ। ਯੂਨੀਅਨ ਲੀਡਰਾਂ ਨਾਲ ਮਿਲ ਕੇ ਫੈਕਟਰੀਆਂ 'ਚ ਹੜਤਾਲ ਖੜ੍ਹੀ ਕਰ ਕੇ ਮਿੱਲਾਂ ਨੂੰ ਦਿਵਾਲੀਆ ਐਲਾਨ ਕੇ ਉਨ੍ਹਾਂ ਜ਼ਮੀਨਾਂ 'ਤੇ ਫਲੈਟ ਖੜ੍ਹੇ ਹੋਏ ਹਨ।

ਧਾਰਾਵੀ ਇਕ ਪ੍ਰਤੀਕ ਹੈ। ਵਿਕਾਸ ਦੇ ਨਾਮ ਥੱਲੇ ਲੋਕ ਕਲਿਆਣ ਨਾ ਹੋ ਕੇ ਲੋਕਾਂ ਨੂੰ ਨਿਚੋੜਨਾ ਅਤੇ ਉਹਦਾ ਫਾਇਦਾ ਕੁਝ ਬੰਦਿਆਂ ਤੱਕ ਪੁਜਦਾ ਕਰਨਾ ਹੀ ਵਿਕਾਸ ਹੈ। ਪੰਜਾਬ ਦੀ ਤ੍ਰਾਸਦੀ ਵੀ ਤਾਂ ਇਹੋ ਹੈ। ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ ਨੇ ਕੀ ਬਦਲਿਆ? ਨੇੜੇ ਦੇ ਫਾਇਦੇ 'ਚ ਦੂਰ ਦਾ ਨੁਕਸਾਨ ਨਹੀਂ ਦੇਖਿਆ। 'ਕਾਲਾ' ਰਜਨੀਕਾਂਤ ਦੀ ਕਮਾਲ ਦੀ ਫਿਲਮ ਹੈ। ਪੀ.ਏ. ਰਣਜੀਤ ਵੱਲੋਂ ਨਿਰਦੇਸ਼ਤ ਫਿਲਮ ਇਹ ਦਲਿਤ ਵਰਗ ਦੇ ਸੰਘਰਸ਼ ਅਤੇ ਉਸ ਦੀ ਤ੍ਰਾਸਦੀ ਦਾ ਬਿਆਨ ਹੈ। ਬੰਦੇ ਦੇ ਮੂਲ ਦੀ ਗੱਲ ਕਰਦੀ ਇਹ ਫਿਲਮ ਇਹੋ ਤਾਂ ਕਹਿ ਰਹੀ ਹੈ ਕਿ ਨਿਜ ਤੋਂ ਉਪਰ 'ਅਸੀਂ' ਦੀ ਭਾਵਨਾ ਨੂੰ ਸਮਝਿਆ ਜਾਵੇ। ਫਿਲਮ ਦਾ ਆਖਰੀ ਦ੍ਰਿਸ਼ ਕਮਾਲ ਦਾ ਹੈ। ਕਾਲਾ ਮਰਿਆ ਨਹੀਂ ਦਿਖਾਇਆ ਗਿਆ। ਕਾਲਾ ਕਲੀਕਰਨ ਤਾਂ ਇਕ ਸੋਚ ਹੈ। ਕਲੀਕਰਨ ਦੇ ਦੋ ਮੁੰਡੇ ਅਤੇ ਨੂੰਹਾਂ ਧਾਰਾਵੀ ਛੱਡਣ ਨੂੰ ਕਹਿੰਦੇ ਹਨ ਕਿਉਂਕਿ ਉਹ ਖੁਦ ਸਫਲ ਹਨ ਅਤੇ ਮੰਨਦੇ ਹਨ ਕਿ ਉਹ ਹੁਣ ਧਾਰਾਵੀ ਦਾ ਹਿੱਸਾ ਕਿਉਂ ਰਹਿਣ? ਕਲੀਕਰਨ ਸਮਝਾਉਂਦਾ ਹੈ ਕਿ ਉਚਾ ਉਠਣ ਨਾਲ ਆਪਣੀ ਮਿੱਟੀ ਨਹੀਂ ਛੱਡ ਦੇਈਦੀ। ਇਹ ਜ਼ਮੀਨ ਸਾਡਾ ਹੱਕ ਹੈ। ਵੱਖਰੀ ਥਾਂ, ਵੱਖਰਾ ਰਹਿਣ-ਸਹਿਣ, ਵੱਖਰੀ ਬੋਲੀ ਬੋਲਣ ਨਾਲ ਹਾਲਾਤ ਨਹੀਂ ਬਦਲ ਜਾਂਦੇ।

**-ਹਰਪ੍ਰੀਤ ਸਿੰਘ ਕਾਹਲੋਂ**

PUNJAB SPORTS & CULTURAL ASSOCIATION MICHIGAN
PSCA
Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 11ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 14 ਜੁਲਾਈ 2018

(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

### ਕਬੱਡੀ ਓਪਨ
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

### ਕਬੱਡੀ ਅੰਡਰ-21
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

### ਸੌਕਰ
ਪਹਿਲਾ ਇਨਾਮ $3500
ਦੂਜਾ ਇਨਾਮ $2500

### ਵਾਲੀਬਾਲ (ਓਪਨ)
ਪਹਿਲਾ ਇਨਾਮ $3100
ਦੂਜਾ ਇਨਾਮ $2100

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ



ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

**Free Entry Free Food & Free Entertainment**

AUTOBAHN FREIGHT LINES LTD.

Radio Chann Pardesi ਰੇਡੀਓ ਚੰਨ ਪ੍ਰਦੇਸੀ

Charger logistics inc

GN TRUCK SALES
TRUCK & TRAILER SALES
WE SELL ALL MAKES & MODELS
905-291-0210

Autobahn
ਸਾਰੇ ਟਰੱਕ Under Warranty
800,000 kilometers



WORLD WIDE CARRIERS US INC.
Troy, MI
Sukhi Dhariwal
Ph: 416-213-1334

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਥਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON
Cruze tv CHANNEL 422
Real CHANNEL 136
f LIVE /LIVEKABADDI
LIVE KABADDI
jadoo tv
YouTube LIVE KABADDI
IPTV
jus punjabi